Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...
- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING
Ben Singh Bashal (Realtor/Broker) Ph: 317-809-1818 midlandrealtygroup@yahoo.com
Kamaljeet Kaur (Realtor/Broker) Ph: 317-909-9295 kahlonkamaljeet@gmail.com
Midland Realty Group-Company You Trust


Kamaljeet Kaur

Mortgage rates available from 2.1% to 3%

Twenty-Third Year of Publication
ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 23, Issue 11, March 12, 2022 20451 N. Plum Grove Rd., Palatine, IL 60074 Ph:847-359-0746, Fax:847-705-9388

## ਭਾਜਪਾ ਖਿਲਾਫ ਮੁਲਕ ਪੱਧਰੀ ਲਾਮਬੰਦੀ

**ਨਵੀਂ ਦਿੱਲੀ:** ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਸੂਬਿਆਂ ਦੇ ਹੱਕਾਂ ਨੂੰ ਕਮਜ਼ੋਰ ਕਰਨ ਲਈ ਵਿੱਢੀ 'ਮੁਹਿੰਮ' ਖਿਲਾਫ ਹੁਣ ਤਿੱਖੀ ਲਾਮਬੰਦੀ ਸ਼ੁਰੂ ਹੋ ਗਈ ਹੈ। ਪੂਰੇ ਮੁਲਕ ਵਿਚ ਮੋਦੀ ਸਰਕਾਰ ਦੇ ਤਾਕਤਾਂ ਦੇ ਕੇਂਦਰੀਕਰਨ ਦੇ ਰੁਝਾਨਾਂ ਖਿਲਾਫ ਆਵਾਜ਼ ਬੁਲੰਦ ਹੋਈ ਹੈ। ਇਸ ਸਮੇਂ ਜਿਥੇ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਸੰਘੀ (ਫੈਡਰਲ) ਢਾਂਚੇ ਦੀ ਰਾਖੀ ਲਈ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ, ਉਥੇ ਕੌਮੀ ਪੱਧਰ ਦੇ ਆਗੂ ਵੀ ਮੁਲਕ ਵਿਚ ਭਾਜਪਾ ਦੀਆਂ ਨੀਤੀਆਂ ਖਿਲਾਫ ਆਵਾਜ਼ ਚੁੱਕਣ ਲੱਗੇ ਹਨ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਗੈਰ-ਭਾਜਪਾ ਸਰਕਾਰਾਂ ਵਾਲੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਮੀਟਿੰਗ ਦਾ ਸੱਦਾ ਦਿੰਦੇ ਹੋਏ ਇਸ ਪਾਸੇ ਕੋਈ ਰਣਨੀਤੀ ਬਣਾਉਣ ਵਾਸਤੇ ਅੱਗੇ ਆਉਣ ਲਈ ਆਖਿਆ ਸੀ।

ਡੀ.ਐਮ.ਕੇ. ਆਗੂ ਸਟਾਲਿਨ ਨੇ ਇਸ ਤੋਂ ਪਹਿਲਾਂ ਵੱਖ-ਵੱਖ ਪਾਰਟੀਆਂ ਦੇ ਕਰੀਬ ਪੰਜਾਹ ਆਗੂਆਂ ਨੂੰ ਚਿੱਠੀ ਲਿਖ ਕੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੇ ਮੁਕਾਬਲੇ ਫੈਡਰਲ ਫਰੰਟ ਬਣਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਆਪਣੀ ਸਵੈ-ਜੀਵਨੀ ਦਾ ਪਹਿਲਾ ਭਾਗ ਜਾਰੀ ਕਰਨ ਸਮੇਂ ਫੈਡਰਲਿਜ਼ਮ ਦੇ ਸਿਆਸੀ ਏਜੰਡੇ ਨੂੰ ਉਭਾਰਿਆ। ਇਸ ਮੌਕੇ ਹੋਏ ਸਮਾਗਮ ਵਿਚ ਕਾਂਗਰਸੀ ਆਗੂ ਰਾਹੁਲ ਗਾਂਧੀ, ਕੇਰਲ ਦੇ ਮੁੱਖ ਮੰਤਰੀ ਪਿਨਾਰੀ ਵਿਜੈਆਨ, ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਤੇ ਬਿਹਾਰ ਵਿਚ ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ ਸ਼ਾਮਲ ਹੋਏ। ਸਮਾਗਮ ਵਿਚ ਸੰਘੀ ਢਾਂਚੇ ਨੂੰ ਬਚਾਉਣ ਲਈ ਇਕਜੁਟਤਾ ਦਾ ਹੋਕਾ ਦਿੱਤਾ ਗਿਆ। ਇਸੇ ਤਰ੍ਹਾਂ ਦੀ ਆਵਾਜ਼ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੀਆਂ ਸਿਆਸੀ ਧਿਰਾਂ ਵੱਲੋਂ ਬੁਲੰਦ ਕੀਤੀ ਜਾ ਰਹੀ ਹੈ। ਕੇਂਦਰ ਦੇ ਪੰਜਾਬ ਨਾਲ ਧੱਕੇ ਖਿਲਾਫ ਕਾਂਗਰਸ, ਅਕਾਲੀ ਦਲ ਤੇ ਆਮ ਆਦਮੀ ਪਾਰਟੀ ਮਿਲੇ ਕੇ ਖੜ੍ਹੇ ਹੋਣ ਦਾ ਹੋਕਾ ਦੇ ਰਹੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਸਾਫ ਆਖਿਆ ਹੈ ਕਿ ਕੇਂਦਰ ਦੀ ਪੰਜਾਬ ਦੇ ਹੱਕਾਂ ਨੂੰ ਖਤਮ ਕਰਨ ਦੀ ਸਾਜ਼ਿਸ਼ ਖਿਲਾਫ ਪੰਜਾਬ ਦੀਆਂ ਸਾਰੀਆਂ ਧਿਰਾਂ ਨੂੰ ਇਕਜੁਟ ਹੋਣਾ ਪਵੇਗਾ। ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਜੇ ਪਹਿਲਾਂ ਹੀ ਸਾਰੀਆਂ ਸਿਆਸੀ ਧਿਰਾਂ ਇਕੱਠੀਆਂ ਹੋ ਜਾਂਦੀਆਂ ਤਾਂ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਵਿਰੋਧੀ ਫੈਸਲੇ ਨਾ ਲੈਂਦੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੁਨੀਲ ਜਾਖੜ ਵਰਗੇ ਕਈ ਸਿਆਸੀ ਆਗੂਆਂ ਨਾਲ ਵੀ ਗੱਲ ਹੋਈ ਹੈ ਅਤੇ ਸਾਰੇ ਇਸ ਗੱਲ 'ਤੇ ਇਕਮਤ ਹਨ।



ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਕੇਂਦਰ ਵੱਲੋਂ ਸੋਚੀ ਸਮਝੀ ਯੋਜਨਾ ਤਹਿਤ ਪੰਜਾਬ ਦੇ ਗਲ ਫੰਧਾ ਪਾਇਆ ਜਾ ਰਿਹਾ ਹੈ ਅਤੇ ਅਜਿਹੇ ਚੁਣੌਤੀ ਭਰੇ ਮਾਹੌਲ ਵਿਚ ਪੰਜਾਬ ਦੀਆਂ ਸਭਨਾਂ ਧਿਰਾਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਦਾ ਸੱਦਾ ਆਮ ਆਦਮੀ ਪਾਰਟੀ ਨੇ ਦਿੱਤਾ ਹੈ। ਅਸਲ ਵਿਚ, 2014 ਵਿਚ ਕੇਂਦਰੀ ਸੱਤਾ ਵਿਚ ਆਉਣ ਤੋਂ ਬਾਅਦ ਭਾਜਪਾ ਸੂਬਿਆਂ ਨੂੰ ਹੱਕ ਵਿਹੂਣੇ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੀ। 2014 ਵਿਚ ਸਰਕਾਰ ਬਣਦਿਆਂ ਹੀ ਗੈਰ-ਭਾਜਪਾ ਵਾਲੇ ਤਕਰੀਬਨ ਸਾਰੇ ਸੂਬਿਆਂ ਵਿਚ ਇਕਦਮ ਆਪਣੇ ਮਨਪਸੰਦ ਰਾਜਪਾਲ ਲਾਉਣੇ ਇਸ ਦਾ ਪਹਿਲਾ ਹੱਲਾ ਸੀ ਤੇ ਇਸ ਤੋਂ ਬਾਅਦ ਇਹ ਮੁਹਿੰਮ ਲਗਾਤਾਰ ਜਾਰੀ ਰਹੀ। ਸਰਕਾਰ ਨੇ ਪਿਛਲੇ ਇਕ-ਦੋ ਸਾਲਾਂ ਵਿਚ ਖੇਤੀ ਕਾਨੂੰਨ, ਬਿਜਲੀ ਐਕਟ, ਪੰਜਾਬ ਸਣੇ ਸਰਹੱਦੀ ਸੂਬਿਆਂ ਵਿਚ ਬੀ.ਐਸ.ਐਫ. ਦਾ ਘੇਰਾ ਵਧਾਉਣਾ, ਦਿੱਲੀ ਵਿਚ ਰਾਜਪਾਲ ਨੂੰ ਵੱਧ ਸ਼ਕਤੀਆਂ ਦੇਣ ਸਮੇਤ ਕਈ ਫੈਸਲੇ ਕੀਤੇ। ਇਨ੍ਹਾਂ ਫੈਸਲਿਆਂ ਵਿਚੋਂ ਖੇਤੀ ਕਾਨੂੰਨਾਂ ਖਿਲਾਫ ਉਠੇ ਕਿਸਾਨ ਅੰਦੋਲਨ ਨੇ ਕੇਂਦਰ ਸਰਕਾਰ ਨੂੰ ਗੋਡਿਆਂ ਪਰਨੇ ਹੋਣ ਲਈ ਮਜਬੂਰ ਕੀਤਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਾਨੂੰਨ ਰੱਦ ਕਰਨ ਦਾ ਐਲਾਨ ਕਰਨਾ ਪਿਆ। ਇਸ ਸੰਘਰਸ਼ ਵਿਚ ਪੰਜਾਬ ਨੇ ਸਭ ਤੋਂ ਅਹਿਮ ਭੂਮਿਕਾ ਨਿਭਾਈ ਸੀ। ਕੇਂਦਰ ਸਰਕਾਰ ਵੱਲੋਂ ਪਿਛਲੇ ਕੁਝ ਸਮੇਂ ਤੋਂ ਪੰਜਾਬ ਖਿਲਾਫ ਧੱਕੇਸ਼ਾਹੀ ਵਾਲੇ ਲਏ ਜਾ ਰਹੇ ਫੈਸਲਿਆਂ ਨੂੰ ਸੂਬੇ ਨਾਲ ਕਿੜ ਕੱਢਣ ਨਾਲ ਜੋੜਿਆ ਜਾ ਰਿਹਾ ਹੈ।

ਕੇਂਦਰ ਸਰਕਾਰ ਨੇ ਪਹਿਲਾਂ ਪੰਜਾਬ ਵਿਚ ਬੀ.ਐਸ.ਐਫ. ਦੇ ਅਧਿਕਾਰ ਖੇਤਰ ਵਿਚ ਵਾਧਾ ਕੀਤਾ, ਫਿਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚੋਂ ਪੰਜਾਬ ਦੀ ਸਥਾਈ ਮੈਂਬਰਸ਼ਿਪ ਖਤਮ ਕੀਤੀ ਤੇ ਹੁਣ ਕੇਂਦਰ ਸਰਕਾਰ ਨੇ ਭਾਖੜਾ ਬੰਨ੍ਹ ਦੀ ਸੁਰੱਖਿਆ ਸੀ.ਆਈ.ਐਸ.ਐਫ. ਦੇ ਹਵਾਲੇ ਕਰ ਦਿੱਤੀ ਹੈ। ਇਸ ਦੇ ਨਾਲ ਹੀ ਹੁਣ ਚੰਡੀਗੜ੍ਹ ਉਤੇ ਪੰਜਾਬ ਹੱਕਾਂ ਨੂੰ ਵੀ ਖੋਰਾ ਲਾਉਣ ਲਈ ਵੱਡਾ ਕਦਮ ਪੁੱਟਿਆ ਹੈ। ਕੇਂਦਰ ਨੇ ਚੰਡੀਗੜ੍ਹ ਵਿਚ ਸਿਟਕੋ ਦੇ ਐਮ.ਡੀ. ਦਾ ਅਹੁਦਾ ਵੀ ਪੰਜਾਬ ਤੋਂ ਖੋਹ ਲਿਆ ਹੈ। ਪਹਿਲਾਂ ਸਿਟਕੋ ਦੇ ਐਮ.ਡੀ. ਦਾ ਅਹੁਦਾ ਹਮੇਸ਼ਾ ਤੋਂ ਹੀ ਪੰਜਾਬ ਕੇਡਰ ਦੇ ਆਈ.ਏ.ਐਸ. ਅਧਿਕਾਰੀਆਂ ਨੂੰ ਮਿਲਦਾ ਰਿਹਾ ਹੈ। ਇਹ ਪਹਿਲਾ ਮੌਕਾ ਹੈ ਜਦੋਂ ਯੂ.ਟੀ. ਕੇਡਰ ਦਾ ਕੋਈ ਅਫਸਰ ਸਿਟਕੋ ਦਾ ਐਮ.ਡੀ. ਬਣੇਗਾ। ਇਹੀ ਨਹੀਂ, ਕੇਂਦਰ ਸਰਕਾਰ ਨੇ ਪੰਜਾਬ ਦਾ ਪਿਛਲੇ ਸੀਜ਼ਨ ਦਾ ਆਰ.ਡੀ.ਐਫ. ਦਾ 1100 ਕਰੋੜ ਰੁਪਏ ਦਾ ਫੰਡ ਵੀ ਹੁਣ ਤੱਕ ਜਾਰੀ ਨਹੀਂ ਕੀਤਾ। ਕੇਂਦਰ ਵੱਲੋਂ ਗੈਰ ਭਾਜਪਾ ਸਰਕਾਰਾਂ ਵਾਲੇ ਸੂਬਿਆਂ ਲਈ ਅਜਿਹੇ ਫੈਸਲੇ ਲਗਾਤਾਰ ਲਏ ਜਾ ਰਹੇ ਹਨ ਜਿਸ ਕਾਰਨ ਭਾਜਪਾ ਵਿਰੋਧੀ ਧਿਰਾਂ ਨੂੰ ਆਪਸੀ ਏਕੇ ਨਾਲ ਕੇਂਦਰੀ ਹੱਲਿਆਂ ਦਾ ਟਾਕਰਾ ਕਰਨ ਦੇ ਸਿਵਾਏ ਹੋਰ ਕੋਈ ਹੱਲ ਨਹੀਂ ਦਿੱਸ ਰਿਹਾ ਹੈ। ਪਿਛਲੇ ਕੁਝ ਦਿਨਾਂ ਤੋਂ ਇਸ ਪਾਸੇ ਲਾਮਬੰਦੀ ਵਧੀ ਹੈ।

ਲੋਕ ਸਭਾ ਚੋਣਾਂ ਤੋਂ ਤਕਰੀਬਨ 2 ਸਾਲ ਪਹਿਲਾਂ ਸਿਆਸੀ ਧਿਰਾਂ ਦੇ ਇਸ ਤਰ੍ਹਾਂ ਦੀ ਲਾਮਬੰਦੀ ਵੱਡੇ ਸੰਕੇਤ ਦੇ ਰਹੀ ਹੈ। ਅਸਲ ਵਿਚ, ਭਾਜਪਾ ਵਿਰੋਧੀ ਸਿਆਸੀ ਧਿਰਾਂ ਹੁਣ ਮਹਿਸੂਸ

(ਬਾਕੀ ਸਫਾ 6 'ਤੇ)

## ਕਿਸਾਨਾਂ ਵੱਲੋਂ ਮੁੜ ਮੋਰਚਾ ਖੋਲ੍ਹਣ ਦੀ ਤਿਆਰੀ



**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ ਨੇ ਇਕ ਵਾਰ ਮੁੜ ਕੇਂਦਰ ਸਰਕਾਰ ਖਿਲਾਫ ਸੰਘਰਸ਼ ਵਿੱਢਣ ਦੀ ਤਿਆਰੀ ਖਿੱਚ ਲਈ। ਚੋਣ ਨਤੀਜਿਆਂ ਤੋਂ ਬਾਅਦ ਇਸ ਪਾਸੇ ਵੱਡਾ ਐਲਾਨ ਹੋ ਸਕਦਾ ਹੈ। ਯਾਦ ਰਹੇ ਕਿ ਕੇਂਦਰ ਸਰਕਾਰ ਨੇ ਦਿੱਲੀ ਦੀਆਂ ਸਰਹੱਦਾਂ ਉਤੇ ਸੰਘਰਸ਼ ਖਤਮ ਕਰਵਾਉਣ ਲਈ ਕਿਸਾਨ ਜਥੇਬੰਦੀਆਂ ਨੂੰ ਬਕਾਇਆ ਮੰਗਾਂ ਪੂਰੀਆਂ ਕਰਨ ਦਾ ਲਿਖਤੀ ਭਰੋਸਾ ਦਿੱਤਾ ਸੀ ਪਰ ਬਾਅਦ ਵਿਚ ਇਸ ਪਾਸੇ ਚੁੱਪ ਵੱਟ ਲਈ।

ਹੁਣ ਸੰਯੁਕਤ ਕਿਸਾਨ ਮੋਰਚਾ ਨੇ ਐਲਾਨ ਕੀਤਾ ਹੈ ਕਿ ਬਕਾਇਆ ਮੰਗਾਂ ਪੂਰੀਆਂ ਕਰਵਾਉਣ ਲਈ 14 ਮਾਰਚ ਨੂੰ ਹੋਣ ਵਾਲੀ ਕਿਸਾਨ ਜਥੇਬੰਦੀਆਂ ਦੀ ਵਿਸਾਲ ਮੀਟਿੰਗ ਵਿਚ ਦੇਸ ਵਿਆਪੀ ਅੰਦੋਲਨ ਦਾ ਸੱਦਾ ਦਿੱਤਾ ਜਾਵੇਗਾ। ਕਿਸਾਨ ਆਗੂਆਂ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਲਈ ਕਮੇਟੀ ਦਾ ਗਠਨ ਨਹੀਂ ਕੀਤਾ ਗਿਆ, ਅੰਦੋਲਨ ਦੌਰਾਨ ਜਾਨਾਂ ਗੁਆ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨੂੰ ਕੋਈ ਰਾਹਤ ਨਹੀਂ ਦਿੱਤੀ, ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਜਾ ਮਿਲਣ ਦੀ ਬਜਾਇ ਜ਼ਮਾਨਤ ਦੇਣ, ਦੇਸ਼ ਭਰ ਵਿਚ ਕਿਸਾਨਾਂ ਖਿਲਾਫ ਦਰਜ ਕੀਤੇ ਕੇਸ ਵਾਪਸ ਨਹੀਂ ਲਏ ਗਏ ਆਦਿ ਮੰਗਾਂ ਪੂਰੀਆਂ ਕਰਾਉਣ ਲਈ ਸਰਕਾਰ ਦੀ ਘੇਰੇਬੰਦੀ ਕੀਤੀ ਜਾਵੇਗੀ।


M Vivek Malik

Law Office of M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ

ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law

Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers

Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

XPressCargo

Tel.: 317-426-5410
Ext. 2001 & 2403

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ।

2330 Enterprise Park Dr., Indianapolis, IN 46218

Online Application @ www.xpresscargoinc.com

# ਫਲੋਰਿਡਾ ਦੇ ਜੰਗਲ ਵਿਚ ਲੱਗੀ ਅੱਗ, ਹੰਗਾਮੀ ਸਥਿਤੀ ਐਲਾਨੀ

ਸੈਕਰਾਮੈਂਟੋ: ਬੇਅ ਕਾਊਂਟੀ, ਫਲੋਰਿਡਾ ਦੇ ਜੰਗਲ ਵਿਚ ਲੱਗੀ ਅੱਗ ਤੇਜ਼ੀ ਨਾਲ ਫੈਲ ਰਹੀ ਹੈ ਜਿਸ ਉਪਰੰਤ ਅਧਿਕਾਰੀਆਂ ਨੇ ਹੰਗਾਮੀ ਸਥਿਤੀ ਦਾ ਐਲਾਨ ਕਰ ਦਿੱਤਾ ਹੈ। ਫਲੋਰਿਡਾ ਫੌਰੈਸਟ ਲੱਗੀ ਹੈ ਤੇ ਉਹ ਉੱਤਰ ਵੱਲ ਵਧ ਰਹੀ ਹੈ। ਹਾਈਵੇਅ 321 ਤੇ ਹਾਈਵੇਅ 98 ਵਿਚਾਲੇ ਪੈਂਦਾ ਟਰਾਂਸਮੀਟਰ ਰੋਡ ਤੋਂ ਸਟਾਰ ਐਵਨਿਊ ਤਕ ਇਲਾਕੇ ਨੂੰ ਖਾਲੀ ਕਰਨ ਲਈ ਕਿਹਾ ਗਿਆ ਹੈ।



ਸਰਵਿਸ ਅਨੁਸਾਰ ਐਡਿਨਜ਼ ਰੋਡ ਨਾਲ 800 ਏਕੜ ਤੋਂ ਵੱਧ ਰਕਬਾ ਸੜ ਚੁੱਕਾ ਹੈ। ਅੱਗ ਟਾਇਨਡਲ ਪਾਰਕਵੇਅ ਤੇ ਹਾਈਵੇਅ 31 ਵਿਚਾਲੇ ਲੋਕਾਂ ਦੇ ਰਹਿਣ ਲਈ ਪਨਾਮ ਸ਼ਹਿਰ ਦੇ ਹਿਲੈਂਡ ਪਾਰਕ ਬੈਪਿਸਟ ਚਰਚ ਵਿਚ ਆਰਜ਼ੀ ਵਿਵਸਥਾ ਕੀਤੀ ਗਈ ਹੈ।

# ਐੱਚ-1ਬੀ ਵੀਜ਼ਾ ਪ੍ਰਣਾਲੀ ਵਿਚ ਸੁਧਾਰ ਲਈ ਸੰਸਦ 'ਚ ਬਿੱਲ ਪੇਸ਼

**ਵਾਸ਼ਿੰਗਟਨ:** ਅਮਰੀਕੀ ਸੰਸਦ ਵਿਚ ਐੱਚ-1ਬੀ ਵੀਜ਼ਾ ਪ੍ਰਣਾਲੀ ਵਿਚ ਸਮੁੱਚੇ ਸੁਧਾਰ ਲਈ ਦੋਵੇਂ ਦਲਾਂ ਦੇ ਸੰਸਦ ਮੈਂਬਰਾਂ ਦੇ ਗਰੁੱਪ ਨੇ ਇਕ ਬਿੱਲ ਪੇਸ਼ ਕੀਤਾ ਹੈ। ਕਾਨੂੰਨਸਾਜ਼ਾਂ ਦੀ ਦਲੀਲ ਹੈ ਕਿ ਇਹ ਅਮਰੀਕੀ ਕਾਮਿਆਂ ਦੇ ਹਿੱਤਾਂ ਦੀ ਰੱਖਿਆ ਕਰੇਗਾ ਅਤੇ ਵਿਦੇਸ਼ੀ ਆਊਟਸੋਰਸਿੰਗ ਕੰਪਨੀਆਂ ਨੂੰ ਰੋਕੇਗਾ ਜੋ ਇਸ ਵੀਜ਼ਾ ਪ੍ਰਣਾਲੀ ਦੀ ਦੁਰਵਰਤੋਂ ਕਰਕੇ ਯੋਗ ਅਮਰੀਕੀਆਂ ਨੂੰ ਉੱਚ ਯੋਗਤਾ ਵਾਲੀਆਂ ਨੌਕਰੀਆਂ ਤੋਂ ਵਾਂਝੇ ਰੱਖਦੀਆਂ ਹਨ। ਜ਼ਿਕਰਯੋਗ ਹੈ ਕਿ ਐੱਚ1ਬੀ ਵੀਜ਼ਾ ਗੈਰ-ਇਮੀਗ੍ਰੇਸ਼ਨ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਕਰਮਚਾਰੀਆਂ ਨੂੰ ਨਿਯੁਕਤ ਕਰਨ ਦਾ ਅਧਿਕਾਰ ਦਿੰਦਾ ਹੈ। ਅਮਰੀਕੀ ਟੈਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹੁਨਰਮੰਦ ਕਾਮਿਆਂ ਨੂੰ ਨਿਯੁਕਤ ਕਰਨ ਲਈ ਇਸ ਵੀਜ਼ੇ 'ਤੇ ਨਿਰਭਰ ਹਨ। ਐੱਚ-1ਬੀ ਵੀਜ਼ਾ ਭਾਰਤ ਸਣੇ ਹੋਰ ਵਿਦੇਸ਼ੀ ਪੇਸ਼ੇਵਰਾਂ ਵਿਚ ਸਭ ਤੋਂ ਵੱਧ ਮੰਗ ਵਾਲਾ ਵਰਕ ਵੀਜ਼ਾ ਹੈ।




# ਮਾਤਾ ਵਜ਼ੀਰ ਕੌਰ ਦੇ ਦੇਹਾਂਤ ਨਾਲ ਪਰਿਵਾਰ ਨੂੰ ਸਦਮਾ

ਸ਼ਿਕਾਗੋ: ਰੀਮੈਕਸ ਕੰਪਨੀ ਦੇ ਮਾਲਕ ਸ. ਜਗਮੀਤ (ਜੱਸੀ) ਸਿੰਘ ਤੇ ਵਿਕ ਸਿੰਘ ਨੂੰ ਉਸ ਸਮੇਂ ਡੂੰਘਾ ਸਦਮਾ ਪੁਜਾ, ਜਦੋਂ ਉਨ੍ਹਾਂ ਦੇ ਮਾਤਾ ਸਰਦਾਰਨੀ ਵਜ਼ੀਰ ਕੌਰ (ਪਤਨੀ ਕੈਪਟਨ ਜੋਗਿੰਦਰ ਸਿੰਘ) ਦਾ ਦੇਹਾਂਤ ਹੋ ਗਿਆ। ਉਹ 92 ਵਰ੍ਹਿਆਂ ਦੇ ਸਨ ਤੇ ਇਥੇ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ। ਉਨ੍ਹਾਂ ਨੇ ਲੰਘੀ 28 ਫਰਵਰੀ, 2022 ਨੂੰ ਆਖਰੀ ਸਾਹ ਲਏ।

ਉਹ ਆਪਣੇ ਪਿੱਛੇ ਪੁੱਤਰ ਅਪਿੰਦਰ ਜੀਤ (ਵਿਕ) ਸਿੰਘ, ਨੂੰਹ ਮਨਜੀਤ ਕੌਰ, ਛੋਟਾ ਪੁੱਤਰ ਜਗਮੀਤ (ਜੱਸੀ) ਸਿੰਘ, ਨੂੰਹ ਸੁਖਵਿੰਦਰ ਕੌਰ, ਧੀ ਗੁਰਮੀਤ ਕੌਰ, ਜਵਾਈ ਤੇਜਿੰਦਰ ਸਿੰਘ, ਛੋਟੀ ਬੇਟੀ ਮਨਜੀਤ ਕੌਰ ਤੇ ਜਵਾਈ ਗੁਰਦੇਵ ਸਿੰਘ ਨੂੰ ਛੱਡ ਗਏ ਹਨ। ਉਹ ਆਪਣੇ ਪਿਛੇ ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਦਾ ਭਰਿਆ ਪਰਿਵਾਰ ਛਡ ਗਏ ਹਨ।

ਮਾਤਾ ਵਜ਼ੀਰ ਕੌਰ ਦਾ ਅੰਤਿਮ ਸੰਸਕਾਰ ਸ਼ਨਿਚਰਵਾਰ, 12 ਮਾਰਚ ਨੂੰ ਸਵੇਰੇ 11:00 ਤੋਂ ਦੁਪਹਿਰ 1.00 ਵਜੇ ਦੌਰਾਨ ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਾਟ (941 South Old Rand Road ***Lake Zurich***, Illinois 60047) ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ, ਕੀਰਤਨ ਅਤੇ ਲੰਗਰ ਦੁਪਹਿਰ 2:00 ਤੋਂ ਸ਼ਾਮ 4.00 ਵਜੇ ਪੈਲਾਟਾਈਨ ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ ਵਿਖੇ ਹੋਵੇਗਾ। ਪਰਿਵਾਰ ਵਲੋਂ ਸਾਰਿਆਂ ਨੂੰ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਵਿਚ ਸ਼ਾਮਲ ਹੋਣ ਦੀ ਬੇਨਤੀ ਹੈ। ਵਧੇਰੇ ਜਾਣਕਾਰੀ ਲਈ ਤੇ



ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਵਿੱਕ ਸਿੰਘ ਨਾਲ ਫੋਨ: (847) 508-5184, ਜੱਸੀ ਸਿੰਘ ਫੋਨ: (847) 606-3664, ਤੇਜਿੰਦਰ ਸਿੰਘ ਫ਼ੋਨ: (224) 814-9537 ਅਤੇ ਗੁਰਦੇਵ ਸਿੰਘ ਨਾਲ ਫੋਨ: (847) 293-4187 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਾਲੇ ਵਿਅਕਤੀ ਦੀ ਹੱਤਿਆ ਦੇ ਮਾਮਲੇ ਵਿਚ ਸਾਬਕਾ ਪੁਲਿਸ ਅਧਿਕਾਰੀ ਨੂੰ ਛੇ ਸਾਲ ਦੀ ਕੈਦ

**ਸੈਕਰਾਮੈਂਟੋ:** ਕਨਸਾਸ ਦੇ ਇਕ ਸਾਬਕਾ ਪੁਲਿਸ ਅਧਿਕਾਰੀ ਨੂੰ ਇਕ ਸਾਹਫਿਆਮ ਵਿਅਕਤੀ ਦੀ ਹੱਤਿਆ ਕਰਨ ਦੇ ਮਾਮਲੇ ਵਿਚ 6 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਘਟਨਾ 2019 ਦੀ ਹੈ ਜਦੋਂ ਕੇਮਰੋਨ ਲੈਂਬ ਨਾਮੀ ਵਿਅਕਤੀ ਆਪਣੀ ਗੈਰਾਜ ਵਿਚ ਪਿਕਅਪ ਟਰੱਕ ਲਾ ਰਿਹਾ ਸੀ ਕਿ ਅਚਾਨਕ ਵਾਪਰੇ ਘਟਨਾਕ੍ਰਮ ਵਿਚ ਤਤਕਾਲ ਪੁਲਿਸ ਅਧਿਕਾਰੀ ਏਰਿਕ ਡੇਵਾਲਕਨੇਰ ਦੀ ਗੋਲੀ ਨਾਲ ਲੈਂਬ ਦੀ ਮੌਤ ਹੋ ਗਈ ਸੀ।

16ਵੀਂ ਜੁਡੀਸ਼ਲ ਸਰਕਟ ਕੋਰਟ ਦੇ ਬੁਲਾਰੇ ਵਾਲੇਰੀ ਹਾਰਟਮੈਨ ਨੇ ਦਸਿਆ ਕਿ ਏਰਿਕ ਨੂੰ ਗੈਰ-ਇਰਾਦਾ ਕਤਲ ਲਈ 3 ਸਾਲ ਤੇ ਹਥਿਆਰਬੰਦ ਅਪਰਾਧਕ ਕਾਰਵਾਈ ਲਈ 6 ਸਾਲ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਸਜ਼ਾ ਖ਼ਿਲਾਫ ਅਪੀਲ ਤਕ ਏਰਿਕ ਬਾਂਡ ਉਪਰ ਰਿਹਾਅ ਰਹੇਗਾ। ਜੱਜ ਜੇਮਜ਼ ਡੇਲ ਯੰਗਜ ਨੇ ਪਿਛਲੇ ਸਾਲ ਨਵੰਬਰ ਵਿਚ ਏਰਿਕ ਨੂੰ ਦੋਸ਼ੀ ਕਰਾਰ ਦਿੱਤਾ ਸੀ। ਲੈਂਬ ਦੀ ਮਾਂ ਲਾਊਰੀ ਬੇਅ ਨੇ ਫੈਸਲੇ ਨੂੰ ਉਚਿਤ ਕਰਾਰ ਦਿੱਤਾ ਹੈ। ਲੈਂਬ ਦੇ ਮਤਰੇਏ ਪਿਤਾ ਅਕਿਲ ਬੇਅ ਨੇ ਕਿਹਾ ਹੈ ਕਿ ਇਸ ਫੈਸਲੇ ਨਾਲ ਪੁਲਿਸ ਨੂੰ ਝਟਕਾ ਲੱਗੇਗਾ।

# ਕੈਨੇਡਾ ਵਿਚ ਸੜਕ ਹਾਦਸੇ ਦੌਰਾਨ ਤਿੰਨ ਪੰਜਾਬੀ ਨੌਜਵਾਨਾਂ ਦੀ ਮੌਤ

**ਫਰੀਦਕੋਟ:** ਕੈਨੇਡਾ ਦੇ ਸ਼ਹਿਰ ਓਂਟਾਰੀਓ ਦੀ ਟਾਊਨਸ਼ਿਪ ਹਰਬਰ ਹਾਈਵੇਅ ਉੱਪਰ ਇਕ ਵੈਨ ਅਤੇ ਟਰਾਲੇ ਵਿਚਾਲੇ ਹੋਈ ਭਿਆਨਕ ਟੱਕਰ ਵਿਚ ਫਰੀਦਕੋਟ ਦੇ ਨੌਜਵਾਨ ਕਿਰਨਪ੍ਰੀਤ ਸਿੰਘ ਗਿੱਲ ਸਮੇਤ ਗੁਰਿੰਦਰ ਪਾਲ ਸਿੰਘ ਲਿੱਧੜ (ਜਲੰਧਰ) ਅਤੇ ਸਨੀ ਖੁਰਾਣਾ (ਲੁਧਿਆਣਾ) ਦੀ ਮੌਤ ਹੋ ਗਈ। ਕਿਰਨਪ੍ਰੀਤ ਸਿੰਘ ਦੇ ਪਿਤਾ ਕਰਮਜੀਤ ਸਿੰਘ ਨੇ ਦੱਸਿਆ ਕਿ ਤਿੰਨੇ ਨੌਜਵਾਨ ਆਪਸ ਵਿਚ ਦੋਸਤ ਸਨ ਅਤੇ ਕੰਮ ਤੋਂ ਘਰ ਪਰਤਦਿਆਂ ਇਹ ਸੜਕ ਹਾਦਸਾ ਵਾਪਰ ਗਿਆ।





ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

41-48

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਤੂਫਾਨ ਦੀ ਲਪੇਟ ਵਿਚ ਆਉਣ ਨਾਲ ਦੋ ਬੱਚਿਆਂ ਸਣੇ ਸੱਤ ਮੌਤਾਂ, ਕਈ ਜ਼ਖਮੀ

**ਸੈਕਰਾਮੈਂਟੋ:** ਡੇਸ ਮੋਇਨਸ, ਲੋਵਾ ਨੇੜੇ ਆਏ ਜ਼ਬਰਦਸਤ ਤੂਫਾਨ ਦੀ ਲਪੇਟ ਵਿਚ ਆ ਕੇ ਸੱਤ ਲੋਕਾਂ ਦੀ ਮੌਤ ਹੋ ਗਈ ਜਿਨ੍ਹਾਂ ਵਿਚ ਦੋ ਬੱਚੇ ਵੀ ਸ਼ਾਮਲ ਹਨ। ਇਹ ਤੂਫਾਨ ਮੈਡੀਸਨ ਕਾਊਂਟੀ ਸਮੇਤ ਕਈ ਕਾਊਂਟੀਆਂ ਵਿਚੋਂ ਦੀ ਲੰਘਿਆ। ਮੈਡੀਸਨ ਕਾਊਂਟੀ ਵਿਚ ਤੂਫਾਨ ਦਾ ਸਭ ਤੋਂ ਵੱਧ ਭਿਆਨਕ ਰੂਪ ਵੇਖਣ ਨੂੰ ਮਿਲਿਆ ਤੇ ਇੱਥੇ 6 ਵਿਅਕਤੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਮੈਡੀਸਨ ਕਾਊਂਟੀ ਐਮਰਜੈਂਸੀ ਮੈਨੇਜਮੈਂਟ ਡਾਇਰੈਕਟਰ ਡਿਓਜੈਨਸ ਅਇਲਾ ਨੇ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਮਾਰੇ ਗਏ ਲੋਕਾਂ ਵਿਚ ਸਭ ਤੋਂ ਵੱਡੀ ਉਮਰ ਦਾ 72 ਸਾਲਾ ਵਿਅਕਤੀ ਤੇ ਸਭ ਤੋਂ ਛੋਟੀ ਉਮਰ ਦਾ 2 ਸਾਲਾਂ ਦਾ ਬੱਚਾ ਸ਼ਾਮਿਲ ਹੈ। ਇਕ ਵਿਅਕਤੀ ਲੂਕਾਸ ਕਾਊਂਟੀ ਨੇੜੇ ਸ਼ਹਿਰ ਚੈਰੀਟਨ ਵਿਚ ਮਾਰਿਆ ਗਿਆ। ਡੇਸ ਮੋਇਨਸ ਵਿਚਲੇ ਕੌਮੀ ਮੌਸਮ ਸੇਵਾ ਦਫਤਰ ਅਨੁਸਾਰ ਤੂਫਾਨ ਦੌਰਾਨ ਘਟੋ ਘੱਟ 136 ਤੋਂ 151 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਹਵਾਵਾਂ ਚੱਲੀਆਂ। ਅਇਲਾ ਨੇ ਕਿਹਾ ਹੈ ਕਿ ਤੂਫਾਨ ਨੇ ਭਾਰੀ ਤਬਾਹੀ ਮਚਾਈ ਹੈ ਤੇ ਮੈਡੀਸਨ ਕਾਊਂਟੀ ਵਿਚ 50 ਤੋਂ ਵੱਧ ਘਰ ਨਸ਼ਟ ਹੋ ਗਏ ਹਨ ਜਾਂ ਨੁਕਸਾਨੇ ਗਏ ਹਨ। ਕਾਊਂਟੀ ਦੇ 6 ਵਿਅਕਤੀ ਜ਼ਖਮੀ ਹੋਏ ਹਨ ਜਿਨ੍ਹਾਂ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ ਜਿਨ੍ਹਾਂ ਵਿਚੋਂ ਇਕ ਦੀ ਹਾਲਤ ਨਾਜ਼ੁਕ ਹੈ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਬਾਅਦ ਅਜਿਹਾ ਭਿਆਨਕ ਤੂਫਾਨ ਆਇਆ ਹੈ। ਹਵਾਵਾਂ ਏਨੀਆਂ ਤੇਜ਼ ਸਨ ਕਿ ਜੋ ਵੀ ਉਨ੍ਹਾਂ ਦੇ ਰਸਤੇ ਵਿਚ ਆਇਆ ਉਸ ਨੂੰ ਨਾਲ ਹੀ ਹੂੰਝ ਕੇ ਲੈ ਗਈਆਂ।

ਲੂਕਾਸ, ਐਪਾਨੋਸ, ਡੇਵਿਸ ਤੇ ਮੋਨਰੋ ਕਾਊਂਟੀਆਂ ਦੇ ਐਮਰਜੈਂਸੀ ਮੈਨੇਜਮੈਂਟ ਕੋਆਰਡੀਨੇਟਰ ਮਾਈਕ ਲੈਂਬ ਨੇ ਕਿਹਾ ਹੈ ਕਿ ਚੈਰੀਟਨ ਨੇੜੇ ਇਕ ਵਿਅਕਤੀ ਦੀ ਮੌਤ ਹੋਈ ਹੈ ਤੇ ਅਨੇਕਾਂ ਹੋਰ ਜ਼ਖਮੀ ਹੋਏ ਹਨ। ਤੂਫਾਨ ਦੀ ਲਪੇਟ ਵਿਚ ਆਉਣ ਕਾਰਨ ਅਨੇਕਾਂ ਘਰਾਂ, ਇਮਾਰਤਾਂ, ਬਿਜਲੀ ਦੀਆਂ ਲਾਈਨਾਂ ਤੇ ਦਰਖਤਾਂ ਨੂੰ ਨੁਕਸਾਨ ਪੁੱਜਾ ਹੈ। ਅਨੇਕਾਂ ਲੋਕਾਂ ਨੇ ਆਸ ਪਾਸ ਪਨਾਹ ਲੈ ਕੇ ਆਪਣੀ ਜਾਨ ਬਚਾਈ। ਲੈਂਬ ਨੇ ਕਿਹਾ ਕਿ ਮੌਕੇ 'ਤੇ ਜਾਇਜ਼ਾ ਲੈਣ ਉਪਰੰਤ ਹੀ ਤੂਫਾਨ ਨਾਲ ਹੋਏ ਨੁਕਸਾਨ ਬਾਰੇ ਅਸਲ ਪਤਾ ਲੱਗੇਗਾ। ਮੌਸਮ ਵਿਭਾਗ ਅਨੁਸਾਰ ਡੇਸ ਮੋਇਨਸ ਸਮੇਤ ਲੋਵਾ ਵਿਚ ਹੋਰ ਭਿਆਨਕ ਤੂਫਾਨ ਆਉਣ ਦਾ ਅਨੁਮਾਨ ਹੈ।



ਫੋਟੋ ਤੇ ਵੇਰਵਾ: ਹੁਸਨ ਲੜੋਆ ਬੰਗਾ

# ਖ਼ੁਦਕੁਸ਼ੀ ਦਾ ਡਰਾਮਾ ਕਰਨ ਵਾਲਾ ਸਾਬਕਾ ਪੁਲਿਸ ਮੁਖੀ ਗ੍ਰਿਫਤਾਰ

**ਸੈਕਰਾਮੈਂਟੋ:** ਡਰੱਗ ਤਸਕਰੀ ਦੇ ਮਾਮਲਿਆਂ ਨਾਲ ਗਲਤ ਤਰੀਕੇ ਨਾਲ ਨਜਿੱਠਣ ਤੇ ਗਬਨ ਕਰਨ ਵਰਗੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਚਾਡਬੌਰਨ (ਉਤਰੀ ਕੈਰੋਲੀਨਾ) ਦੇ ਸਾਬਕਾ ਪੁਲਿਸ ਮੁਖੀ ਵਿਲੀਅਮ ਐਨਥਨੀ ਸਪੀਵ ਵੱਲੋਂ ਖੁਦਕੁਸ਼ੀ ਕਰਨ ਦੀ ਸੂਚਨਾ ਗਲਤ ਨਿਕਲੀ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਵਿਲੀਅਮ ਐਨਥਨੀ ਸਪੀਵ ਨੂੰ ਉਤਰੀ ਕੈਰੋਲੀਨਾ ਦੇ ਬਾਰਡਰ ਨੇੜੇ ਦੱਖਣੀ ਕੈਰੋਲੀਨਾ ਵਿਚ ਲੋਰਿਸ ਨੇੜੇ ਹਿਰਾਸਤ ਵਿਚ ਲੈ ਲਿਆ ਗਿਆ। ਸਪੀਵ ਨੂੰ ਪਿਛਲੇ ਸਾਲ ਦੇ ਸ਼ੁਰੂ ਵਿਚ ਦੁਰਵਿਹਾਰ ਦੇ ਦੋਸ਼ਾਂ ਤਹਿਤ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ। ਹੌਰੀ ਕਾਊਂਟੀ ਦੇ ਪੁਲਿਸ ਵਿਭਾਗ ਅਨੁਸਾਰ ਉਸ ਉਪਰ ਡਰੱਗ ਤਸਕਰੀ ਦੇ ਮਾਮਲਿਆਂ ਨੂੰ ਠੀਕ ਢੰਗ ਨਾਲ ਨਾ ਨਜਿੱਠਣ ਤੇ ਗਬਨ ਕਰਨ ਸਮੇਤ 70 ਅਪਰਾਧਕ ਦੋਸ਼ ਲਾਏ ਗਏ ਸਨ। ਸਪੀਵ ਦੇ 21 ਫਰਵਰੀ ਨੂੰ ਕੋਲੰਬਸ ਕਾਊਂਟੀ (ਉਤਰੀ ਕੈਰੋਲੀਨਾ) ਵਿਚ ਲਾਪਤਾ ਹੋਣ ਦੀ ਰਿਪੋਰਟ ਲਿਖਾਈ ਗਈ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਉਹ ਲੂੰਬਰ ਦਰਿਆ ਵਿਚ ਮੱਛੀਆਂ ਫੜਨ ਗਿਆ ਸੀ ਤੇ ਵਾਪਸ ਨਹੀਂ ਪਰਤਿਆ। ਕੋਲੰਬਸ ਕਾਊਂਟੀ ਦੇ ਪੁਲਿਸ ਵਿਭਾਗ ਵਲੋਂ ਜਾਰੀ ਪ੍ਰੈੱਸ ਰਿਲੀਜ਼ ਅਨੁਸਾਰ ਜਾਂਚ ਕਰ ਰਹੇ ਅਧਿਕਾਰੀਆਂ ਨੇ ਦਰਿਆ ਵਿਚੋਂ ਉਸ ਦੀ ਕਿਸ਼ਤੀ ਤੇ ਦਰਿਆ ਦੇ ਕੰਢੇ 'ਤੇ ਖੜ੍ਹੇ ਉਸ ਦੇ ਵਾਹਨ ਨੂੰ ਬਰਾਮਦ ਕੀਤਾ। ਪੁਲਿਸ ਵਲੋਂ ਉਸ ਦੇ ਪਰਿਵਾਰਕ ਮੈਂਬਰਾਂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਸੰਭਾਵੀ ਖੁਦਕੁਸ਼ੀ ਦਾ ਮਾਮਲਾ ਹੋ ਸਕਦਾ ਹੈ। ਪੁਲਿਸ ਨੇ ਮੌਕੇ ਤੋਂ ਹੱਥ ਨਾਲ ਲਿਖਿਆ ਇਕ ਪੱਤਰ ਤੇ 22 ਕੈਲੀਬਰ ਰਾਈਫਲ ਵੀ ਬਰਾਮਦ ਕੀਤੀ, ਜਿਸ ਵਿਚੋਂ ਗੋਲੀ ਚੱਲੀ ਹੋਈ ਸੀ। ਮੌਕੇ ਤੋਂ ਮਿਲੇ ਸਬੂਤਾਂ ਤੇ ਹਾਲਾਤ ਦੇ ਮੱਦੇਨਜ਼ਰ ਜਾਂਚਕਾਰ ਇਸ ਸਿੱਟੇ 'ਤੇ ਪੁੱਜੇ ਕਿ ਇਹ ਖੁਦਕੁਸ਼ੀ ਦਾ ਮਾਮਲਾ ਨਹੀਂ ਹੈ। ਜੋ ਸਬੂਤ ਮਿਲੇ ਹਨ ਉਹ ਕੇਵਲ ਖੁਦਕੁਸ਼ੀ ਦਾ ਦ੍ਰਿਸ਼ ਪੈਦਾ ਕਰਨ ਲਈ ਹੀ ਪੈਦਾ ਕੀਤੇ ਗਏ ਹਨ। ਅਦਾਲਤ ਵਿਚ ਪੇਸ਼ ਨਾ ਹੋਣ ਕਾਰਨ ਸਪੀਵ ਵਿਰੁੱਧ 23 ਫਰਵਰੀ ਨੂੰ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਸਨ। ਇਸ ਵੇਲੇ ਉਹ ਪੁਲਿਸ ਹਿਰਾਸਤ ਵਿਚ ਹੈ।




## ਹੈਲਪਰ, ਡਿਸ਼ਵਾਸ਼ਰ ਅਤੇ ਸਰਵਰ ਦੀ ਲੋੜ ਹੈ

ਔਸਟਿਨ, ਟੈਕਸਸ ਵਿਚ ਇੰਡੀਅਨ ਰੈਸਟੋਰੈਂਟ ਲਈ ਹੈਲਪਰ ਸਰਵਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ



ਚਾਹਵਾਨ ਸੰਪਰਕ ਕਰਨ:

316-305-1818 ਜਾਂ 316-518-5382

E-Mail: Bayleafaustin@gmail.com

10-17


## ਵਿਦਿਆਰਥੀ ਵਲੋਂ ਗੋਲੀਬਾਰੀ; ਦੋ ਜ਼ਖਮੀ

ਸੈਕਰਾਮੈਂਟੋ: ਕਨਸਾਸ ਦੇ ਓਲਥ ਈਸਟ ਹਾਈ ਸਕੂਲ ਵਿਚ ਇਕ ਵਿਦਿਆਰਥੀ ਨੇ ਗੋਲੀਆਂ ਚਲਾ ਕੇ ਦੋ ਜਣਿਆਂ ਨੂੰ ਜ਼ਖਮੀ ਕਰ ਦਿੱਤਾ। ਮੁਢਲੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਿਦਿਆਰਥੀ ਨੇ ਗੋਲੀਆਂ ਸਕੂਲ ਦੇ ਰਿਸੋਰਸ ਅਫਸਰ ਤੇ ਪ੍ਰਸ਼ਾਸਕ ਉਪਰ ਚਲਾਈਆਂ। ਰਿਸੋਰਸ ਅਫਸਰ ਵਲੋਂ ਜਵਾਬੀ ਕਾਰਵਾਈ ਵਿਚ ਚਲਾਈ ਗੋਲੀ ਨਾਲ ਸ਼ੱਕੀ ਵਿਦਿਆਰਥੀ ਵੀ ਜ਼ਖਮੀ ਹੋ ਗਿਆ, ਜਿਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਓਲਥ ਪੁਲਿਸ ਵਿਭਾਗ ਦੇ ਬੁਲਾਰੇ ਸਾਰਜੈਂਟ ਜੋਇਲ ਯੈਲਡੈਲ ਨੇ ਕਿਹਾ ਹੈ ਕਿ ਸਕੂਲ ਨੂੰ ਬੰਦ ਕਰ ਦਿੱਤਾ ਗਿਆ ਹੈ। ਪੁਲਿਸ ਅਨੁਸਾਰ ਜ਼ਖਮੀ ਹੋਏ ਰਿਸੋਰਸ ਅਫਸਰ, ਪ੍ਰਸ਼ਾਸਕ ਤੇ ਸ਼ੱਕੀ ਵਿਅਕਤੀ ਦੀ ਹਾਲਤ ਸਥਿਰ ਹੈ।

# Matrimonials

## ਲੜਕੇ ਦੀ ਲੋੜ ਹੈ

ਜੱਟ ਸਿੱਖ 42 ਸਾਲਾ 5'4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ 45 ਸਾਲ ਤੋਂ ਵੱਧ ਉਮਰ ਦੇ, ਬਿਨਾਂ ਬੱਚੇ ਵਾਲੇ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ 540-479-0603 'ਤੇ ਸੰਪਰਕ ਕਰ ਸਕਦੇ ਹਨ। 6-9

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

## ਲੜਕੀ ਦੀ ਲੋੜ ਹੈ

Jatt Sikh family Looking for a jatt sikh, well settled match for their U.S born and raised jatt sikh 30, 6'3" son. Degree in criminal justice. Job in transportation. Send picture and biodata at 630-550-0299 or Email at: Dilbaghothi51@gmail.com 8-11

33 ਸਾਲਾ ਜੱਟ ਸਿੱਖ ਆਪਣਾ ਬਿਜ਼ਨਸ ਕਰਦੇ, USA citizen 6'1" ਲੜਕੇ ਲਈ ਯੂ.ਐਸ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਘੱਟੋ-ਘੱਟ 5'6", ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਨੇ ਬੈਚਲਰ ਡਿਗਰੀ ਕੀਤੀ ਹੋਈ ਹੈ। ਚਾਹਵਾਨ 317-767-1636 ਜਾਂ Email at: singh2026@hotmail.com 'ਤੇ ਸੰਪਰਕ ਕਰ ਸਕਦੇ ਹਨ। 6-10

Jatt Sikh Sangha family looking for suitable match for their American citizen son, 28, 6'-2", Masters in Computer Science. Vegetarian preferred. Please Contact us at 636- 577-5615 or Email at: vijaypalsangha@gmail.com.

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com'ਤੇ ਸੰਪਰਕ ਕਰ ਸਕਦੇ ਹਨ। feb-apr

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).


*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*
*Visit us on the web:wwwpunjabtimesusa.com*

# ਕੇਂਦਰੀ ਹੱਲਿਆਂ ਨੂੰ ਠੱਲ੍ਹਣ ਲਈ ਇਕਜੁਟ ਹੋਣ ਦਾ ਹੋਕਾ ਦੇਣ ਲੱਗੀਆਂ ਸਿਆਸੀ ਧਿਰਾਂ

**ਪਟਿਆਲਾ:** ਪੰਜਾਬੀ ਦੀਆਂ ਸਿਆਸੀ ਧਿਰਾਂ ਕੇਂਦਰ ਦੇ ਪੰਜਾਬ ਉਤੇ ਹੱਲਿਆਂ ਨੂੰ ਠੱਲ੍ਹਣ ਲਈ ਇਕਜੁਟ ਹੋਣ ਦਾ ਹੋਕਾ ਦੇਣ ਲੱਗੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਕੇਂਦਰ ਦੀ ਪੰਜਾਬ ਦੇ ਹੱਕਾਂ ਨੂੰ ਖਤਮ ਕਰਨ ਦੀ ਸਾਜ਼ਿਸ਼ ਖਿਲਾਫ ਪੰਜਾਬ ਦੀਆਂ ਸਾਰੀਆਂ ਧਿਰਾਂ ਨੂੰ ਇਕਜੁਟ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਜੇਕਰ ਪਹਿਲਾਂ ਹੀ ਸਾਰੀਆਂ ਸਿਆਸੀ ਧਿਰਾਂ ਇਕੱਠੀਆਂ ਹੋ ਜਾਂਦੀਆਂ ਤਾਂ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਵਿਰੋਧੀ ਫੈਸਲੇ ਨਾ ਲੈਂਦੀ। ਉਨ੍ਹਾਂ ਕਿਹਾ ਉਨ੍ਹਾਂ ਦੀ ਸੁਨੀਲ ਜਾਖੜ ਵਰਗੇ ਕਈ ਸਿਆਸੀ ਆਗੂਆਂ ਨਾਲ ਵੀ ਗੱਲ ਹੋਈ ਹੈ ਅਤੇ ਸਾਰੇ ਇਸ ਗੱਲ 'ਤੇ ਇਕਮਤ ਹਨ ਕਿ ਕੇਂਦਰੀ ਬਿਜਲੀ ਮੰਤਰੀ ਨੂੰ ਮਿਲ ਕੇ ਇਕ ਵਾਰੀ ਪੰਜਾਬ ਦੇ ਹੱਕਾਂ ਦੀ ਮੰਗ ਰੱਖੀ ਜਾਵੇ। ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਜੇਕਰ ਕੇਂਦਰ ਨੇ ਪੰਜਾਬ ਦੇ ਹੱਕਾਂ ਨੂੰ ਲੁੱਟਣਾ ਜਾਰੀ ਰੱਖਿਆ ਤਾਂ ਉਹ ਕਾਨੂੰਨੀ ਅਤੇ ਜਨਤਕ ਤੌਰ 'ਤੇ ਢੁਕਵੀਂ ਕਾਰਵਾਈ ਕਰਨ ਲਈ ਮਜਬੂਰ ਹੋਣਗੇ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਕੇਂਦਰ ਵੱਲੋਂ ਸੋਚੀ ਸਮਝੀ ਯੋਜਨਾ ਤਹਿਤ ਪੰਜਾਬ ਦੇ ਗਲ ਫੰਦਾ ਪਾਇਆ ਜਾ ਰਿਹਾ ਹੈ ਅਤੇ ਅਜਿਹੇ ਚੁਣੌਤੀ ਭਰੇ ਮਾਹੌਲ 'ਚ ਪੰਜਾਬ ਦੀਆਂ ਸਭਨਾਂ ਧਿਰਾਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ। ਕੌਮੀ ਪੱਧਰ ਉਤੇ ਵੀ ਸਭ ਵਿਰੋਧੀ ਧਿਰਾਂ ਨੂੰ ਹੱਥ ਮਿਲਾ ਕੇ ਕੇਂਦਰੀ ਹੱਲੇ ਠੱਲ੍ਹਣ ਲਈ ਜੁੱਟਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਚੁਣੌਤੀਆਂ ਨਾਲ ਹਰ ਵੇਲੇ ਟਾਕਰਾ ਲੈਣ ਵਾਲੇ ਪੰਜਾਬ ਵਿਚ ਅੱਜ ਮਜ਼ਬੂਤ ਲੀਡਰਸ਼ਿਪ ਦਾ ਖਲਾਅ ਪੈਦਾ ਹੋ ਗਿਆ ਹੈ। ਅੱਜ ਪੰਜਾਬ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਕੱਲ੍ਹ ਕਿਸੇ ਹੋਰ ਸੂਬੇ ਦੀ ਵਾਰੀ ਆ ਸਕਦੀ ਹੈ।

'ਆਪ' ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਦੋਸ਼ ਲਗਾਇਆ ਕਿ ਕੇਂਦਰ ਵਿਚਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਲਗਾਤਾਰ ਪੰਜਾਬ ਦੇ ਹੱਕ ਖੋਹ ਰਹੀ ਹੈ। ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐਮ.ਬੀ.) ਵਿਚੋਂ ਪੰਜਾਬ ਦੀ ਹਿੱਸੇਦਾਰੀ



ਖਤਮ ਕਰਨ ਤੋਂ ਬਾਅਦ ਹੁਣ ਮੋਦੀ ਸਰਕਾਰ ਨੇ ਡੈਮਾਂ ਦੀ ਸੁਰੱਖਿਆ ਤੋਂ ਪੰਜਾਬ ਪੁਲਿਸ ਨੂੰ ਹਟਾਉਣ ਦਾ ਫੈਸਲਾ ਕਰਕੇ ਪੰਜਾਬ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਸ੍ਰੀ ਮਾਨ ਨੇ ਮੋਦੀ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਹੱਕਾਂ ਨੂੰ ਬਹਾਲ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੇ ਪਰਦੇ 'ਚ ਕੇਂਦਰ ਦੀ ਮੋਦੀ ਸਰਕਾਰ ਨੇ ਲਗਾਤਾਰ ਪੰਜਾਬ ਵਿਰੋਧੀ ਫੈਸਲੇ ਅਮਲ ਵਿਚ ਲਿਆਂਦੇ ਹਨ। ਕਾਂਗਰਸ ਤੋਂ ਬਾਅਦ ਭਾਜਪਾ ਸਰਕਾਰ ਪੰਜਾਬ 'ਚ ਬਣੇ ਬੀ.ਬੀ.ਐਮ.ਬੀ. 'ਚੋਂ ਪੰਜਾਬ ਨੂੰ ਹੀ ਬਾਹਰ ਕੱਢਣ ਦੇ ਫੈਸਲੇ ਲਾਗੂ ਕਰ ਰਹੀ ਹੈ। ਮੋਦੀ ਸਰਕਾਰ ਨੇ ਭਾਖੜਾ ਬਿਆਸ ਪ੍ਰਬੰਧਕੀ ਬੋਰਡ 'ਚੋਂ ਪੰਜਾਬ ਦੀ ਹਿੱਸੇਦਾਰੀ ਖਤਮ ਕਰਨ ਤੋਂ ਬਾਅਦ ਡੈਮਾਂ ਦੀ ਸੁਰੱਖਿਆ 'ਚ ਲੱਗੀ ਪੰਜਾਬ ਪੁਲਿਸ ਫੋਰਸ ਨੂੰ ਵੀ ਹਟਾ ਦਿੱਤਾ ਹੈ। ਬੋਰਡ ਦੇ ਤਿੰਨ ਡੈਮਾਂ ਦੀ ਸੁਰੱਖਿਆ ਲਈ ਕੇਂਦਰੀ ਸਨਅਤੀ ਸੁਰੱਖਿਆ ਫੋਰਸ ਨੂੰ ਤਾਇਨਾਤ ਕਰਨ ਦਾ ਫੈਸਲਾ ਕੀਤਾ ਹੈ, ਜਦੋਂ ਕਿ ਡੈਮਾਂ ਦੀ ਸੁਰੱਖਿਆ 'ਤੇ ਖਰਚ ਆਉਂਦੇ 90 ਕਰੋੜ ਰੁਪਏ ਪੰਜਾਬ ਸਮੇਤ ਹੋਰ ਹਿੱਸੇਦਾਰਾਂ ਕੋਲੋਂ ਵਸੂਲ ਕੀਤੇ ਜਾਣਗੇ। 'ਆਪ' ਆਗੂ ਨੇ ਕਿਹਾ ਕਿ ਮੋਦੀ ਸਰਕਾਰ ਦੇ ਫੈਸਲੇ ਕਾਰਨ ਇਕ ਪਾਸੇ ਪੰਜਾਬ ਦੇ ਨੌਜਵਾਨਾਂ ਕੋਲੋਂ ਰੁਜ਼ਗਾਰ ਖੋਹ ਲਿਆ ਗਿਆ ਹੈ, ਦੂਜੇ ਪਾਸੇ ਸੁਰੱਖਿਆ ਦਾ ਖਰਚਾ ਪੰਜਾਬ ਸਿਰ ਥੋਪ ਦਿੱਤਾ ਹੈ। ਪਹਿਲਾਂ ਇਹ ਧੱਕਾ ਕੇਂਦਰ 'ਚ ਕਾਬਜ਼ ਕਾਂਗਰਸ ਦੀਆਂ ਸਰਕਾਰਾਂ ਕਰਦੀਆਂ ਸਨ, ਹੁਣ ਉਹੋ ਰਾਹ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਨੇ ਫੜ ਲਿਆ ਹੈ।

## ਕੇਂਦਰ ਦੀ ਦਾਦਾਗਿਰੀ ਅੱਗੇ ਨਹੀਂ ਝੁਕੇਗਾ ਪੰਜਾਬ: ਚੰਦੂਮਾਜਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਪੰਜਾਬ ਕਿਸੇ ਵੀ ਤਰੀਕੇ ਕੇਂਦਰ ਦੀ ਦਾਦਾਗਿਰੀ ਅੱਗੇ ਨਹੀਂ ਝੁਕੇਗਾ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਚਿਤਾਵਨੀ ਦਿੱਤੀ ਕਿ ਕੇਂਦਰ ਸਰਕਾਰ ਦੇਸ ਵਿਚ ਸੰਘੀ ਢਾਂਚੇ ਨੂੰ ਖੋਰਾ ਲਗਾ ਕੇ ਸੂਬਿਆਂ ਦੇ ਅਧਿਕਾਰਾਂ ਵਿਚ ਸਿੱਧਾ ਦਖਲ ਦੇ ਰਹੀ ਹੈ ਤੇ ਖਾਸ ਤੌਰ 'ਤੇ ਪੰਜਾਬ ਨੂੰ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਵੱਲੋਂ ਪੰਜਾਬ ਦੇ ਹੱਕ ਖੋਹ ਕੇ ਪੰਜਾਬੀਆਂ ਨੂੰ ਈਨ ਮਨਵਾਉਣ ਵਾਸਤੇ ਇਹ ਚੱਕਰਵਿਊ ਰਚਿਆ ਜਾ ਰਿਹਾ ਹੈ।

## ਮਾਤ ਭਾਸ਼ਾ ਨੂੰ ਸਮਰਪਿਤ ਪ੍ਰੋ. ਅਮਰਜੀਤ ਸਿੰਘ ਕਾਂਗ ਯਾਦਗਾਰੀ ਭਾਸ਼ਣ ਕਰਵਾਇਆ

**ਕੁਰੂਕਸ਼ੇਤਰ:** ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਲੋਂ ਲੰਘੀ 21 ਫਰਵਰੀ ਨੂੰ ਵਿਸ਼ਵ ਮਾਤ ਭਾਸ਼ਾ ਦਿਹਾੜੇ ਮੌਕੇ 12ਵਾਂ ਪ੍ਰੋਫੈਸਰ ਅਮਰਜੀਤ ਸਿੰਘ ਕਾਂਗ ਯਾਦਗਾਰੀ ਭਾਸ਼ਣ 'ਪੰਜਾਬ ਦੀ ਭਾਰਤੀ ਵਿਰਾਸਤ ਨੂੰ ਦੇਣ' ਕਰਵਾਇਆ ਗਿਆ। ਇਸ ਇਕ ਰੋਜ਼ਾ ਆਨਲਾਈਨ ਵੈਬੀਨਾਰ ਦੇ ਮੁੱਖ ਮਹਿਮਾਨ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਸੋਮਨਾਥ ਸਚਦੇਵਾ ਸਨ। ਵੈਬੀਨਾਰ ਦੇ ਮੁੱਖ ਬੁਲਾਰੇ ਪ੍ਰਸਿੱਧ ਭਾਰਤੀ ਚਿੰਤਕ ਪ੍ਰੋ. ਕਪਿਲ ਕਪੂਰ, ਸਾਬਕਾ ਪ੍ਰੋ-ਵਾਈਸ ਚਾਂਸਲਰ, ਜੇ ਐਨ ਯੂ ਦਿੱਲੀ, ਸਾਬਕਾ ਚਾਂਸਲਰ, ਮਹਾਤਮਾ ਗਾਂਧੀ ਕੌਮਾਂਤਰੀ ਹਿੰਦੀ ਯੂਨੀਵਰਸਿਟੀ ਵਰਧਾ ਸਨ।

ਵੈਬੀਨਾਰ ਦਾ ਆਗਾਜ਼ ਕਰਦਿਆਂ ਉਪ-ਕੁਲਪਤੀ ਪ੍ਰੋ. ਸੋਮਨਾਥ ਸਚਦੇਵਾ ਨੇ ਕਿਹਾ ਕਿ ਪ੍ਰੋ. ਅਮਰਜੀਤ ਸਿੰਘ ਕਾਂਗ ਨੇ ਹਰਿਆਣਾ ਵਿਚ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਤੀ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਪ੍ਰੋ. ਕਪਿਲ ਕਪੂਰ ਨੇ 'ਪੰਜਾਬ ਦੀ ਭਾਰਤੀ ਵਿਰਾਸਤ ਨੂੰ ਦੇਣ' ਵਿਸ਼ੇ 'ਤੇ ਕਿਹਾ ਕਿ ਭਾਰਤ ਦੀ ਵੈਦਿਕ ਸੰਸਕ੍ਰਿਤੀ ਦੀ ਗਿਆਨਮਈ ਯਾਤਰਾ ਪੰਜਾਬ ਦੀ ਧਰਤੀ ਤੋਂ ਸ਼ੁਰੂ ਹੁੰਦੀ ਹੈ। ਪੰਜਾਬ ਭਾਰਤ ਦਾ ਮੱਥਾ ਹੈ ਤੇ ਭਾਰਤ ਦੀ ਅਮੀਰ ਵਿਰਾਸਤ ਦਾ ਧੁਰਾ ਹੈ। ਉਨ੍ਹਾਂ ਨੇ ਭਾਰਤੀ ਸੰਸਕ੍ਰਿਤੀ ਦੀ ਵਿਰਾਸਤ ਵਿਚ ਪੰਜਾਬ ਦਾ ਰੋਲ ਬਾਕੀ ਸੂਬਿਆਂ ਨਾਲੋਂ ਵੱਡਾ ਦੱਸਦਿਆਂ ਕਿਹਾ ਕਿ ਭਾਰਤ ਦੀ ਸਮੁੱਚੀ ਸੰਸਕ੍ਰਿਤੀ ਦਾ ਆਧਾਰ ਬਿੰਦੂ ਪੰਜਾਬ ਹੈ।

ਇਸ ਵੈਬੀਨਾਰ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਸੰਜੀਵ ਸ਼ਰਮਾ ਨੇ ਵਿਸ਼ਵ ਮਾਤ ਭਾਸ਼ਾ ਦਿਹਾੜੇ ਦੀ ਵਧਾਈ ਦਿੰਦਿਆਂ ਡਾ. ਅਮਰਜੀਤ ਸਿੰਘ ਕਾਂਗ ਵਲੋਂ ਪੰਜਾਬੀ ਭਾਸ਼ਾ ਲਈ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਭਵਿੱਖ 'ਚ ਵੀ ਅਜਿਹੇ ਪ੍ਰੋਗਰਾਮ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ। ਵੈਬੀਨਾਰ ਦੀ ਪ੍ਰਧਾਨਗੀ ਕਰ ਰਹੇ ਪੰਜਾਬੀ ਦੇ ਉੱਘੇ ਨਾਟਕਕਾਰ ਪ੍ਰੋ. ਸਤੀਸ਼ ਕੁਮਾਰ ਨੇ ਕਿਹਾ ਕਿ ਪੰਜਾਬ ਨੇ ਹਮੇਸ਼ਾ ਭਾਰਤ ਦੀ ਤਰੱਕੀ, ਅਮਨ-ਸ਼ਾਂਤੀ ਤੇ ਆਜ਼ਾਦੀ ਦੀ ਲੜਾਈ ਵਿਚ ਮੋਹਰੀ ਭੂਮਿਕਾ ਨਿਭਾਈ ਹੈ। ਵਿਸ਼ੇਸ਼ ਮਹਿਮਾਨ ਪ੍ਰੋ. ਜਸਪਾਲ ਕੌਰ ਕਾਂਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਡਾ. ਅਮਰਜੀਤ ਸਿੰਘ ਕਾਂਗ ਦੀਆਂ ਯਾਦਾਂ ਤੇ ਉਨ੍ਹਾਂ ਵਲੋਂ ਕੀਤੇ ਕਾਰਜਾਂ ਬਾਰੇ ਸਰੋਤਿਆਂ ਨੂੰ ਜਾਣੂ ਕਰਵਾਇਆ। ਇਸ ਵੈਬੀਨਾਰ ਵਿਚ ਡਾ. ਕੁਲਦੀਪ ਸਿੰਘ, ਚੇਅਰਮੈਨ ਪੰਜਾਬੀ ਵਿਭਾਗ, ਰਜਿਸਟਰਾਰ ਡਾ. ਸੰਜੀਵ ਸ਼ਰਮਾ ਤੇ ਡਾ. ਪਰਮਜੀਤ ਕੌਰ ਸਿੱਧੂ ਸ਼ਾਮਲ ਸਨ।

## ਨਵਜੋਤ ਸਿੱਧੂ ਦੀਆਂ ਮੁਸ਼ਕਿਲਾਂ ਵਧੀਆਂ

**ਲੁਧਿਆਣਾ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਭੈਣ ਸੁਮਨ ਤੂਰ ਵੱਲੋਂ ਲਾਏ ਗਏ ਦੋਸ਼ਾਂ ਤੋਂ ਬਾਅਦ ਸਿੱਧੂ ਪਰੇਸ਼ਾਨੀ 'ਚ ਘਿਰ ਸਕਦੇ ਹਨ। ਸੁਮਨ ਤੂਰ ਨੇ ਪ੍ਰਾਪਰਟੀ ਵਿਵਾਦ 'ਚ ਭਰਾ ਨਵਜੋਤ ਸਿੰਘ ਸਿੱਧੂ ਖਿਲਾਫ਼ ਕੌਮੀ ਮਹਿਲਾ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ। ਇਸ ਤੋਂ ਬਾਅਦ ਕਮਿਸ਼ਨ ਵੱਲੋਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਆਫ ਪੁਲਿਸ (ਡੀ.ਸੀ.ਪੀ.) ਨੂੰ 15 ਦਿਨਾਂ 'ਚ ਕਾਰਵਾਈ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।ਦੱਸ ਦਈਏ ਕਿ ਸਿੱਧੂ ਦੀ ਭੈਣ ਸੁਮਨ ਤੂਰ ਵਿਦੇਸ਼ 'ਚ ਰਹਿੰਦੀ ਹੈ ਤੇ ਉਨ੍ਹਾਂ ਵੱਲੋਂ ਦਿੱਤੀ ਗਈ ਸ਼ਿਕਾਇਤ 'ਚ ਲੁਧਿਆਣਾ ਦੇ ਪੱਖੋਵਾਲ ਰੋਡ ਦਾ ਪਤਾ ਦਿੱਤਾ ਗਿਆ ਹੈ। ਇਸ ਕਾਰਨ ਇਥੋਂ ਦੇ ਡੀ.ਸੀ.ਪੀ. ਨੂੰ ਜਾਂਚ ਲਈ ਲਿਖਿਆ ਗਿਆ ਹੈ। ਇਸ ਤੋਂ ਪਹਿਲਾਂ ਵੀ ਸੁਮਨ ਤੂਰ ਚੰਡੀਗੜ੍ਹ 'ਚ ਪੱਤਰਕਾਰ ਮਿਲਣੀ ਕਰਕੇ ਦੋਸ਼ ਲਾ ਚੁੱਕੀ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਉਨ੍ਹਾਂ ਨੂੰ ਘਰ ਤੋਂ ਕੱਢ ਦਿੱਤਾ ਸੀ।


# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

*ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।*

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼੍ਰੋਮਣੀ ਕਮੇਟੀ ਸਾਲਾਨਾ ਬਜਟ ਇਜਲਾਸ 30 ਮਾਰਚ ਨੂੰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲਾਨਾ ਬਜਟ ਇਜਲਾਸ 30 ਮਾਰਚ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਖੇ ਤੇਜਾ ਸਿੰਘ ਸਮੁੰਦਰੀ ਹਾਲ 'ਚ ਹੋਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਇਥੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਬਜਟ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨ ਕਰਦਿਆਂ ਬਜਟ ਇਜਲਾਸ ਸੱਦਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਐਡਵੋਕੇਟ ਧਾਮੀ ਨੇ ਇਕੱਤਰਤਾ ਮਗਰੋਂ ਗੱਲਬਾਤ ਕਰਦਿਆਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਬਜਟ ਇਜਲਾਸ 30 ਮਾਰਚ ਨੂੰ ਸੱਦਣ ਦੀ ਪ੍ਰਵਾਨਗੀ ਦਿੱਤੀ ਹੈ, ਜੋ ਦੁਪਹਿਰ 1:00 ਵਜੇ ਹੋਵੇਗਾ। ਉਨ੍ਹਾਂ ਦੱਸਿਆ ਕਿ ਇਜਲਾਸ ਦੌਰਾਨ ਵਿੱਤੀ ਵਰ੍ਹੇ ਸਾਲ 2022-23 ਦਾ ਬਜਟ ਪਾਸ ਕੀਤਾ ਜਾਵੇਗਾ ਅਤੇ ਭਵਿੱਖ ਵਿਚ ਕੀਤੇ ਜਾਣ ਵਾਲੇ ਕਾਰਜਾਂ ਦੀਆਂ ਤਰਜੀਹਾਂ ਨਿਰਧਾਰਤ ਕੀਤੀਆਂ ਜਾਣਗੀਆਂ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਅੰਤ੍ਰਿੰਗ ਕਮੇਟੀ ਵੱਲੋਂ ਲਏ ਗਏ ਹੋਰ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਅੰਮ੍ਰਿਤਸਰ ਸਥਿਤ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਸਿੱਧੀਆਂ ਉਡਾਣਾਂ ਚਾਲੂ ਕਰਨ ਦੇ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਯਓਤੀਰਾਦਿੱਤਿਆ ਸਿੰਧੀਆ ਨਾਲ ਰਾਬਤਾ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਬੀਤੇ ਦਿਨਾਂ 'ਚ ਕੈਨੇਡਾ ਤੇ ਅਮਰੀਕਾ ਦੇ ਸਿੱਖ ਆਗੂਆਂ ਵੱਲੋਂ ਇਸ ਮਾਮਲੇ 'ਤੇ ਸ਼੍ਰੋਮਣੀ ਕਮੇਟੀ ਨਾਲ ਰਾਬਤਾ ਕੀਤਾ ਗਿਆ ਹੈ, ਜਿਸ ਨੂੰ ਅੰਤ੍ਰਿੰਗ ਕਮੇਟੀ ਨੇ ਸੰਜੀਦਗੀ ਨਾਲ ਲਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਜੰਗ ਦੇ ਮਾਹੌਲ ਦਰਮਿਆਨ ਯੂਕਰੇਨ ਤੋਂ ਵਾਪਸ ਮੁੜਦੇ ਪੰਜਾਬੀ ਪਾੜ੍ਹਿਆਂ ਨੂੰ ਦਿੱਲੀ ਤੋਂ ਪੰਜਾਬ ਲਿਆਉਣ ਲਈ ਮੁਫ਼ਤ ਸੇਵਾਵਾਂ ਦਿੱਤੀਆਂ ਜਾਣਗੀਆਂ। ਇਸ ਸਬੰਧੀ ਇੰਡੋ ਕੈਨੇਡੀਅਨ ਬੱਸ ਸਰਵਿਸ ਨਾਲ ਸਮਝੌਤਾ ਕੀਤਾ ਗਿਆ ਹੈ, ਜੋ ਦਿੱਲੀ ਹਵਾਈ ਅੱਡੇ ਤੋਂ ਇਨ੍ਹਾਂ ਵਿਦਿਆਰਥੀਆਂ ਨੂੰ ਲੈ ਕੇ ਆਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਲਿਆਂਦੇ ਜਾਣ ਵਾਲੇ ਇਨ੍ਹਾਂ ਬੱਚਿਆਂ ਨੂੰ ਬੱਸ ਵਿਚ ਖਾਣ-ਪੀਣ ਦੀਆਂ ਸੇਵਾਵਾਂ ਦੀ ਦਿੱਤੀਆਂ ਜਾਣਗੀਆਂ ਅਤੇ ਦਿੱਲੀ ਵਿਖੇ ਬੱਚਿਆਂ ਦਾ ਸਹਿਯੋਗ ਕਰਨ ਲਈ ਦਿੱਲੀ ਸਿੱਖ ਮਿਸ਼ਨ ਦਾ ਸਟਾਫ਼ ਕਾਰਜ ਕਰੇਗਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਅੱਜ ਦਾ ਯੁੱਗ ਸੋਸ਼ਲ ਮੀਡੀਆ ਦਾ ਯੁੱਗ ਹੈ ਅਤੇ ਅੰਤ੍ਰਿੰਗ ਕਮੇਟੀ ਨੇ ਆਈ.ਟੀ.ਵਿੰਗ ਨੂੰ ਹੋਰ ਮਜ਼ਬੂਤ ਕਰਨ ਲਈ ਨਵੀਆਂ ਸੋਧਾਂ ਅਤੇ ਸੇਧਾਂ ਨੂੰ ਪ੍ਰਵਾਨਗੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਆਈ.ਟੀ.ਵਿੰਗ ਨੂੰ ਚੁਸਤ ਦਰੁਸਤ ਬਣਾਉਣ ਲਈ ਕਮੇਟੀ ਕਾਇਮ ਕੀਤੀ ਗਈ ਸੀ, ਜਿਸ ਦੀ ਸਿਫਾਰਸ਼ਾਂ ਲਾਗੂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਅਜੋਕੇ ਦੌਰ ਵਿਚ ਸਿੱਖ ਮਸਲੇ ਜਾਣਬੁਝ ਕੇ ਉਲਝਾਏ ਜਾ ਰਹੇ ਹਨ, ਜਿਨ੍ਹਾਂ ਬਾਰੇ ਵਿਚਾਰ-ਚਰਚਾ ਅਤੇ ਪ੍ਰਮਾਣਿਕ ਜਾਣਕਾਰੀ ਦੇਣ ਲਈ ਪ੍ਰੋਗਰਾਮ ਬਣਾਏ ਜਾਣਗੇ। ਇਸ ਦੇ ਨਾਲ ਹੀ ਭਰੋਸੇਯੋਗ ਸਿੱਖ ਖਬਰਾਂ ਦੇ ਬੁਲਿਟਿਨ ਤਿਆਰ ਕੀਤੇ ਜਾਣਗੇ ਅਤੇ ਸਿੱਖ ਇਤਿਹਾਸ ਤੇ ਸਿਧਾਂਤਾਂ ਬਾਰੇ ਜਾਣਕਾਰੀ ਦਿੰਦੇ ਪ੍ਰੋਗਰਾਮ ਵੀ ਚਲਾਏ ਜਾਣਗੇ। ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਮੰਗ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਪਾਵਨ ਸਰੂਪ ਭੇਜਣ ਦਾ ਵੀ ਫੈਸਲਾ ਕੀਤਾ। ਇਹ ਪਾਵਨ ਸਰੂਪ ਛੱਤੀਸਗੜ੍ਹ ਅਤੇ ਮਹਾਰਾਸ਼ਟਰ ਦੀਆਂ ਸੰਗਤਾਂ ਲਈ ਵਿਸ਼ੇਸ਼ ਬੱਸ ਰਾਹੀਂ ਭੇਜੇ ਜਾਣਗੇ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਸਿੱਖ ਬੰਦੀਆਂ ਦੀ ਰਿਹਾਈ ਜਲਦ ਕਰਨ ਦੀ ਵੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਮਸਲਿਆਂ 'ਤੇ ਸਰਕਾਰਾਂ ਦੀ ਉਦਾਸੀਨਤਾ ਮਾੜੀ ਗੱਲ ਹੈ ਅਤੇ ਸਿੱਖਾਂ ਨੂੰ ਦੇਸ਼ ਦੇ ਸੰਵਿਧਾਨ ਅਨੁਸਾਰ ਹੱਕ ਮਿਲਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਤਿੰਨ-ਤਿੰਨ ਦਹਾਕੇ ਸਜ਼ਾ ਪੂਰੀਆਂ ਕਰਨ ਵਾਲੇ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਅਤੇ ਇਥੋਂ ਤੱਕ ਕਿ ਕਈਆਂ ਨੂੰ ਪੈਰੋਲ ਵੀ ਨਹੀਂ ਦਿੱਤੀ ਗਈ।

## ਅਮਰੀਕਾ ਅੰਦਰ ਸਿੱਖਾਂ ਖਿਲਾਫ ਧਾਰਮਿਕ ਤੇ ਨਫਰਤੀ ਅਪਰਾਧ ਵਧੇ

**ਵਾਸ਼ਿੰਗਟਨ:** ਅਮਰੀਕਾ ਵਿਚ ਹਾਲ ਹੀ ਦੇ ਸਾਲਾਂ ਵਿਚ ਸਿੱਖ ਭਾਈਚਾਰੇ ਵਿਰੁੱਧ ਧਾਰਮਿਕ ਭੇਦਭਾਵ ਅਤੇ ਨਫਰਤੀ ਅਪਰਾਧ ਵਿਚ ਵਾਧਾ ਹੋਇਆ ਹੈ। ਉਘੇ ਮਨੁੱਖੀ ਅਧਿਕਾਰ ਮਾਹਿਰ ਨੇ ਕਾਨੂੰਨਸਾਜ਼ਾਂ ਨੂੰ ਪ੍ਰਸ਼ਾਸਨ ਅਤੇ ਅਮਰੀਕੀ ਕਾਂਗਰਸ ਨੂੰ ਇਸ ਨੂੰ ਖਤਮ ਕਰਨ ਲਈ ਕਦਮ ਚੁੱਕਣ ਲਈ ਕਿਹਾ ਹੈ। ਇਸ ਦੇ ਨਾਲ ਕਾਂਗਰਸ ਨੂੰ ਕਾਰਵਾਈ ਕਰਨ ਲਈ ਵੀ ਕਿਹਾ ਹੈ।

## ਪੰਜਾਬ ਦੀਆਂ ਪੰਜ ਸੀਟਾਂ ਸਣੇ 13 ਰਾਜ ਸਭਾ ਸੀਟਾਂ ਲਈ ਚੋਣ 31 ਨੂੰ

**ਨਵੀਂ ਦਿੱਲੀ:** ਪੰਜਾਬ ਦੀਆਂ ਪੰਜ ਸੀਟਾਂ ਸਣੇ ਰਾਜ ਸਭਾ ਦੀਆਂ 13 ਸੀਟਾਂ ਲਈ ਚੋਣ 31 ਮਾਰਚ ਨੂੰ ਹੋਵੇਗੀ। ਇਨ੍ਹਾਂ ਵਿਚ ਕਾਂਗਰਸੀ ਆਗੂਆਂ ਏ.ਕੇ. ਐਂਟਨੀ ਤੇ ਆਨੰਦ ਸ਼ਰਮਾ ਵੱਲੋਂ ਅਪਰੈਲ ਮਹੀਨੇ ਖਾਲੀ ਕੀਤੀਆਂ ਜਾਣ ਵਾਲੀਆਂ ਸੀਟਾਂ ਵੀ ਸ਼ਾਮਲ ਹਨ।

ਚੋਣ ਕਮਿਸ਼ਨ ਨੇ ਕਿਹਾ ਕਿ ਅਸਾਮ, ਹਿਮਾਚਲ ਪ੍ਰਦੇਸ਼, ਕੇਰਲਾ, ਨਾਗਾਲੈਂਡ ਤੇ ਤ੍ਰਿਪੁਰਾ ਨਾਲ ਸਬੰਧਤ ਮੈਂਬਰ 2 ਅਪਰੈਲ ਨੂੰ ਸੇਵਾਮੁਕਤ ਹੋ ਰਹੇ ਹਨ ਜਦੋਂਕਿ ਪੰਜਾਬ ਤੋਂ ਪੰਜ ਰਾਜ ਸਭਾ ਮੈਂਬਰਾਂ ਦਾ ਕਾਰਜਕਾਲ 9 ਅਪਰੈਲ ਨੂੰ ਖਤਮ ਹੋ ਰਿਹਾ ਹੈ। ਕਮਿਸ਼ਨ ਨੇ ਇਕ ਬਿਆਨ ਵਿਚ ਕਿਹਾ, "ਪੰਜਾਬ ਦੀਆਂ ਪੰਜ ਸੀਟਾਂ ਵਿਚੋਂ ਤਿੰਨ ਲਈ ਇਕ ਚੋਣ ਹੋਵੇਗੀ ਜਦੋਂਕਿ ਬਚਦੀਆਂ ਦੋ ਸੀਟਾਂ ਲਈ ਵੱਖਰੀ ਚੋਣ ਹੋਵੇਗੀ ਕਿਉਂਕਿ ਇਹ ਸੀਟਾਂ ਮੈਂਬਰਾਂ ਦੇ ਦੋ ਵੱਖੋ-ਵੱਖਰੇ ਕਾਰਜਕਾਲਾਂ ਨਾਲ ਸਬੰਧਤ ਹਨ।" ਪੋਲਿੰਗ ਲਈ ਨੋਟੀਫਿਕੇਸ਼ਨ 14 ਮਾਰਚ ਨੂੰ ਜਾਰੀ ਹੋਵੇਗਾ ਤੇ ਚੋਣਾਂ 31 ਮਾਰਚ ਨੂੰ ਹੋਣਗੀਆਂ। ਸਥਾਪਤ ਨੇਮਾਂ ਮੁਤਾਬਕ ਵੋਟਾਂ ਦੀ ਗਿਣਤੀ ਉਸੇ ਦਿਨ ਸ਼ਾਮ ਨੂੰ ਪੰਜ ਵਜੇ ਤੋਂ ਹੋਵੇਗੀ।

## ਬਿਕਰਮ ਸਿੰਘ ਮਜੀਠੀਆ 22 ਤੱਕ ਨਿਆਇਕ ਹਿਰਾਸਤ ਵਿਚ

**ਮੁਹਾਲੀ:** ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਫਿਰ ਨਸ਼ਿਆਂ ਦੇ ਮਾਮਲੇ ਵਿਚ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਮਜੀਠੀਆ ਨੂੰ 22 ਮਾਰਚ ਤੱਕ ਨਿਆਇਕ ਹਿਰਾਸਤ ਵਿਚ ਭੇਜਣ ਦੇ ਹੁਕਮ ਦਿੱਤੇ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠੀਆ ਨੇ ਕਿਹਾ ਕਿ ਉਹ ਕਾਨੂੰਨੀ ਪ੍ਰਕਿਰਿਆ ਨੂੰ ਸਮਰਪਿਤ ਹਨ। ਉਨ੍ਹਾਂ ਕਿਹਾ ਕਿ ਸਰਕਾਰ ਉਨ੍ਹਾਂ ਦਾ ਹੌਸਲਾ ਨਹੀਂ ਤੋੜ ਸਕਦੀ।

## ਭਾਜਪਾ ਖਿਲਾਫ ਲਾਮਬੰਦੀ

*(ਸਫਾ ਇਕ ਦੀ ਬਾਕੀ)*

ਕਰਨ ਲੱਗੀਆਂ ਹਨ ਕਿ ਭਾਜਪਾ ਨੂੰ ਕੇਂਦਰੀ ਸੱਤਾ ਵਿਚੋਂ ਬਾਹਰ ਨਾ ਕੱਢਿਆ ਤਾਂ ਇਹ ਫੈਡਰਲ ਢਾਂਚੇ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਵੇਗੀ। ਖੇਤਰੀ ਪਾਰਟੀਆਂ ਨੂੰ ਆਪਣੀ ਹੋਂਦ ਦਾ ਡਰ ਸਤਾਉਣ ਲੱਗਾ ਹੈ। ਸਿਆਸੀ ਮਾਹਰ ਤਾਜ਼ਾ ਕੋਸ਼ਿਸ਼ਾਂ ਨੂੰ 2024 ਵਿਚ ਭਾਜਪਾ ਲਈ ਵੱਡੀ ਚੁਣੌਤੀ ਵਜੋਂ ਵੇਖ ਰਹੇ ਹਨ।

**ਚੰਨੀ ਨੇ ਸ਼ਾਹ ਕੋਲ ਬੀ.ਬੀ.ਐਮ.ਬੀ. ਦਾ ਮੁੱਦਾ ਉਠਾਇਆ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚੋਂ ਪੰਜਾਬ ਦੀ ਸਥਾਈ ਮੈਂਬਰੀ ਖਤਮ ਕੀਤੇ ਜਾਣ ਦੇ ਮੁੱਦੇ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨਾਲ ਦਿੱਲੀ ਵਿਚ ਮੁਲਾਕਾਤ ਕੀਤੀ। ਚੇਤੇ ਰਹੇ ਕਿ ਕੇਂਦਰੀ ਬਿਜਲੀ ਮੰਤਰਾਲੇ ਨੇ ਬੀ.ਬੀ.ਐਮ.ਬੀ. 'ਚੋਂ ਪੰਜਾਬ ਅਤੇ ਹਰਿਆਣਾ ਦੀ ਸਥਾਈ ਪ੍ਰਤੀਨਿਧਤਾ ਨੂੰ ਖਤਮ ਕਰਨ ਵਾਲਾ 23 ਫਰਵਰੀ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਜਿਸ ਮਗਰੋਂ ਪੰਜਾਬ ਵਿਚ ਵੱਡਾ ਵਿਰੋਧ ਖੜ੍ਹਾ ਹੋ ਗਿਆ ਹੈ। ਉਂਜ ਮੁੱਖ ਮੰਤਰੀ ਚੰਨੀ ਨੇ ਇਸ ਮਸਲੇ 'ਤੇ ਕਰੀਬ 14 ਦਿਨਾਂ ਤੱਕ ਚੁੱਪ ਧਾਰੀ ਰੱਖੀ। ਜਦੋਂ ਸਿਆਸੀ ਤੌਰ 'ਤੇ ਉਂਗਲਾਂ ਉੱਠਣ ਲੱਗੀਆਂ ਤਾਂ ਚੰਨੀ ਨੇ ਗ੍ਰਹਿ ਮੰਤਰੀ ਨਾਲ ਮੀਟਿੰਗ ਕੀਤੀ। ਉਨ੍ਹਾਂ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਉਹ ਇਸ ਮਾਮਲੇ 'ਤੇ ਮੁੜ ਗੌਰ ਕਰਕੇ ਇਕ-ਦੋ ਦਿਨਾਂ ਵਿਚ ਸਬੰਧਤ ਮੰਤਰੀ ਨਾਲ ਗੱਲਬਾਤ ਕਰਨਗੇ ਅਤੇ ਪੰਜਾਬ ਦੀ ਇੱਛਾ ਅਨੁਸਾਰ ਫੈਸਲਾ ਲਿਆ ਜਾਵੇਗਾ।

## ਰੂਸ 'ਤੇ ਪਾਬੰਦੀਆਂ ਲਾਉਣ ਲਈ ਨਵਾਂ ਕਾਨੂੰਨ ਲਿਆਵੇਗਾ ਨਿਊਜ਼ੀਲੈਂਡ

**ਵੈਲਿੰਗਟਨ:** ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੇ ਕਿਹਾ ਕਿ ਉਸ ਦੀ ਸਰਕਾਰ ਜਲਦ ਹੀ ਇਕ ਨਵਾਂ ਕਾਨੂੰਨ ਲਿਆਉਣ ਦੀ ਯੋਜਨਾ ਬਣਾ ਰਹੀ ਹੈ, ਜੋ ਦੇਸ਼ ਨੂੰ ਯੂਕਰੇਨ 'ਤੇ ਹਮਲਾ ਕਰਨ ਵਾਲੇ ਰੂਸ ਖਿਲਾਫ ਸਖਤ ਆਰਥਿਕ ਪਾਬੰਦੀਆਂ ਲਗਾਉਣ ਦੀ ਇਜਾਜ਼ਤ ਦੇਵੇਗਾ। ਨਿਊਜ਼ੀਲੈਂਡ ਦੇ ਮੌਜੂਦਾ ਕਾਨੂੰਨ ਉਸ ਨੂੰ ਸਾਰਥਿਕ ਪਾਬੰਦੀਆਂ ਲਾਗੂ ਕਰਨ ਦੀ ਇਜਾਜ਼ਤ ਨਹੀਂ ਦਿੰਦੇ, ਜਦ ਤੱਕ ਉਹ ਸੰਯੁਕਤ ਰਾਸ਼ਟਰ ਦੇ ਵਿਆਪਕ ਯਤਨ ਦਾ ਹਿੱਸਾ ਨਾ ਹੋਵੇ। ਉਧਰ, ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਰੂਸ ਕੋਲ 'ਵੀਟੋ' ਸ਼ਕਤੀ ਹੋਣ ਕਾਰਨ ਨਿਊਜ਼ੀਲੈਂਡ ਉਸ ਖਿਲਾਫ ਹੁਣ ਤੱਕ ਸੀਮਤ ਕਾਰਵਾਈ ਹੀ ਕਰ ਸਕਿਆ ਹੈ। ਪ੍ਰਧਾਨ ਮੰਤਰੀ ਜੈਸਿੰਡਾ ਨੇ ਕਿਹਾ ਕਿ ਨਵਾਂ ਕਾਨੂੰਨ ਉਸ ਨੂੰ ਰੂਸ ਵਿਚ ਹਮਲੇ ਨਾਲ ਜੁੜੇ ਲੋਕਾਂ, ਕੰਪਨੀਆਂ ਅਤੇ ਸੰਪਤੀਆਂ ਨੂੰ ਨਿਸ਼ਾਨਾ ਬਣਾਉਣ ਦੀ ਇਜਾਜ਼ਤ ਦੇਵੇਗਾ।

## ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਭਰ ਵਿਚ ਰੋਸ ਮੁਜ਼ਾਹਰੇ

**ਚੰਡੀਗੜ੍ਹ:** ਪੰਜਾਬ ਭਰ 'ਚ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਕਿਸਾਨ ਜਥੇਬੰਦੀਆਂ ਵੱਲੋਂ ਪ੍ਰਦਰਸ਼ਨ ਕੀਤੇ ਗਏ। ਉਨ੍ਹਾਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਵਿਚੋਂ ਪੰਜਾਬ ਅਤੇ ਹਰਿਆਣਾ ਦੀ ਨੁਮਾਇੰਦਗੀ ਖਤਮ ਕਰਨ ਦੇ ਫੈਸਲੇ ਵਿਰੁੱਧ, ਚੰਡੀਗੜ੍ਹ 'ਚ ਪੰਜਾਬ ਦਾ ਨਿਰਧਾਰਿਤ ਕੋਟਾ ਬਹਾਲ ਕਰਨ, ਲਖੀਮਪੁਰ ਖੀਰੀ ਕਾਂਡ ਵਿਚ ਮੁੱਖ ਮੁਲਜ਼ਮ ਅਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇਣ ਅਤੇ ਮੁੱਖ ਸਾਜ਼ਿਸ਼ ਕਰਤਿਆਂ ਵਿਚ ਸ਼ੁਮਾਰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੂੰ ਮੰਤਰੀ ਮੰਡਲ ਵਿਚੋਂ ਹਟਾਉਣ, ਯੂਕਰੇਨ ਵਿਚ ਪੜ੍ਹਨ ਗਏ ਵਿਦਿਆਰਥੀਆਂ ਦੀ ਸੁਰੱਖਿਅਤ ਦੇਸ਼ ਵਾਪਸੀ ਲਈ ਯਤਨ ਤੇਜ਼ ਕਰਨ ਅਤੇ ਹਿਜਾਬ ਦਸਤਾਰ ਵਿਵਾਦ ਸਬੰਧੀ ਘੱਟ ਗਿਣਤੀਆਂ ਨਾਲ ਕੀਤੀ ਜਾ ਰਹੀ ਬੇਇਨਸਾਫੀ ਦੂਰ ਕਰਕੇ ਬਰਾਬਰੀ ਅਤੇ ਆਜ਼ਾਦੀ ਦੇ ਸੰਵਿਧਾਨਕ ਹੱਕ ਬਰਕਰਾਰ ਰੱਖਣ ਆਦਿ ਮੁੱਦਿਆਂ 'ਤੇ ਰੋਸ ਜਤਾਇਆ।

ਕਿਸਾਨ ਆਗੂਆਂ ਨੇ ਦੋਸ਼ ਲਗਾਉਂਦਿਆਂ ਕਿਹਾ ਕਿ ਬੀ.ਬੀ.ਐਮ.ਬੀ. ਬਾਰੇ ਲਏ ਜਾ ਰਹੇ ਫੈਸਲੇ ਅਤੇ ਚੰਡੀਗੜ੍ਹ ਵਿਚੋਂ ਪੰਜਾਬ ਦੀ ਭਰਤੀ ਦੇ ਕੋਟੇ ਨੂੰ ਘਟਾ ਕੇ ਕੇਂਦਰੀ ਦਖਲਅੰਦਾਜ਼ੀ ਦਾ ਵਾਧਾ ਇਸ ਦਾ ਪ੍ਰਤੱਖ ਸਬੂਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਪਾਣੀ ਮੁਫਤ ਲੁਟਾਉਣਾ ਬੰਦ ਕਰਕੇ ਸੂਬੇ ਦੀ ਜਰੂਰਤਾਂ ਨੂੰ ਪੂਰਾ ਕੀਤਾ ਜਾਵੇ। ਆਗੂਆਂ ਨੇ ਐਲਾਨ ਕੀਤਾ ਕਿ ਹੱਕੀ ਸੰਘਰਸ਼ ਦਾ ਦਾਇਰਾ ਸਾਰੇ ਪੀੜਤ ਲੋਕਾਂ ਨੂੰ ਸ਼ਾਮਲ ਕਰਕੇ ਵਧਾਇਆ ਜਾਵੇਗਾ ਅਤੇ ਸੰਘਰਸ਼ ਤੇਜ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਕਰਨਾਟਕ ਵਿਚ ਹਿਜਾਬ ਦਸਤਾਰ ਵਿਵਾਦ ਨੂੰ ਦੇਸ਼ ਦੀਆਂ ਘੱਟ ਗਿਣਤੀਆਂ ਨਾਲ ਧੱਕਾ ਕਰਾਰ ਦਿੱਤਾ।

## ਅਸਾਮ ਸਰਹੱਦ ਨਾਲ ਲੱਗਦੇ 30 ਵਿਵਾਦਤ ਪਿੰਡ ਮੇਘਾਲਿਆ 'ਚ ਰਹਿਣਗੇ

**ਸ਼ਿਲੌਂਗ:** ਮੇਘਾਲਿਆ-ਅਸਾਮ ਸਰਹੱਦ ਨਾਲ ਲੱਗਦੇ 36 'ਚੋਂ 30 ਵਿਵਾਦਤ ਪਿੰਡ ਮੇਘਾਲਿਆ 'ਚ ਹੀ ਰਹਿਣਗੇ। ਮੇਘਾਲਿਆ ਦੇ ਮੁੱਖ ਮੰਤਰੀ ਕੋਨਾਰਡ ਕੇ ਸੰਗਮਾ ਨੇ ਵਿਧਾਨ ਸਭਾ 'ਚ ਦੱਸਿਆ ਕਿ ਦੋਵੇਂ ਸੂਬਿਆਂ ਦੀਆਂ ਖੇਤਰੀ ਕਮੇਟੀਆਂ ਨੇ ਇਸ ਦੀ ਸਿਫਾਰਸ਼ ਕੀਤੀ ਹੈ। 30 ਪਿੰਡਾਂ ਦਾ ਰਕਬਾ 18 ਸਕੁਏਅਰ ਕਿਲੋਮੀਟਰ ਤੋਂ ਜ਼ਿਆਦਾ ਤੱਕ ਹੈ। ਅੰਤਰ-ਸੂਬਾ ਸਰਹੱਦੀ ਵਿਵਾਦ ਸੁਲਝਾਉਣ ਲਈ ਅਸਾਮ ਸਰਕਾਰ ਨਾਲ ਗੱਲਬਾਤ ਦੀ ਪ੍ਰਗਤੀ ਬਾਰੇ ਸਦਨ 'ਚ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦੋਵੇਂ ਸੂਬਿਆਂ 'ਚ ਇਸ ਗੱਲ 'ਤੇ ਸਹਿਮਤੀ ਬਣੀ ਹੈ ਕਿ ਪਹਿਲਾਂ ਤੋਂ ਸ਼ਨਾਖ਼ਤ ਕੀਤੇ ਗਏ 12 ਇਲਾਕਿਆਂ 'ਚ ਮਤਭੇਦ ਵਾਲੇ ਨਵੇਂ ਇਲਾਕਿਆਂ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ।

## ਕੌਮਾਂਤਰੀ ਉਡਾਣਾਂ 27 ਮਾਰਚ ਤੋਂ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਕੋਵਿਡ-19 ਕਾਰਨ ਦੋ ਸਾਲਾਂ ਦੇ ਵਕਫੇ ਬਾਅਦ 27 ਮਾਰਚ ਤੋਂ ਕੌਮਾਂਤਰੀ ਉਡਾਣਾਂ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਹ ਜਾਣਕਾਰੀ ਨਾਗਰਿਕ ਹਵਾਬਾਜ਼ੀ ਮੰਤਰਾਲੇ ਦੇ ਅਧਿਕਾਰੀਆਂ ਨੇ ਦਿੱਤੀ। ਕਰੋਨਾ ਮਹਾਮਾਰੀ ਕਾਰਨ 23 ਮਾਰਚ 2020 ਤੋਂ ਕੌਮਾਂਤਰੀ ਉਡਾਣਾਂ ਨੂੰ ਬੰਦ ਕਰ ਦਿੱਤਾ ਗਿਆ ਸੀ। ਹਾਲਾਂਕਿ, ਏਅਰ ਬਬਲ ਪ੍ਰਬੰਧਾਂ ਤਹਿਤ ਜੁਲਾਈ 2020 ਤੋਂ ਭਾਰਤ ਅਤੇ ਲਗਭਗ 35 ਮੁਲਕਾਂ ਵਿਚਾਲੇ ਵਿਸ਼ੇਸ਼ ਕੌਮਾਂਤਰੀ ਉਡਾਣਾਂ ਚੱਲ ਰਹੀਆਂ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪੰਜਾਬੀਆਂ ਉਤੇ ਵੀ ਪੈਣ ਲੱਗੀ ਰੂਸ-ਯੂਕਰੇਨ ਜੰਗ ਦੀ ਮਾਰ



ਚੰਡੀਗੜ੍ਹ: ਪੰਜਾਬ ਵਿਚ ਰੇਤ ਅਤੇ ਬਜਰੀ ਦੇ ਭਾਅ ਮਗਰੋਂ ਹੁਣ ਉਸਾਰੀ ਨਾਲ ਜੁੜੀਆਂ ਹੋਰ ਅਹਿਮ ਵਸਤਾਂ ਦੀਆਂ ਕੀਮਤਾਂ ਵੀ ਅਸਮਾਨੀ ਚੜ੍ਹ ਗਈਆਂ ਹਨ। ਰੂਸ ਅਤੇ ਯੂਕਰੇਨ ਦਰਮਿਆਨ ਛਿੜੀ ਜੰਗ ਤੋਂ ਬਾਅਦ ਲੋਹੇ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ। ਉਸਾਰੀ ਦੇ ਕੰਮ ਲਈ ਵਰਤੋਂ 'ਚ ਆਉਣ ਵਾਲੀ ਧਾਤੂ ਲੋਹੇ ਅਤੇ ਸਰੀਏ ਦੇ ਭਾਅ ਵਿਚ ਹਰ ਹਫਤੇ ਵਾਧਾ ਹੋ ਰਿਹਾ ਹੈ। ਉਸਾਰੀ ਦੇ ਕੰਮ ਨਾਲ ਜੁੜੀਆਂ ਕੰਪਨੀਆਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਪਿਛਲੇ ਇਕ ਮਹੀਨੇ ਦੌਰਾਨ ਲੋਹੇ ਅਤੇ ਸਰੀਏ ਦਾ ਭਾਅ ਕਰੀਬ 13 ਫੀਸਦੀ ਦਾ ਵਧਿਆ ਹੈ।

ਇਸੇ ਤਰ੍ਹਾਂ ਲੋਹੇ ਦੀਆਂ ਹੋਰਨਾਂ ਵਸਤਾਂ ਦੇ ਭਾਅ ਵਿਚ 20 ਫੀਸਦੀ ਤੱਕ ਦਾ ਵਾਧਾ ਦਰਜ ਕੀਤਾ ਗਿਆ ਹੈ। ਉਸਾਰੀ ਦੇ ਕੰਮ 'ਚ ਜ਼ਰੂਰੀ ਸੀਮਿੰਟ ਤੇ ਇੱਟਾਂ ਦੇ ਭਾਅ ਵੀ ਲਗਾਤਾਰ ਵਧ ਰਹੇ ਹਨ। ਕੋਲੇ ਦੇ ਭਾਅ 'ਚ ਵਾਧਾ ਹੋਣ ਕਾਰਨ ਹਰ ਵਸਤੂ ਦੇ ਭਾਅ ਨੂੰ ਅੱਗ ਲੱਗ ਰਹੀ ਹੈ। ਰੰਗ ਰੋਗਨ ਦੇ ਭਾਅ 'ਚ 40 ਫੀਸਦੀ ਦਾ ਵਾਧਾ ਹੋਇਆ ਹੈ। ਅਹਿਮ ਵਸਤਾਂ ਦੇ ਭਾਅ ਵਧਣ ਕਾਰਨ ਮਕਾਨ ਦੀ ਉਸਾਰੀ ਕਰਨੀ ਆਮ ਬੰਦੇ ਦੇ ਵੱਸੋਂ ਬਾਹਰ ਹੈ।

ਰੂਸ ਅਤੇ ਯੂਕਰੇਨ ਦਰਮਿਆਨ ਛਿੜੀ ਜੰਗ ਤੋਂ ਪਹਿਲਾਂ 16 ਹਜ਼ਾਰ ਰੁਪਏ ਪ੍ਰਤੀ ਟਨ ਮਿਲਣ ਵਾਲਾ ਕੋਲਾ ਹੁਣ 21 ਹਜ਼ਾਰ ਰੁਪਏ ਪ੍ਰਤੀ ਟਨ ਹੋ ਗਿਆ ਹੈ, ਜਦਕਿ ਇਕ ਸਾਲ ਪਹਿਲਾਂ ਇਸ ਦੀ ਕੀਮਤ 7 ਹਜ਼ਾਰ ਰੁਪਏ ਪ੍ਰਤੀ ਟਨ ਸੀ। ਯੁੱਧ ਛਿੜਨ ਤੋਂ ਪਹਿਲਾਂ 82 ਹਜ਼ਾਰ ਰੁਪਏ ਟਨ ਦੇ ਆਸ ਪਾਸ ਸੀ, ਜੋ ਹੁਣ 93 ਹਜ਼ਾਰ ਟਨ ਤੱਕ ਪਹੁੰਚ ਗਿਆ ਹੈ। ਲੰਘੇ ਸਾਲ ਇਹੀ ਭਾਅ 50 ਹਜ਼ਾਰ ਰੁਪਏ ਪ੍ਰਤੀ ਟਨ ਸੀ। ਇਸੇ ਤਰ੍ਹਾਂ ਪੀ.ਵੀ.ਸੀ. ਪਾਈਪਾਂ ਦਾ ਭਾਅ ਪ੍ਰਤੀ ਪਾਈਪ 2100 ਤੋਂ ਵਧ ਕੇ 2400 ਰੁਪਏ ਤੱਕ ਪਹੁੰਚ ਗਿਆ ਹੈ।

## ਸਨਅਤਕਾਰਾਂ ਦੇ ਅੱਠ ਹਜ਼ਾਰ ਕਰੋੜ ਫਸੇ

**ਲੁਧਿਆਣਾ:** ਰੂਸ ਅਤੇ ਯੂਕਰੇਨ ਵਿਚ ਚੱਲ ਰਹੇ ਯੁੱਧ ਨੇ ਜਿਥੇ ਪੂਰੀ ਦੁਨੀਆਂ ਨੂੰ ਚਿੰਤਾ 'ਚ ਪਾ ਰੱਖਿਆ ਹੈ, ਉਥੇ ਭਾਰਤ ਦੇ ਵਪਾਰੀ ਵੀ ਪਰੇਸ਼ਾਨੀ 'ਚ ਹਨ। ਪੰਜ ਮੁੱਖ ਬੈਂਕਾਂ ਵੱਲੋਂ ਸਵਿਫਟ ਪ੍ਰਣਾਲੀ ਤਹਿਤ ਰੂਸ ਦੇ ਬੈਂਕਾਂ ਨਾਲ ਲੈਣ-ਦੇਣ ਬੰਦ ਕਰਨ ਕਾਰਨ ਦੇਸ਼ ਦੇ ਵਪਾਰੀਆਂ ਦੇ ਅੱਠ ਹਜ਼ਾਰ ਕਰੋੜ ਦੀ ਰਕਮ ਫਸ ਗਈ ਹੈ। ਇਨ੍ਹਾਂ 'ਚ ਪੰਜਾਬ ਦੇ ਕਈ ਸਨਅਤਕਾਰ ਸ਼ਾਮਲ ਹਨ, ਜੋ ਰੂਸ ਤੇ ਯੂਕਰੇਨ ਦੇ ਸਨਅਤਕਾਰਾਂ ਨਾਲ ਵਪਾਰ ਕਰਦੇ ਹਨ।

# ਰੂਸ-ਯੂਕਰੇਨ ਜੰਗ ਨੇ ਕਈ ਮੁਲਕਾਂ ਦੇ ਵਿੱਤੀ ਬਾਜ਼ਾਰ ਹਲੂਣੇ




ਅਰਥਚਾਰੇ ਮਹਿੰਗਾਈ, ਸਪਲਾਈ ਚੇਨ ਅਤੇ ਸ਼ੇਅਰ ਬਾਜ਼ਾਰਾਂ 'ਚ ਗਿਰਾਵਟ ਦੀ ਮਾਰ ਹੇਠ ਆਏ ਹੋਏ ਸਨ। ਯੂਕਰੇਨ ਸੰਕਟ ਨੇ ਮਸਲੇ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ।

ਭਾਰਤ ਲਈ ਵੀ ਇਹ ਯੁੱਧ ਅਨੇਕਾਂ ਚਿੰਤਾਵਾਂ ਲੈ ਕੇ ਆਇਆ ਹੈ। ਇਸ ਦੇ ਅਸਰ ਨਾਲ ਪਹਿਲਾਂ ਹੀ ਡੋਲੀ ਆਰਥਿਕਤਾ ਹੋਰ ਵੀ ਲੜਖੜਾ ਸਕਦੀ ਹੈ ਅਤੇ ਪਹਿਲਾਂ ਹੀ ਵਧੀਆਂ ਹੋਈਆਂ ਕੀਮਤਾਂ ਅਸਮਾਨੇ ਚੜ੍ਹ ਸਕਦੀਆਂ ਹਨ। ਭਾਰਤ ਦੀ ਰੂਸ ਨਾਲ ਚਿਰਾਂ ਪੁਰਾਣੀ ਸਾਂਝ ਹੈ। ਇਸ ਯੁੱਧ ਵਿਚ ਆਪਣੀ ਵਿਦੇਸ਼ ਨੀਤੀ ਨੂੰ ਸੰਤੁਲਿਤ ਬਣਾ ਸਕਣਾ ਬੇਹੱਦ ਮੁਸ਼ਕਲ ਹੈ।

ਕੌਮਾਂਤਰੀ ਵਿੱਤ ਇੰਸਟੀਚਿਊਟ ਦੇ ਕਾਰਜਕਾਰੀ ਮੀਤ ਪ੍ਰਧਾਨ ਕਲੇਅ ਲੌਰੀ ਨੇ ਕਿਹਾ ਕਿ ਅਜਿਹੇ ਸਿੱਟੇ ਨਿਕਲਣ ਵਾਲੇ ਹਨ ਜਿਨ੍ਹਾਂ ਦੀ ਕੋਈ ਪੇਸ਼ੀਨਗੋਈ ਨਹੀਂ ਕੀਤੀ ਜਾ ਸਕਦੀ ਹੈ।

ਅਤੇ ਹੋਰ ਵਸਤਾਂ ਦੇ ਵੱਡੇ ਬਰਾਮਦਕਾਰ ਹਨ ਪਰ ਦੋਵਾਂ ਦੀ ਜੀ.ਡੀ.ਪੀ. ਦੁਨੀਆਂ ਦੇ ਮੁਕਾਬਲੇ 2 ਫੀਸਦ ਤੋਂ ਵੀ ਘੱਟ ਹੈ। ਆਕਸਫੋਰਡ ਇਕਨਾਮਿਕਸ 'ਚ ਉਘੇ ਆਰਥਿਕ ਮਾਹਿਰ ਐਡਮ ਸਲੇਟਰ ਨੇ ਕਿਹਾ ਕਿ ਅਮਰੀਕਾ, ਚੀਨ ਅਤੇ ਹੋਰ ਉਭਰਦੇ ਮੁਲਕਾਂ 'ਤੇ ਜੰਗ ਦਾ ਅਸਰ ਸੀਮਤ ਹੀ ਹੋਵੇਗਾ। ਉਨ੍ਹਾਂ ਇਸ ਸਾਲ ਆਲਮੀ ਜੀ.ਡੀ.ਪੀ. 'ਚ ਸਿਰਫ 0.2 ਫੀਸਦ ਦੀ ਗਿਰਾਵਟ ਦੀ ਪੇਸ਼ੀਨਗੋਈ ਕੀਤੀ ਹੈ। ਉਂਜ ਰੂਸ ਦੇ ਤੇਲ, ਕੁਦਰਤੀ ਗੈਸ ਅਤੇ ਧਾਤਾਂ ਦਾ ਅਹਿਮ ਸਪਲਾਇਰ ਹੋਣ ਕਰਕੇ ਦੁਨੀਆਂ 'ਚ ਆਰਥਿਕ ਪੱਧਰ 'ਤੇ ਵੱਡਾ ਨੁਕਸਾਨ ਹੋਣ ਦੀ ਸੰਭਾਵਨਾ ਹੈ। ਯੂਰਪ 40 ਫੀਸਦੀ ਕੁਦਰਤੀ ਗੈਸ ਅਤੇ 25 ਫੀਸਦੀ ਤੇਲ ਲਈ ਰੂਸ 'ਤੇ ਨਿਰਭਰ ਹੈ। ਜੰਗ ਕਾਰਨ ਯੂਰਪ 'ਚ ਮਹਿੰਗਾਈ ਵਧਣ ਦੇ ਆਸਾਰ ਬਣ ਗਏ ਹਨ।

# ਯੂਕਰੇਨ ਸੰਕਟ ਦੇ ਹੱਲ ਲਈ ਬੋਰਿਸ ਵੱਲੋਂ ਛੇ-ਨੁਕਾਤੀ ਏਜੰਡੇ 'ਤੇ ਜ਼ੋਰ

**ਲੰਡਨ:** ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਰੂਸ ਤੇ ਯੂਕਰੇਨ ਦੇ ਸੰਕਟ ਦੇ ਹੱਲ ਲਈ ਛੇ ਨੁਕਤਿਆਂ ਵਾਲੇ ਏਜੰਡੇ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਟਕਰਾਅ ਨੂੰ ਖਤਮ ਕਰਨ ਲਈ ਕੌਮਾਂਤਰੀ ਪੱਧਰ 'ਤੇ ਨਵੇਂ ਸਿਰਿਓਂ ਕੋਸ਼ਿਸ਼ਾਂ ਦੀ ਲੋੜ ਹੈ।

'ਦਿ ਨਿਊ ਯਾਰਕ ਟਾਈਮਜ਼' ਵਿਚ ਲਿਖੇ ਇਕ ਲੇਖ ਵਿਚ ਜੌਹਨਸਨ ਨੇ ਦੁਹਰਾਇਆ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ 'ਫੌਜੀ ਤਾਕਤ ਰਾਹੀਂ' ਕੌਮਾਂਤਰੀ ਵਿਵਸਥਾ ਦੇ ਨਿਯਮ ਮੁੜ ਲਿਖਣ ਦੀ ਆਪਣੀ ਕੋਸ਼ਿਸ਼ ਵਿਚ ਸਫਲ ਨਹੀਂ ਹੋਣੇ ਚਾਹੀਦੇ। ਬੋਰਿਸ ਅਗਲੇ ਹਫਤੇ ਲੰਡਨ ਵਿਚ 10 ਡਾਊਨਿੰਗ 'ਤੇ ਵਿਸ਼ਵ ਭਰ ਦੇ ਆਗੂਆਂ ਦੀ ਮੇਜ਼ਬਾਨੀ ਕਰ ਰਹੇ ਹਨ। ਉਨ੍ਹਾਂ ਦੇ ਛੇ-ਨੁਕਾਤੀ ਏਜੰਡੇ ਵਿਚ ਇਹ ਸ਼ਾਮਲ ਹੈ ਕਿ ਕਿਵੇਂ ਕੌਮਾਂਤਰੀ ਭਾਈਚਾਰੇ ਨੂੰ ਸੰਕਟ ਹੱਲ ਵੱਲ ਵਧਣਾ ਚਾਹੀਦਾ ਹੈ। ਇਸ ਵਿਚ ਮਨੁੱਖੀ ਤੇ ਫੌਜੀ ਪੱਧਰ ਦੀ ਮਦਦ ਨੂੰ ਥਾਂ ਦਿੱਤੀ ਗਈ ਹੈ। ਆਰਥਿਕ ਪਾਬੰਦੀਆਂ, ਕੂਟਨੀਤਕ ਹੱਲ, ਯੂਰਪ ਦੁਆਲੇ ਸੁਰੱਖਿਆ ਮਜ਼ਬੂਤ ਕਰਨ ਬਾਰੇ ਵੀ ਗੱਲ ਕੀਤੀ ਗਈ ਹੈ। ਜੌਹਨਸਨ ਨੇ ਕਿਹਾ ਕਿ ਪੂਤਿਨ ਇਸ ਭੜਕਾਊ ਕਾਰਵਾਈ ਵਿਚ ਨਾਕਾਮ ਹੋਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਨੇ ਕਿਹਾ, 'ਸੰਸਾਰ ਦੇਖ ਰਿਹਾ ਹੈ। ਭਵਿੱਖੀ ਇਤਿਹਾਸਕਾਰ ਨਹੀਂ ਬਲਕਿ ਯੂਕਰੇਨ ਦੇ ਲੋਕ ਸਾਡੀ ਕਾਰਵਾਈ ਨੂੰ ਪਰਖਣਗੇ। ਉਨ੍ਹਾਂ ਕਿਹਾ ਕਿ ਕੌਮਾਂਤਰੀ ਪੱਧਰ ਉਤੇ ਰੂਸ ਦੀ ਕਾਰਵਾਈ ਦਾ ਵਿਰੋਧ ਕਰਨ ਦੀ ਲੋੜ ਹੈ ਜੋ ਕਿ ਆਪਣੇ ਕਦਮਾਂ ਨੂੰ ਜਾਇਜ਼ ਠਹਿਰਾ ਰਿਹਾ ਹੈ।

ਜੌਹਨਸਨ ਨੇ ਕਿਹਾ ਕਿ ਸੰਕਟ ਦੇ ਹੱਲ ਲਈ ਜਿਹੜੇ ਵੀ ਕੂਟਨੀਤਕ ਯਤਨ ਹੋਣ, ਯੂਕਰੇਨ ਦੀ ਸਰਕਾਰ ਨੂੰ ਉਸ ਦਾ ਹਿੱਸਾ ਬਣਾਇਆ ਜਾਵੇ। ਉਨ੍ਹਾਂ 'ਨਾਟੋ' ਮੁਲਕਾਂ ਦੁਆਲੇ ਸੁਰੱਖਿਆ ਘੇਰਾ ਮਜ਼ਬੂਤ ਕਰਨ ਦਾ ਸੱਦਾ ਵੀ ਦਿੱਤਾ।

# ਪਾਕਿਸਤਾਨੀ ਸਿੱਖਾਂ ਵੱਲੋਂ ਨਗਰ ਕੀਰਤਨ ਦਾ ਸਵਾਗਤ

**ਡੇਰਾ ਬਾਬਾ ਨਾਨਕ:** ਕੌਮਾਂਤਰੀ ਸੀਮਾ 'ਤੇ ਪੁੱਜੇ ਵਿਸ਼ਾਲ ਨਗਰ ਕੀਰਤਨ ਦਾ ਪਾਕਿਸਤਾਨ ਦੀ ਸਿੱਖ ਸੰਗਤ ਨੇ ਖ਼ਾਲਸਾਈ ਜੈਕਾਰਿਆਂ ਦੀ ਗੂੰਜ ਵਿਚ ਸਵਾਗਤ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਤੇ ਪੰਜ ਨਿਸ਼ਾਨਚੀਆਂ ਦਾ ਸਥਾਨਕ ਸੰਗਤ ਨੇ ਨਿੱਘਾ ਸਵਾਗਤ ਕੀਤਾ। ਫੁੱਲਾਂ ਨਾਲ ਸਜਾਏ ਹੋਏ ਵਾਹਨ ਵਿਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੇ ਸਵਾਗਤ ਲਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਅਰਦਾਸੀਆ ਭਾਈ ਪ੍ਰਗਟ ਸਿੰਘ ਵੀ ਉਚੇਚੇ ਤੌਰ 'ਤੇ ਪਹੁੰਚੇ ਸਨ ਜਦਕਿ ਜ਼ੀਰੋ ਲਾਈਨ 'ਤੇ ਪਾਕਿਸਤਾਨ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਕਮੇਟੀ ਵੱਲੋਂ ਇਕ ਵਿਸ਼ੇਸ਼ ਵਾਹਨ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆਂਦਾ ਗਿਆ। ਇਸ ਮੌਕੇ ਪਾਕਿਸਤਾਨ ਦੀ ਸਿੱਖ ਸੰਗਤ ਅਤੇ ਵਕਫ ਬੋਰਡ ਦੇ ਅਧਿਕਾਰੀ ਵੀ ਉਚੇਚੇ ਤੌਰ 'ਤੇ ਹਾਜ਼ਰ ਸਨ। ਕੌਮਾਂਤਰੀ ਸੀਮਾ 'ਤੇ ਦੋਵਾਂ ਦੇਸ਼ਾਂ ਦੀ ਸੰਗਤ ਨੇ ਸ਼ਬਦ ਗਾਇਨ ਕੀਤਾ। ਕੌਮਾਂਤਰੀ ਨਗਰ ਕੀਰਤਨ ਦੇ ਮੁੱਖ ਸੇਵਾਦਾਰ ਅਤੇ ਨਿਰੋਲ ਸੇਵਾ ਸੰਸਥਾ ਧੂੜਕੋਟ (ਸ੍ਰੀ ਮੁਕਤਸਰ ਸਾਹਿਬ) ਦੇ



ਪ੍ਰਧਾਨ ਡਾ. ਜਗਦੀਪ ਸਿੰਘ ਸੋਢੀ ਨੇ ਦੱਸਿਆ ਕਿ ਨਗਰ ਕੀਰਤਨ ਵਿਚ 300 ਸ਼ਰਧਾਲੂ ਸ਼ਾਮਲ ਹੋਏ। ਉਂਜ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਲਗਭਗ ਸਵਾ ਚਾਰ ਸੌ ਸ਼ਰਧਾਲੂ ਪਹੁੰਚੇ ਸਨ। ਉਨ੍ਹਾਂ ਦੱਸਿਆ ਕਿ ਲਾਂਘਾ ਖੁੱਲ੍ਹਣ ਤੋਂ ਬਾਅਦ ਆਪਣੀ ਤਰ੍ਹਾਂ ਦੇ ਇਸ ਪਹਿਲੇ ਨਗਰ ਕੀਰਤਨ 'ਚ ਸ਼ਾਮਲ ਹੋਣ ਲਈ ਉਨ੍ਹਾਂ ਕੋਲ 1500 ਤੋਂ ਵੱਧ ਸ਼ਰਧਾਲੂਆਂ ਦੀਆਂ ਬੇਨਤੀਆਂ ਆਈਆਂ ਸਨ, ਪਰ ਕੇਂਦਰ ਸਰਕਾਰ ਨੇ ਸਿਰਫ ਤਿੰਨ ਸੌ ਸ਼ਰਧਾਲੂਆਂ ਨੂੰ ਹੀ ਪ੍ਰਵਾਨਗੀ ਦਿੱਤੀ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਅਜਿਹੇ ਵਿਸ਼ੇਸ਼ ਮੌਕਿਆਂ 'ਤੇ ਵੱਧ ਤੋਂ ਵੱਧ ਵੀਜ਼ੇ ਦਿੱਤੇ ਜਾਣ।

# ਕੰਡਿਆਲੀ ਤਾਰ ਪਾਰਲੀ ਜ਼ਮੀਨ ਵਾਲੇ ਕਿਸਾਨ ਸਰਕਾਰੀ ਅਣਦੇਖੀ ਦਾ ਸ਼ਿਕਾਰ

**ਤਰਨ ਤਾਰਨ:** ਭਾਰਤ ਤੇ ਪਾਕਿਸਤਾਨ ਸਰਹੱਦ ਦੇ ਨਾਲ ਲੱਗਦੇ ਪੰਜਾਬ ਦੇ ਛੇ ਜਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨ ਤਾਰਨ, ਫਿਰੋਜ਼ਪੁਰ ਤੇ ਫਾਜ਼ਿਲਕਾ ਦੇ ਕੰਡਿਆਲੀ ਤਾਰ ਪਾਰ ਜ਼ਮੀਨ ਦੇ ਮਾਲਕ ਲਗਭਗ 16 ਹਜ਼ਾਰ ਦੇ ਕਰੀਬ ਪਰਿਵਾਰ ਕੇਂਦਰ ਅਤੇ ਪੰਜਾਬ ਸਰਕਾਰ ਦੀ ਅਣਦੇਖੀ ਦਾ ਸ਼ਿਕਾਰ ਹੋ ਰਹੇ ਹਨ।

ਸਰਕਾਰਾਂ ਦੇ ਅੜੀਅਲ ਵਤੀਰੇ ਕਾਰਨ ਤਾਰ ਪਾਰ ਜਮੀਨ ਦੇ ਮਾਲਕ ਕਿਸਾਨਾਂ ਨੂੰ ਪਿਛਲੇ ਚਾਰ ਸਾਲ ਤੋਂ ਐਲਾਨਿਆ ਮੁਆਵਜ਼ਾ ਨਹੀਂ ਮਿਲ ਰਿਹਾ। ਮੁਆਵਜ਼ੇ ਦੀ ਰਕਮ 100 ਕਰੋੜ ਤੋਂ ਵੀ ਵੱਧ ਟੱਪ ਗਈ ਹੈ ਪਰ ਪੰਜਾਬ ਅਤੇ ਕੇਂਦਰ ਸਰਕਾਰ ਕਿਸਾਨਾਂ ਦੀ ਸਾਰ ਨਹੀਂ ਲੈ ਰਹੀ। ਜਾਣਕਾਰੀ ਅਨੁਸਾਰ ਪੰਜਾਬ ਨਾਲ ਲੱਗਦੀ ਭਾਰਤ-ਪਾਕਿਸਤਾਨ ਸਰਹੱਦ ਉਤੇ ਲਗਾਈ ਗਈ ਕੰਡਿਆਲੀ ਤਾਰ ਤੋਂ ਪਾਰ ਕਿਸਾਨ ਜਿਥੇ ਖੇਤੀ ਕਰਨ ਜਾਣ ਸਮੇਂ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰ ਰਹੇ ਹਨ, ਉਥੇ ਉਨ੍ਹਾਂ ਨੂੰ ਸਮੇਂ-ਸਮੇਂ 'ਤੇ ਬੀ.ਐਸ.ਐਫ. ਦੇ ਨਿੱਤ ਨਵੇਂ ਫਰਮਾਨਾਂ ਤੋਂ ਵੀ ਪਰੇਸ਼ਾਨ ਹੋਣਾ ਪੈ ਰਿਹਾ ਹੈ। ਕੰਡਿਆਲੀ



ਤਾਰ ਪਾਰ ਪੰਜਾਬ ਦੀ ਲਗਭਗ 21,300 ਏਕੜ ਜਮੀਨ ਪੈਂਦੀ ਹੈ ਅਤੇ 16 ਹਜ਼ਾਰ ਦੇ ਕਰੀਬ ਪਰਿਵਾਰ ਇਸ ਜਮੀਨ 'ਤੇ ਨਿਰਭਰ ਹਨ।

ਸਾਲ 2014 ਵਿਚ ਪੰਜਾਬ ਅਤੇ ਹਰਿਆਣਾ ਕੋਰਟ ਵੱਲੋਂ ਪੰਜਾਬ ਦੇ 6 ਜਿਲ੍ਹਿਆਂ ਦੇ ਤਾਰ ਪਾਰ ਜਮੀਨ ਦੇ ਮਾਲਕ ਕਿਸਾਨਾਂ ਨੂੰ 10 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਗਿਆ ਸੀ, ਇਹ ਮੁਆਵਜ਼ਾ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ 50-50 ਫੀਸਦੀ ਦੇਣ ਦਾ ਹੁਕਮ ਹੋਇਆ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਰਡਰ ਏਰੀਆ ਕਿਸਾਨ ਯੂਨੀਅਨ ਦੇ ਪ੍ਰਧਾਨ ਰਘੁਬੀਰ ਸਿੰਘ ਭੰਗਾਲਾ ਨੇ ਦੱਸਿਆ ਕਿ ਸਾਲ 2014 ਤੋਂ 2017 ਤੱਕ ਤਾਰ ਪਾਰਲੇ ਜਮੀਨ ਦੇ ਮਾਲਕ ਕਿਸਾਨਾਂ ਨੂੰ ਇਹ ਮੁਆਵਜ਼ਾ ਮਿਲਦਾ ਰਿਹਾ ਪਰ 2018 ਤੋਂ ਲੈ ਕੇ 2021 ਤੱਕ ਇਹ ਮੁਆਵਜ਼ਾ ਨਹੀਂ ਮਿਲਿਆ ਅਤੇ ਹੁਣ ਮੁਆਵਜ਼ੇ ਦੀ ਇਹ ਰਾਸ਼ੀ 100 ਕਰੋੜ ਤੋਂ ਵੀ ਟੱਪ ਗਈ ਹੈ।

ਸਰਕਾਰਾਂ ਵੱਲੋਂ ਮੁਆਵਜ਼ਾ ਨਾ ਅਦਾ ਕਰਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਇਸ ਸਬੰਧੀ ਉਨ੍ਹਾਂ ਵੱਲੋਂ ਅਦਾਲਤ ਵਿਚ ਇਕ ਰਿਟ ਵੀ ਦਾਇਰ ਕੀਤੀ ਹੋਈ ਹੈ। ਉਨ੍ਹਾਂ ਦੱਸਿਆ ਕਿ ਹਾਈਕੋਰਟ ਵੱਲੋਂ ਸਾਲ 2015 'ਚ ਤਾਰ ਪਾਰਲੇ ਕਿਸਾਨਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣ ਲਈ ਸਪੈਸ਼ਲ ਟ੍ਰਿਬਿਊਨਲ ਗਠਿਤ ਕੀਤਾ ਗਿਆ ਸੀ ਅਤੇ ਤਰਨ ਤਾਰਨ ਦੇ ਅਡੀਸ਼ਨਲ ਸੈਸ਼ਨ ਜੱਜ ਨੂੰ ਇਸ ਟ੍ਰਿਬਿਊਨਲ ਦਾ ਮੁਖੀ ਬਣਾ ਕੇ ਜਲਦ ਤੋਂ ਜਲਦ ਕਿਸਾਨਾਂ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਕਿਹਾ ਗਿਆ ਸੀ। ਪੰਜਾਬ ਦੇ 6 ਜਿਲ੍ਹਿਆਂ ਨਾਲ ਸਬੰਧਤ ਤਾਰ ਪਾਰ ਵਾਲੇ ਕਿਸਾਨਾਂ ਨੇ ਆਪਣੀਆਂ ਅਰਜ਼ੀਆਂ ਅਤੇ ਕਲੇਮਾਂ ਨੂੰ ਇਸ ਟ੍ਰਿਬਿਊਨਲ ਦੇ ਸਾਹਮਣੇ ਲਿਖਤੀ ਤੌਰ 'ਤੇ ਪੇਸ਼ ਕਰ ਦਿੱਤਾ ਪਰ ਸਾਢੇ 6 ਸਾਲ ਬੀਤ ਜਾਣ ਦੇ ਬਾਅਦ ਵੀ ਸਰਕਾਰ ਨੇ ਅਜੇ ਤੱਕ ਟ੍ਰਿਬਿਊਨਲ ਨੂੰ ਰਿਕਾਰਡ ਨਹੀਂ ਪੇਸ਼ ਕੀਤਾ ਅਤੇ ਕੇਸ ਗਵਾਹੀਆਂ ਉਤੇ ਲੱਗੇ ਹੋਏ ਹਨ। ਕੰਡਿਆਲੀ ਤਾਰ ਵਾਲੀ ਜਗ੍ਹਾ ਦੇ ਨਾਲ ਅੱਗੇ ਪਿੱਛੇ ਕੁੱਲ 44 ਫੁੱਟ ਸਰਕਾਰ ਵੱਲੋਂ ਐਕਵਾਇਰ ਕੀਤੇ ਗਏ ਰਸਤੇ ਦੇ ਮੁਆਵਜ਼ੇ ਸਬੰਧੀ ਕਿਸਾਨਾਂ ਨੂੰ ਕੋਈ ਰਾਹਤ ਨਾ ਦਿੱਤੇ ਜਾਣ 'ਤੇ ਕਿਸਾਨਾਂ 'ਚ ਰੋਸ ਪਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਅਦਾਲਤ ਵੱਲੋਂ 1990 ਤੋਂ ਲੈ ਕੇ 2014 ਤੱਕ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਦਾ ਜੋ ਫੈਸਲਾ ਕੀਤਾ ਗਿਆ ਸੀ, ਉਸ ਉਪਰ ਵੀ ਅਮਲ ਨਹੀਂ ਕੀਤਾ ਜਾ ਰਿਹਾ। ਇਸ ਤੋਂ ਇਲਾਵਾ ਕੰਡਿਆਲੀ ਤਾਰ ਪਾਰ 11 ਫੁੱਟ ਜਗ੍ਹਾ ਜੋ ਕਿ ਬੀ.ਐੱਸ.ਐੱਫ. ਵੱਲੋਂ ਐਕਵਾਇਰ ਕੀਤੀ ਗਈ ਹੈ, ਦਾ ਵੀ ਕਿਸਾਨਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ। ਕਿਸਾਨ ਆਗੂਆਂ ਅਨੁਸਾਰ ਕਿਸਾਨਾਂ ਦੀਆਂ ਜ਼ਮੀਨਾਂ ਉਪਰ ਲਗਾਏ ਗਏ ਟਾਵਰ ਅਤੇ ਬਣਾਈਆਂ ਨਿਗਰਾਨ ਚੌਕੀਆਂ ਵਾਲੀ ਜਮੀਨ ਦੇ ਮੁਆਵਜ਼ੇ ਦਾ ਵੀ ਕੋਈ ਫੈਸਲਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਿਸਾਨ ਲਗਾਤਾਰ ਸੰਘਰਸ਼ ਕਰ ਰਹੇ ਹਨ ਅਤੇ ਤਾਰ ਪਾਰ ਖੇਤੀ ਕਰਨ ਲਈ ਉਨ੍ਹਾਂ ਨੂੰ ਬੀ.ਐੱਸ.ਐੱਫ. ਵੱਲੋਂ ਤਰ੍ਹਾਂ-ਤਰ੍ਹਾਂ ਦੀਆਂ ਮੁਸ਼ਕਲਾਂ ਵਿਚੋਂ ਨਿਕਲਣਾ ਪੈ ਰਿਹਾ ਹੈ।

# ਆਲਮੀ ਲਾਮਬੰਦੀ ਦੇ ਬਾਵਜੂਦ ਪਿੱਛੇ ਨਹੀਂ ਹਟ ਰਿਹਾ ਰੂਸ

## ਯੂਕਰੇਨ ਦੇ ਕਈ ਵੱਡੇ ਸ਼ਹਿਰਾਂ ਤੇ ਬੰਦਰਗਾਹਾਂ ਉਤੇ ਕਬਜ਼ਾ

**ਕੀਵ:** ਰੂਸ ਖਿਲਾਫ ਵਿਸ਼ਵ ਪੱਧਰ ਉਤੇ ਲਾਮਬੰਦੀ ਦੇ ਬਾਵਜੂਦ ਯੂਕਰੇਨ ਉਤੇ ਹਮਲੇ ਜਾਰੀ ਹਨ। ਸੰਯੁਕਤ ਰਾਸ਼ਟਰ ਵਿਚ ਜ਼ਿਆਦਾਤਰ ਦੇਸ਼ਾਂ ਨੇ ਯੂਕਰੇਨ ਵਿਚੋਂ ਉਸ ਨੂੰ ਬਾਹਰ ਨਿਕਲਣ ਦੀ ਮੰਗ ਕੀਤੀ। ਦੂਜੇ ਪਾਸੇ ਰੂਸੀ ਫੌਜ ਨੇ ਯੂਕਰੇਨ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ 'ਤੇ ਬੰਬਾਰੀ ਮੁੜ ਸ਼ੁਰੂ ਕਰ ਦਿੱਤੀ ਹੈ, ਜਿਸ ਨਾਲ ਦੇਸ ਦੀ ਰਾਜਧਾਨੀ ਨੂੰ ਖਤਰਾ ਪੈਦਾ ਹੋ ਗਿਆ ਹੈ। ਰੂਸ ਨੇ ਯੂਕਰੇਨ ਦੀਆਂ ਪ੍ਰਮੁੱਖ ਰਣਨੀਤਕ ਬੰਦਰਗਾਹਾਂ ਨੂੰ ਵੀ ਘੇਰ ਲਿਆ ਹੈ। ਯੂਕਰੇਨ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਦੇਸ 'ਚ ਯੂਰਪ ਦੇ ਸਭ ਤੋਂ ਵੱਡੇ ਪਰਮਾਣੂ ਪਲਾਂਟ ਉਤੇ ਰੂਸੀ ਬਲਾਂ ਨੇ ਕਬਜ਼ਾ ਕਰ ਲਿਆ ਹੈ। ਯੂਰਪ ਦੇ ਸਭ ਤੋਂ ਵੱਡੇ ਪਰਮਾਣੂ ਪਾਵਰ ਪਲਾਂਟ ਦੇ ਬੁਲਾਰੇ ਨੇ ਕਿਹਾ ਕਿ ਦੱਖਣੀ ਯੂਕਰੇਨ ਦੇ ਸ਼ਹਿਰ ਐਨਰਹੋਦਰ ਵਿਚ ਪਾਵਰ ਪਲਾਂਟ 'ਤੇ ਰੂਸੀ ਫੌਜੀ ਹਮਲੇ ਕਾਰਨ ਅੱਗ ਲਗਾ ਗਈ।



ਰੂਸ ਦਾ ਕਹਿਣਾ ਹੈ ਕਿ ਪਿਛਲੇ ਹਫਤੇ ਤੋਂ ਸ਼ੁਰੂ ਹੋਏ ਫੌਜੀ ਕਾਰਵਾਈ ਵਿਚ ਉਸ ਦੇ 500 ਫੌਜੀ ਮਾਰੇ ਗਏ ਹਨ ਅਤੇ 1600 ਫੌਜੀ ਜ਼ਖਮੀ ਹੋਏ ਹਨ। ਇਸ ਦੇ ਨਾਲ ਹੀ ਯੂਕਰੇਨ ਨੇ ਆਪਣੀ ਫੌਜ ਜਾਨੀ ਨੁਕਸਾਨ ਦੀ ਜਾਣਕਾਰੀ ਸਾਂਝੀ ਨਹੀਂ ਕੀਤੀ। ਹਾਲਾਂਕਿ ਯੂਕਰੇਨ ਨੇ ਕਿਹਾ ਕਿ 2,000 ਤੋਂ ਵੱਧ ਨਾਗਰਿਕ ਮਾਰੇ ਗਏ ਹਨ। ਦੋਵਾਂ ਦੇਸਾਂ ਦੇ ਦਾਅਵਿਆਂ ਦੀ ਪੁਸ਼ਟੀ ਹੋਣੀ ਬਾਕੀ ਹੈ।

ਰੂਸੀ ਸੈਨਾ ਨੇ ਇਕ ਰਣਨੀਤਕ ਯੂਕਰੇਨੀ ਬੰਦਰਗਾਹ 'ਤੇ ਕਬਜ਼ਾ ਕਰ ਲਿਆ ਹੈ ਅਤੇ ਦੇਸ ਨੂੰ ਸਮੁੰਦਰੀ ਤਟ ਨਾਲੋਂ ਕੱਟਣ ਦੇ ਯਤਨਾਂ ਤਹਿਤ ਇਕ ਹੋਰ ਨੂੰ ਘੇਰ ਲਿਆ ਹੈ। ਇਸ ਦੇ ਨਾਲ ਹੀ ਮਾਸਕੋ ਨੇ ਕਿਹਾ ਕਿ ਉਹ ਲੜਾਈ ਖਤਮ ਕਰਨ ਲਈ ਗੱਲਬਾਤ ਕਰਨ ਲਈ ਤਿਆਰ ਹੈ। ਲੜਾਈ ਦੇ ਕਾਰਨ 10 ਲੱਖ ਲੋਕ ਯੂਕਰੇਨ ਛੱਡ ਕੇ ਗੁਆਂਢੀ ਮੁਲਕਾਂ 'ਚ ਚਲੇ ਗਏ ਹਨ। ਰੂਸੀ ਸੈਨਾ ਨੇ ਕਿਹਾ ਕਿ ਉਸ ਨੇ ਖੇਰਸਨ 'ਤੇ ਕਬਜ਼ਾ ਕਰ ਲਿਆ ਹੈ ਅਤੇ ਸਥਾਨਿਕ ਯੂਕਰੇਨੀ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਬਲਾਂ ਨੇ ਕਾਲਾ ਸਾਗਰ ਬੰਦਰਗਾਹ 'ਚ ਸਥਾਨਿਕ ਸਰਕਾਰੀ ਮੁੱਖ ਦਫਤਰ ਉਤੇ ਕਬਜ਼ਾ ਕਰ ਲਿਆ ਹੈ। ਇਸ ਦੇ ਇਲਾਵਾ ਕਈ ਮੋਰਚਿਆਂ 'ਤੇ ਰੂਸੀਆਂ ਨੇ ਆਪਣੇ ਹਮਲੇ ਜਾਰੀ ਰੱਖੇ। ਅਜੋਵ ਸਾਗਰ ਉਤੇ ਇਕ ਹੋਰ ਰਣਨੀਤਕ ਬੰਦਰਗਾਹ ਸ਼ਹਿਰ ਮਰੀਯੂਪੋਲ ਦੇ ਬਾਹਰੀ ਇਲਾਕੇ 'ਚ ਭਿਆਨਕ ਲੜਾਈ ਜਾਰੀ ਰਹੀ, ਜਿਸ ਨਾਲ ਸ਼ਹਿਰ ਹਨ੍ਹੇਰੇ 'ਚ ਡੁੱਬ ਗਿਆ ਅਤੇ ਕੱਟਿਆ ਗਿਆ ਅਤੇ ਹਰ ਪਾਸੇ ਡਰ ਦਾ ਮਾਹੌਲ ਸੀ। ਬਿਜਲੀ ਅਤੇ ਫੋਨ ਕੁਨੈਕਸ਼ਨ ਕਾਫੀ ਹੱਦ ਤੱਕ ਬੰਦ ਹਨ ਅਤੇ ਘਰਾਂ ਅਤੇ ਦੁਕਾਨਾਂ ਨੂੰ ਭੋਜਨ ਅਤੇ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਰੂਸੀ ਫੌਜ ਨੇ ਖਾਰਕੀਵ 'ਤੇ ਬੰਬਾਰੀ ਕਰਦਿਆਂ ਰਣਨੀਤਕ ਪੱਖੋਂ ਅਹਿਮ ਬੰਦਰਗਾਹੀ ਸ਼ਹਿਰ ਖੇਰਸਾਨ ਨੂੰ ਕਬਜ਼ੇ ਵਿਚ ਲੈ ਲਿਆ ਹੈ ਜਦੋਂਕਿ ਯੂਕਰੇਨ ਨੂੰ ਉਸ ਦੀ ਸਾਹਿਲੀ ਰੇਖਾ ਨਾਲੋਂ ਤੋੜਨ ਲਈ ਆਜੋਵ ਸਾਗਰ ਕੰਢੇ ਵਸੇ ਵੱਡੇ ਸ਼ਹਿਰ ਮਾਰੀਓਪੋਲ ਦੀ ਘੇਰਾਬੰਦੀ ਜਾਰੀ ਹੈ। ਉਧਰ, ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿਚ ਪਾਸ ਨਿਖੇਧੀ ਮਤੇ ਮਗਰੋਂ ਇਕੱਲੇ ਪਏ ਰੂਸ ਨੇ ਕਿਹਾ ਕਿ ਉਹ ਜੰਗ ਖਤਮ ਕਰਨ ਲਈ ਗੱਲਬਾਤ ਦੇ ਰਾਹ ਪੈਣ ਲਈ ਤਿਆਰ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਹਾਲਾਂਕਿ ਸਾਫ ਕਰ ਦਿੱਤਾ ਕਿ ਯੂਕਰੇਨ ਨੂੰ ਨਾਟੋ ਮੈਂਬਰ ਨਾ ਬਣਾਉਣ ਤੇ ਹਥਿਆਰਾਂ ਦੀ ਸਪਲਾਈ ਰੋਕਣ ਸਬੰਧੀ ਮੰਗ ਦਾ ਕੋਈ ਕੂਟਨੀਤਕ ਹੱਲ ਨਾ ਨਿਕਲਿਆ ਤਾਂ ਉਹ ਯੂਕਰੇਨ 'ਚ ਫੌਜੀ ਕਾਰਵਾਈ ਜਾਰੀ ਰੱਖਣਗੇ। ਉਧਰ, ਕੌਮਾਂਤਰੀ ਅਪਰਾਧਕ ਅਦਾਲਤ ਨੇ ਸੰਭਾਵੀ ਜੰਗੀ ਅਪਰਾਧ ਦੇ ਦੋਸ਼ਾਂ ਨੂੰ ਲੈ ਕੇ ਰੂਸ ਖਿਲਾਫ ਜਾਂਚ ਵਿੱਢ ਦਿੱਤੀ ਹੈ।

ਰੂਸੀ ਫੌਜ ਨੇ ਕਿਹਾ ਉਸ ਨੇ ਸਾਹਿਲੀ ਸ਼ਹਿਰ ਖੇਰਸਾਨ 'ਤੇ ਕਬਜ਼ਾ ਕਰ ਲਿਆ ਹੈ। ਸਥਾਨਕ ਯੂਕਰੇਨੀ ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਰੂਸੀ ਸਲਾਮਤੀ ਦਸਤਿਆਂ ਨੇ ਕਾਲਾ ਸਾਗਰ ਬੰਦਰਗਾਹ 'ਤੇ ਮੁਕਾਮੀ ਸਰਕਾਰੀ ਹੈੱਡਕੁਆਰਟਰਾਂ ਨੂੰ ਆਪਣੇ ਕੰਟਰੋਲ ਵਿਚ ਲੈ ਲਿਆ ਹੈ। ਖੇਰਸਾਨ ਦੀ ਗਵਰਨਰ ਹੀਨਾਡੀ ਲਾਹੁਤਾ ਨੇ ਇਸ ਦੀ ਪੁਸ਼ਟੀ ਕੀਤੀ ਹੈ, ਪਰ ਉਨ੍ਹਾਂ ਇਹ ਵੀ ਕਿਹਾ ਕਿ ਉਹ ਤੇ ਹੋਰ ਅਧਿਕਾਰੀ ਪਹਿਲਾਂ ਵਾਂਗ ਆਪਣੀ ਡਿਊਟੀ ਕਰ ਰਹੇ ਹਨ।

ਇਸ ਦੌਰਾਨ ਯੂਕਰੇਨੀ ਰਾਸ਼ਟਰਪਤੀ ਵਲਾਦੀਮੀਰ ਜੇਲੈਂਸਕੀ ਨੇ ਕਿਹਾ ਕਿ ਰੂਸ ਦੀ ਜ਼ਮੀਨੀ ਫੌਜ ਵੱਲੋਂ ਹਮਲੇ ਰੁਕਣ ਮਗਰੋਂ ਮਾਸਕੋ ਨੇ ਹਵਾਈ ਹਮਲੇ ਤੇਜ ਕਰ ਦਿੱਤੇ ਹਨ, ਜਿਨ੍ਹਾਂ ਨੂੰ ਯੂਕਰੇਨੀ ਰੱਖਿਆ ਸਿਸਟਮ ਵੱਲੋਂ ਨਕਾਰਾ ਕੀਤਾ ਜਾ ਰਿਹਾ ਹੈ। ਜੇਲੈਂਸਕੀ ਨੇ ਇਕ ਵੀਡੀਓ ਸੁਨੇਹੇ 'ਚ ਕਿਹਾ, "ਅਸੀਂ ਉਹ ਲੋਕ ਹਾਂ ਜਿਨ੍ਹਾਂ ਇਕ ਹਫਤੇ ਅੰਦਰ ਹੀ ਦੁਸ਼ਮਣ ਦੀਆਂ ਸਾਰੀਆਂ ਵਿਉਂਤਾਂ ਨੂੰ ਤਹਿਸ ਨਹਿਸ ਕਰ ਛੱਡਿਆ ਹੈ।" ਉਧਰ, ਸੀਨੀਅਰ ਅਮਰੀਕੀ ਰੱਖਿਆ ਅਧਿਕਾਰੀ ਨੇ ਕਿਹਾ ਕਿ ਕੀਵ ਤੋਂ 25 ਕਿਲੋਮੀਟਰ ਦੂਰ ਸੈਂਕੜੇ ਟੈਂਕਾਂ ਤੇ ਹੋਰ ਫੌਜੀ ਵਾਹਨਾਂ ਦਾ ਵੱਡਾ ਕਾਫਲਾ ਮੌਜੂਦਾ ਹੈ, ਜੋ ਪਿਛਲੇ ਕੁਝ ਦਿਨਾਂ ਤੋਂ ਉਥੇ ਹੀ ਖੜ੍ਹਾ ਹੈ। ਯੂਕਰੇਨੀ ਰਾਸ਼ਟਰਪਤੀ ਜੇਲੈਂਸਕੀ ਦੇ ਸਿਖਰਲੇ ਸਲਾਹਕਾਰ ਓਲੈਕਸੀ ਅਰੈਸਟੋਵਿਚ ਮੁਤਾਬਕ ਯੂਕਰੇਨੀ ਫੌਜਾਂ ਨੇ ਖਾਰਕੀਵ 'ਤੇ ਕਈ ਰੂਸੀ ਜਹਾਜ਼ਾਂ ਨੂੰ ਫੁੰਡਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ 'ਖਾਰਕੀਵ 21ਵੀਂ ਸਦੀ ਦਾ ਸਟੈਲਿਨਗਾਰਡ ਬਣ ਗਿਆ ਹੈ।'

### ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਜੰਗ ਦੇ ਐਲਾਨ ਬਰਾਬਰ: ਪੂਤਿਨ

**ਲਵੀਵ (ਯੂਕਰੇਨ):** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਚਿਤਾਵਨੀ ਦਿੱਤੀ ਹੈ ਕਿ ਯੂਕਰੇਨ ਦਾ ਦੇਸ਼ ਦਾ ਦਰਜਾ ਖਤਰੇ ਵਿਚ ਹੈ। ਪੱਛਮੀ ਪਾਬੰਦੀਆਂ ਨੂੰ ਰੂਸ ਖਿਲਾਫ ਜੰਗ ਦਾ ਐਲਾਨ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਕਬਜ਼ੇ ਵਾਲੇ ਬੰਦਰਗਾਹ ਸ਼ਹਿਰ ਮਾਰੀਯੁਪੋਲ ਵਿਚ ਅਤਿਵਾਦੀ ਘਟਨਾਵਾਂ ਕਾਰਨ ਜੰਗਬੰਦੀ ਨੂੰ ਤੋੜ ਦਿੱਤਾ ਗਿਆ ਹੈ। ਇਸ ਦੌਰਾਨ ਯੂਕਰੇਨ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਰੂਸੀ ਬਲਾਂ ਨੇ ਮਾਰੀਯੁਪੋਲ ਵਿਚ ਬੰਬਾਰੀ ਤੇਜ ਕਰ ਦਿੱਤੀ ਹੈ ਅਤੇ ਕੀਵ ਦੇ ਉੱਤਰ ਵਿਚ ਚੇਰਨੀਹੀਵ ਦੇ ਰਿਹਾਇਸ਼ੀ ਖੇਤਰਾਂ 'ਤੇ ਸ਼ਕਤੀਸ਼ਾਲੀ ਬੰਬ ਸੁੱਟ ਰਹੇ ਹਨ।

### ਰੂਸ ਨੂੰ ਕੀਮਤ ਚੁਕਾਉਣੀ ਪਵੇਗੀ: ਬਾਇਡਨ

**ਸਿਆਟਲ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਅਮਰੀਕਾ ਪੂਰੀ ਤਰ੍ਹਾਂ ਯੂਕਰੇਨ ਦੇ ਨਾਲ ਖੜ੍ਹਾ ਹੈ ਤੇ ਉਸ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ। ਬਾਇਡਨ ਨੇ ਆਪਣੇ ਪਹਿਲੇ 'ਸਟੇਟ ਆਫ ਦ ਯੂਨੀਅਨ' ਦੇ ਸੰਬੋਧਨ ਵਿਚ ਰੂਸ ਦੇ ਹਮਲੇ ਦਾ ਸਾਹਮਣਾ ਕਰਨ ਅਤੇ ਅਮਰੀਕਾ ਵਿਚ ਮਹਿੰਗਾਈ ਨੂੰ ਕਾਬੂ ਕਰਨ ਦੀ ਸਹੁੰ ਖਾਧੀ। ਬਾਇਡਨ ਨੇ ਕਿਹਾ ਕਿ ਵਲਾਦੀਮੀਰ ਪੁਤਿਨ ਵਰਗੇ ਤਾਨਾਸ਼ਾਹਾਂ ਨੂੰ ਵਿਦੇਸ਼ੀ ਦੇਸ 'ਤੇ ਹਮਲਾ ਕਰਨ ਦੀ ਕੀਮਤ ਚੁਕਾਉਣੀ ਪਵੇਗੀ, ਪਰ ਇਸ ਦੇ ਨਾਲ ਹੀ ਬਾਇਡਨ ਨੇ ਅਮਰੀਕੀ ਫੌਜ ਲੜਾਈ 'ਚ ਭੇਜਣ ਤੋਂ ਇਨਕਾਰ ਕੀਤਾ। ਬਾਇਡਨ ਨੇ ਕਿਹਾ ਕਿ ਅਸੀਂ ਆਪਣੇ ਪੂਰੇ ਇਤਿਹਾਸ ਦੌਰਾਨ ਜੋ ਸਬਕ ਲਿਆ ਹੈ, ਉਹ ਹੈ ਕਿ ਜਦੋਂ ਤੱਕ ਤਾਨਾਸ਼ਾਹ ਨੂੰ ਆਪਣੇ ਹਮਲੇ ਦੀ ਕੀਮਤ ਅਦਾ ਕਰਨੀ ਪੈਂਦੀ ਹੈ ਤਾਂ ਉਹ ਵਧੇਰੇ ਅਰਾਜਕਤਾ ਫੈਲਾਉਂਦੇ ਹਨ।

# ਯੂਕਰੇਨ ਨੂੰ ਨਾਟੋ ਨਾਲ ਗਿਲਾ, ਰੂਸੀ ਤਾਕਤ ਅੱਗੇ ਗੋਡੇ ਟੇਕਣ ਦਾ ਦੋਸ਼ ਲਾਏ

**ਯੂਕਰੇਨ:** ਯੂਕਰੇਨ ਦੇ ਵਿਦੇਸ਼ ਮੰਤਰੀ ਦਮਿਤਰੋ ਕੁਲੇਬਾ ਨੇ ਨਾਟੋ ਦੇ ਮੈਂਬਰਾਂ ਵੱਲੋਂ ਯੂਕਰੇਨ ਉਤੇ ਨੋ-ਫਲਾਈ ਜੋਨ ਲਾਗੂ ਕਰਨ ਤੋਂ ਇਨਕਾਰ ਕਰਨ ਤੋਂ ਬਾਅਦ ਨਾਟੋ ਗਠਜੋੜ ਉਤੇ ਰੂਸੀ ਦਬਾਅ ਅੱਗੇ ਝੁਕਣ ਦਾ ਦੋਸ਼ ਲਾਇਆ ਹੈ। ਸ੍ਰੀ ਕੁਲੇਬਾ ਨੇ ਕਿਹਾ ਕਿ ਨਾਟੋ ਉਹ ਤਾਕਤ ਨਹੀਂ ਰਹੀ, ਜਿਸ ਦੀ ਯੂਕਰੇਨੀਅਨਾਂ ਨੇ ਕਲਪਨਾ ਕੀਤੀ ਸੀ। ਯੂਕਰੇਨੀ ਟੈਲੀਵਿਜ਼ਨ 'ਤੇ ਉਨ੍ਹਾਂ ਕਿਹਾ ਕਿ ਉਹ ਰੂਸੀ ਹਮਰੁਤਬਾ ਸਰਗੇਈ ਲਾਵਰੋਵ ਨਾਲ ਗੱਲਬਾਤ ਕਰਨ ਲਈ ਤਿਆਰ ਹਨ ਪਰ ਇਹ ਤਾਂ ਹੀ ਸੰਭਵ ਹੈ ਜੇ ਗੱਲਬਾਤ ਸਾਰਥਕ ਹੋਵੇ।

ਦੱਸ ਦਈਏ ਕਿ ਨਾਟੋ ਮੁਲਕਾਂ ਨੇ ਯੂਕਰੇਨ ਵੱਲੋਂ ਨੋ ਫਲਾਈ ਜੋਨ ਦੀ ਕੀਤੀ ਗਈ ਮੰਗ ਨੂੰ ਨਕਾਰਦਿਆਂ ਕਿਹਾ ਕਿ ਉਹ ਯੂਕਰੇਨ ਨੂੰ ਸਹਾਇਤਾ ਲਗਾਤਾਰ ਵਧਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਨੋ ਫਲਾਈ ਜੋਨ ਜਿਹੇ ਫੈਸਲੇ ਲਾਗੂ ਹੋਏ ਤਾਂ ਇਸ ਨਾਲ ਯੂਰਪ ਦੀ ਵੀ ਰੂਸ ਨਾਲ ਸਿੱਧੀ ਜੰਗ ਸ਼ੁਰੂ ਹੋ ਜਾਵੇਗੀ। ਨਾਟੋ ਦੇ ਸਕੱਤਰ ਜਨਰਲ ਜੇਨਸ ਸਟੋਲਟਨਬਰਗ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਅਸੀਂ ਇਸ ਸੰਘਰਸ਼ ਦਾ ਹਿੱਸਾ ਨਹੀਂ ਹਾਂ।

ਨਾਟੋ ਮੁਲਕਾਂ ਦੇ ਭਾਈਵਾਲ ਹੋਣ ਕਾਰਨ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਜੰਗ ਨੂੰ ਯੂਕਰੇਨ ਤੋਂ ਅੱਗੇ ਫੈਲਣ ਤੋਂ ਰੋਕਿਆ ਜਾਵੇ ਕਿਉਂਕਿ ਇਹ ਹੋਰ ਵੀ ਵਧੇਰੇ ਖਤਰਨਾਕ ਹੋ ਜਾਵੇਗੀ।" ਉਨ੍ਹਾਂ ਕਿਹਾ ਕਿ ਨਾਟੋ ਮੁਲਕ ਯੂਕਰੇਨ ਦੀ ਹਾਲਤ ਨੂੰ ਸਮਝਦੇ ਹਨ ਕਿਉਂਕਿ ਰੂਸ ਆਖਦਾ ਆ ਰਿਹਾ ਹੈ ਕਿ ਅਜੇ ਹਾਲਤ ਹੋਰ ਬਦਤਰ ਹੋਣ ਵਾਲੀ ਹੈ। ਜ਼ਿਕਰਯੋਗ ਹੈ ਕਿ ਨਾਟੋ ਮੈਂਬਰਾਂ ਵੱਲੋਂ ਯੂਕਰੇਨ ਨੂੰ ਹਥਿਆਰ ਭੇਜੇ ਜਾ ਰਹੇ ਹਨ ਪਰ ਉਹ ਕਿਸੇ ਫੌਜੀ ਕਾਰਵਾਈ ਤੋਂ ਲਗਾਤਾਰ ਇਨਕਾਰ ਕਰਦਾ ਆ ਰਿਹਾ ਹੈ।



ਸਟੋਲਟਨਬਰਗ ਨੇ ਕਿਹਾ ਕਿ ਨੋ ਫਲਾਈ ਜੋਨ ਦਾ ਫੈਸਲਾ ਲਾਗੂ ਕਰਨ ਦਾ ਮਤਲਬ ਹੋਵੇਗਾ ਕਿ ਨਾਟੋ ਮੁਲਕ ਰੂਸੀ ਜਹਾਜ਼ਾਂ ਨੂੰ ਡੇਗਣ ਲਈ ਆਪਣੇ ਜਹਾਜ਼ ਭੇਜਣਗੇ ਜਿਸ ਨਾਲ ਹੋਰ ਵੱਡਾ ਖਤਰਾ ਪੈਦਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਈਵਾਲ ਇਸ ਗੱਲ ਤੋਂ ਸਹਿਮਤ ਹਨ ਕਿ ਨਾਟੋ ਦੇ ਜਹਾਜ਼ ਯੂਕਰੇਨੀ ਹਵਾਈ ਖੇਤਰ ਵੱਲ ਨਾ ਜਾਣ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਕਿ ਗੱਠਜੋੜ ਵੱਲੋਂ ਨਾਟੋ ਦੇ ਖ਼ਿੱਤਿਆਂ ਦੀ ਹਰ ਸੰਭਵ ਰੱਖਿਆ ਕੀਤੀ ਜਾਵੇਗੀ। ਉਧਰ, ਯੂਰਪੀਅਨ ਯੂਨੀਅਨ ਮੁਲਕਾਂ, ਜਿਨ੍ਹਾਂ 'ਚੋਂ ਜ਼ਿਆਦਾਤਰ ਨਾਟੋ ਦੇ ਮੈਂਬਰ ਹਨ, ਨੇ ਕਿਹਾ ਕਿ ਉਹ ਰੂਸ ਖਿਲਾਫ ਹੋਰ ਆਰਥਿਕ ਪਾਬੰਦੀਆਂ ਲਾਉਣ ਬਾਰੇ ਵਿਚਾਰ ਕਰ ਰਹੇ ਹਨ।

# ਰੂਸ ਉਤੇ ਹੋਰ ਸਖਤ ਪਾਬੰਦੀਆਂ, ਸੰਯੁਕਤ ਰਾਸ਼ਟਰ ਵਿਚ ਮਤਾ ਪਾਸ

**ਸੰਯੁਕਤ ਰਾਸ਼ਟਰ:** ਯੂਕਰੇਨ ਵਿਚ ਫੌਜੀ ਕਾਰਵਾਈ ਦੌਰਾਨ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲੈਵਰੋਵ ਵੱਲੋਂ ਅਸਿੱਧੇ ਰੂਪ ਵਿਚ ਦਿੱਤੀ ਪਰਮਾਣੂ ਹਮਲੇ ਦੀ ਚਿਤਾਵਨੀ ਦਰਮਿਆਨ ਸੰਯੁਕਤ ਰਾਸ਼ਟਰ ਦੀ 193ਵੇਂ ਮੈਂਬਰੀ ਜਨਰਲ ਅਸੈਂਬਲੀ ਨੇ ਰੂਸ ਵੱਲੋਂ ਯੂਕਰੇਨ 'ਤੇ ਕੀਤੇ ਹਮਲੇ ਖਿਲਾਫ ਪੇਸ਼ ਮਤੇ ਨੂੰ ਪਾਸ ਕਰ ਦਿੱਤਾ ਹੈ।

ਯੂਕਰੇਨ 'ਚੋਂ ਰੂਸੀ ਫੌਜਾਂ ਹਟਾਉਣ ਲਈ ਪੇਸ਼ ਮਤੇ ਦੇ ਹੱਕ ਵਿਚ 141 ਵੋਟ ਪਏ ਜਦੋਂਕਿ ਪੰਜ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ। ਭਾਰਤ ਸਣੇ 35 ਮੈਂਬਰ ਮੁਲਕ ਵੋਟਿੰਗ ਮੌਕੇ ਗੈਰਹਾਜ਼ਰ ਰਹੇ। ਮਤਾ ਪਾਸ ਹੋਣ ਮੌਕੇ ਜਨਰਲ ਅਸੈਂਬਲੀ 'ਚ ਤਾੜੀਆਂ ਨਾਲ ਇਸ ਦਾ ਸਵਾਗਤ ਕੀਤਾ ਗਿਆ। ਉਧਰ ਯੂਕਰੇਨ ਨੇ ਰੂਸੀ ਹਮਲੇ ਵਿਚ 2000 ਆਮ ਨਾਗਰਿਕਾਂ ਦੇ ਮਾਰੇ ਜਾਣ ਅਤੇ ਟਰਾਂਸਪੋਰਟ, ਹਸਪਤਾਲ, ਸਕੂਲਾਂ ਤੇ ਰਿਹਾਇਸ਼ੀ ਇਲਾਕਿਆਂ ਨੂੰ ਵੱਡਾ ਨੁਕਸਾਨ ਪੁੱਜਣ ਦਾ ਦਾਅਵਾ ਕੀਤਾ ਹੈ। ਯੂਕਰੇਨੀ ਸਦਰ ਵਲਾਦੀਮੀਰ ਜੇਲੈਂਸਕੀ ਨੇ ਕਿਹਾ ਕਿ ਪਿਛਲੇ 6 ਦਿਨਾਂ ਦੌਰਾਨ ਲਗਭਗ 6000 ਰੂਸੀ ਫੌਜੀ ਮਾਰੇ ਗਏ ਹਨ। ਇਸ ਦੌਰਾਨ ਰੂਸ ਨੇ ਯੂਕਰੇਨ ਦੇ ਬੰਦਰਗਾਹੀ ਸ਼ਹਿਰ ਖੇਰਸਾਨ 'ਤੇ ਕਬਜ਼ੇ ਦਾ ਦਾਅਵਾ ਕੀਤਾ ਹੈ। ਯੂਰਪੀ ਯੂਨੀਅਨ ਨੇ ਜੰਗ ਦੇ ਝੰਬੇ ਯੂਕਰੇਨ ਦੇ ਪੁਨਰ ਨਿਰਮਾਣ ਲਈ 100 ਅਰਬ ਯੂਰੋ ਦੀ ਮਦਦ ਦੇਣ ਦਾ ਐਲਾਨ ਕੀਤਾ ਹੈ। ਇਸ ਦੌਰਾਨ ਰੂਸ ਦੇ ਕਬਜ਼ੇ ਵਾਲੇ ਕਰੈਮਲਿਨ ਨੇ



ਭਗੌੜੇ ਯੂਕਰੇਨੀ ਰਾਸ਼ਟਰਪਤੀ ਵਿਕਟਰ ਯਾਕੋਵਿਚ ਨੂੰ ਯੂਕਰੇਨ ਦਾ ਨਵਾਂ ਰਾਸ਼ਟਰਪਤੀ ਐਲਾਨੇ ਜਾਣ ਲਈ ਪੇਸ਼ਬੰਦੀਆਂ ਆਰੰਭ ਦਿੱਤੀਆਂ ਹਨ। ਯਾਕੋਵਿਚ ਮੌਜੂਦਾ ਸਮੇਂ ਮਿੰਸਕ (ਬੇਲਾਰੂਸ) ਵਿਚ ਹੈ। ਯੂਐੱਨ ਆਮ ਸਭਾ ਵਿਚ ਕਿਸੇ ਵੀ ਮਤੇ ਨੂੰ ਦੋ-ਤਿਹਾਈ ਬਹੁਮਤ ਮਿਲਣ ਮਗਰੋਂ ਹੀ ਪ੍ਰਵਾਨ ਕੀਤਾ ਜਾਂਦਾ ਹੈ। ਮਤੇ ਵਿਚ ਪਰਮਾਣੂ ਬਲਾਂ ਨੂੰ ਤਿਆਰ ਬਰ ਤਿਆਰ ਰੱਖਣ ਅਤੇ ਯੂਕਰੇਨ ਖਿਲਾਫ 'ਗੈਰਕਾਨੂੰਨੀ ਬਲ' ਦੀ ਵਰਤੋਂ ਲਈ ਬੇਲਾਰੂਸ ਦੀ ਸ਼ਮੂਲੀਅਤ ਦੀ ਨਿਖੇਧੀ ਕੀਤੀ ਗਈ। ਮਤੇ ਵਿਚ ਕੌਮਾਂਤਰੀ ਪੇਸ਼ਬੰਦੀਆਂ ਦਾ ਵੀ ਸੱਦਾ ਦਿੱਤਾ ਗਿਆ। ਮਤੇ ਵਿਚ ਅਪੀਲ ਕੀਤੀ ਗਈ ਕਿ ਰੂਸ ਤੇ ਯੂਕਰੇਨ ਵਿਚਾਲੇ ਜਾਰੀ ਟਕਰਾਅ ਨੂੰ ਸਿਆਸੀ ਸੰਵਾਦ, ਵਿਚੋਲਗੀ ਤੇ ਹੋਰਨਾਂ ਸ਼ਾਂਤੀਪੂਰਨ ਢੰਗ ਤਰੀਕਿਆਂ ਨਾਲ ਹੱਲ ਕੀਤਾ ਜਾਵੇ।

ਰੂਸੀ ਵਿਦੇਸ਼ ਮੰਤਰੀ ਲੈਵਰੋਵ ਨੇ ਕਿਹਾ ਕਿ ਤੀਜੀ ਆਲਮੀ ਜੰਗ ਹੋਈ ਤਾਂ ਇਸ ਵਿਚ ਪਰਮਾਣੂ ਹਥਿਆਰਾਂ ਦੀ ਵਰਤੋਂ ਹੋਵੇਗੀ ਤੇ ਜੰਗ ਵਧੇਰੇ ਵਿਨਾਸ਼ਕਾਰੀ ਤੇ ਤਬਾਹਕੁਨ ਹੋਵੇਗੀ। ਲੈਵਰੋਵ ਨੇ ਯੂਕਰੇਨ ਉਤੇ ਕੀਤੇ ਹਮਲੇ ਨੂੰ ਵਿਸ਼ੇਸ਼ ਫੌਜੀ ਅਪਰੇਸ਼ਨ ਦੱਸਦਿਆਂ ਕਿਹਾ ਕਿ ਜੇਕਰ ਕੀਵ ਨੇ ਪਰਮਾਣੂ ਹਥਿਆਰ ਹਾਸਲ ਕੀਤੇ ਤਾਂ ਉਸ ਨੂੰ 'ਅਸਲ ਖਤਰੇ' ਨਾਲ ਦੋ-ਚਾਰ ਹੋਣਾ ਪਏਗਾ। ਉਧਰ, ਰੂਸ ਨੇ ਦਾਅਵਾ ਕੀਤਾ ਕਿ ਉਸ ਨੇ ਯੂਕਰੇਨ ਦੀ ਢਾਈ ਲੱਖ ਦੀ ਆਬਾਦੀ ਵਾਲੇ ਸਾਹਿਲੀ ਸ਼ਹਿਰ ਖੇਰਸਾਨ 'ਤੇ ਕਬਜ਼ਾ ਕਰ ਲਿਆ ਹੈ। ਖੇਰਸਾਨ ਰਣਨੀਤਕ ਤੌਰ 'ਤੇ ਬਹੁਤ ਅਹਿਮ ਇਲਾਕਾ ਹੈ, ਜਿਥੇ ਨਾਈਪਰ ਨਦੀ ਕਾਲੇ ਸਾਗਰ ਵਿਚ ਡਿੱਗਦੀ ਹੈ। ਰੂਸੀ ਪੈਰਾਟਰੁੱਪਰਾਂ ਦੇ ਸ਼ਹਿਰ ਵਿਚ ਪੁੱਜਣ ਨਾਲ ਖਾਰਕੀਵ ਦੀਆਂ ਸੜਕਾਂ 'ਤੇ ਦੋਵਾਂ ਧਿਰਾਂ 'ਚ ਟਕਰਾਅ ਵਧ ਗਿਆ। ਯੂਕਰੇਨ ਦੀ ਸਰਕਾਰੀ ਹੰਗਾਮੀ ਸੇਵਾ ਨੇ ਰੂਸੀ ਹਮਲੇ ਵਿਚ ਕੁਝ ਰਿਹਾਇਸ਼ੀ ਇਮਾਰਤਾਂ ਨੁਕਸਾਨੇ ਜਾਣ ਦਾ ਵੀ ਦਾਅਵਾ ਕੀਤਾ।

### ਭਾਰਤ 'ਤੇ ਪਾਬੰਦੀਆਂ ਬਾਰੇ ਫੈਸਲਾ ਕਰਨਗੇ ਬਾਇਡਨ

**ਵਾਸ਼ਿੰਗਟਨ:** ਰੂਸ ਤੋਂ ਐੱਸ-400 ਮਿਜ਼ਾਈਲ ਡਿਫੈਂਸ ਸਿਸਟਮ ਦੀ ਖਰੀਦ ਮਾਮਲੇ 'ਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਸੀ.ਏ.ਏ.ਟੀ.ਐਸ.ਏ. ਕਾਨੂੰਨ ਤਹਿਤ ਭਾਰਤ 'ਤੇ ਪਾਬੰਦੀਆਂ ਲਗਾਉਣ ਜਾਂ ਨਾ ਲਗਾਉਣ ਬਾਰੇ ਫੈਸਲਾ ਕਰਨਗੇ। ਕਾਊਂਟਰਿੰਗ ਅਮਰੀਕਾਜ਼ ਐਡਵਰਸਰੀਜ਼ ਥਰੂ ਸੈਂਕਸ਼ਨ ਐਕਟ (ਸੀ.ਏ.ਏ.ਟੀ.ਐਸ.ਏ.) ਤਹਿਤ ਅਮਰੀਕੀ ਪ੍ਰਸ਼ਾਸਨ ਕੋਲ ਇਰਾਨ, ਉੱਤਰੀ ਕੋਰੀਆ ਜਾਂ ਰੂਸ ਨਾਲ ਮਹੱਤਵਪੂਰਨ ਲੈਣ-ਦੇਣ ਵਾਲੇ ਕਿਸੇ ਵੀ ਦੇਸ਼ ਦੇ ਖਿਲਾਫ ਪਾਬੰਦੀਆਂ ਲਗਾਉਣ ਦਾ ਅਧਿਕਾਰ ਹੈ।

### ਮਾਸਟਰਕਾਰਡ ਤੇ ਵੀਜ਼ਾ ਨੇ ਰੂਸ 'ਚ ਸੇਵਾਵਾਂ ਬੰਦ ਕੀਤੀਆਂ

**ਨਿਊ ਯਾਰਕ:** ਮਾਸਟਰਕਾਰਡ ਅਤੇ ਵੀਜ਼ਾ ਨੇ ਰੂਸ ਵਿਚ ਆਪਣੀਆਂ ਸੇਵਾਵਾਂ ਨੂੰ ਬੰਦ ਕਰ ਦਿੱਤਾ ਹੈ। ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ ਰੂਸ ਖਿਲਾਫ ਆਰਥਿਕ ਦੇ ਮੱਦੇਨਜਰ ਇਹ ਨਵਾਂ ਕਦਮ ਹੈ। ਮਾਸਟਰਕਾਰਡ ਨੇ ਕਿਹਾ ਕਿ ਉਸ ਦਾ ਨੈੱਟਵਰਕ ਹੁਣ ਰੂਸੀ ਬੈਂਕਾਂ ਦੁਆਰਾ ਜਾਰੀ ਕੀਤੇ ਗਏ ਕਾਰਡਾਂ ਨੂੰ ਸਵੀਕਾਰ ਨਹੀਂ ਕਰੇਗਾ ਤੇ ਕਿਸੇ ਹੋਰ ਦੇਸ਼ ਵਿਚ ਜਾਰੀ ਕਾਰਡ ਰੂਸ ਵਿਚ ਸਟੋਰਾਂ ਜਾਂ ਏ.ਟੀ.ਐਮ. ਵਿਚ ਨਹੀਂ ਚੱਲੇਗਾ।

### ਵਿਸ਼ਵ ਬੈਂਕ ਵੱਲੋਂ ਰੂਸ ਤੇ ਬੇਲਾਰੂਸ 'ਚ ਪ੍ਰੋਜੈਕਟਾਂ 'ਤੇ ਰੋਕ

**ਨਿਊ ਯਾਰਕ:** ਵਿਸ਼ਵ ਬੈਂਕ ਨੇ ਰੂਸ ਅਤੇ ਉਸ ਦੇ ਸਹਿਯੋਗੀ ਬੇਲਾਰੂਸ ਵਿਚ ਆਪਣੇ ਸਾਰੇ ਪ੍ਰੋਗਰਾਮਾਂ ਨੂੰ ਤੁਰਤ ਰੋਕ ਦਿੱਤਾ ਹੈ। ਵਿਸ਼ਵ ਬੈਂਕ ਦਾ ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਦੁਨੀਆਂ ਦੇ ਕਈ ਦੇਸ਼, ਸੰਗਠਨ ਅਤੇ ਕਾਰੋਬਾਰ ਤੋਂ ਪਹਿਲਾਂ ਹੀ ਰੂਸ ਅਤੇ ਉਸ ਦੇ ਸਹਿਯੋਗੀ ਬੇਲਾਰੂਸ ਤੋਂ ਸਬੰਧ ਤੋੜ ਰਹੇ ਹਨ। ਕਈ ਦੇਸ਼ਾਂ ਨੇ ਯੂਕਰੇਨ 'ਤੇ ਹਮਲੇ ਲਈ ਰੂਸ ਅਤੇ ਉਸ ਦਾ ਸਮਰਥਨ ਅਤੇ ਸਹਿਯੋਗ ਲਈ ਬੇਲਾਰੂਸ 'ਤੇ ਵੀ ਪਾਬੰਦੀ ਲਗਾ ਦਿੱਤੀ ਹੈ।

### ਆਸਟਰੇਲੀਆ ਵੱਲੋਂ ਰੂਸ ਦੇ 3.3 ਕਰੋੜ ਡਾਲਰ ਫੰਡਾਂ 'ਤੇ ਰੋਕ

**ਕੈਨਬਰਾ**–ਆਸਟਰੇਲੀਆ ਦੇ ਵਿਦੇਸ਼ ਮੰਤਰੀ ਮਾਰਿਸ ਪੇਨੇ ਨੇ ਦੱਸਿਆ ਕਿ ਅਸੀਂ ਰੂਸ ਦੇ 3.3 ਕਰੋੜ ਅਮਰੀਕੀ ਡਾਲਰ ਦੇ ਫੰਡਾਂ ਨੂੰ ਆਸਟ੍ਰੇਲੀਆ ਦੇ ਵਿੱਤੀ ਸੰਸਥਾ 'ਚ ਨਵੀਆਂ ਪਾਬੰਦੀਆਂ ਦੇ ਅੰਤਰਗਤ ਜਾਮ ਕਰ ਦਿੱਤਾ ਹੈ, ਪਰ ਉਨ੍ਹਾਂ ਸੰਸਥਾ ਦਾ ਨਾਂ ਦੱਸਣ ਤੋਂ ਇਨਕਾਰ ਕਰ ਦਿੱਤਾ। ਆਸਟ੍ਰੇਲੀਆ ਹੁਣ ਤੱਕ ਰਾਸ਼ਟਰਪਤੀ ਪੂਤਿਨ ਸਮੇਤ 359 ਰੂਸੀਆਂ ਖਿਲਾਫ ਪਾਬੰਦੀਆਂ ਲਗਾ ਚੁੱਕਾ ਹੈ।

# ਰੂਸ-ਯੂਕਰੇਨ ਜੰਗ: ਕੌੜੇ ਤਜਰਬੇ ਲੈ ਕੇ ਵਤਨ ਪਰਤ ਰਹੇ ਨੇ ਭਾਰਤੀ ਪਾੜ੍ਹੇ

**ਚੰਡੀਗੜ੍ਹ:** ਰੂਸ-ਯੂਕਰੇਨ ਜੰਗ ਦਰਮਿਆਨ ਅਜੇ ਵੀ ਭਾਰਤ ਸਣੇ ਹੋਰ ਦੇਸ਼ਾਂ ਦੇ ਵਿਦਿਆਰਥੀ ਯੂਕਰੇਨ ਵਿਚ ਫਸੇ ਹੋਏ ਹਨ। ਇਨ੍ਹਾਂ ਨੂੰ ਰੇਲਵੇ ਸਟੇਸ਼ਨਾਂ 'ਤੇ ਜਿਥੇ ਖਾਣ-ਪੀਣ ਦਾ ਸਾਮਾਨ ਖਰੀਦਣ ਦੀ ਸਮੱਸਿਆ ਆ ਰਹੀ ਹੈ, ਉਥੇ ਹੀ ਸਥਾਨਕ ਪ੍ਰਸ਼ਾਸਨ ਨੇ ਵਿਦਿਆਰਥੀਆਂ ਦੇ ਵੀਡੀਓ ਬਣਾਉਣ ਅਤੇ ਫੋਟੋ ਖਿੱਚਣ 'ਤੇ ਪਾਬੰਦੀ ਲਾ ਦਿੱਤੀ ਹੈ।

ਵਤਨ ਪੁੱਜੇ ਭਾਰਤੀ ਵਿਦਿਆਰਥੀਆਂ ਨੇ ਦੱਸਿਆ ਕਿ ਰੇਲ ਗੱਡੀਆਂ 'ਚ ਚੜ੍ਹਨ ਸਮੇਂ ਨਸਲੀ ਟਿੱਪਣੀਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਰੂਸ-ਯੂਕਰੇਨ ਜੰਗ ਨਾਲ ਜਿਥੇ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ, ਉਥੇ ਹੱਡ ਚੀਰਵੀਂ ਠੰਢ ਨੇ ਵੀ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਵਧਾਈਆਂ ਹੋਈਆਂ ਹਨ। ਵਿਦਿਆਰਥੀਆਂ ਨੇ ਦੱਸਿਆ ਕਿ ਕੀਵ ਤੋਂ ਬਾਅਦ ਖਾਰਕੀਵ, ਯੂਕਰੇਨ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ, ਜਿਥੇ ਸਭ ਤੋਂ ਵੱਧ ਯੂਨੀਵਰਸਿਟੀਆਂ ਹਨ। ਇਨ੍ਹਾਂ ਇਲਾਕਿਆਂ 'ਚ ਬੰਬਾਰੀ ਤੇ ਗੋਲਾਬਾਰੀ ਜ਼ਿਆਦਾ ਹੋਣ ਕਾਰਨ ਉਥੋਂ ਨਿਕਲਣ ਵਿਚ ਮੁਸ਼ਕਲ ਆ ਰਹੀ ਹੈ। ਯੂਕਰੇਨ 'ਚੋਂ ਬਾਹਰ ਨਿਕਲਣ ਲਈ ਵਿਦਿਆਰਥੀ ਪੋਲੈਂਡ, ਹੰਗਰੀ, ਰੋਮਾਨੀਆ, ਸਲੋਵਾਕੀਆ ਤੇ ਮਾਲਦੋਵਾ ਦੀਆਂ ਸਰਹੱਦਾਂ ਵੱਲ ਜਾ ਰਹੇ ਹਨ।

ਰੇਲਵੇ ਸਟੇਸ਼ਨ 'ਤੇ ਤਾਇਨਾਤ ਸੁਰੱਖਿਆ ਮੁਲਾਜ਼ਮ ਤੇ ਉਥੋਂ ਦੇ ਪ੍ਰਸ਼ਾਸਨਿਕ ਅਧਿਕਾਰੀ




ਵਿਦਿਆਰਥੀਆਂ ਨੂੰ ਨਾ ਤਾਂ ਵੀਡੀਓ ਬਣਾਉਣ ਦੇ ਰਹੇ ਹਨ ਤੇ ਨਾ ਹੀ ਫੋਟੋ ਖਿੱਚਣ ਦੀ ਇਜਾਜ਼ਤ ਦੇ ਰਹੇ ਹਨ।

ਯੂਕਰੇਨ ਵਿਚੋਂ ਨਿਕਲਣ ਲਈ ਖਾਰਕੀਵ ਤੋਂ ਚੱਲੇ ਹਜ਼ਾਰਾਂ ਵਿਦਿਆਰਥੀਆਂ ਨੇ ਪਹਿਲਾਂ ਹਾਲੈਂਡ ਰਾਹੀਂ ਭਾਰਤ ਵਾਪਸ ਆਉਣ ਦਾ ਫੈਸਲਾ ਕੀਤਾ ਸੀ ਪਰ ਹਾਲੈਂਡ ਵੱਲ ਜਾਂਦੀਆਂ ਸੜਕਾਂ 'ਤੇ ਜਾਮ ਲੱਗੇ ਹੋਣ ਕਰਕੇ ਹੁਣ ਉਨ੍ਹਾਂ ਨੂੰ ਰੋਮਾਨੀਆ ਰਾਹੀਂ ਵਾਪਸ ਆਉਣਾ ਪੈ ਰਿਹਾ ਹੈ।

ਇਨ੍ਹਾਂ ਹਜ਼ਾਰ ਦੇ ਕਰੀਬ ਵਿਦਿਆਰਥੀਆਂ 'ਚ ਸ਼ਾਮਲ ਮੁਕਤਸਰ ਦੇ ਜਸਮੀਨ ਕੌਰ, ਅਨੀਸ ਚਾਵਲਾ ਤੇ ਅਸਮਿਤਾ ਨੇ ਦੱਸਿਆ ਕਿ ਉਹ ਇਕ ਹਫਤਾ ਪਹਿਲਾਂ ਆਪਣੇ ਹੋਸਟਲਾਂ ਤੋਂ ਨਿਕਲ ਕੇ ਖਾਰਕੀਵ ਦੇ ਰੇਲਵੇ ਸਟੇਸ਼ਨ 'ਤੇ ਪਹੁੰਚੇ ਸਨ, ਪਰ ਉਥੋਂ ਰੇਲ ਗੱਡੀ ਵਿਚ ਨਾ ਚੜ੍ਹ ਸਕਣ ਕਾਰਨ ਉਨ੍ਹਾਂ ਨੂੰ ਲਗਭਗ 8 ਕਿਲੋਮੀਟਰ ਦਾ ਸਫਰ ਤੁਰ ਕੇ ਤੈਅ ਕਰਨਾ ਪਿਆ। ਰਾਤ ਸਮੇਂ ਇਹ ਵਿਦਿਆਰਥੀ ਪਿਸਤੋਨੀਆ ਦੇ ਇਕ ਸਕੂਲ ਵਿਚ ਪੁੱਜੇ, ਜਿੱਥੇ ਉਹ ਤਿੰਨ ਦਿਨ ਰੁਕੇ। ਇਸ ਮਗਰੋਂ ਉਨ੍ਹਾਂ ਬੱਸਾਂ ਰਾਹੀਂ 14 ਸੌ ਕਿਲੋਮੀਟਰ ਦੂਰ ਸਥਿਤ ਹਾਲੈਂਡ ਦੀ ਸਰਹੱਦ 'ਤੇ ਪਹੁੰਚਣ ਲਈ ਸਫਰ ਆਰੰਭਿਆ ਪਰ ਰਾਹ 'ਚ ਪਤਾ ਲੱਗਿਆ ਕਿ ਹਾਲੈਂਡ ਵੱਲ ਜਾਣ ਵਾਲੇ ਰਾਹਾਂ 'ਤੇ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਇਹ ਵੀ ਸੂਚਨਾ ਮਿਲੀ ਹੈ ਕਿ ਸਰਹੱਦ 'ਤੇ ਵੱਡੀ ਗਿਣਤੀ ਯੂਕਰੇਨ ਵਾਸੀਆਂ ਦੇ ਪਹੁੰਚਣ ਕਾਰਨ ਹੁਣ ਹਾਲੈਂਡ ਦੀ ਸਰਹੱਦ ਬੰਦ ਕਰ ਦਿੱਤੀ ਗਈ ਹੈ।

ਇਸ ਮਗਰੋਂ ਵਿਦਿਆਰਥੀਆਂ ਨੇ ਰੋਮਾਨੀਆ ਰਾਹੀਂ ਭਾਰਤ ਪੁੱਜਣ ਦਾ ਫੈਸਲਾ ਕੀਤਾ। 26 ਘੰਟਿਆਂ ਦੇ ਸਫਰ ਮਗਰੋਂ ਉਹ ਰੋਮਾਨੀਆ ਪਹੁੰਚੇ, ਜਿੱਥੇ 24 ਘੰਟਿਆਂ ਦੀ ਉਡੀਕ ਮਗਰੋਂ ਵੀ ਹਾਲੇ ਉਨ੍ਹਾਂ ਨੂੰ ਉਡਾਣ ਸਬੰਧੀ ਕੋਈ ਜਾਣਕਾਰੀ ਨਹੀਂ ਮਿਲੀ ਹੈ। ਵਿਦਿਆਰਥੀਆਂ ਨੇ ਦੱਸਿਆ ਕਿ ਉਹ ਪਿਛਲੇ ਦਸ ਦਿਨਾਂ ਤੋਂ ਨਾ ਤਾਂ ਨਹਾਏ ਹਨ ਤੇ ਨਾ ਹੀ ਰੱਜ ਕੇ ਖਾਣਾ ਖਾਧਾ ਹੈ।

## ਪੰਜਾਬੀ ਵਿਦਿਆਰਥੀਆਂ ਨੇ ਪੱਖਪਾਤ ਦੇ ਦੋਸ਼ ਲਾਏ

**ਨਵੀਂ ਦਿੱਲੀ:** ਯੂਕਰੇਨ ਦੇ ਸ਼ਹਿਰ ਖਾਰਕੀਵ ਮੈਡੀਕਲ ਦੀ ਪੜ੍ਹਾਈ ਕਰਨ ਗਏ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਯੂਨੀਵਰਸਿਟੀ ਦੇ ਬੰਕਰ ਵਿਚ ਰਹਿ ਕੇ ਹੀ ਦਿਨ ਬਿਤਾਏ। ਭਾਰਤੀ ਦੂਤਾਵਾਸ ਵੱਲੋਂ ਉਨ੍ਹਾਂ ਦੀ ਕੋਈ ਮਦਦ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਉਹ ਆਪਣੀ ਹਿੰਮਤ ਨਾਲ ਹੀ ਕਈ-ਕਈ ਘੰਟੇ ਪੈਦਲ ਚੱਲੇ ਤੇ ਬਿਨਾਂ ਕੁਝ ਖਾਧੇ-ਪੀਤੇ ਰੇਲਵੇ ਸਟੇਸ਼ਨ ਅਤੇ ਉਥੋਂ ਪੋਲੈਂਡ 'ਚੋਂ ਹੁੰਦੇ ਹੋਏ ਭਾਰਤ ਪੁੱਜੇ। ਯੂਕਰੇਨ ਦੇ ਲੋਕਾਂ ਵੱਲੋਂ ਭਾਰਤ ਤੇ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਨਾਲ ਮਾੜਾ ਵਿਹਾਰ ਕੀਤਾ ਜਾ ਰਿਹਾ ਹੈ ਜਿਸ ਕਾਰਨ ਯੂਕਰੇਨ ਤੋਂ ਨਿਕਲਣ ਲਈ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰ ਪੈ ਰਿਹਾ ਹੈ।

## ਰੂਸ ਵਿਚ ਵੀ ਜੰਗ ਦਾ ਸ਼ੁਰੂ ਹੋਇਆ ਵਿਰੋਧ

**ਲੰਡਨ:** ਰੂਸ ਦੇ ਵੱਖ-ਵੱਖ ਸ਼ਹਿਰਾਂ ਵਿਚ ਜੰਗ ਦਾ ਵਿਰੋਧ ਕਰ ਰਹੇ 3500 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਰੂਸ ਦੇ ਇਕ ਸੰਗਠਨ ਨੇ ਦੱਸਿਆ ਕਿ 49 ਸ਼ਹਿਰਾਂ ਵਿਚ ਲੋਕ ਪੂਤਿਨ ਦੀ ਕਾਰਵਾਈ ਖਿਲਾਫ ਰੋਸ ਮੁਜ਼ਾਹਰੇ ਕਰ ਰਹੇ ਸਨ। ਹਜ਼ਾਰਾਂ ਲੋਕਾਂ ਨੇ 'ਜੰਗ ਰੋਕੋ' ਤੇ 'ਸ਼ਰਮ ਕਰੋ' ਦੇ ਨਾਅਰੇ ਲਾਏ। ਸੋਸ਼ਲ ਮੀਡੀਆ 'ਤੇ ਪੋਸਟ ਵੀਡੀਓਜ਼ ਵਿਚ ਲੋਕ ਨਾਅਰੇ ਲਾਉਂਦੇ ਨਜ਼ਰ ਆ ਰਹੇ ਹਨ। ਕੁਝ ਲੋਕਾਂ ਨੂੰ ਪੁਲਿਸ ਨੇ ਕੁੱਟਿਆ ਵੀ ਹੈ।ਯੂਰਾਲਸ ਸ਼ਹਿਰ ਵਿਚ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਇਕ ਤਸਵੀਰ ਉਤੇ ਕਾਲੀ ਸਿਆਹੀ ਲਾ ਦਿੱਤੀ ਗਈ। ਸੰਗਠਨ 'ਓਵੀਡੀ-ਇਨਫੋ' ਨੇ ਕਿਹਾ ਕਿ ਰੂਸ ਵਿਚ ਸਖਤ ਫੌਜੀ ਸੈਂਸਰਸ਼ਿਪ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਸਾਇਬੇਰੀਆ ਵਿਚ ਵੀ ਜ਼ੋਰਦਾਰ ਵਿਰੋਧ ਹੋ ਰਿਹਾ ਹੈ ਤੇ ਉਥੇ ਐਨੀਆਂ ਗ੍ਰਿਫਤਾਰੀਆਂ ਘੱਟ ਹੀ ਹੁੰਦੀਆਂ ਹਨ। ਪੁਲਿਸ ਲਾਊਡ ਸਪੀਕਰ ਲਾ ਕੇ ਲੋਕਾਂ ਨੂੰ ਮੁਜ਼ਾਹਰਿਆਂ ਵਿਚ ਸ਼ਾਮਲ ਨਾ ਹੋਣ ਲਈ ਕਹਿ ਰਹੀ ਹੈ। ਸਰਕਾਰ ਲੋਕਾਂ ਨੂੰ ਚਿਤਾਵਨੀ ਦੇ ਰਹੀ ਹੈ ਕਿ ਰੋਸ ਮੁਜ਼ਾਹਰਾ ਹੋਣ 'ਤੇ ਕਾਰਵਾਈ ਕੀਤੀ ਜਾਵੇਗੀ ਤੇ ਪ੍ਰਬੰਧਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

# ਮਹਿੰਗੀ ਮੈਡੀਕਲ ਸਿੱਖਿਆ ਨੇ ਵਿਦੇਸ਼ਾਂ ਦੇ ਰਾਹ ਪਾਏ ਨੌਜਵਾਨ

**ਚੰਡੀਗੜ੍ਹ:** ਯੂਕਰੇਨ ਤੇ ਰੂਸ ਵਿਚਾਲੇ ਚੱਲ ਰਹੀ ਜੰਗ ਕਾਰਨ ਵੱਡੀ ਗਿਣਤੀ ਭਾਰਤੀ ਯੂਕਰੇਨ ਵਿਚ ਫਸੇ ਹੋਏ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਡਾਕਟਰੀ ਦੀ ਪੜ੍ਹਾਈ ਕਰਨ ਗਏ ਹਨ। ਇਸ ਪੇਸ਼ੇ ਦੇ ਮਾਹਿਰਾਂ ਅਤੇ ਹੋਰ ਬੁੱਧੀਜੀਵੀਆਂ ਅਨੁਸਾਰ ਭਾਰਤ ਦੇ ਮੈਡੀਕਲ ਕਾਲਜਾਂ/ਯੂਨੀਵਰਸਿਟੀਆਂ ਵਿਚ ਸੀਟਾਂ ਦੀ ਘਾਟ ਅਤੇ ਫੀਸਾਂ ਵਧ ਹੋਣ ਕਾਰਨ ਨੌਜਵਾਨ ਡਾਕਟਰੀ ਦੀ ਪੜ੍ਹਾਈ ਲਈ ਯੂਕਰੇਨ, ਪੋਲੈਂਡ, ਚੀਨ ਤੇ ਹੋਰ ਦੇਸ਼ਾਂ ਵਿਚ ਜਾਂਦੇ ਹਨ।

ਸਰਕਾਰੀ ਤੇ ਅਰਧ ਸਰਕਾਰੀ ਮੈਡੀਕਲ ਕਾਲਜਾਂ ਵਿਚ ਅੱਜ-ਕੱਲ੍ਹ ਐਮ.ਬੀ.ਬੀ.ਐਸ. ਕਰਨ ਲਈ ਖਰਚਾ 70-80 ਲੱਖ ਰੁਪਏ ਤੱਕ ਪਹੁੰਚ ਜਾਂਦਾ ਹੈ, ਜਦਕਿ ਯੂਕਰੇਨ ਵਿਚ ਇਹ ਪੜ੍ਹਾਈ ਲਗਭਗ 25-30 ਲੱਖ ਰੁਪਏ ਵਿਚ ਹੋ ਜਾਂਦੀ ਹੈ। ਮੱਧਵਰਗੀ ਤੇ ਮੁਲਾਜ਼ਮ ਵਰਗ ਆਪਣੇ ਬੱਚੇ ਇੱਥੋਂ ਦੇ ਕਾਲਜਾਂ ਵਿਚ ਨਹੀਂ ਪੜ੍ਹਾ ਸਕਦੇ।

ਦੇਸ਼ ਵਿਚ ਐਮ.ਬੀ.ਬੀ.ਐਸ. ਦੀਆਂ ਸੀਟਾਂ ਬਹੁਤ ਘੱਟ ਹਨ। ਡਾਕਟਰ ਬਣਨ ਦੇ ਚਾਹਵਾਨ ਵਿਦਿਆਰਥੀ ਕਿਤੇ ਹੋਰ ਜਾ ਕੇ ਪੜ੍ਹਾਈ ਕਰਨ ਲਈ ਮਜਬੂਰ ਹੁੰਦੇ ਹਨ। ਜਿਹੜੇ ਪਰਿਵਾਰ ਸੀਮਤ ਖਰਚ ਕਰ ਸਕਦੇ ਹਨ, ਉਹ ਬੱਚਿਆਂ ਨੂੰ ਯੂਕਰੇਨ, ਚੀਨ, ਬੰਗਲਾਦੇਸ਼ ਆਦਿ ਦੇਸ਼ਾਂ ਵਿਚ ਪੜ੍ਹਾਈ ਕਰਨ ਲਈ ਭੇਜਦੇ ਹਨ।



ਯੂਕਰੇਨ 'ਚ ਵੱਡੀ ਤਾਦਾਦ ਵਿਚ ਫਸੇ ਭਾਰਤੀ ਵਿਦਿਆਰਥੀਆਂ ਤੇ ਨਾਗਰਿਕਾਂ ਨੂੰ ਭਾਵੇਂ ਬਾਹਰ ਕੱਢਿਆ ਜਾ ਰਿਹਾ ਹੈ ਪਰ ਸਰਕਾਰੀ ਦਾਅਵਿਆਂ ਦੇ ਉਲਟ ਇਸ ਔਖੀ ਘੜੀ ਦੇ ਦੁਖਦ ਸਫਰ ਦਾ ਖਰਚ ਇਨ੍ਹਾਂ ਨੂੰ ਖੁਦ ਹੀ ਸਹਿਣ ਕਰਨਾ ਪੈ ਰਿਹਾ ਹੈ। ਭਾਰਤੀ ਵਿਦਿਆਰਥੀ ਆਪਣੀ ਜੇਬ 'ਚੋਂ ਟਿਕਟਾਂ ਲੈ ਕੇ ਰੇਲ ਗੱਡੀਆਂ ਤੇ ਬੱਸਾਂ-ਟੈਕਸੀਆਂ ਰਾਹੀਂ ਹੋਰ ਦੇਸਾਂ ਦੀਆਂ ਸਰਹੱਦਾਂ ਵੱਲ ਕੂਚ ਕਰ ਰਹੇ ਹਨ, ਜਦੋਂ ਕਿ ਭਾਰਤ ਸਰਕਾਰ ਆਪਣੇ ਨਾਗਰਿਕਾਂ ਦੀ ਵਾਪਸੀ ਲਈ ਕੇਵਲ ਯੂਕਰੇਨ ਦੇ ਗੁਆਂਢੀ ਮੁਲਕਾਂ ਤੋਂ ਆਪਣੇ ਦੇਸ ਦੀ ਰਾਜਧਾਨੀ ਦਿੱਲੀ ਤੱਕ ਦੇ ਹਵਾਈ ਸਫਰ ਦਾ ਹੀ ਪ੍ਰਬੰਧ ਕਰ ਰਹੀ ਹੈ। ਵਿਦਿਆਰਥੀਆਂ ਨੇ ਦੱਸਿਆ ਹੈ ਕਿ ਬੀਤੇ ਦਿਨੀਂ ਉਨ੍ਹਾਂ ਨੂੰ ਖਾਰਕੀਵ, ਜਿਥੇ ਰੂਸੀ ਫੌਜਾਂ ਵਲੋਂ ਬੰਬਾਰੀ ਕੀਤੀ ਜਾ ਰਹੀ ਹੈ, ਵਿਖੇ ਇਕ ਭਾਰਤੀ ਵਿਦਿਆਰਥੀ ਦੀ ਮੌਤ ਉਪਰੰਤ ਬਾਹਰ ਕੱਢਿਆ ਗਿਆ ਸੀ ਤੇ ਉਨ੍ਹਾਂ ਖੁਦ ਹੀ ਰੇਲਵੇ ਸਟੇਸ਼ਨ ਤੋਂ ਰਾਖਵੀਆਂ ਟਿਕਟਾਂ ਖਰੀਦੀਆਂ ਤੇ ਉਹ ਯੂਕਰੇਨ ਦੇ ਸ਼ਹਿਰ ਲਵੀਵ ਪੁੱਜੇ। ਇਥੋਂ ਉਨ੍ਹਾਂ ਗਰੁੱਪਾਂ ਨਾਲ ਬੱਸਾਂ ਤੇ ਟੈਕਸੀਆਂ ਰਾਹੀਂ ਹੰਗਰੀ ਤੇ ਪੋਲੈਂਡ ਦੀ ਸਰਹੱਦ ਵੱਲ ਸਫਰ ਸ਼ੁਰੂ ਕੀਤਾ, ਜਿਥੇ ਪਹਿਲਾਂ ਵੀ ਕਾਫੀ ਵਿਦਿਆਰਥੀ ਪੁੱਜ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੀਵ, ਖਾਰਕੀਵ ਜਾਂ ਲਵੀਵ ਵਿਖੇ ਉਨ੍ਹਾਂ ਨਾਲ ਕਿਸੇ ਭਾਰਤੀ ਅਧਿਕਾਰੀ ਵੱਲੋਂ ਕੋਈ ਰਾਬਤਾ ਨਹੀਂ ਕੀਤਾ ਗਿਆ ਅਤੇ ਉਹ ਉਨ੍ਹਾਂ ਨੂੰ ਕੇਵਲ ਸਰਹੱਦਾਂ 'ਤੇ ਹੀ ਮਿਲਣਗੇ, ਜਿਥੇ ਉਹ ਜਲਦੀ ਹੀ ਪੁੱਜ ਰਹੇ ਹਨ। ਵਿਦਿਆਰਥੀਆਂ ਦਾ ਗਿਲਾ ਹੈ ਕਿ ਜੇਕਰ ਭਾਰਤ ਵਿਚ ਸਿੱਖਿਆ ਦੇ ਚੰਗੇ ਪ੍ਰਬੰਧ ਹੁੰਦੇ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਧੱਕੇ ਨਾ ਖਾਣੇ ਪੈਂਦੇ।

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਆਪਣੇ ਵਿਦਿਆਰਥੀਆਂ ਨੂੰ ਸਮੇਂ ਸਿਰ ਬਾਹਰ ਨਹੀਂ ਕੱਢ ਸਕੀ ਜਦਕਿ ਇਜ਼ਰਾਈਲ, ਮੋਰੱਕੋ, ਬਰਤਾਨੀਆ ਤੇ ਅਮਰੀਕਾ ਸਮਾਂ ਰਹਿੰਦਿਆਂ ਹੀ ਆਪੋ-ਆਪਣੇ ਵਿਦਿਆਰਥੀਆਂ ਨੂੰ ਯੂਕਰੇਨ ਤੋਂ ਕੱਢ ਕੇ ਲੈ ਗਏ। ਹਮਲੇ ਵਾਲੇ ਦਿਨ 24 ਫਰਵਰੀ ਨੂੰ ਭਾਰਤ ਸਰਕਾਰ ਵਿਦਿਆਰਥੀਆਂ ਨੂੰ ਬੱਸਾਂ ਰਾਹੀਂ ਯੂਕਰੇਨ ਤੋਂ ਬਾਹਰ ਕੱਢ ਸਕਦੀ ਸੀ ਪਰ ਅਜਿਹਾ ਨਹੀਂ ਕੀਤਾ ਗਿਆ। ਦੂਜੇ ਪਾਸੇ, ਰੂਸ ਅਤੇ ਯੂਕਰੇਨ ਵਿਚ ਪਿਛਲੇ ਚੱਲ ਰਹੇ ਯੁੱਧ ਕਾਰਨ ਜਿਥੇ ਆਰਥਿਕ ਤੇ ਵਪਾਰਕ ਨੁਕਸਾਨ ਹੋ ਰਿਹਾ ਹੈ, ਉਥੇ ਹੀ ਯੂਕਰੇਨ ਦੇ ਵੱਖ-ਵੱਖ ਸ਼ਹਿਰਾਂ 'ਚ ਪੜ੍ਹਨ ਲਈ ਗਏ ਬੱਚਿਆਂ ਦੀ ਪੜ੍ਹਾਈ ਦਾ ਵੀ ਨੁਕਸਾਨ ਹੋਇਆ ਹੈ। ਮੈਡੀਕਲ ਦੀ ਪੜ੍ਹਾਈ ਕਰਨ ਯੂਕਰੇਨ ਦੇ ਵੱਖ-ਵੱਖ ਸ਼ਹਿਰਾਂ 'ਚ ਗਏ ਲਗਭਗ 20 ਹਜ਼ਾਰ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗਿਆ ਹੋਇਆ ਹੈ। ਉਨ੍ਹਾਂ ਦੀ ਜਾਨ ਤਾਂ ਬਚ ਗਈ ਹੈ ਪਰ ਡਿਗਰੀਆਂ ਪੂਰੀਆਂ ਹੋਣਗੀਆਂ ਕਿ ਨਹੀਂ, ਇਹ ਸਵਾਲ ਉਨ੍ਹਾਂ ਨੂੰ ਸਤਾ ਰਿਹਾ ਹੈ।

# ਯੂਕਰੇਨ ਦੇ ਗੁਆਂਢੀਆਂ ਨੇ ਸ਼ਰਨਾਰਥੀਆਂ ਲਈ ਖੋਲ੍ਹੀਆਂ ਸਰਹੱਦਾਂ

**ਜੇਨੇਵਾ:** ਰੂਸ ਵੱਲੋਂ ਯੂਕਰੇਨ 'ਤੇ ਹਮਲੇ ਤੋਂ ਬਾਅਦ ਹਰ ਪਾਸੇ ਤਬਾਹੀ ਦੀਆਂ ਖਬਰਾਂ ਆ ਰਹੀਆਂ ਹਨ। ਕਈ ਸ਼ਹਿਰਾਂ ਦੀਆਂ ਮਹੱਤਵਪੂਰਨ ਇਮਾਰਤਾਂ ਮਿਜ਼ਾਈਲ ਹਮਲਿਆਂ ਨਾਲ ਉਡਾ ਦਿੱਤੀਆਂ ਗਈਆਂ ਹਨ। ਤਬਾਹੀ ਦੇ ਇਸ ਮੰਜ਼ਰ ਵਿਚ ਯੂਕਰੇਨ ਦੇ ਲੋਕਾਂ ਨੇ ਵੱਡੀ ਪੱਧਰ 'ਤੇ ਹਿਜਰਤ ਸ਼ੁਰੂ ਕਰ ਦਿੱਤੀ ਹੈ। ਗੁਆਂਢੀ ਦੇਸ਼ਾਂ ਨੇ ਇਨ੍ਹਾਂ ਸ਼ਰਨਾਰਥੀਆਂ ਲਈ ਆਪਣੀਆਂ ਸਰਹੱਦਾਂ ਖੋਲ੍ਹ ਦਿੱਤੀਆਂ ਹਨ। ਸੰਯੁਕਤ ਰਾਸ਼ਟਰ ਦੇ ਅੰਦਾਜ਼ੇ ਅਨੁਸਾਰ ਰੂਸੀ ਹਮਲੇ ਦਰਮਿਆਨ ਇਕ ਹਫਤੇ ਵਿਚ ਘੱਟੋ-ਘੱਟ ਦਸ ਲੱਖ ਲੋਕਾਂ ਨੇ ਯੂਕਰੇਨ ਤੋਂ ਹਿਜਰਤ ਕੀਤੀ ਹੈ ਅਤੇ ਉਹ ਗੁਆਂਢੀ ਦੇਸ਼ਾਂ ਵਿਚ ਸ਼ਰਨਾਰਥੀਆਂ ਦੇ ਰੂਪ ਵਿਚ ਚਲੇ ਗਏ ਹਨ।

ਸੰਯੁਕਤ ਰਾਸ਼ਟਰ ਨੇ ਕਿਹਾ ਕਿ ਰੂਸੀ ਹਮਲੇ ਦਰਮਿਆਨ ਸਿਰਫ ਇਕ ਹਫਤੇ ਵਿਚ 10 ਲੱਖ ਲੋਕ ਯੂਕਰੇਨ ਛੱਡ ਕੇ ਗੁਆਂਢੀ ਦੇਸਾਂ 'ਚ ਚਲੇ ਗਏ ਹਨ। ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨਰ ਫਿਲਿਪ ਗ੍ਰਾਂਡੀ ਨੇ ਕਿਹਾ ਕਿ ਅਸੀਂ ਸਿਰਫ 7 ਦਿਨਾਂ 'ਚ ਯੂਕਰੇਨ ਤੋਂ ਗੁਆਂਢੀ ਦੇਸਾਂ ਵਿਚ 10 ਲੱਖ ਸ਼ਰਨਾਰਥੀਆਂ ਦਾ ਪਲਾਇਨ ਦੇਖਿਆ ਹੈ।

ਉਧਰ, ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਮੋਲਡੋਵਾ ਦੀ ਮਦਦ ਕਰਨ



ਦਾ ਐਲਾਨ ਕੀਤਾ ਹੈ ਜੋ ਕਿ ਯੂਕਰੇਨ ਤੋਂ ਆ ਰਹੇ ਸ਼ਰਨਾਰਥੀਆਂ ਨੂੰ ਸੰਭਾਲ ਰਿਹਾ ਹੈ। ਮੋਲਡੋਵਾ ਸਾਬਕਾ ਸੋਵੀਅਤ ਮੁਲਕ ਹੈ ਤੇ ਹੁਣ ਇਸ ਦਾ ਝੁਕਾਅ ਪੱਛਮ ਵੱਲ ਹੈ। ਰੂਸ ਵੱਲੋਂ ਯੂਕਰੇਨ ਉਤੇ ਹਮਲੇ ਤੋਂ ਗੁਆਂਢੀ ਮੁਲਕ ਚਿੰਤਤ ਹੈ। ਬਲਿੰਕਨ ਨੇ ਮੋਲਡੋਵਾ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਜੋ ਕਿ 1,20,000 ਸ਼ਰਨਾਰਥੀਆਂ ਦੀ ਮਦਦ ਲਈ ਕੌਮਾਂਤਰੀ ਪੱਧਰ ਉਤੇ ਸਹਾਇਤਾ ਮੰਗ ਰਹੇ ਹਨ। ਮੋਲਡੋਵਾ ਸੰਭਾਵੀ ਰੂਸੀ ਹਮਲੇ ਖਿਲਾਫ ਸੁਰੱਖਿਆ ਦਾ ਭਰੋਸਾ ਵੀ ਮੰਗ ਰਿਹਾ ਹੈ। ਬਲਿੰਕਨ ਨੇ ਕਿਹਾ ਕਿ ਮੋਲਡੋਵਾ ਵੱਲੋਂ ਸ਼ਰਨਾਰਥੀਆਂ ਨੂੰ ਸੰਭਾਲਣਾ ਪੂਰੇ ਸੰਸਾਰ ਲਈ ਪ੍ਰੇਰਣਾ ਬਣ ਗਿਆ ਹੈ।

ਵਿਦੇਸ਼ਾਂ 'ਚ ਮੈਡੀਕਲ ਦੀ ਪੜ੍ਹਾਈ ਕਰ ਰਹੇ ਭਾਰਤੀ ਵਿਦਿਆਰਥੀਆਂ ਨੇ ਯੂਕਰੇਨ ਵਿਚ ਫਸੇ ਵਿਦਿਆਰਥੀਆਂ ਦੀ ਮਦਦ ਲਈ ਆਨਲਾਈਨ ਪੱਧਰ 'ਤੇ ਮੁਹਿੰਮ ਵਿੱਢੀ ਹੋਈ ਹੈ। ਉਹ ਆਪਣੇ ਯੂਕਰੇਨੀ ਸਾਥੀਆਂ ਲਈ ਟੈਕਸੀਆਂ, ਪੋਲੈਂਡ ਬਾਰਡਰ ਉਤੇ ਭੋਜਨ ਆਦਿ ਦਾ ਪ੍ਰਬੰਧ ਕਰਨ ਲਈ ਲਗਾਤਾਰ ਵਟਸਐਪ, ਟੈਲੀਗ੍ਰਾਮ ਤੇ ਹੋਰ ਸੋਸ਼ਲ ਮੀਡੀਆ ਐਪਸ ਉਤੇ ਸੁਨੇਹੇ ਪੋਸਟ ਕਰ ਰਹੇ ਹਨ।

ਵੱਖ-ਵੱਖ ਦੇਸ਼ਾਂ ਵਿਚ ਪੜ੍ਹ ਰਹੇ ਭਾਰਤੀ ਵਿਦਿਆਰਥੀ ਸੋਸ਼ਲ ਮੀਡੀਆ ਗਰੁੱਪ ਵਿਚ ਜਾਣਕਾਰੀਆਂ ਪੋਸਟ ਕਰ ਰਹੇ ਹਨ। ਵਾਲੰਟੀਅਰ ਵਿਦਿਆਰਥੀ ਚੀਨ, ਉਜ਼ਬੇਕਿਸਤਾਨ ਤੇ ਫਿਲਪੀਨਜ਼ ਵਿਚ ਪੜ੍ਹ ਰਹੇ ਹਨ। ਕੁਝ ਆਪੋ-ਆਪਣੇ ਯੂਨੀਵਰਸਿਟੀ ਕੈਂਪਸ ਤੋਂ ਮਦਦ ਕਰ ਰਹੇ ਤੇ ਕੁਝ ਉਹ ਹਨ ਜੋ ਭਾਰਤ ਵਿਚ ਹੀ ਕੋਵਿਡ ਕਾਰਨ ਆਨਲਾਈਨ ਪੜ੍ਹਾਈ ਕਰ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਨੇ ਕਿਹਾ ਕਿ ਉਹ ਵੱਖ-ਵੱਖ ਦੇਸ਼ਾਂ ਦੇ ਮੈਡੀਕਲ ਵਿਦਿਆਰਥੀਆਂ ਨਾਲ ਜੁੜੇ ਹੋਏ ਹਨ ਕਿਉਂਕਿ ਵਿਦੇਸ਼ ਜਾਣ ਤੋਂ ਪਹਿਲਾਂ ਇਕੋ ਥਾਂ ਕੋਚਿੰਗ ਲੈ ਚੁੱਕੇ ਹਨ।

## ਭਾਰਤ ਵਿਚ ਇੰਟਰਨਸ਼ਿਪ ਪੂਰੀ ਕਰ ਸਕਣਗੇ ਯੂਕਰੇਨ ਤੋਂ ਪਰਤੇ ਵਿਦਿਆਰਥੀ

**ਨਵੀਂ ਦਿੱਲੀ:** ਯੂਕਰੇਨ 'ਚ ਪੈਦਾ ਹੋਏ ਸੰਕਟ ਦੌਰਾਨ ਕੌਮੀ ਮੈਡੀਕਲ ਕਮਿਸ਼ਨ (ਐਨ.ਐਮ.ਸੀ.) ਨੇ ਕਿਹਾ ਹੈ ਕਿ ਕਰੋਨਾ ਜਾਂ ਜੰਗ ਕਾਰਨ ਪੈਦਾ ਮੁਸ਼ਕਲ ਹਾਲਾਤ ਕਰਕੇ ਸਥਿਤੀ ਵੱਸੋਂ ਬਾਹਰ ਹੋਣ ਕਾਰਨ ਇੰਟਨਰਸ਼ਿਪ ਪੂਰੀ ਨਾ ਕਰ ਸਕਣ ਵਾਲੇ ਵਿਦੇਸ਼ੀ ਮੈਡੀਕਲ ਗਰੈਜੂਏਟ ਵਿਦਿਆਰਥੀ ਆਪਣੀ ਇੰਟਰਨਸ਼ਿਪ ਭਾਰਤ ਵਿਚ ਪੂਰੀ ਕਰ ਸਕਦੇ ਹਨ।

ਐਨ.ਐਮ.ਸੀ. ਨੇ ਇਕ ਸਰਕੂਲਰ ਵਿਚ ਕਿਹਾ ਕਿ ਸੂਬਾ ਮੈਡੀਕਲ ਕੌਂਸਲਾਂ ਵੀ ਇਸ ਦਾ ਪਾਲਣ ਕਰਨਗੀਆਂ, ਪਰ ਵਿਦਿਆਰਥੀਆਂ ਵੱਲੋਂ ਭਾਰਤ ਵਿਚ ਇੰਟਰਨਸ਼ਿਪ ਪੂਰੀ ਕਰਨ ਲਈ ਅਪਲਾਈ ਕਰਨ ਤੋਂ ਪਹਿਲਾਂ ਕੌਮੀ ਪ੍ਰੀਖਿਆ ਬੋਰਡ (ਐਨ.ਬੀ.ਈ.) ਵੱਲੋਂ ਕਰਵਾਈ ਗਈ ਵਿਦੇਸ਼ੀ ਮੈਡੀਕਲ ਗਰੈਜੂਏਟ ਪ੍ਰੀਖਿਆ (ਐਫ.ਐਮ.ਜੀ.ਈ.) ਪਾਸ ਕੀਤੀ ਹੋਣੀ ਜਰੂਰੀ ਹੈ। ਜੇਕਰ ਵਿਦਿਆਰਥੀ ਇਹ ਮਾਪਦੰਡ ਪੂਰੇ ਕਰਦੇ ਹਨ ਤਾਂ ਸੂਬਾ ਮੈਡੀਕਲ ਕੌਂਸਲ 12 ਮਹੀਨੇ ਜਾਂ ਬਾਕੀ ਰਹਿੰਦੀ ਇੰਟਰਨਸ਼ਿਪ ਲਈ ਰਜਿਸਟਰੇਸ਼ਨ ਦਾ ਬਦਲ ਮੁਹੱਈਆ ਕਰਵਾ ਸਕਦੇ ਹਨ।

# ਕੇਂਦਰ ਸਰਕਾਰ ਨੇ ਪੰਜਾਬ ਦੇ ਪੇਂਡੂ ਵਿਕਾਸ ਫੰਡ ਫਿਰ ਰੋਕਿਆ

**ਚੰਡੀਗੜ੍ਹ:** ਪੇਂਡੂ ਵਿਕਾਸ ਫੰਡਾਂ ਦੀ ਕਰਜ਼ਾ ਮੁਆਫੀ ਲਈ ਵਰਤੋਂ ਕਰਨਾ ਪੰਜਾਬ ਸਰਕਾਰ ਲਈ ਮਹਿੰਗਾ ਪੈਣ ਲੱਗ ਪਿਆ ਹੈ।

ਕੇਂਦਰ ਸਰਕਾਰ ਵੱਲੋਂ ਹੁਣ ਪੰਜਾਬ ਦੇ ਦਿਹਾਤੀ ਵਿਕਾਸ ਫੰਡ ਰੋਕ ਲਏ ਗਏ ਹਨ ਜਿਨ੍ਹਾਂ ਨੂੰ ਰਿਲੀਜ਼ ਕਰਾਉਣਾ ਨਵੀਂ ਸਰਕਾਰ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੋਵੇਗਾ।

ਕੇਂਦਰ ਸਰਕਾਰ ਨੇ ਲੰਘੇ ਝੋਨੇ ਦੇ ਸੀਜ਼ਨ ਦੇ ਕਰੀਬ 1100 ਕਰੋੜ ਦੇ ਪੇਂਡੂ ਵਿਕਾਸ ਫੰਡ ਜਾਰੀ ਨਹੀਂ ਕੀਤੇ ਹਨ। ਪਿਛਲੇ ਸਾਲ 30 ਨਵੰਬਰ ਨੂੰ ਝੋਨੇ ਦਾ ਸੀਜ਼ਨ ਖ਼ਤਮ ਹੋ ਗਿਆ ਸੀ ਅਤੇ ਕਰੀਬ ਤਿੰਨ ਮਹੀਨੇ ਮਗਰੋਂ ਵੀ ਇਹ ਫੰਡ ਜਾਰੀ ਨਹੀਂ ਕੀਤੇ ਗਏ ਹਨ। ਕੇਂਦਰ ਸਰਕਾਰ ਨੇ ਇਹ ਸ਼ਰਤ ਲਾਈ ਹੈ ਕਿ ਪਹਿਲਾਂ ਪੰਜਾਬ ਦਿਹਾਤੀ ਵਿਕਾਸ ਐਕਟ 1987 ਵਿਚ ਸੋਧ ਕੀਤੀ ਜਾਵੇ। ਪੰਜਾਬ ਸਰਕਾਰ ਵੱਲੋਂ ਅਨਾਜ ਦੀ ਖ਼ਰੀਦ 'ਤੇ ਤਿੰਨ ਫ਼ੀਸਦੀ ਦਿਹਾਤੀ ਵਿਕਾਸ ਫੰਡ ਅਤੇ ਤਿੰਨ ਫ਼ੀਸਦੀ ਮਾਰਕੀਟ ਫ਼ੀਸ ਵਸੂਲ ਕੀਤੀ ਜਾਂਦੀ ਹੈ ਜੋ ਦੋਵੇਂ ਸੀਜ਼ਨਾਂ ਦੀ ਸਾਲਾਨਾ ਕਰੀਬ 1750 ਕਰੋੜ ਰੁਪਏ ਬਣਦੀ ਹੈ। ਪਿਛਲੇ ਵਰ੍ਹੇ ਵੀ ਕੇਂਦਰ ਨੇ ਪੇਂਡੂ ਵਿਕਾਸ ਫੰਡ ਦੇ 1200 ਕਰੋੜ ਰੁਪਏ ਰੋਕ ਲਏ ਸਨ ਜਿਸ ਲਈ ਸਿਆਸੀ ਤੌਰ 'ਤੇ ਕਾਫ਼ੀ ਉਪਰਾਲੇ ਕਰਨੇ ਪਏ ਸਨ। ਉਦੋਂ ਸਰਕਾਰ ਨੇ ਇਸ ਸ਼ਰਤ 'ਤੇ ਰਾਸ਼ੀ ਜਾਰੀ ਕੀਤੀ ਸੀ ਕਿ ਪੰਜਾਬ ਸਰਕਾਰ ਐਕਟ ਵਿਚ ਲੋੜੀਂਦੀ ਸੋਧ ਕਰ ਲਵੇਗੀ।



ਕੈਪਟਨ ਸਰਕਾਰ ਵੱਲੋਂ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਲਈ ਦਿਹਾਤੀ ਵਿਕਾਸ ਫੰਡ ਦਾ ਪੈਸਾ ਵਰਤਿਆ ਗਿਆ ਸੀ ਅਤੇ ਇਸ ਦੀ ਵਰਤੋਂ ਤੋਂ ਪਹਿਲਾਂ ਪੰਜਾਬ ਦਿਹਾਤੀ ਵਿਕਾਸ ਐਕਟ ਵਿਚ ਸੋਧ ਵੀ ਕੀਤੀ ਗਈ ਸੀ। ਕੇਂਦਰ ਨੂੰ ਇਸੇ ਸੋਧ 'ਤੇ ਮੁੱਖ ਇਤਰਾਜ਼ ਹੈ ਅਤੇ ਉਨ੍ਹਾਂ ਕਿਹਾ ਹੈ ਕਿ ਦਿਹਾਤੀ ਵਿਕਾਸ ਫੰਡ ਦਾ ਪੈਸਾ ਸਿਰਫ਼ ਖ਼ਰੀਦ ਕੇਂਦਰਾਂ ਦੇ ਵਿਕਾਸ 'ਤੇ ਹੀ ਖ਼ਰਚ ਕੀਤਾ ਜਾਵੇ। ਉਨ੍ਹਾਂ ਵੱਲੋਂ ਲਿੰਕ ਸੜਕਾਂ 'ਤੇ ਪੈਸਾ ਵਰਤਣ 'ਤੇ ਵੀ ਇਤਰਾਜ਼ ਕੀਤਾ ਜਾ ਰਿਹਾ ਹੈ।

ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਵੇਲੇ ਇਹ ਪੈਸਾ ਸੰਗਤ ਦਰਸ਼ਨਾਂ ਦੌਰਾਨ ਪਿੰਡਾਂ ਦੇ ਹਰ ਤਰ੍ਹਾਂ ਦੇ ਵਿਕਾਸ ਲਈ ਵੰਡਿਆ ਜਾਂਦਾ ਸੀ। ਨਵੇਂ ਇਤਰਾਜ਼ ਖੜ੍ਹੇ ਹੋਣ ਕਰਕੇ ਪੰਜਾਬ ਮੰਡੀ ਬੋਰਡ ਬੇਵੱਸ ਹੈ ਅਤੇ ਫੰਡ ਰੋਕੇ ਜਾਣ ਨਾਲ ਸੂਬੇ ਦੇ ਪੇਂਡੂ ਵਿਕਾਸ ਦੇ ਕੰਮ ਵੀ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਹੈ। ਪਨਗਰੇਨ ਦੇ ਅਧਿਕਾਰੀਆਂ ਨੇ ਦੋ ਮਹੀਨੇ ਪਹਿਲਾਂ ਮੁੱਖ ਮੰਤਰੀ ਚਰਨਜੀਤ ਚੰਨੀ ਦੇ ਧਿਆਨ ਵਿਚ ਇਹ ਮਾਮਲਾ ਲਿਆਂਦਾ ਸੀ ਕਿ ਕੇਂਦਰੀ ਸ਼ਰਤ ਮੁਤਾਬਕ ਪੰਜਾਬ ਦਿਹਾਤੀ ਵਿਕਾਸ ਐਕਟ ਵਿਚ ਸੋਧ ਕਰ ਲਈ ਜਾਵੇ ਪ੍ਰੰਤੂ ਕਿਸੇ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ। ਪੰਜਾਬ ਵਿਚ 10 ਮਾਰਚ ਨੂੰ ਚੋਣ ਨਤੀਜੇ ਆਉਣੇ ਹਨ ਅਤੇ ਨਵੀਂ ਬਣਨ ਵਾਲੀ ਸਰਕਾਰ ਸਾਹਮਣੇ ਇਹ ਫੰਡ ਚੁਣੌਤੀ ਬਣਨਗੇ। ਮੰਡੀ ਬੋਰਡ ਖ਼ੁਦ ਕਰਜ਼ੇ ਦੀ ਦਲਦਲ ਵਿਚ ਫਸਿਆ ਹੋਇਆ ਹੈ। ਦਿਹਾਤੀ ਵਿਕਾਸ ਬੋਰਡ ਨੇ ਵੀ ਪੰਜਾਬ ਸਰਕਾਰ ਦੀ ਗਾਰੰਟੀ 'ਤੇ 4500 ਕਰੋੜ ਦਾ ਕਰਜ਼ਾ ਚੁੱਕਿਆ ਹੋਇਆ ਹੈ ਅਤੇ ਦਿਹਾਤੀ ਵਿਕਾਸ ਫੰਡਾਂ 'ਚੋਂ ਹੀ ਕਰਜ਼ ਦੀਆਂ ਕਿਸ਼ਤਾਂ ਵਾਪਸ ਕੀਤੀਆਂ ਜਾਂਦੀਆਂ ਹਨ। ਫੰਡ ਰੋਕੇ ਜਾਣ ਕਰਕੇ ਕਰਜ਼ ਵਾਪਸੀ ਵਿਚ ਅੜਚਣਾਂ ਖੜ੍ਹੀਆਂ ਹੋਣਗੀਆਂ।

## ਪੰਜਾਬ ਦੇ ਹੱਕ ਖੋਹ ਕੇ ਲੋਕਾਂ ਨੂੰ ਭੜਕਾ ਰਹੀ ਹੈ ਕੇਂਦਰ ਸਰਕਾਰ: ਭਗਵੰਤ ਮਾਨ

**ਚੰਡੀਗੜ੍ਹ:** 'ਆਪ' ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਲਗਾਤਾਰ ਪੰਜਾਬ ਵਿਰੋਧੀ ਫੈਸਲੇ ਲਾਗੂ ਕਰਕੇ ਸੂਬੇ ਦੇ ਲੋਕਾਂ ਨੂੰ ਭੜਕਾਉਣ ਦਾ ਯਤਨ ਕਰ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਦੇ ਕਾਰੋਬਾਰੀ ਅਦਾਰੇ 'ਚੰਡੀਗੜ੍ਹ ਇੰਡਸਟਰੀਅਲ ਤੇ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ' (ਸਿਟਕੋ) ਦੇ ਮੈਨੇਜਿੰਗ ਡਾਇਰੈਕਟਰ ਦਾ ਅਹੁਦਾ ਵੀ ਪੰਜਾਬ ਕੋਲੋਂ ਖੋਹ ਲਿਆ ਜਾਣਾ ਹੈ। ਸ੍ਰੀ ਮਾਨ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਵਿਰੋਧੀ ਫੈਸਲੇ ਲੈਣੇ ਬੰਦ ਕਰਨ।

## ਰਾਜਪਾਲ ਮਲਿਕ ਵੱਲੋਂ ਸੱਤਾ ਬਦਲਣ ਦਾ ਸੱਦਾ

**ਜੀਂਦ:** ਮੇਘਾਲਿਆ ਦੇ ਰਾਜਪਾਲ ਸਤਿਆਪਾਲ ਮਲਿਕ ਨੇ ਕਥਿਤ ਕਿਸਾਨ ਅੰਦੋਲਨਕਾਰੀਆਂ ਵੱਲੋਂ ਬੀਤੇ ਵਰ੍ਹੇ ਲਾਲ ਕਿਲ੍ਹੇ 'ਤੇ ਨਿਸ਼ਾਨ ਸਾਹਿਬ ਲਗਾਏ ਜਾਣ ਨੂੰ ਸਹੀ ਠਹਿਰਾਉਂਦਿਆਂ ਕਿਹਾ ਕਿ ਇਸ ਵਿਚ ਕੁਝ ਵੀ ਗਲਤ ਨਹੀਂ ਸੀ। ਕਿਸਾਨ ਅੰਦੋਲਨ ਲਈ ਉਨ੍ਹਾਂ ਇਕ ਵਾਰ ਮੁੜ ਕੇਂਦਰ ਅਤੇ ਕੇਂਦਰੀ ਆਗੂਆਂ ਦੀ ਨਿਖੇਧੀ ਕੀਤੀ। ਉਨ੍ਹਾਂ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਉਹ ਸੱਤਾ ਬਦਲਣ ਅਤੇ ਕਿਸਾਨਾਂ ਦੀ ਸਰਕਾਰ ਬਣਾਉਣ ਲਈ ਇਕਜੁੱਟ ਹੋਣ। ਉਨ੍ਹਾਂ ਕਿਹਾ ਕਿ ਉਹ ਰਾਜਪਾਲ ਦਾ ਆਪਣਾ ਕਾਰਜਕਾਲ ਖਤਮ ਹੋਣ ਬਾਅਦ ਮੁਲਕ ਦਾ ਦੌਰਾ ਕਰ ਕੇ ਕਿਸਾਨਾਂ ਨੂੰ ਲਾਮਬੰਦ ਕਰਨਗੇ। ਉਨ੍ਹਾਂ ਦਾ ਕਹਿਣਾ ਸੀ ਕਿ ਸਰਕਾਰ ਨੇ ਕਿਸਾਨਾਂ ਨਾਲ ਅੱਧਾ-ਅਧੂਰਾ ਸਮਝੌਤਾ ਕਰਕੇ ਉਨ੍ਹਾਂ ਦਾ ਧਰਨਾ ਚੁੱਕ ਦਿੱਤਾ, ਪਰ ਮਾਮਲਾ ਜਿਉਂ ਦਾ ਤਿਉਂ ਹੈ। ਉਨ੍ਹਾਂ ਦੋਸ਼ ਲਾਇਆ ਕਿ 'ਪ੍ਰਧਾਨ ਮੰਤਰੀ' ਦੇ ਦੋਸਤ ਪਾਣੀਪਤ ਵਿੱਚ 50 ਏਕੜ ਵਿਚ ਗੋਦਾਮ ਬਣਾ ਕੇ ਸਸਤੇ ਭਾਅ ਕਣਕ ਖਰੀਦਣ ਦੀ ਆਸ ਲਗਾਈ ਬੈਠੇ ਹਨ। ਉਹ ਇਥੇ ਕੰਡੇਲਾ ਵਿੱਚ ਕੰਡੇਲਾ ਖਾਪ ਅਤੇ ਮਾਜਰਾ ਖਾਪ ਵੱਲੋਂ ਕਰਵਾਏ ਕਿਸਾਨ ਸਨਮਾਨ ਸਮਾਗਮ ਦੌਰਾਨ ਸੰਬੋਧਨ ਕਰ ਰਹੇ ਸਨ।

# ਨਿਵੇਸ਼ ਸੰਮੇਲਨ: ਹਕੀਕਤ ਤੋਂ ਕੋਹਾਂ ਦੂਰ ਰਹੇ ਪੰਜਾਬ ਸਰਕਾਰ ਦੇ ਦਾਅਵੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਨਿਵੇਸ਼ ਸੰਮੇਲਨ ਕਰਵਾ ਕੇ ਕੀਤੇ ਦਾਅਵੇ ਹਕੀਕਤ ਤੋਂ ਕੋਹਾਂ ਦੂਰ ਰਹੇ ਹਨ। ਅੰਕੜਾ ਦੇਖੀਏ ਤਾਂ ਇਨ੍ਹਾਂ ਸੰਮੇਲਨਾਂ ਨੇ ਸਿਰਫ ਖ਼ਜ਼ਾਨੇ ਉਤੇ ਹੀ ਬੋਝ ਪਾਇਆ। ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰਮੋਸ਼ਨ ਤੋਂ ਸੂਚਨਾ ਦੇ ਅਧਿਕਾਰ ਤਹਿਤ ਹਾਸਲ ਵੇਰਵਿਆਂ ਅਨੁਸਾਰ ਕਾਂਗਰਸ ਸਰਕਾਰ ਵੱਲੋਂ ਲੰਘੇ ਪੌਣੇ ਪੰਜ ਵਰ੍ਹਿਆਂ (16 ਮਾਰਚ 2017 ਤੋਂ 31 ਜਨਵਰੀ 2022 ਤੱਕ) ਦੌਰਾਨ 300 ਨਿਵੇਸ਼ ਸਮਝੌਤੇ (ਐੱਮ.ਓ.ਯੂ.) ਕੀਤੇ ਗਏ ਸਨ, ਜਿਨ੍ਹਾਂ 'ਚੋਂ ਸਿਰਫ 13 ਨਿਵੇਸ਼ ਸਮਝੌਤੇ ਹਕੀਕਤ ਬਣੇ ਹਨ, ਜੋ 4.33 ਫੀਸਦੀ ਬਣਦੇ ਹਨ। ਮਤਲਬ ਇਨ੍ਹਾਂ 13 ਕੇਸਾਂ ਵਿਚ ਸਨਅਤੀ ਉਤਪਾਦਨ ਸ਼ੁਰੂ ਹੋ ਚੁੱਕਾ ਹੈ। ਕੁੱਲ 300 ਨਿਵੇਸ਼ ਸਮਝੌਤਿਆਂ 'ਚੋਂ 54 ਸਮਝੌਤਿਆਂ 'ਚ ਅਸਲੀ ਨਿਵੇਸ਼ ਹੋਣਾ ਸ਼ੁਰੂ ਹੋਇਆ ਹੈ, ਜੋ 18 ਫੀਸਦੀ ਬਣਦਾ ਹੈ।

ਕਾਂਗਰਸ ਸਰਕਾਰ ਵੱਲੋਂ ਇਸ ਸਮੇਂ ਦੌਰਾਨ 52,289 ਕਰੋੜ ਦੇ ਨਿਵੇਸ਼ ਸਮਝੌਤੇ ਕੀਤੇ ਗਏ ਸਨ, ਜਿਨ੍ਹਾਂ 'ਚੋਂ 1,783 ਕਰੋੜ ਦੇ ਨਿਵੇਸ਼ ਦਾ ਸਨਅਤੀ ਉਤਪਾਦਨ ਸ਼ੁਰੂ ਹੋ ਸਕਿਆ ਹੈ। 24,984 ਕਰੋੜ ਦੇ ਨਿਵੇਸ਼ ਦੇ ਕੰਮ ਸ਼ੁਰੂ ਹੋ ਚੁੱਕੇ ਹਨ। ਪੰਜਾਬ ਸਰਕਾਰ ਨੇ ਇਨ੍ਹਾਂ ਪ੍ਰੋਜੈਕਟਾਂ ਅਤੇ ਕੰਪਨੀਆਂ ਦੇ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਪਿਛਲੇ ਸਮੇਂ ਦੌਰਾਨ ਕੇਂਦਰ ਸਰਕਾਰ ਤੋਂ ਸਨਅਤੀ ਪੈਕੇਜ ਦੀ ਮੰਗ ਕਰ ਚੁੱਕੇ ਹਨ ਅਤੇ ਆਖਦੇ ਰਹੇ ਹਨ ਕਿ ਪਹਾੜੀ ਸੂਬਿਆਂ ਨੂੰ ਵਿਸ਼ੇਸ਼ ਪੈਕੇਜ ਦਿੱਤੇ ਜਾਣ ਨਾਲ ਪੰਜਾਬ ਦੇ ਸਨਅਤੀ ਵਿਕਾਸ 'ਤੇ ਪ੍ਰਭਾਵ ਪੈਂਦਾ ਹੈ। ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪੰਜਾਬ ਸਰਕਾਰ ਦੇ ਕੌਮੀ ਅਤੇ ਕੌਮਾਂਤਰੀ ਸੰਮੇਲਨ ਬਹੁਤਾ ਰੰਗ ਨਹੀਂ ਦਿਖਾ ਸਕੇ ਹਨ।



ਕਾਂਗਰਸ ਸਰਕਾਰ ਵੱਲੋਂ ਲੰਘੇ ਪੌਣੇ ਪੰਜ ਵਰ੍ਹਿਆਂ ਦੌਰਾਨ ਪੰਜਾਬ ਵਿਚ ਨਿਵੇਸ਼ ਲਿਆਉਣ ਲਈ ਕਰੀਬ 133 ਸੰਮੇਲਨ, ਦੌਰੇ ਅਤੇ ਪ੍ਰੋਗਰਾਮ ਕੀਤੇ ਗਏ ਹਨ, ਜਿਨ੍ਹਾਂ 'ਤੇ 7.10 ਕਰੋੜ ਰੁਪਏ ਖ਼ਰਚੇ ਗਏ ਹਨ। ਸਰਕਾਰੀ ਤੱਥਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਕੀਤੇ ਕੌਮਾਂਤਰੀ ਦੌਰਿਆਂ ਅਤੇ ਕੌਮਾਂਤਰੀ ਸੰਮੇਲਨਾਂ 'ਤੇ 2.66 ਕਰੋੜ ਰੁਪਏ ਖ਼ਰਚ ਕੀਤੇ ਗਏ ਹਨ। ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 25 ਅਕਤੂਬਰ 2018 ਨੂੰ ਇਜ਼ਰਾਈਲ ਦਾ ਦੌਰਾ ਕੀਤਾ ਸੀ, ਜਿਸ 'ਤੇ 60.72 ਲੱਖ ਰੁਪਏ ਦਾ ਖ਼ਰਚ ਆਇਆ। ਇਸ ਦੌਰੇ ਦੇ ਕੀ ਨਤੀਜੇ ਸਾਹਮਣੇ ਆਏ, ਉਸ ਬਾਰੇ ਸਰਕਾਰ ਨੇ ਕੋਈ ਖ਼ੁਲਾਸਾ ਨਹੀਂ ਕੀਤਾ।

ਇਵੇਂ ਹੀ ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਤੇ ਅਧਿਕਾਰੀਆਂ ਨੇ 22 ਜਨਵਰੀ 2019 ਨੂੰ ਸਵਿਟਜ਼ਰਲੈਂਡ 'ਚ 'ਵਰਲਡ ਇਕਨਾਮਿਕ ਫੋਰਮ' ਵਿੱਚ ਹਿੱਸਾ ਲਿਆ ਸੀ, ਜਿਸ 'ਤੇ 39.01 ਲੱਖ ਰੁਪਏ ਦਾ ਖ਼ਰਚਾ ਆਇਆ ਸੀ। ਮਨਪ੍ਰੀਤ ਮੁੜ 21 ਜਨਵਰੀ 2020 ਨੂੰ ਸਵਿਟਜ਼ਰਲੈਂਡ ਗਏ ਤੇ ਇਸ ਦੌਰੇ 'ਤੇ ਖ਼ਜ਼ਾਨੇ ਦੇ 58.47 ਲੱਖ ਰੁਪਏ ਖ਼ਰਚ ਆਏ ਸਨ। 3 ਤੋਂ 5 ਸਤੰਬਰ 2018 ਨੂੰ ਸਿੰਗਾਪੁਰ ਵਿੱਚ ਨਿਵੇਸ਼ ਸੰਮੇਲਨ ਹੋਇਆ, ਜਿਸ ਦਾ ਖ਼ਰਚਾ 29.97 ਲੱਖ ਰੁਪਏ ਅਤੇ ਨਵੰਬਰ 2018 ਵਿਚ ਜਰਮਨੀ ਵਿਚ ਹੋਏ ਸੰਮੇਲਨ 'ਤੇ 20.20 ਲੱਖ ਰੁਪਏ ਖ਼ਰਚ ਆਇਆ ਸੀ। ਇਵੇਂ ਹੀ ਨਵੰਬਰ 2017 ਨੂੰ ਮੁੰਬਈ ਵਿਚ ਹੋਏ ਸੰਮੇਲਨ 'ਤੇ 27.39 ਲੱਖ ਰੁਪਏ ਦਾ ਖ਼ਰਚਾ ਆਇਆ ਸੀ। ਕੈਪਟਨ ਸਰਕਾਰ ਨੇ ਸਭ ਤੋਂ ਪਹਿਲਾਂ ਸੰਮੇਲਨ, ਜੋ 10 ਤੋਂ 12 ਅਪਰੈਲ 2017 ਨੂੰ ਮੁੰਬਈ ਦੇ ਤਾਜ ਮਹਿਲ ਪੈਲੇਸ 'ਚ ਕੀਤਾ ਸੀ, 'ਤੇ 24.67 ਲੱਖ ਰੁਪਏ ਦਾ ਖ਼ਰਚਾ ਆਇਆ ਸੀ। 22 ਤੋਂ 27 ਜੁਲਾਈ 2019 ਨੂੰ ਪੰਜਾਬ ਦੇ ਵਫ਼ਦ ਨੇ ਤਾਇਵਾਨ ਦਾ ਦੌਰਾ ਕੀਤਾ ਅਤੇ ਇਹ ਦੌਰਾ ਸਰਕਾਰ ਨੂੰ 11.17 ਲੱਖ ਰੁਪਏ ਵਿਚ ਪਿਆ ਸੀ। ਸਰਕਾਰ ਵੱਲੋਂ ਸਨਅਤੀ ਤਰੱਕੀ ਦੇ ਦਾਅਵੇ ਤਾਂ ਕੀਤੇ ਗਏ ਹਨ ਪਰ ਇਸ ਦੇ ਅਮਲ ਦਾ ਕਿਧਰੇ ਨਹੀਂ ਦਿਖਾਇਆ ਗਿਆ।

# ਬੀ.ਐਸ.ਐਫ. ਜਵਾਨ ਦੀ ਗੋਲੀਬਾਰੀ 'ਚ ਪੰਜ ਸਾਥੀ ਹਲਾਕ

**ਅਟਾਰੀ:** ਬੀ.ਐਸ.ਐਫ. ਦੇ ਖਾਸਾ ਹੈੱਡ ਕੁਆਰਟਰ ਵਿਚ ਡਿਊਟੀ ਲਾਉਣ ਦੇ ਮਾਮਲੇ ਨੂੰ ਲੈ ਕੇ ਖਫਾ ਬੀ.ਐਸ.ਐਫ. ਦੇ ਜਵਾਨ ਵੱਲੋਂ ਆਪਣੀ ਸਰਕਾਰੀ 'ਇੰਸਾਸ' ਰਾਈਫਲ ਨਾਲ ਸਾਥੀਆਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਉਣ ਕਾਰਨ ਪੰਜ ਜਵਾਨਾਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿਚ ਗੋਲੀ ਚਲਾਉਣ ਵਾਲਾ ਜਵਾਨ ਵੀ ਸ਼ਾਮਲ ਹੈ, ਜਿਸ ਦੀ ਪਛਾਣ ਕਾਂਸਟੇਬਲ ਸਤੈੱਪਾ ਐੱਸ.ਕਿਲਾਰਗੀ (ਕਰਨਾਟਕ) ਵਜੋਂ ਦੱਸੀ ਗਈ ਹੈ।

ਇਕ ਜਵਾਨ ਗੰਭੀਰ ਜ਼ਖਮੀ ਹੋ ਗਿਆ, ਜੋ ਇਸ ਵੇਲੇ ਨਿੱਜੀ ਹਸਪਤਾਲ 'ਚ ਜ਼ੇਰੇ ਇਲਾਜ ਹੈ। ਮਾਰੇ ਗਏ ਹੋਰਨਾਂ ਜਵਾਨਾਂ ਵਿਚ ਹੈੱਡ ਕਾਂਸਟੇਬਲ ਡੀ.ਐਸ.ਤੋਰਸਕਰ (ਮਹਾਰਾਸ਼ਟਰ), ਹੈੱਡ ਕਾਂਸਟੇਬਲ ਬਲਜਿੰਦਰ ਕੁਮਾਰ (ਹਰਿਆਣਾ), ਕਾਂਸਟੇਬਲ ਰਤਨ ਚੰਦ (ਜੰਮੂ ਕਸ਼ਮੀਰ) ਤੇ ਹੈੱਡ ਕਾਂਸਟੇਬਲ ਰਾਮ ਵਿਨੋਦ ਸਿੰਘ (ਬਿਹਾਰ) ਸ਼ਾਮਲ ਹਨ। ਜ਼ਖਮੀ ਕਾਂਸਟੇਬਲ ਦੀ ਪਛਾਣ ਨਿਹਾਲ ਸਿੰਘ ਵਜੋਂ ਹੋਈ ਹੈ। ਇਸ ਦੌਰਾਨ ਬੀ.ਐਸ.ਐਫ. ਨੇ ਕੋਰਟ ਆਫ ਇਨਕੁਆਇਰੀ ਦੇ ਹੁਕਮ ਦੇ ਦਿੱਤੇ ਹਨ।

ਬੀ.ਐਸ.ਐਫ. ਦੇ ਪੰਜਾਬ ਫਰੰਟੀਅਰ ਦੇ ਆਈ.ਜੀ. ਆਸਿਫ ਜਲਾਲ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਇਸ ਪਿੱਛੇ ਕਿਸੇ



ਦੁਸ਼ਮਣੀ (ਮੁਲਜ਼ਮ ਤੇ ਹੋਰ ਪੀੜਤ ਜਵਾਨਾਂ ਦਰਮਿਆਨ) ਜਾਂ ਫਿਰ ਡਿਊਟੀ ਨਾਲ ਜੁੜਿਆ ਕੋਈ ਮਸਲਾ ਹੋਣ ਤੋਂ ਇਨਕਾਰ ਕੀਤਾ ਹੈ। ਆਈ.ਜੀ. ਨੇ ਕਿਹਾ ਕਿ ਪੁਲਿਸ ਤੇ ਬੀ.ਐਸ.ਐਫ. ਵੱਲੋਂ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

ਬੀ.ਐਸ.ਐਫ. ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਸਵੇਰੇ ਲਗਭਗ ਦਸ ਵਜੇ ਵਾਪਰੀ। ਉਸ ਵੇਲੇ ਕਾਂਸਟੇਬਲ ਸਤੈੱਪਾ ਜਨਰਲ ਡਿਊਟੀ ਦਫਤਰ ਵਿਖੇ ਆਇਆ ਹੋਇਆ ਸੀ। ਉਸ ਨੇ ਬਿਨਾਂ ਕਿਸੇ ਝਗੜੇ ਅਤੇ ਕਿਸੇ ਕਾਰਨ ਤੋਂ ਬੀ.ਐਸ.ਐੱਫ. ਦੇ ਹੋਰ ਜਵਾਨਾਂ, ਜੋ ਨਿਹੱਥੇ ਸਨ, ਉਨ੍ਹਾਂ 'ਤੇ ਗੋਲੀ ਚਲਾਈ। ਉਸ ਵੇਲੇ ਉਸ ਕੋਲ ਇੰਸਾਸ ਰਾਈਫਲ ਸੀ। ਉਸ ਵੇਲੇ ਦਫਤਰ ਵਿਚ ਹੈੱਡ ਕਾਂਸਟੇਬਲ ਡੀ.ਐੱਸ ਤੋਰਸਕਰ ਡਿਊਟੀ 'ਤੇ ਸੀ, ਜਿਸ ਉਪਰ ਉਸ ਨੇ ਬਿਨਾਂ ਕਿਸੇ ਚੇਤਾਵਨੀ ਦੇ ਗੋਲੀ ਚਲਾ ਦਿੱਤੀ। ਬਾਅਦ ਵਿਚ ਉਹ ਗੋਲੀ ਚਲਾਉਂਦਾ ਹੋਇਆ ਜਵਾਨਾਂ ਦੀ ਬੈਰਕ ਵੱਲ ਅਤੇ ਬੈਰਕ ਨੇੜੇ ਮੈਸ ਦੇ ਪਿਛਲੇ ਪਾਸੇ ਪੁੱਜ ਗਿਆ, ਜਿਥੇ ਉਸ ਨੇ ਗੋਲੀਆਂ ਚਲਾਈਆਂ ਅਤੇ ਬੀ.ਐਸ.ਐੱਫ. ਜਵਾਨ ਬਲਜਿੰਦਰ ਕੁਮਾਰ, ਰਤਨ ਚੰਦ, ਰਾਮ ਵਿਨੋਦ ਸਿੰਘ ਤੇ ਨਿਹਾਲ ਸਿੰਘ ਗੋਲੀ ਲੱਗਣ ਨਾਲ ਜ਼ਖਮੀ ਹੋ ਗਏ। ਗੋਲੀ ਚਲਾਉਂਦਾ ਹੋਇਆ ਉਹ ਮੁੜ ਬੀ.ਐਸ.ਐਫ. ਦੇ ਸੈਕਟਰ ਹਸਪਤਾਲ ਵੱਲ ਭੱਜਿਆ ਅਤੇ ਰਸਤੇ ਵਿਚ ਉਸ ਨੇ ਮਾਮਲੇ ਨੂੰ ਕੰਟਰੋਲ ਕਰਨ ਲਈ ਆ ਰਹੇ ਕਮਾਂਡੈਂਟ ਸਤੀਸ਼ ਕੁਮਾਰ ਮਿਸ਼ਰਾ ਦੀ ਗੱਡੀ 'ਤੇ ਵੀ ਗੋਲੀ ਚਲਾਈ, ਪਰ ਉਹ ਬਚ ਗਏ। ਉਸ ਨੇ ਹਸਪਤਾਲ ਦੀ ਇਮਾਰਤ ਵੱਲ ਵੀ ਕੁਝ ਗੋਲੀਆਂ ਚਲਾਈਆਂ ਅਤੇ ਇਸ ਦੌਰਾਨ ਉਹ ਖੁਦ ਉਥੇ ਹੀ ਡਿੱਗ ਪਿਆ। ਇਸ ਦੌਰਾਨ ਜ਼ਖਮੀ ਹੋਏ ਸਾਰੇ ਜਵਾਨਾਂ ਨੂੰ ਨੇੜੇ ਹੀ ਇਕ ਪ੍ਰਾਈਵੇਟ ਹਸਪਤਾਲ ਵਿਚ ਲਿਜਾਇਆ ਗਿਆ, ਜਿੱਥੇ ਚਾਰ ਜਵਾਨਾਂ ਨੂੰ ਮ੍ਰਿਤਕ ਲਿਆਂਦਾ ਐਲਾਨ ਦਿੱਤਾ ਗਿਆ।

# ਮੋਦੀ ਸਰਕਾਰ ਵੱਲੋਂ ਆਮ ਜਨਤਾ 'ਤੇ ਟੈਕਸ ਦਾ ਹੋਰ ਬੋਝ ਪਾਉਣ ਦੀ ਤਿਆਰੀ

**ਨਵੀਂ ਦਿੱਲੀ:** ਜੀ.ਐਸ.ਟੀ. ਕੌਂਸਲ ਆਪਣੀ ਅਗਲੀ ਮੀਟਿੰਗ ਵਿਚ ਸਭ ਤੋਂ ਹੇਠਲੀ ਟੈਕਸ ਸਲੈਬ ਨੂੰ 5 ਫੀਸਦੀ ਤੋਂ ਵਧਾ ਕੇ 8 ਫੀਸਦੀ ਕਰਨ ਅਤੇ ਵਸਤਾਂ ਅਤੇ ਸੇਵਾਵਾਂ ਟੈਕਸ ਪ੍ਰਣਾਲੀ ਵਿੱਚ ਛੋਟ ਦੀ ਸੂਚੀ ਨੂੰ ਛੋਟੀ ਕਰ ਸਕਦੀ ਹੈ।

ਰਾਜ ਦੇ ਵਿੱਤ ਮੰਤਰੀਆਂ ਦੇ ਪੈਨਲ ਵੱਲੋਂ ਇਸ ਮਹੀਨੇ ਦੇ ਅੰਤ ਤੱਕ ਕੌਂਸਲ ਨੂੰ ਰਿਪੋਰਟ ਸੌਂਪਣ ਦੀ ਸੰਭਾਵਨਾ ਹੈ ਜਿਸ ਵਿਚ ਸਭ ਤੋਂ ਹੇਠਲੇ ਸਲੈਬ ਨੂੰ ਵਧਾਉਣਾ ਅਤੇ ਸਲੈਬ ਨੂੰ ਤਰਕਸੰਗਤ ਬਣਾਉਣ ਸਮੇਤ ਮਾਲੀਆ ਵਧਾਉਣ ਲਈ ਵੱਖ-ਵੱਖ ਕਦਮਾਂ ਦਾ ਸੁਝਾਅ ਦਿੱਤਾ ਜਾਵੇਗਾ। ਇਸ ਸਮੇਂ ਜੀ.ਐਸ.ਟੀ. ਦੀਆਂ ਚਾਰ ਟੈਕਸ ਸਲੈਬਾਂ 5, 12, 18 ਅਤੇ 28 ਫ਼ੀਸਦ ਹਨ। ਜੀ.ਐਸ.ਟੀ. ਪ੍ਰਬੰਧ ਤਹਿਤ ਤੈਅ ਟੈਕਸ ਸਲੈਬਾਂ ਵਿਚ ਜ਼ਰੂਰੀ ਵਸਤਾਂ ਨੂੰ ਛੋਟ ਦਿੱਤੀ ਹੈ ਜਾਂ ਫਿਰ ਸਭ ਤੋਂ ਹੇਠਲੀ ਸਲੈਬ ਵਿਚ ਰੱਖਿਆ ਹੈ। ਲਗਜ਼ਰੀ ਤੇ ਸ਼ਰਾਬ-ਸਿਗਰਟ ਜਿਹੀਆਂ ਆਈਟਮਾਂ 28% ਸਿਖਰਲੀ ਸਲੈਬ ਵਿਚ ਆਉਂਦੀਆਂ ਹਨ, ਜਿਨ੍ਹਾਂ ਤੋਂ ਇਕੱਤਰ ਸੈੱਸ ਨੂੰ ਜੀ.ਐਸ.ਟੀ. ਪ੍ਰਬੰਧ ਦੇ ਅਮਲ ਵਿਚ ਆਉਣ ਕਰਕੇ ਰਾਜਾਂ ਨੂੰ ਪੈਣ ਵਾਲੇ ਮਾਲੀਆ ਘਾਟੇ ਲਈ ਮੁਆਵਜ਼ੇ ਵਜੋਂ ਅਦਾਇਗੀ ਹੁੰਦੀ ਹੈ।

ਸੂਤਰਾਂ ਮੁਤਾਬਕ ਮੰਤਰੀ ਸਮੂਹ 5 ਫੀਸਦ ਦੀ ਸਲੈਬ ਨੂੰ ਵਧਾ ਕੇ 8 ਫੀਸਦ ਕਰਨ ਦੀ ਤਜਵੀਜ਼ ਰੱਖ ਸਕਦਾ ਹੈ ਤੇ ਇਸ ਨਾਲ ਸਾਲਾਨਾ 1.50 ਲੱਖ ਕਰੋੜ ਰੁਪਏ ਦਾ ਮਾਲੀਆ ਪੈਦਾ ਹੋਵੇਗਾ। ਗਿਣਤੀਆਂ ਮਿਣਤੀਆਂ ਮੁਤਾਬਕ ਹੇਠਲੀ ਸਲੈਬ, ਜਿਸ ਵਿਚ ਮੁੱਖ ਤੌਰ 'ਤੇ ਪੈਕੇਜਡ ਫੂਡ ਆਈਟਮਾਂ ਸ਼ਾਮਲ ਹਨ, ਇਕ ਫੀਸਦ ਵਧਾਉਣ ਨਾਲ ਮਾਲੀਏ 'ਚ ਸਾਲਾਨਾ 50,000 ਕਰੋੜ ਰੁਪਏ ਦਾ ਵਾਧਾ ਹੋਵੇਗਾ। ਟੈਕਸ ਸਲੈਬ ਨੂੰ ਤਰਕਸੰਗਤ ਬਣਾਉਣ ਦੀ ਕੜੀ ਵਜੋਂ ਕੇਂਦਰ ਸਰਕਾਰ ਤਿੰਨ ਕਤਾਰਾਂ ਵਾਲੇ ਜੀ.ਐਸ.ਟੀ. ਢਾਂਚੇ 'ਤੇ ਵਿਚਾਰ ਕਰ ਰਹੀ ਹੈ, ਜਿਸ ਵਿਚ 8, 18 ਤੇ 28 ਫੀਸਦ ਦੀਆਂ ਦਰਾਂ ਹੋਣਗੀਆਂ। ਜੇਕਰ ਇਹ ਤਜਵੀਜ਼ ਆਉਂਦੀ ਹੈ ਤਾਂ ਜਿਹੜੀਆਂ ਵਸਤਾਂ ਤੇ ਸੇਵਾਵਾਂ 'ਤੇ ਹੁਣ 12 ਫੀਸਦ ਟੈਕਸ ਲੱਗਦਾ ਹੈ, ਉਹ 18 ਫੀਸਦ ਵਾਲੀ ਸਲੈਬ ਵਿਚ ਚਲੀਆਂ ਜਾਣਗੀਆਂ। ਉਪਰੋਕਤ ਤੋਂ ਇਲਾਵਾ (ਵਿੱਤ) ਮੰਤਰੀਆਂ ਦਾ ਸਮੂਹ ਜੀ.ਐੱਸ.ਟੀ. ਤੋਂ ਛੋਟ ਵਾਲੀਆਂ ਵਸਤਾਂ ਦੀ ਗਿਣਤੀ ਘਟਾਉਣ ਦੀ ਤਜਵੀਜ਼ ਵੀ ਰੱਖੇਗੀ। ਮੌਜੂਦਾ ਸਮੇਂ ਬਿਨਾਂ ਪੈਕਿੰਗ ਤੇ ਬਿਨਾਂ ਬਰਾਂਡ ਵਾਲੀਆਂ ਫੂਡ ਤੇ ਡੇਅਰੀ ਆਈਟਮਾਂ ਨੂੰ ਜੀ.ਐਸ.ਟੀ. ਤੋਂ ਛੋਟ ਹੈ। ਸੂਤਰਾਂ ਨੇ ਕਿਹਾ ਕਿ ਜੀ.ਐਸ.ਟੀ. ਕੌਂਸਲ ਮਾਰਚ ਦੇ ਅਖੀਰ ਜਾਂ ਫਿਰ ਅਪਰੈਲ ਦੀ ਸ਼ੁਰੂਆਤ ਵਿਚ ਮੀਟਿੰਗ ਕਰਕੇ ਵਿੱਤ ਮੰਤਰੀਆਂ ਦੇ ਸਮੂਹ ਵੱਲੋਂ ਦਾਖਲ ਰਿਪੋਰਟ 'ਤੇ ਚਰਚਾ ਕਰੇਗੀ।

# ਭੁੱਲਰ ਦੀ ਰਿਹਾਈ ਟਾਲਣ ਪਿੱਛੋਂ ਦਿੱਲੀ ਸਰਕਾਰ ਦੀ ਘੇਰਾਬੰਦੀ ਸ਼ੁਰੂ

**ਨਵੀਂ ਦਿੱਲੀ:** ਦਿੱਲੀ ਸਰਕਾਰ ਦੇ ਗ੍ਰਹਿ ਮੰਤਰੀ ਸਤੇਂਦਰ ਜੈਨ ਦੀ ਅਗਵਾਈ ਵਾਲੇ ਸਜ਼ਾ ਸਮੀਖਿਆ ਬੋਰਡ (ਐਸ.ਆਰ.ਬੀ.) ਨੇ 1993 ਦੇ ਦਿੱਲੀ ਬੰਬ ਧਮਾਕੇ ਦੇ ਦੋਸ਼ੀ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਸਬੰਧੀ ਫੈਸਲਾ ਟਾਲ ਦਿੱਤਾ ਹੈ। ਭੁੱਲਰ ਇਸ ਸਮੇਂ ਅੰਮ੍ਰਿਤਸਰ ਜੇਲ੍ਹ 'ਚ ਬੰਦ ਹੈ। ਬੋਰਡ ਦੇ ਇਸ ਫੈਸਲੇ ਪਿੱਛੋਂ ਪੰਜਾਬ ਦੀਆਂ ਸਿਆਸੀ ਧਿਰਾਂ ਤੇ ਪੰਥਕ ਜਥੇਬੰਦੀਆਂ ਨੇ ਦਿੱਲੀ ਸਰਕਾਰ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਿਚ ਅੜਿੱਕਾ ਡਾਹੁਣ ਲਈ ਦਿੱਲੀ ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਇਸ ਮਾਮਲੇ 'ਚ 'ਆਪ' ਦਾ ਸਿੱਖ ਵਿਰੋਧੀ ਚਿਹਰਾ ਸਾਹਮਣੇ ਆ ਗਿਆ ਹੈ। ਉਨ੍ਹਾਂ ਇਸ ਮਾਮਲੇ ਵਿਚ ਕੇਂਦਰ ਸਰਕਾਰ ਤੋਂ ਦਖ਼ਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸਜ਼ਾ ਸਮੀਖਿਆ ਬੋਰਡ ਵੱਲੋਂ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਪ੍ਰੋ. ਭੁੱਲਰ ਦੀ ਰਿਹਾਈ ਬਾਰੇ ਉਨ੍ਹਾਂ ਨੂੰ ਕੀ ਮੁਸ਼ਕਲ ਹੈ। ਇਸ ਦੌਰਾਨ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਇਸ ਮਾਮਲੇ ਵਿਚ ਦਿੱਲੀ ਸਰਕਾਰ ਖਿਲਾਫ ਸੁਪਰੀਮ ਕੋਰਟ ਜਾਣ ਦੀ ਚਿਤਾਵਨੀ ਦਿੱਤੀ ਹੈ।

ਇਸ ਫੈਸਲੇ ਦੇ ਵਿਰੋਧ ਵਿਚ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਜਾਗੋ ਪਾਰਟੀ ਵੱਲੋਂ ਕੇਜਰੀਵਾਲ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਜਾਗੋ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੀ ਅਗਵਾਈ 'ਚ ਹੋਏ ਇਸ ਮੁਜ਼ਾਹਰੇ ਵਿਚ ਮੁਜਾਹਰਾਕਾਰੀਆਂ ਨੇ ਪ੍ਰੋ. ਭੁੱਲਰ ਦੀ ਰਿਹਾਈ ਦੀ ਮੰਗ ਕਰਦਿਆਂ ਕੇਜਰੀਵਾਲ ਮੁਰਦਾਬਾਦ ਦੇ ਨਾਅਰੇ ਲਗਾਏ ਅਤੇ ਕੇਜਰੀਵਾਲ ਦੀ ਲਿਖੀ ਕਿਤਾਬ 'ਸਵਰਾਜ' ਦੀ ਕਾਪੀ ਨੂੰ ਸਾੜਿਆ ਗਿਆ।

ਸ੍ਰੀ ਜੀ.ਕੇ. ਨੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਤਰੀਕੇ ਨਾਲ ਕੇਜਰੀਵਾਲ ਸਰਕਾਰ ਸਮੁੱਚੀ ਸੰਵਿਧਾਨਕ ਵਿਵਸਥਾ ਨੂੰ ਛਿੱਕੇ ਟੰਗ ਕੇ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਨੂੰ ਉਮਰ ਭਰ ਲਈ ਜੇਲ੍ਹ 'ਚ ਰੱਖਣਾ ਚਾਹੁੰਦੀ ਹੈ, ਉਹ ਠੀਕ ਨਹੀਂ ਹੈ। ਜੀ.ਕੇ. ਨੇ ਦਾਅਵਾ ਕੀਤਾ ਕਿ ਪ੍ਰੋ. ਭੁੱਲਰ ਨੇ ਦੋ ਉਮਰ ਕੈਦ ਦੀ ਸਜ਼ਾ ਬਰਾਬਰ ਸਜ਼ਾਵਾਂ ਕੱਟੀਆਂ ਹਨ, ਇਹ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਵੱਲੋਂ ਅਕਤੂਬਰ 2019 ਦੇ ਰਿਹਾਈ ਹੁਕਮਾਂ ਤੋਂ ਬਾਅਦ ਦਿੱਲੀ ਸਰਕਾਰ ਦੀ ਨਾਲਾਇਕੀ ਕਾਰਨ ਪ੍ਰੋ. ਭੁੱਲਰ ਦੀ 17 ਮਹੀਨਿਆਂ ਦੀ ਗੈਰ-ਕਾਨੂੰਨੀ ਨਜ਼ਰਬੰਦੀ ਦਾ ਮਾਮਲਾ ਬਣਦਾ ਹੈ।

ਦੱਸ ਦਈਏ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭੁੱਲਰ ਦੀ ਰਿਹਾਈ ਦੀ ਮੰਗ ਜ਼ੋਰ ਫੜ ਗਈ ਸੀ। ਬੋਰਡ ਦੇ ਸੱਤ ਮੈਂਬਰਾਂ ਵਿਚ ਤਿਹਾੜ ਜੇਲ੍ਹ ਦਾ ਡਾਇਰੈਕਟਰ ਜਨਰਲ, ਗ੍ਰਹਿ ਅਤੇ ਕਾਨੂੰਨ ਵਿਭਾਗਾਂ ਦਾ ਸਕੱਤਰ, ਦਿੱਲੀ ਸਰਕਾਰ ਦੇ ਸਮਾਜ ਭਲਾਈ ਵਿਭਾਗ ਦਾ ਡਾਇਰੈਕਟਰ, ਇਕ ਜ਼ਿਲ੍ਹਾ ਜੱਜ ਅਤੇ ਦਿੱਲੀ ਪੁਲਿਸ ਦਾ ਇਕ ਸੀਨੀਅਰ ਅਧਿਕਾਰੀ ਸ਼ਾਮਲ ਹੈ। ਭੁੱਲਰ ਨੂੰ 1993 ਵਿਚ ਦਿੱਲੀ ਵਿਚ ਹੋਏ ਬੰਬ ਧਮਾਕੇ ਵਿਚ 9 ਵਿਅਕਤੀਆਂ ਦੀ ਹੱਤਿਆ ਅਤੇ 31 ਹੋਰਾਂ ਨੂੰ ਜ਼ਖ਼ਮੀ ਕਰਨ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਇਸ ਹਮਲੇ ਵਿਚ ਯੂਥ ਕਾਂਗਰਸ ਦਾ ਸਾਬਕਾ ਪ੍ਰਧਾਨ ਐਮ.ਐਸ. ਬਿੱਟਾ ਵੀ ਜ਼ਖ਼ਮੀ ਹੋਇਆ ਸੀ।



ਭੁੱਲਰ ਨੂੰ 25 ਅਗਸਤ, 2001 'ਚ ਇਕ ਮਨੋਨੀਤ ਟਾਡਾ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ। ਸੁਪਰੀਮ ਕੋਰਟ ਵੱਲੋਂ ਮੌਤ ਦੀ ਸਜ਼ਾ ਨੂੰ ਘਟਾ ਦਿੱਤੇ ਜਾਣ ਤੋਂ ਬਾਅਦ ਉਹ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਉਸ ਨੂੰ ਜੂਨ 2015 ਵਿਚ ਸਿਹਤ ਕਾਰਨਾਂ ਕਰਕੇ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਹਾਲ ਹੀ ਵਿਚ ਸੂਬੇ ਵਿੱਚ ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਭੁੱਲਰ ਦੀ ਤੁਰਤ ਰਿਹਾਈ ਮੰਗੀ ਸੀ। ਉਨ੍ਹਾਂ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਭੁੱਲਰ ਦੀ ਰਿਹਾਈ 'ਚ ਰੁਕਾਵਟ ਪਾਉਣ ਦਾ ਦੋਸ਼ ਲਗਾਇਆ ਸੀ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਸੀ ਇਹ ਇੱਕ ਸੰਵੇਦਨਸ਼ੀਲ ਮੁੱਦਾ ਹੈ ਅਤੇ ਅਕਾਲੀ ਦਲ ਇਸ ਉੱਤੇ ਗੰਦੀ ਰਾਜਨੀਤੀ ਕਰ ਰਿਹਾ ਹੈ।

## ਭੁੱਲਰ ਦੀ ਰਿਹਾਈ ਖਿਲਾਫ ਅਦਾਲਤ ਜਾਵਾਂਗੇ: ਬਿੱਟਾ

**ਪਠਾਨਕੋਟ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਬਾਰੇ ਗੱਲ ਕਰਦਿਆਂ ਆਲ ਇੰਡੀਆ ਐਂਟੀ ਟੈਰੋਰਿਸਟ ਫਰੰਟ ਦੇ ਕੌਮੀ ਚੇਅਰਮੈਨ ਮਨਿੰਦਰਜੀਤ ਸਿੰਘ ਬਿੱਟਾ ਨੇ ਕਿਹਾ ਕਿ ਜੇਕਰ ਭੁੱਲਰ ਨੂੰ ਰਿਹਾਅ ਕੀਤਾ ਗਿਆ ਤਾਂ ਉਹ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਗੇ ਅਤੇ ਅਜਿਹੇ ਹੋਰ ਵੀ ਕੇਸਾਂ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾਵੇਗੀ, ਜਿਨ੍ਹਾਂ ਨੂੰ ਇਸੇ ਤਰ੍ਹਾਂ ਪਹਿਲਾਂ ਛੱਡਿਆ ਗਿਆ ਹੈ। ਬਿੱਟਾ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੀ ਭੁੱਲਰ ਦੀ ਰਿਹਾਈ ਨੂੰ ਮੁੱਦਾ ਬਣਾਇਆ ਗਿਆ, ਜਦ ਕਿ ਉਸ ਦੀ ਫਾਂਸੀ ਦੀ ਸਜ਼ਾ ਤੋਂ ਲੈ ਕੇ ਹੁਣ ਤੱਕ ਸਿਆਸਤ ਹੀ ਹੁੰਦੀ ਆਈ ਹੈ।

## ਸੁਖਬੀਰ ਵੱਲੋਂ ਕੇਜਰੀਵਾਲ ਦੀ ਨੁਕਤਾਚੀਨੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਰੋਕ ਕੇ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਆਖਰ ਆਪਣੀ ਸਿੱਖ ਵਿਰੋਧੀ ਤੇ ਪੰਜਾਬ ਵਿਰੋਧੀ ਪਛਾਣ ਸਾਹਮਣੇ ਰੱਖ ਦਿੱਤੀ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਕੇਜਰੀਵਾਲ ਦਾ ਦੋਗਲਾਪਣ ਅਤੇ ਪੰਜਾਬ ਵਿਰੋਧੀ ਸਟੈਂਡ ਬੇਨਕਾਬ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਭਗਵੰਤ ਮਾਨ ਤੇ ਹਰਪਾਲ ਚੀਮਾ ਨੂੰ ਜਵਾਬ ਦੇਣੇ ਪੈਣਗੇ ਕਿ ਉਨ੍ਹਾਂ ਦੀ ਪਾਰਟੀ ਸਿੱਖ ਅਤੇ ਪੰਜਾਬੀ ਵਿਰੋਧੀ ਕਿਉਂ ਹੈ।

# ਵਿਵਾਦਤ ਕਿਤਾਬ: ਸਿੱਖ ਜਥੇਬੰਦੀਆਂ ਵੱਲੋਂ ਸੰਘਰਸ਼ ਹੋਰ ਤਿੱਖਾ ਕਰਨ ਦੀ ਚਿਤਾਵਨੀ

**ਚੰਡੀਗੜ੍ਹ:** ਪੰਜਾਬ ਦੇ ਸਕੂਲਾਂ ਵਿਚ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਵਿਵਾਦਿਤ ਇਤਿਹਾਸ ਦੀ ਕਿਤਾਬ ਪੜ੍ਹਾਉਣ ਦਾ ਮਾਮਲਾ ਭਖ ਗਿਆ ਹੈ। ਭਾਰਤੀ ਕਿਸਾਨ ਯੂਨੀਅਨ (ਸਿਰਸਾ) ਦੇ ਪ੍ਰਧਾਨ ਤੇ ਸਿੱਖ ਆਗੂ ਜਥੇਦਾਰ ਬਲਦੇਵ ਸਿੰਘ ਸਿਰਸਾ ਦੀ ਅਗਵਾਈ ਹੇਠ ਸਿੱਖਿਆ ਬੋਰਡ ਦੇ ਬਾਹਰ ਧਰਨਾ ਜਾਰੀ ਹੈ। ਉਧਰ, ਇਸ ਸਬੰਧੀ ਆਈ.ਪੀ.ਐਸ. ਮਲਹੋਤਰਾ ਨੇ ਆਪਣੀ ਪੜਤਾਲ ਤੇਜ਼ ਕਰ ਦਿੱਤੀ ਹੈ।

ਜਾਂਚ ਅਧਿਕਾਰੀ ਨੇ ਇਤਿਹਾਸ ਦੀ ਵਿਵਾਦਿਤ ਕਿਤਾਬ ਛਾਪਣ ਅਤੇ ਪ੍ਰਵਾਨਗੀ ਦੇਣ ਤੋਂ ਲੈ ਕੇ ਪ੍ਰਕਾਸ਼ਿਤ ਕਰਨ ਤੱਕ ਆਦਿ ਸਬੰਧਿਤ ਅਧਿਕਾਰੀਆਂ ਤੇ ਵਿਅਕਤੀਆਂ ਨੂੰ ਸੱਦ ਕੇ ਬਿਆਨ ਕਲਮਬੰਦ ਕੀਤੇ ਹਨ। ਇਸ ਕਾਰਵਾਈ ਦੀ ਵੀਡੀਓਗਰਾਫ਼ੀ ਵੀ ਕੀਤੀ ਗਈ। ਸ਼ਿਕਾਇਤਕਰਤਾ ਜਥੇਦਾਰ ਬਲਦੇਵ ਸਿੰਘ ਸਿਰਸਾ ਦੇ ਬਿਆਨ ਵੀ ਦਰਜ ਕੀਤੇ ਜਾ ਰਹੇ ਹਨ। ਦੱਸਣਯੋਗ ਹੈ ਕਿ ਸਿੱਖਿਆ ਮੰਤਰੀ ਪਰਗਟ ਸਿੰਘ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਪ੍ਰੋ. ਯੋਗਰਾਜ ਵੱਲੋਂ ਪੜਤਾਲੀਆ ਅਫ਼ਸਰ ਤੋਂ ਪੰਜ ਮਾਰਚ ਤੱਕ ਮੁਕੰਮਲ ਜਾਂਚ ਰਿਪੋਰਟ ਮੰਗੀ ਗਈ ਹੈ।

ਭਾਰਤੀ ਕਿਸਾਨ ਯੂਨੀਅਨ (ਸਿਰਸਾ) ਦੇ ਪ੍ਰਧਾਨ ਅਤੇ ਸਿੱਖ ਆਗੂ ਜਥੇਦਾਰ ਬਲਦੇਵ ਸਿੰਘ ਸਿਰਸਾ ਨੇ ਦੱਸਿਆ ਕਿ 15 ਮਾਰਚ ਨੂੰ ਧਰਨੇ ਵਾਲੀ ਥਾਂ 'ਤੇ ਸਿੱਖਾਂ, ਪੰਥ ਹਿਤੈਸ਼ੀਆਂ, ਕਿਸਾਨਾਂ, ਬੁੱਧੀਜੀਵੀਆਂ ਅਤੇ ਹੋਰ ਸੰਗਠਨਾਂ ਦਾ ਸਾਂਝਾ ਇਕੱਠ ਸੱਦਿਆ ਗਿਆ ਹੈ।

ਕਿਸਾਨ ਮੋਰਚੇ ਦੀ ਸਾਂਝੀ ਸੱਥ ਦੇ ਫਾਊਂਡਰ ਸੁਖਵਿੰਦਰ ਸਿੰਘ ਬੜਵੇ ਨੇ ਆਪਣੇ ਸਾਥੀਆਂ ਸਣੇ ਧਰਨੇ ਵਿਚ ਸ਼ਿਰਕਤ ਕਰਕੇ ਸੰਘਰਸ਼ ਦੀ ਹਮਾਇਤ ਕਰਨ ਦਾ ਐਲਾਨ ਕੀਤਾ। ਉਧਰ, ਜਥੇਦਾਰ ਬਲਦੇਵ ਸਿੰਘ ਸਿਰਸਾ ਨੇ ਉਨ੍ਹਾਂ ਨੂੰ ਸਿੱਖ ਵਿਰੋਧੀ ਤਾਕਤਾਂ ਕਹਿਣ ਵਾਲੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਉਨ੍ਹਾਂ ਕਿਹਾ ਕਿ ਉਕਤ ਆਗੂ ਬਿਨਾਂ ਸੋਚ ਜਾਣੇ ਇਸ ਸੰਘਰਸ਼ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦੱਸਣਯੋਗ ਹੈ ਕਿ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਤੇ ਫੈਡਰੇਸ਼ਨ ਆਗੂ ਭਾਈ ਗੁਰਚਰਨ ਸਿੰਘ ਗਰੇਵਾਲ ਅਤੇ ਭਾਈ ਗੁਰਬਖ਼ਸ਼ ਸਿੰਘ ਖਾਲਸਾ ਨੇ ਜਥੇਦਾਰ ਸਿਰਸਾ 'ਤੇ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਨ ਅਤੇ ਸਿੱਖ ਇਤਿਹਾਸ ਦੇ ਮਾਮਲੇ ਨੂੰ ਬਿਨਾਂ ਵਜ੍ਹਾ ਤੂਲ ਦੇਣ ਦਾ ਦੋਸ਼ ਲਾਇਆ ਸੀ।

# ਐਨ.ਆਈ.ਏ. ਵੱਲੋਂ ਖਾਲਿਸਤਾਨ ਨਾਲ ਸਬੰਧਤ ਖਾੜਕੂਆਂ ਵਿਰੁਧ ਦੋਸ਼ ਪੱਤਰ

**ਮੁਹਾਲੀ:** ਅਤਿਵਾਦ ਰੋਕੂ ਕੇਂਦਰੀ ਜਾਂਚ ਏਜੰਸੀ ਐਨ.ਆਈ.ਏ. ਵੱਲੋਂ ਭਾਰਤ-ਪਾਕਿਸਤਾਨ ਸਰਹੱਦਾਂ ਤੋਂ ਨਸ਼ੀਲੇ ਪਦਾਰਥਾਂ, ਹਥਿਆਰਾਂ ਤੇ ਵਿਸਫੋਟਕ ਪਦਾਰਥਾਂ ਦੀ ਤਸਕਰੀ ਕਰਨ ਦੇ ਮਾਮਲੇ ਵਿਚ ਖਾਲਿਸਤਾਨ ਨਾਲ ਸਬੰਧਤ ਪੰਜ ਕਥਿਤ ਖਾੜਕੂਆਂ ਵਿਰੁੱਧ ਮੁਹਾਲੀ ਦੀ ਇਕ ਵਿਸ਼ੇਸ਼ ਅਦਾਲਤ ਵਿਚ ਦੋਸ਼ ਪੱਤਰ ਦਾਇਰ ਕੀਤਾ ਗਿਆ, ਜਿਨ੍ਹਾਂ 'ਚ ਹਰਮੇਸ਼ ਸਿੰਘ ਉਰਫ ਕਾਲੀ ਵਾਸੀ ਫਿਰੋਜ਼ਪੁਰ, ਦਰਵੇਸ਼ ਸਿੰਘ ਵਾਸੀ ਫਿਰੋਜ਼ਪੁਰ, ਗੁਰਮੁਖ ਸਿੰਘ ਵਾਸੀ ਜਲੰਧਰ, ਗਗਨਦੀਪ ਸਿੰਘ ਵਾਸੀ ਕਪੂਰਥਲਾ ਅਤੇ ਲਖਬੀਰ ਸਿੰਘ ਰੋਡਾ ਵਾਸੀ ਮੋਗਾ ਸ਼ਾਮਲ ਹਨ।

ਐਨ.ਆਈ.ਏ. ਦੇ ਅਧਿਕਾਰੀਆਂ ਅਨੁਸਾਰ ਉਕਤ ਵਿਅਕਤੀਆਂ 'ਤੇ ਦੋਸ਼ ਹੈ ਕਿ ਉਹ ਡਰੋਨਾਂ ਰਾਹੀਂ ਭਾਰਤ-ਪਾਕਿ ਸਰਹੱਦ ਤੋਂ ਨਸ਼ੀਲੇ ਪਦਾਰਥਾਂ, ਹਥਿਆਰਾਂ ਤੇ ਵਿਸਫੋਟਕ ਪਦਾਰਥਾਂ ਦੀ ਤਸਕਰੀ



ਕਰਦੇ ਸਨ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਪੰਜਾਬ ਪੁਲਿਸ ਵੱਲੋਂ 25 ਅਗਸਤ 2021 ਨੂੰ ਪੁਲਿਸ ਸਟੇਸ਼ਨ ਮਮਦੋਟ ਫਿਰੋਜ਼ਪੁਰ ਵਿਖੇ ਦਰਜ ਕੀਤਾ ਗਿਆ ਸੀ, ਜਿਸ ਨੂੰ ਬਾਅਦ 'ਚ ਐਨ.ਆਈ.ਏ. ਦੇ ਹਵਾਲੇ ਕਰ ਦਿੱਤਾ ਗਿਆ ਸੀ, ਉਪਰੰਤ 6 ਨਵੰਬਰ 2021 ਨੂੰ ਐਨ.ਆਈ.ਏ. ਵੱਲੋਂ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁੜ ਕੇਸ ਦਰਜ ਕੀਤਾ ਗਿਆ ਸੀ।

# ਕਰੋਨਾ ਕਾਲ ਮਗਰੋਂ ਗੁਰਦੁਆਰਿਆਂ ਦੀ ਵਿੱਤੀ ਹਾਲਤ ਸੁਧਰੀ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਥੇ ਦੋਆਬਾ ਜ਼ੋਨ ਦੇ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਸਮੂਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਦੱਸਿਆ ਕਿ ਕਰੋਨਾ ਕਾਲ ਦੇ ਮੁਕਾਬਲੇ ਸਮੂਹ ਗੁਰਦੁਆਰਿਆਂ ਵਿਚ ਵਿੱਤੀ ਹਾਲਾਤ ਪਹਿਲਾਂ ਨਾਲੋਂ ਕਾਫੀ ਜ਼ਿਆਦਾ ਸੁਧਰੇ ਹਨ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਚੌਗਿਰਦੇ ਨੂੰ ਹੋਰ ਸੁੰਦਰ ਬਣਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਮਾਸਟਰ ਪਲਾਨ ਤਿਆਰ ਕੀਤਾ ਗਿਆ ਹੈ। ਜੋੜਾ ਘਰ ਦੀ ਉਸਾਰੀ ਦਫਤਰ ਦਾ ਵਿਸਥਾਰ ਅਤੇ ਗੁਰਦੁਆਰਾ ਸਾਹਿਬ ਦੀ ਬਾਹਰੀ ਇਮਾਰਤ ਨੂੰ ਖੁੱਲ੍ਹਾ ਕੀਤਾ ਜਾਵੇਗਾ। ਸ੍ਰੀ ਆਨੰਦਪੁਰ ਸਾਹਿਬ ਵਿਖੇ ਮਨਾਏ ਜਾ ਰਹੇ ਕੌਮੀ ਤਿਉਹਾਰ ਹੋਲਾ ਮਹੱਲਾ ਮੌਕੇ ਸੈਂਕੜਿਆਂ ਦੀ ਗਿਣਤੀ ਵਿਚ ਸੰਗਤਿਆਂ ਦੇ ਮੇਲਾ ਖੇਤਰ ਵਿਚ ਆਉਣ ਸਬੰਧੀ ਉਨ੍ਹਾਂ ਕਿਹਾ ਕਿ ਉਹ ਇਸ ਸਬੰਧੀ ਪ੍ਰਸ਼ਾਸਨ ਨਾਲ ਗੱਲਬਾਤ ਕਰਕੇ ਇਸ ਸਮੱਸਿਆ ਦਾ ਹੱਲ ਕਰਨ ਦੀ ਬੇਨਤੀ ਕਰਨਗੇ।

# ਸੁਮੇਧ ਸੈਣੀ ਦੀ ਗ੍ਰਿਫਤਾਰੀ 'ਤੇ ਰੋਕ ਤੋਂ ਸੁਪਰੀਮ ਕੋਰਟ ਵੀ ਹੈਰਾਨ

**ਚੰਡੀਗੜ੍ਹ:** ਸੁਪਰੀਮ ਕੋਰਟ ਨੇ ਵਿਵਾਦਾਂ ਵਿਚ ਘਿਰੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀ ਗ੍ਰਿਫਤਾਰੀ 'ਤੇ ਹਾਈ ਕੋਰਟ ਵੱਲੋਂ ਲਾਈ ਰੋਕ 'ਤੇ ਹੈਰਾਨੀ ਪ੍ਰਗਟ ਕੀਤੀ ਹੈ। ਸੁਪਰੀਮ ਕੋਰਟ ਇਸ ਗੱਲੋਂ ਖ਼ਫ਼ਾ ਨਜ਼ਰ ਆਇਆ ਕਿ ਕਿਸੇ ਵੀ ਦਰਜ ਹੋਣ ਵਾਲੇ ਨਵੇਂ ਕੇਸ ਵਿਚ ਗ੍ਰਿਫਤਾਰੀ 'ਤੇ ਪਹਿਲਾਂ ਹੀ ਰੋਕ ਕਿਵੇਂ ਲਾਈ ਜਾ ਸਕਦੀ ਹੈ।

ਸੁਪਰੀਮ ਕੋਰਟ ਦੀ ਟਿੱਪਣੀ ਸਾਬਕਾ ਡੀ.ਜੀ.ਪੀ. ਲਈ ਝਟਕੇ ਵਾਂਗ ਹੈ ਤੇ ਸੈਣੀ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਜ਼ਿਕਰਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਰਵਿੰਦ ਸਿੰਘ ਸਾਂਗਵਾਨ ਨੇ ਸੈਣੀ ਦੀ ਗ੍ਰਿਫਤਾਰੀ 'ਤੇ 20 ਅਪਰੈਲ ਤੱਕ ਰੋਕ ਲਾਈ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਐਨ.ਵੀ. ਰਮੰਨਾ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਹੈਰਾਨੀ ਜ਼ਾਹਿਰ ਕੀਤੀ ਤੇ ਕਿਹਾ ਕਿ ਪੁਰਾਣੇ ਕੇਸਾਂ ਤੋਂ ਇਲਾਵਾ ਸੈਣੀ ਖ਼ਿਲਾਫ਼ ਦਰਜ ਹੋਣ ਵਾਲੇ ਨਵੇਂ ਕੇਸ ਵਿਚ ਵੀ ਸੈਣੀ ਦੀ ਗ੍ਰਿਫਤਾਰੀ 'ਤੇ ਅਗਾਊਂ ਹੀ ਰੋਕ ਲਾ ਦੇਣ ਵਾਲੇ ਇਹ ਹੁਕਮ ਵਾਜਬ ਨਹੀਂ ਜਾਪਦੇ, ਉਨ੍ਹਾਂ ਕੇਸਾਂ ਵਿਚ ਗ੍ਰਿਫਤਾਰੀ 'ਤੇ ਕਿਵੇਂ ਰੋਕ ਲਾਈ ਜਾ ਸਕਦੀ ਹੈ ਜੋ ਹਾਲੇ ਦਰਜ ਹੀ ਨਹੀਂ ਹੋਏ ਹਨ।

ਸੁਪਰੀਮ ਕੋਰਟ ਨੇ ਇਸ ਮਾਮਲੇ ਨੂੰ ਸੁਣਵਾਈ ਯੋਗ ਸਮਝਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਆਦੇਸ਼ ਜਾਰੀ ਕੀਤੇ ਕਿ ਉਹ ਇਸ ਮਾਮਲੇ ਵਿਚ ਖ਼ੁਦ ਸੁਣਵਾਈ ਕਰਨ ਜਾਂ ਮਾਮਲਾ ਕਿਸੇ ਹੋਰ ਜੱਜ ਦੇ ਹਵਾਲੇ ਕਰਨ। ਇਹ ਮਾਮਲਾ ਜਸਟਿਸ ਸਾਂਗਵਾਨ ਨੂੰ ਨਾ ਦੇਣ ਲਈ ਕਿਹਾ ਗਿਆ ਹੈ। ਇਸ ਮਾਮਲੇ ਦੇ ਨਿਪਟਾਰੇ ਲਈ ਦੋ ਹਫ਼ਤਿਆਂ ਦਾ ਸਮਾਂ ਦਿੱਤਾ ਗਿਆ ਹੈ ਅਤੇ ਸੁਪਰੀਮ ਕੋਰਟ ਨੇ ਇਸ ਕੇਸ ਦੇ ਨਿਪਟਾਰੇ ਤੱਕ ਸਪੈਸ਼ਲ ਲੀਵ ਪਟੀਸ਼ਨ ਨੂੰ ਆਪਣੇ ਕੋਲ ਪੈਂਡਿੰਗ ਰੱਖ ਲਿਆ ਹੈ। ਸੁਪਰੀਮ ਕੋਰਟ ਵਿਚ ਪੰਜਾਬ ਸਰਕਾਰ ਵੱਲੋਂ ਐਡਵੋਕੇਟ ਜਨਰਲ ਦੀਪਇੰਦਰ ਸਿੰਘ ਪਟਵਾਲੀਆ ਅਤੇ ਸੁਮੇਧ ਸਿੰਘ ਸੈਣੀ ਵੱਲੋਂ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਪੇਸ਼ ਹੋਏ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਰਵਿੰਦ ਸਿੰਘ ਸਾਂਗਵਾਨ ਨੇ 3 ਮਾਰਚ ਨੂੰ ਸੈਣੀ ਦੀ ਗ੍ਰਿਫਤਾਰੀ 'ਤੇ ਰੋਕ ਨੂੰ



10 ਅਪਰੈਲ ਤੱਕ ਵਧਾ ਦਿੱਤਾ ਸੀ। ਇਸ ਤੋਂ ਪਹਿਲਾਂ ਹਾਈ ਕੋਰਟ ਨੇ 10 ਸਤੰਬਰ ਨੂੰ ਸੈਣੀ ਦੀ ਗ੍ਰਿਫਤਾਰੀ 'ਤੇ ਪੰਜਾਬ ਵਿਧਾਨ ਸਭਾ ਚੋਣਾਂ ਤੱਕ ਰੋਕ ਲਾਉਣ ਦੇ ਹੁਕਮ ਜਾਰੀ ਕੀਤੇ ਸਨ। ਸੈਣੀ ਨੇ ਆਪਣੇ ਖ਼ਿਲਾਫ਼ ਦਰਜ ਕੇਸਾਂ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਸੀ। ਸਿਖਰਲੀ ਅਦਾਲਤ ਨੇ ਕਿਹਾ ਕਿ ਕਿਸੇ ਵੀ ਦਰਜ ਹੋਣ ਵਾਲੇ ਨਵੇਂ ਕੇਸ ਵਿਚ ਗ੍ਰਿਫਤਾਰੀ 'ਤੇ ਪਹਿਲਾਂ ਹੀ ਰੋਕ ਕਿਵੇਂ ਲਾਈ ਜਾ ਸਕਦੀ ਹੈ। ਸਾਬਕਾ ਡੀ.ਜੀ.ਪੀ. ਸੈਣੀ ਦਾ ਨਾਂ ਪੰਜਾਬ ਪੁਲਿਸ ਵੱਲੋਂ ਬੇਅਦਬੀ ਮਾਮਲੇ ਨਾਲ ਸਬੰਧਤ ਗੋਲੀ ਕਾਂਡ ਕੇਸ ਵਿਚ ਵੀ ਦਰਜ ਕੀਤਾ ਗਿਆ ਸੀ। ਬਲਵੰਤ ਸਿੰਘ ਮੁਲਤਾਨੀ ਅਗਵਾ ਤੇ ਕਤਲ ਕੇਸ ਦਾ ਮਾਮਲਾ ਪਹਿਲਾਂ ਹੀ ਸੁਪਰੀਮ ਕੋਰਟ ਵਿਚ ਪਿਆ ਹੈ। ਨਵਾਂ ਕੇਸ ਵਿਜੀਲੈਂਸ ਬਿਊਰੋ ਨੇ ਸੈਣੀ ਖ਼ਿਲਾਫ਼ ਦਰਜ ਕੀਤਾ ਸੀ। ਸਾਬਕਾ ਡੀ.ਜੀ.ਪੀ. ਸੈਣੀ ਕਾਰੋਬਾਰੀ ਵਿਨੋਦ ਕੁਮਾਰ, ਅਸ਼ੋਕ ਕੁਮਾਰ ਅਤੇ ਉਨ੍ਹਾਂ ਦੇ ਡਰਾਈਵਰ ਮੁਖਤਿਆਰ ਸਿੰਘ ਦੇ 1994 ਵਿਚ ਅਗਵਾ ਅਤੇ ਲਾਪਤਾ ਹੋਣ ਦੇ ਕੇਸ ਦਾ ਸਾਹਮਣਾ ਦਿੱਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵਿਚ ਕਰ ਰਹੇ ਹਨ।

## ਚੋਣਾਂ ਤੋਂ ਬਾਅਦ ਤੇਲ ਕੀਮਤਾਂ ਵਧਣ ਦੀ ਪੂਰੀ ਸੰਭਾਵਨਾ

**ਨਵੀਂ ਦਿੱਲੀ:** ਕੇਂਦਰ ਦੀ ਮੋਦੀ ਸਰਕਾਰ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਧਾ ਨਹੀਂ ਰਹੀ। ਤੇਲ ਕੀਮਤਾਂ ਪਿਛਲੇ ਚਾਰ ਮਹੀਨਿਆਂ ਤੋਂ ਸਥਿਰ ਹਨ ਜਦਕਿ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਧਦੀਆਂ ਜਾ ਰਹੀਆਂ ਹਨ। ਇਸ ਹਿਸਾਬ ਨਾਲ ਤੇਲ ਵੇਚਣ ਵਾਲਿਆਂ ਨੂੰ ਖਰਚਾ ਪੂਰਨ ਲਈ 10 ਤੋਂ 15 ਰੁਪਏ ਪ੍ਰਤੀ ਲਿਟਰ ਕੀਮਤਾਂ ਵਧਾਉਣ ਦੀ ਲੋੜ ਹੈ। ਕੌਮਾਂਤਰੀ ਬਾਜ਼ਾਰ ਵਿਚ ਪਿਛਲੇ ਨੌਂ ਸਾਲਾਂ ਵਿਚ ਪਹਿਲੀ ਵਾਰ ਕੱਚੇ ਤੇਲ ਦੀ ਕੀਮਤ 120 ਡਾਲਰ ਪ੍ਰਤੀ ਬੈਰਲ ਤੋਂ ਉਪਰ ਪਹੁੰਚ ਗਈ ਹੈ। ਚੋਣ ਨਤੀਜਿਆਂ ਪਿੱਛੋਂ ਕੀਮਤਾਂ ਵਧਣ ਦੀ ਪੂਰੀ ਸੰਭਾਵਨਾ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 12 ਮਾਰਚ 2022

# ਨਵੀਂ ਸਰਕਾਰ

ਪੰਜਾਬ ਵਿਚ ਨਵੀਂ ਸਰਕਾਰ ਦੀ ਕਾਇਮੀ ਲਈ ਕਵਾਇਦ ਆਰੰਭ ਹੋ ਗਈ ਹੈ। ਉਂਜ ਨਵੀਂ ਸਰਕਾਰ ਲਈ ਅਗਲੇ ਪੰਜ ਸਾਲਾਂ ਦਾ ਰਾਹ ਕਿਸੇ ਬਿਖੜੇ ਪੈਂਡੇ ਤੋਂ ਘੱਟ ਨਹੀਂ। ਪੰਜਾਬ ਇਸ ਵਕਤ ਬਹੁ-ਪਰਤੀ ਸੰਕਟ ਵਿਚ ਘਿਰਿਆ ਹੋਇਆ ਹੈ। ਮਾਹਿਰ ਬਿਆਨ ਕਰਦੇ ਹਨ ਕਿ ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਕੋਈ ਨਵੀਂ ਲੀਹ ਨਹੀਂ ਪਾੜ ਸਕਿਆ, ਸਿੱਟੇ ਵਜੋਂ ਦਰਪੇਸ਼ ਸਮੱਸਿਆਵਾਂ ਪਹਿਲਾਂ ਨਾਲੋਂ ਵੀ ਵਧੇਰੇ ਵਿਕਰਾਲ ਰੂਪ ਅਖਤਿਆਰ ਕਰ ਗਈਆਂ ਹਨ। ਰਹਿੰਦੀ-ਖੂੰਹਦੀ ਕਸਰ ਕਰੋਨਾ ਵਾਇਰਸ ਕਾਰਨ ਲੱਗੇ ਤਕੜੇ ਝਟਕੇ ਨੇ ਕੱਢ ਦਿੱਤੀ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਸਿਹਤ ਢਾਂਚੇ ਅਤੇ ਸਿੱਖਿਆ ਪ੍ਰਣਾਲੀ ਬਾਰੇ ਗਾਹੇ-ਬਗਾਹੇ ਚਰਚਾ ਚੱਲਦੀ ਰਹੀ ਹੈ। ਤੱਥ ਗਵਾਹ ਹਨ ਕਿ ਇਨ੍ਹਾਂ ਦੋਹਾਂ ਖੇਤਰਾਂ ਵਿਚੋਂ ਸਰਕਾਰ ਆਪਣਾ ਹੱਥ ਹੌਲੀ-ਹੌਲੀ ਖਿੱਚ ਰਹੀ ਹੈ। ਨਤੀਜੇ ਵਜੋਂ ਸੂਬੇ ਅੰਦਰ ਪ੍ਰਾਈਵੇਟ ਹਸਪਤਾਲਾਂ ਅਤੇ ਵਿਦਿਅਕ ਅਦਾਰਿਆਂ ਦਾ ਜਾਲ ਵਿਛ ਗਿਆ ਹੈ। ਬਿਨਾਂ ਸ਼ੱਕ ਇਨ੍ਹਾਂ ਵਿਦਿਅਕ ਅਦਾਰਿਆਂ ਵਿਚ ਸਿਹਤ ਅਤੇ ਸਿੱਖਿਆ ਸਹੂਲਤਾਂ ਮੁਕਾਬਲਤਨ ਚੰਗੀਆਂ ਮਿਲ ਰਹੀਆਂ ਹਨ ਪਰ ਇਨ੍ਹਾਂ ਅਦਾਰਿਆਂ ਤੱਕ ਆਮ ਲੋਕਾਂ ਦੀ ਪਹੁੰਚ ਬਹੁਤ ਸੀਮਤ ਹੈ। ਅਜਿਹਾ ਇਸ ਕਰਕੇ ਵਾਪਰਿਆ ਹੈ ਕਿਉਂਕਿ ਇਹ ਅਦਾਰੇ ਚਲਾਉਣ ਵਾਲਿਆਂ ਦਾ ਮੁੱਖ ਮਕਸਦ ਮੁਨਾਫੇ ਨਾਲ ਜੁੜਿਆ ਹੈ। ਕਰੋਨਾ ਵਾਇਰਸ ਵਾਲੇ ਸਮੇਂ ਦੌਰਾਨ ਤਾਂ ਇਨ੍ਹਾਂ ਅਦਾਰਿਆਂ ਦਾ ਬੜਾ ਕਰੂਪ ਚਿਹਰਾ ਵੀ ਸਾਹਮਣੇ ਆਇਆ। ਜਦੋਂ ਕਰੋਨਾ ਕਾਰਨ ਚਾਰੇ ਪਾਸੇ ਹਾਹਾਕਾਰ ਮੱਚੀ ਪਈ ਸੀ ਤਾਂ ਪ੍ਰਾਈਵੇਟ ਹਸਪਤਾਲਾਂ ਨੇ ਮਰੀਜ਼ਾਂ ਲਈ ਆਪਣੇ ਦਰਵਾਜ਼ੇ ਬੰਦ ਕਰ ਲਏ ਸਨ। ਇਹ ਦਰਵਾਜ਼ੇ ਖੁੱਲ੍ਹਵਾਉਣ ਲਈ ਸਰਕਾਰ ਨੂੰ ਇਨ੍ਹਾਂ ਦੇ ਲਾਇਸੈਂਸ ਰੱਦ ਕਰਨ ਤੱਕ ਦੀ ਚਿਤਾਵਨੀ ਦੇਣੀ ਪਈ ਸੀ। ਇਹੀ ਹਾਲ ਵਿਦਿਅਕ ਅਦਾਰਿਆਂ ਦਾ ਸੀ। ਇਨ੍ਹਾਂ ਨੇ ਪੜ੍ਹਾਈ ਦੀ ਥਾਂ ਫੀਸ ਵਸੂਲੀ ਵੱਲ ਜ਼ਿਆਦਾ ਧਿਆਨ ਦਿੱਤਾ।


ਇਨ੍ਹਾਂ ਦੋ ਮੁੱਦਿਆਂ ਜੋ ਆਮ ਲੋਕਾਂ ਨਾਲ ਸਿੱਧੇ ਅਤੇ ਗਹਿਰੇ ਜੁੜੇ ਹੋਏ ਹਨ, ਤੋਂ ਇਲਾਵਾ ਤੀਜਾ ਸਭ ਤੋਂ ਵੱਡਾ ਮੁੱਦਾ ਬੇਰੁਜ਼ਗਾਰੀ ਦਾ ਹੈ। ਹਰ ਸਾਲ ਲੱਖਾਂ ਵਿਦਿਆਰਥੀ ਵਿਦਿਅਕ ਅਦਾਰਿਆਂ ਵਿਚੋਂ ਨਿੱਕਲਦੇ ਹਨ ਪਰ ਉਨ੍ਹਾਂ ਨੂੰ ਰੁਜ਼ਗਾਰ ਖਾਤਰ ਧੱਕੇ ਖਾਣੇ ਪੈਂਦੇ ਹਨ। ਜੇ ਰੁਜ਼ਗਾਰ ਮਿਲਦਾ ਵੀ ਹੈ ਤਾਂ ਮਿਹਨਤਾਨਾ ਇੰਨਾ ਘੱਟ ਹੁੰਦਾ ਹੈ ਕਿ ਗੁਜ਼ਾਰਾ ਵੀ ਮੁਸ਼ਕਿਲ ਨਾਲ ਹੁੰਦਾ ਹੈ। ਇਹੀ ਵਜ੍ਹਾ ਹੈ ਕਿ ਵਿਦਿਆਰਥੀ ਹੁਣ ਵਿਦੇਸ਼ ਜਾਣ ਨੂੰ ਤਰਜੀਹ ਦੇ ਰਹੇ ਹਨ। ਇਸ ਨਾਲ ਸੂਬੇ ਨੂੰ ਦੋ ਪੱਧਰਾਂ 'ਤੇ ਸਿੱਧਾ ਘਾਟਾ ਪੈ ਰਿਹਾ ਹੈ: ਇਕ ਬੌਧਿਕ ਹੂੰਝਾ, ਭਾਵ ਪੜ੍ਹੇ-ਲਿਖੇ ਨੌਜਵਾਨ ਵਿਦੇਸ਼ ਜਾ ਰਹੇ ਹਨ, ਅੰਕੜਿਆਂ ਮੁਤਾਬਿਕ ਹਰ ਸਾਲ ਡੇਢ ਦੇ ਕਰੀਬ ਨੌਜਵਾਨ ਵਿਦੇਸ਼ ਜਾ ਰਹੇ ਹਨ; ਦੂਜਾ ਹੈ ਪੂੰਜੀ ਹੂੰਝਾ, ਭਾਵ ਵਿਦਿਆਰਥੀਆਂ ਦੇ ਵਿਦੇਸ਼ ਜਾਣ ਨਾਲ ਪੰਜਾਬ ਦਾ ਪੈਸਾ ਇਨ੍ਹਾਂ ਵਿਦਿਆਰਥੀ ਦੀ ਫੀਸ ਦੇ ਰੂਪ ਵਿਚ ਵਿਦੇਸ਼ ਜਾ ਰਿਹਾ ਹੈ। ਇਹੀ ਨਹੀਂ, ਹੁਣ ਤਾਂ ਇਨ੍ਹਾਂ ਵਿਦਿਆਰਥੀਆਂ ਦੇ ਮਾਪੇ ਆਪਣੀ ਜਾਇਦਾਦਾਂ ਵੇਚ-ਵੱਟ ਕੇ ਪੈਸੇ ਵਿਦੇਸ਼ ਭੇਜਣ ਲੱਗ ਪਏ ਹਨ ਤਾਂ ਕਿ ਉਨ੍ਹਾਂ ਦੇ ਬੱਚੇ ਵਿਦੇਸ਼ ਵਿਚ ਜਾਇਦਾਦ ਬਣਾ ਸਕਣ। ਇਹ ਪੂੰਜੀ ਨਿਕਾਸ ਆਉਣ ਵਾਲੇ ਸਮੇਂ ਦੌਰਾਨ ਸੂਬੇ ਦੇ ਅਰਥਚਾਰੇ ਉਤੇ ਡੂੰਘਾ ਅਸਰ ਪਾ ਸਕਦਾ ਹੈ। ਅਜੇ ਤਾਂ ਵਿਦੇਸ਼ਾਂ ਵਿਚੋਂ ਕਮਾਈ ਦੇ ਰੂਪ ਵਿਚ ਪੰਜਾਬ ਆ ਰਿਹਾ ਪੈਸਾ ਸੂਬੇ ਵਿਚੋਂ ਬਾਹਰ ਜਾ ਰਹੇ ਪੈਸੇ ਤੋਂ ਜ਼ਿਆਦਾ ਹੈ ਪਰ ਜਿਸ ਦਿਨ ਇਹ ਪਾਸਾ ਉਲਟ ਗਿਆ ਤਾਂ ਸੂਬੇ ਦਾ ਆਰਥਕ ਹੋਰ ਜ਼ਿਆਦਾ ਗਹਿਰਾ ਹੋ ਜਾਵੇਗਾ। ਸਭ ਤੋਂ ਵੱਧ ਮਾਰ ਕਰਨ ਵਾਲੀ ਗੱਲ ਇਹ ਹੈ ਕਿ ਸੂਬੇ ਦੀ ਕੋਈ ਵੀ ਸਿਆਸੀ ਧਿਰ ਅਰਥਚਾਰੇ ਬਾਰੇ ਗੰਭੀਰਤਾ ਨਾਲ ਵਿਚਾਰ ਨਹੀਂ ਕਰ ਰਹੀ।

ਇਨ੍ਹਾਂ ਤਿੰਨ ਮੁੱਦਿਆਂ ਤੋਂ ਇਲਾਵਾ ਨਸ਼ੇ, ਭ੍ਰਿਸ਼ਟਾਚਾਰ, ਆਰਥਕ ਸੰਕਟ ਵਰਗੇ ਮਸਲੇ ਮੂੰਹ ਅੱਡੀ ਖੜ੍ਹੇ ਹਨ। ਉਂਜ ਵੀ ਇਸ ਵਕਤ ਪੰਜਾਬ ਸਿਰ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ। ਸੂਬੇ ਦਾ ਅੱਛਾ-ਖਾਸਾ ਪੈਸਾ ਇਸ ਕਰਜ਼ੇ ਦੇ ਵਿਆਜ ਦੇ ਰੂਪ ਵਿਚ ਜਾ ਰਿਹਾ ਹੈ। ਪੂੰਜੀ ਨਿਵੇਸ਼ ਦੇ ਮਾਮਲੇ ਵਿਚ ਸੂਬਾ ਪਛੜਦਾ-ਪਛੜਦਾ ਆਖਰ ਬਹੁਤ ਪਛੜ ਗਿਆ ਹੈ। ਉਪਰੋਂ ਕੇਂਦਰ ਸਰਕਾਰ ਦਾ ਰਵੱਈਆ ਨਾ-ਖੁਸ਼ਗਵਾਰ ਹੈ। ਜੀ.ਐਸ.ਟੀ. ਨੇ ਸੂਬੇ ਦੇ ਮਾਲੀਏ ਦੀ ਹਾਲਤ ਹੋਰ ਵੀ ਬਦਤਰ ਕਰ ਦਿੱਤੀ ਹੈ। ਇਉਂ ਨਵੀਂ ਸਰਕਾਰ ਲਈ ਸਭ ਤੋਂ ਵੱਡੀ ਚੁਣੌਤੀ ਸੂਬੇ ਨੂੰ ਆਰਥਕ ਪਟੜੀ 'ਤੇ ਚਾੜ੍ਹਨਾ ਹੋਵੇਗਾ; ਉਨ੍ਹਾਂ ਖੇਤਰਾਂ ਦਾ ਗਹਿਰਾ ਅਧਿਐਨ ਕਰਨਾ ਪਵੇਗਾ ਜਿਨ੍ਹਾਂ ਤੋਂ ਸੂਬੇ ਨੂੰ ਕਮਾਈ ਸੰਭਵ ਹੋ ਸਕਦੀ ਹੈ। ਅਸਲ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਨੇ ਇਸ ਪੱਖ ਤੋਂ ਕਦੀ ਸੰਜੀਦਾ ਪੁਣਛਾਣ ਨਹੀਂ ਕੀਤੀ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਪਰ ਇਸ ਪੱਖ ਤੋਂ ਕੋਈ ਠੋਸ ਨੀਤੀ ਅਜੇ ਤੱਕ ਸਾਹਮਣੇ ਨਹੀਂ ਆਈ ਹੈ। ਦਹਾਕਿਆਂ ਤੋਂ ਜਿਹੜਾ ਫਸਲੀ ਚੱਕਰ ਪੰਜਾਬ ਵਿਚ ਚੱਲ ਰਿਹਾ ਹੈ, ਉਸ ਨੇ ਅਨੇਕਾਂ ਸੰਕਟ ਖੜ੍ਹੇ ਕੀਤੇ ਹਨ। ਇਨ੍ਹਾਂ ਸੰਕਟਾਂ ਦੇ ਹੱਲ ਲਈ ਵੱਖ-ਵੱਖ ਮਾਹਿਰਾਂ ਦੀਆਂ ਕਮੇਟੀਆਂ ਨੇ ਫਸਲੀ ਵੰਨ-ਸਵੰਨਤਾ 'ਤੇ ਜ਼ੋਰ ਦਿੱਤਾ ਸੀ ਪਰ ਅਜੇ ਤੱਕ ਇਸ ਸਿਫਾਰਸ਼ 'ਤੇ ਅਮਲ ਤਾਂ ਕੀ ਕਰਨਾ ਸੀ, ਇਨ੍ਹਾਂ ਰਿਪੋਰਟਾਂ ਤੋਂ ਧੂੜ ਤੱਕ ਝਾੜੀ ਨਹੀਂ ਗਈ ਹੈ। ਅਸਲ ਵਿਚ ਸਿਆਸਤ ਜਦੋਂ ਤੋਂ ਵਪਾਰਕ ਹਿੱਤਾਂ ਦੇ ਹਿਸਾਬ ਨਾਲ ਕੀਤੀ ਜਾਣ ਲੱਗੀ ਹੈ, ਸੂਬੇ ਦੀਆਂ ਸਮੱਸਿਆਵਾਂ ਹੱਲ ਹੋਣ ਦੀ ਥਾਂ ਸਗੋਂ ਵਧ ਰਹੀਆਂ ਹਨ। ਜਿਹੜੀ ਵੀ ਪਾਰਟੀ ਸੱਤਾ ਵਿਚ ਆਉਂਦੀ ਹੈ, ਉਹ ਵਾਅਦੇ ਅਤੇ ਦਾਅਵੇ ਜੋ ਮਰਜ਼ੀ ਕਰੀ ਜਾਵੇ, ਹਕੀਕਤ ਇਹ ਹੈ ਕਿ ਪੰਜਾਬ ਦੀ ਤਰੱਕੀ ਲਈ ਦਹਾਕਿਆਂ ਤੋਂ ਕੋਈ ਰਣਨੀਤੀ ਤਿਆਰ ਨਹੀਂ ਕੀਤੀ ਗਈ। ਨਵੀਂ ਸਰਕਾਰ ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਕਿਸ ਢੰਗ ਨਾਲ ਹੱਲ ਕਰੇਗੀ, ਇਹ ਤਾਂ ਆਉਣ ਵਾਲੇ ਸਮੇਂ ਨੇ ਹੀ ਸਪਸ਼ਟ ਕਰਨਾ ਹੈ ਪਰ ਇਹ ਗੱਲ ਸਪਸ਼ਟ ਹੈ ਕਿ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਸਿਆਸੀ ਇੱਛਾ ਸ਼ਕਤੀ ਸਭ ਤੋਂ ਪਹਿਲੀ ਸ਼ਰਤ ਹੈ। ਜਦੋਂ ਤੱਕ ਸੱਤਾਧਾਰੀ ਧਿਰ ਅੰਦਰ ਅਜਿਹੀ ਇੱਛਾ ਨਹੀਂ ਜਾਗਦੀ, ਸੂਬੇ ਅੰਦਰ ਵੱਖ-ਵੱਖ ਖੇਤਰਾਂ ਵਿਚ ਵੱਡੇ ਪੱਧਰ 'ਤੇ ਵਿਆਪੀ ਖੜੋਤ ਨੂੰ ਤੋੜਨਾ ਮੁਸ਼ਕਿਲ ਹੈ। ਆਸ ਕਰਨੀ ਚਾਹੀਦੀ ਹੈ ਕਿ ਨਵੀਂ ਸਰਕਾਰ ਇਹ ਖੜੋਤ ਤੋੜੇਗੀ ਅਤੇ ਲੋਕਾਂ ਦੀਆਂ ਆਸਾਂ ਉਤੇ ਪੂਰਾ ਉਤਰੇਗੀ।

# ਕਾਰਪੋਰੇਟ ਹਸਪਤਾਲਾਂ ਦਾ ਮਾਡਲ

*ਭਾਰਤ ਵਿਚ ਸਰਕਾਰ ਲੋਕਾਂ ਨੂੰ ਸਰਕਾਰੀ ਸਿਹਤ ਸਹੂਲਤਾਂ ਦੇਣ ਤੋਂ ਹੱਥ ਖਿੱਚ ਰਹੀ ਹੈ। ਇਸ ਪ੍ਰਸੰਗ ਵਿਚ ਪ੍ਰਾਈਵੇਟ ਹਸਪਤਾਲਾਂ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਪਰ ਇਹ ਸਾਰਾ ਕੁਝ ਕਿਸ ਕੀਮਤ ਉਤੇ ਕੀਤਾ ਜਾ ਰਿਹਾ ਹੈ ਜਾਂ ਹੋ ਰਿਹਾ ਹੈ, ਉਸ ਦਾ ਖੁਲਾਸਾ ਸੇਵਾ-ਮੁਕਤ ਆਈ.ਏ.ਐਸ. ਅਫਸਰ ਅਵੇ ਸ਼ੁਕਲਾ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।*

ਆਮ ਇਹ ਮੰਨਿਆ ਜਾਂਦਾ ਹੈ ਕਿ 'ਨੌਕਰਸ਼ਾਹੀ' ਸ਼ਬਦ ਸਰਕਾਰ ਨਾਲ ਸੰਬੰਧਤ ਹੈ। ਇਹ ਗਲਤ ਧਾਰਨਾ ਹੈ, ਕਿਸੇ ਆਲਸੀ ਮੀਡੀਆ ਅਤੇ ਅਗਿਆਨੀ ਜਨਤਾ ਦੀ ਘੜੀ ਹੋਈ ਘਾੜਤ। ਮੇਰਾ ਤਜਰਬਾ ਰਿਹਾ ਹੈ ਕਿ ਕੋਈ ਵੀ ਸੰਸਥਾ, ਜੇ ਉਹ ਆਕਾਰ ਅਤੇ ਕਾਰੋਬਾਰ ਵਿਚ ਕਾਫੀ ਵੱਡ-ਅਕਾਰੀ ਹੋ ਜਾਂਦੀ ਹੈ ਤਾਂ ਉਹ ਆਪਣੀਆਂ ਸਾਰੀਆਂ ਚੰਦਰੀਆਂ ਬੁਰਾਈਆਂ ਅਤੇ ਜਵਾਬਦੇਹੀ ਦੀ ਘਾਟ ਵਾਲੀ ਨੌਕਰਸ਼ਾਹੀ ਬਣ ਜਾਂਦੀ ਹੈ। ਭਾਰਤ ਦੇ ਕਾਰਪੋਰੇਟ ਹਸਪਤਾਲਾਂ ਨੂੰ ਹੀ ਲੈ ਲਓ ਜਿਸ ਦਾ ਜ਼ਿਕਰ ਹੀ ਮੈਨੂੰ ਆਪਣੀ ਪ੍ਰਾਰਥਨਾ ਚਟਾਈ ਵਿਛਾ ਕੇ ਇਹ ਚੈੱਕ ਕਰਨ ਲਈ ਪ੍ਰੇਰਦਾ ਹੈ ਕਿ ਮੇਰੇ ਕੋਲ ਅਜੇ ਬੈਂਕ ਵਿਚ ਕਿੰਨੇ ਪੈਸੇ ਹਨ।



**ਅਵੇ ਸ਼ੁਕਲਾ**
**ਅਨੁਵਾਦ: ਬੂਟਾ ਸਿੰਘ**

ਮਨੁੱਖ ਨੇ ਆਪਣੀ ਤਬਾਹੀ ਦੇ ਤੇਜ਼ ਰਫਤਾਰ ਸਫਰ 'ਚ ਬਹੁਤ ਸਾਰੀਆਂ ਮਾਰੂ ਚੀਜ਼ਾਂ ਬਣਾਈਆਂ ਜਾਂ ਈਜਾਦ ਕੀਤੀਆਂ ਹਨ: ਟਾਇਲਟ ਪੇਪਰ, ਜੈਕੂਜ਼ੀ (ਇਸ਼ਨਾਨ ਵਿਵਸਥਾ), ਰਿਐਲਿਟੀ ਸ਼ੋਅ, ਐਰੋਸੋਲ, ਸੱਸ, ਪੈਗਾਸਸ, ਹਾਈਪਰ ਸੋਨਿਕ ਮਿਜ਼ਾਈਲਾਂ, ਮੁੱਕੇਬਾਜ਼ੀ ਦੀਆਂ ਸ਼ੌਰਟਸ, ਏਅਰ ਕੰਡੀਸ਼ਨਡ ਕਲਾਸ ਰੂਮ; ਇਹ ਉਨ੍ਹਾਂ 'ਚੋਂ ਕੁਝ ਚੀਜ਼ਾਂ ਦੇ ਨਾਮ ਹਨ ਜਿਨ੍ਹਾਂ ਬਾਰੇ ਸਾਨੂੰ ਜਚਾ ਦਿੱਤਾ ਗਿਆ ਹੈ ਕਿ ਇਹ ਸਾਨੂੰ ਹਰ ਹਾਲ ਲੋੜੀਂਦੀਆਂ ਹਨ ਅਤੇ ਇਹ ਹੈ ਵੀ ਸਾਡੇ ਭਲੇ ਖਾਤਰ। ਮੇਰੇ ਹਿਸਾਬ ਨਾਲ ਕਾਰਪੋਰੇਟ ਹਸਪਤਾਲ ਇਸੇ ਸ਼੍ਰੇਣੀ ਵਿਚ ਆਉਂਦਾ ਹੈ।

ਭਾਰਤ ਵਿਚ 69000 ਹਸਪਤਾਲ ਹਨ ਜਿਨ੍ਹਾਂ ਵਿਚੋਂ 43000 ਨਿੱਜੀ ਹਨ (2019 ਦੇ ਅੰਕੜੇ); ਇਨ੍ਹਾਂ ਵਿਚੋਂ 70% ਸ਼ਹਿਰੀ ਖੇਤਰਾਂ ਵਿਚ ਹਨ। ਜਦੋਂ ਤੁਸੀਂ ਇਸ ਗੱਲ ਉੱਪਰ ਵਿਚਾਰ ਕਰਦੇ ਹੋ ਕਿ ਮੌਜੂਦਾ ਵਿੱਤੀ ਸਾਲ ਲਈ ਕੇਂਦਰੀ ਬਜਟ ਸਿਹਤ ਦੇਖਭਾਲ ਲਈ 2% ਤੋਂ ਘੱਟ ਤੈਅ ਕੀਤਾ ਜਾਂਦਾ ਹੈ ਤਾਂ ਇਹ ਕੁਦਰਤੀ ਹੈ ਕਿ ਬੜੀ ਮੰਗ-ਸਪਲਾਈ ਦਾ ਅੰਤਰ ਹਸਪਤਾਲਾਂ ਨੂੰ ਪ੍ਰਾਈਵੇਟ ਸੈਕਟਰ ਲਈ ਚੰਗਾ ਕਾਰੋਬਾਰ ਬਣਾ ਦਿੰਦਾ ਹੈ।

ਇਹੀ ਕਾਰਨ ਹੈ ਕਿ ਹਸਪਤਾਲ ਉਦਯੋਗ 61.79 ਅਰਬ ਡਾਲਰ (2017 ਦੇ ਅੰਕੜੇ) ਕੀਮਤ ਦਾ ਹੈ, 22% ਏ.ਸੀ.ਜੀ. (ਐਸੋਸੀਏਸ਼ਨ ਫਾਰ ਕਾਰਪੋਰੇਟ ਗਰੋਥ) ਦਰ ਨਾਲ ਵਧ ਰਿਹਾ ਹੈ, ਤੇ ਇਸ ਸਾਲ ਦੇ ਅੰਤ ਤਕ ਇਸ ਦੇ 132 ਅਰਬ ਡਾਲਰ ਤੱਕ ਪਹੁੰਚਣ ਦੀ ਉਮੀਦ ਹੈ। ਇਹੀ ਵਜ੍ਹਾ ਹੈ ਕਿ ਮੇਰੇ ਨਿੱਕੇ ਹੁੰਦੇ ਦੇ ਸਮਿਆਂ ਦੇ ਇੱਕੋ ਨਿੱਜੀ ਹਸਪਤਾਲ ਹੁਣ ਕਾਰਪੋਰੇਟ ਹਸਪਤਾਲਾਂ ਅਤੇ ਹਸਪਤਾਲਾਂ ਦੀ ਚੇਨ ਉਸਾਰਨ ਦੇ ਰਾਹ ਦੇ ਰਹੇ ਹਨ, ਖਾਸ ਕਰਕੇ ਸ਼ਹਿਰੀ ਖੇਤਰਾਂ ਵਿਚ।

ਠੀਕ ਹੈ, ਮੈਨੂੰ ਇਸ ਨਾਲ ਕੋਈ ਉਜ਼ਰ ਨਹੀਂ ਹੈ: ਚੰਗੇ ਕਾਰੋਬਾਰੀ ਮੌਕੇ ਦਾ ਖੂਬ ਲਾਹਾ ਲਿਆ ਜਾਣਾ ਚਾਹੀਦਾ ਹੈ। ਮੇਰੀ ਪਰੇਸ਼ਾਨੀ ਬੇਸਹਾਰਾ ਮਰੀਜ਼ਾਂ ਦੀ ਲੁੱਟ ਨਾਲ ਹੈ: ਠੱਗੀ ਵਾਲੇ ਬਿੱਲ, ਪੂਰੀ ਤਰ੍ਹਾਂ ਅਸੰਵੇਦਨਸ਼ੀਲ ਤੇ ਬੇਪਰਵਾਹ ਡਾਕਟਰ ਅਤੇ ਸਟਾਫ, ਨੌਕਰਸ਼ਾਹੀ ਤੋਂ ਵੀ ਭੈੜੀ ਕਾਗਜ਼ੀ ਕਾਰਵਾਈ, ਇਕ ਦਰਜਨ ਕਾਊਂਟਰਾਂ ਉੱਪਰ ਬੇਅੰਤ ਉਡੀਕ, ਬੇਲੋੜੀਆਂ ਪ੍ਰਕਿਰਿਆਵਾਂ।

ਫਰਸ਼ ਉੱਪਰ ਇਤਾਲਵੀ ਸੰਗਮਰਮਰ ਅਤੇ ਫਰੰਟ ਡੈਸਕ 'ਤੇ ਭਾਵਹੀਣ ਪਰ ਖੂਬਸੂਰਤ ਕੁੜੀ ਨੂੰ ਛੱਡ ਕੇ ਤੁਸੀਂ ਸ਼ਾਇਦ ਕਿਸੇ ਸਰਕਾਰੀ ਹਸਪਤਾਲ ਵਿਚ ਹੀ ਹੁੰਦੇ ਹੋ ਪਰ ਹਾਂ! ਮਗਰਲਾ ਮੁਫਤ ਹੈ ਜਦੋਂ ਕਿ ਇੱਥੇ ਮੈਂ ਆਈ.ਸੀ.ਯੂ. ਬੈੱਡ ਲਈ ਇਕ ਰਾਤ ਦੇ 100,000 ਰੁਪਏ ਦੇ ਰਿਹਾ ਹਾਂ। ਜਿੱਥੇ ਇੱਕੋ ਇਕ ਮੁਫਤ ਚੀਜ਼ ਆਈ.ਸੀ.ਯੂ. ਦਾ ਸੁਪਰ ਲਹੂ ਚੂਸ ਹੈ। ਚਲੋ ਛੋਹ ਨਾ ਸਹੀ, ਤਾਂ ਕੀ; ਤੁਸੀਂ ਇਸ ਕਿਸਮ ਦੇ ਭੁਗਤਾਨ ਲਈ ਫਲੋਰੈਂਸ ਨਾਈਟਿੰਗੇਲ ਵਾਲੇ ਰਵੱਈਏ ਦੀ ਉਮੀਦ ਨਹੀਂ ਕਰੋਗੇ? ਮੁੜ ਸੋਚੋ। ਇਕ ਪਲ ਲਈ ਕਮਰੇ ਦੀਆਂ ਖਤਰਨਾਕ ਕੀਮਤਾਂ, ਆਈ.ਸੀ.ਯੂ. ਬੈੱਡ, ਸਰਜੀਕਲ ਪ੍ਰਕਿਰਿਆ, ਇਕ ਕੱਪ ਕੌਫੀ ਨੂੰ ਭੁੱਲ ਜਾਓ, ਕਿਉਂਕਿ ਇਹ ਸਭ ਜ਼ਾਹਰਾ ਹੈ ਅਤੇ ਤੁਸੀਂ ਜਾਣਦੇ ਹੋ ਕਿ ਤੁਸੀਂ ਕੀ ਮੁਸੀਬਤ ਸਹੇੜ ਰਹੇ ਹੋ। ਜੋ ਨਿੰਦਣਯੋਗ ਹੈ, ਉਹ ਹਨ ਕੈਦੀ ਬਣੇ ਮਰੀਜ਼ ਤੋਂ ਹੋਰ ਵੀ ਜ਼ਿਆਦਾ ਪੈਸਾ ਬਟੋਰਨ ਦੀਆਂ ਸ਼ੱਕੀ ਰਣਨੀਤੀਆਂ - ਬੇਲੋੜੇ 'ਮਸ਼ਵਰੇ', ਬੇਅੰਤ 'ਜਾਂਚ', ਡਾਇਟੀਸ਼ੀਅਨ ਜੋ ਤੁਹਾਨੂੰ ਇਹ ਦੱਸਣ ਲਈ ਅੱਧੇ ਕੁ ਮਿੰਟ ਲਈ ਤੁਹਾਡੇ ਕਮਰੇ ਵਿਚ ਆਉਂਦਾ ਹੈ ਕਿ ਤੁਹਾਡੇ ਦੁਪਹਿਰ ਦੇ ਖਾਣੇ ਵਿਚ ਪਾਲਕ, ਦਾਲ ਤੇ ਰੋਟੀ ਸ਼ਾਮਲ ਹੋਵੇਗਾ ਅਤੇ ਇਕ ਗੇੜੇ ਦੇ ਇਕ ਹਜ਼ਾਰ ਰੁਪਏ ਵਸੂਲ ਲੈਂਦਾ ਹੈ। ਹਰ ਪੜਾਅ 'ਤੇ ਨੌਕਰਸ਼ਾਹੀ ਨਾਲ ਨਜਿੱਠਣਾ ਪੈਂਦਾ ਹੈ ਜੋ ਸਾਡੇ ਆਪਣੇ ਸਖਤ ਚੌਖਟੇ ਨੂੰ ਵੀ ਸ਼ਰਮਸਾਰ ਕਰ ਦੇਵੇਗੀ।

ਮੇਰੀ ਜੀਵਨ ਸਾਥਣ ਨੀਰਜਾ ਹੇਲੀ ਦੇ ਧੂਮਕੇਤੂ ਦੇ ਆਉਣ ਵਾਂਗ ਬਾਕਾਇਦਗੀ ਨਾਲ ਹਰ ਦਸ ਸਾਲਾਂ ਵਿਚ ਇਕ ਹੱਡੀ ਤੁੜਵਾ ਲੈਂਦੀ ਹੈ। ਕੁਝ ਮਹੀਨੇ ਪਹਿਲਾਂ ਉਸ ਨੇ ਫਿਰ ਅਜਿਹਾ ਕੀਤਾ ਅਤੇ ਮੈਂ ਉਸ ਨੂੰ ਆਪਣੇ ਇਲਾਕੇ ਦੇ ਮੋਹਰੀ ਕਾਰਪੋਰੇਟ ਹਸਪਤਾਲ ਦੇ ਐਮਰਜੈਂਸੀ ਵਿਭਾਗ




ਵਿਚ ਲੈ ਗਿਆ। ਉਸ ਨੂੰ ਦਾਖਲ ਕਰਵਾਉਣ ਲਈ ਇਕ ਘੰਟਾ ਲੱਗ ਗਿਆ, ਜਦੋਂ ਮੈਂ ਉਹ ਹਰ ਦਸਤਾਵੇਜ਼ ਪੇਸ਼ ਕਰ ਦਿੱਤਾ ਜਿਸ ਤੋਂ ਬੰਦਾ ਜਾਣੂ ਹੈ। ਪਲਸਤਰ ਕਰਨ ਲਈ ਕਿਸੇ ਦੇ ਆਉਣ ਤੋਂ ਪਹਿਲਾਂ ਡੇਢ ਘੰਟਾ ਹੋਰ ਲੱਗ ਗਿਆ। ਟੁੱਟੀ ਹੋਈ ਬਾਂਹ ਵਾਲੇ ਵਿਅਕਤੀ ਦੀ ਦੇਖਭਾਲ ਕਰਨ ਲਈ ਢਾਈ ਘੰਟੇ ਲੱਗਣਾ ਐਮਰਜੈਂਸੀ ਸ਼ਬਦ ਨੂੰ ਬਿਲਕੁਲ ਨਵਾਂ ਅਰਥ ਦਿੰਦਾ ਹੈ ਪਰ ਖੋਜ ਦੇ ਇਸ ਸਫਰ ਵਿਚ ਇਹ ਤਾਂ ਸਾਡਾ ਪਹਿਲਾ ਕਦਮ ਸੀ।

ਪਿਛਲੀ ਵਾਰ 2010 'ਚ ਨੀਰਜਾ ਨੇ ਬਾਂਹ ਤੁੜਵਾ ਲਈ ਸੀ ਜਦੋਂ ਮੈਂ ਸ਼ਿਮਲਾ ਵਿਚ ਸੀ, ਤੇ ਉਸ ਦਾ ਇਲਾਜ ਇਕ ਸਰਕਾਰੀ ਹਸਪਤਾਲ ਵਿਚ ਹੋਇਆ ਸੀ। ਉਸ ਨੂੰ ਮਾਰੀਆ ਸ਼ਾਰਾਪੋਵਾ ਵਾਲੇ ਪੋਜ਼ 'ਚ ਦੁਬਾਰਾ ਆਉਣ ਲਈ ਇਕ ਐਕਸ-ਰੇ, ਪਲਸਤਰ, ਡਾਕਟਰ ਕੋਲ ਦੋ ਗੇੜੇ ਅਤੇ ਚਾਰ ਹਫਤੇ ਲੱਗੇ ਸਨ। ਇਸ ਵਾਰ ਉਸ ਨੂੰ ਹੱਡੀਆਂ ਦੇ ਡਾਕਟਰ ਨਾਲ ਸੱਤ ਸਲਾਹ-ਮਸ਼ਵਰੇ, ਸੱਤ ਐਕਸ-ਰੇ, ਲੱਗਭੱਗ ਵੀਹ ਟੈਸਟ, ਚਾਰ ਪਲਸਤਰ, ਪੰਦਰਾਂ ਫਿਜ਼ੀਓ ਸੈਸ਼ਨ ਅਤੇ ਬਾਰਾਂ ਹਫਤਿਆਂ ਦੀ ਲੋੜ ਪਈ ਸੀ - ਤੇ ਉਹ ਅਜੇ ਵੀ ਹੱਥ ਉਠਾ ਕੇ ਆਰ.ਐਸ.ਐਸ. ਵਾਂਗ ਸਹੀ ਤਰ੍ਹਾਂ ਸਲਾਮੀ ਨਹੀਂ ਦੇ ਸਕਦੀ।

ਸਮੱਸਿਆ ਜਿਵੇਂ ਮੈਂ ਇਸ ਨੂੰ ਦੇਖਦਾ ਹਾਂ, ਇਹ ਹੈ ਕਿ 'ਕਾਰਪੋਰੇਟ ਹਸਪਤਾਲ' ਸ਼ਬਦ ਵਿਰੋਧਾਭਾਸੀ ਹੈ। ਇਕ ਕਾਰਪੋਰੇਟ ਮੁਨਾਫਾ ਕਮਾਉਣ ਲਈ ਮੌਜੂਦ ਹੈ, ਹਸਪਤਾਲ ਲੋਕਾਂ ਦੇ ਇਲਾਜ ਲਈ ਹੈ। ਤੁਸੀਂ ਇਕ ਜਾਂ ਦੂਜੇ ਨੂੰ ਛਾਂਟੀ ਕੀਤੇ ਬਿਨਾਂ ਦੋਵੇਂ ਨਹੀਂ ਕਰ ਸਕਦੇ। ਫਿਰ ਵੀ ਇਸ ਨਾਲ ਪੂਰੀ ਤਰ੍ਹਾਂ ਵਿਆਖਿਆ ਨਹੀਂ ਹੁੰਦੀ ਕਿ ਇਹ ਹਸਪਤਾਲ ਕਿਉਂ ਅਭੇਦ ਅਤੇ ਗੈਰ-ਜਵਾਬਦੇਹ ਨੌਕਰਸ਼ਾਹੀ ਬਣ ਗਏ ਹਨ।

ਦਾਖਲ ਹੋਣ ਲਈ ਘੰਟੇ ਲੱਗ ਜਾਂਦੇ ਹਨ, ਤੇ ਛੁੱਟੀ ਲੈਣ ਲਈ ਤਾਂ ਇਸ ਤੋਂ ਵੀ ਵੱਧ ਵਕਤ ਲੱਗਦਾ ਹੈ। ਇਹ ਹਸਪਤਾਲ ਮਰੀਜ਼ ਨੂੰ ਛੁੱਟੀ ਦੇਣ ਲਈ ਓਨਾ ਹੀ ਝਿਜਕਦੇ ਹਨ ਜਿਵੇਂ ਕੋਈ ਬਾਪ ਆਪਣੀ ਧੀ ਦਾ 'ਕੰਨਿਆਦਾਨ' ਕਰਨ ਤੋਂ ਝਿਜਕਦਾ ਹੈ। ਵੱਖ-ਵੱਖ ਐਨ.ਓ.ਸੀ. ਲੈਣ ਲਈ ਚਾਰ ਵੱਖ-ਵੱਖ ਕਾਊਂਟਰਾਂ 'ਤੇ ਲਾਈਨਾਂ 'ਚ ਲੱਗਣ ਤੋਂ ਬਾਅਦ ਮੈਨੂੰ ਛੇ ਘੰਟੇ ਲੱਗ ਗਏ - ਇੰਨਾ ਕੁ ਵਕਤ ਏਮਸ, ਦਿੱਲੀ ਵਿਖੇ ਲੱਗਦਾ ਹੈ, ਉਹ ਵੀ ਉਦੋਂ ਜਦੋਂ ਸ੍ਰੀ ਮੋਦੀ ਉੱਥੇ ਵੈਕਸੀਨ ਲਗਵਾ ਰਹੇ ਹੁੰਦੇ ਹਨ; ਤਾਂ ਫਿਰ ਸਾਨੂੰ ਇਸ ਖਾਸ ਸਹੂਲਤ ਲਈ ਦਸ ਗੁਣਾ ਜ਼ਿਆਦਾ ਭੁਗਤਾਨ ਕਿਉਂ ਕਰਨਾ ਪੈਂਦਾ ਹੈ?

ਨੀਰਜਾ ਗੰਭੀਰ ਮਾਨਸਿਕ ਵਿਕਲਾਂਗ ਬੱਚਿਆਂ ਲਈ ਐਨ.ਜੀ.ਓ. ਚਲਾਉਂਦੀ ਹੈ ਪਰ ਉਹ ਵੀ ਆਪਣੇ ਬੱਚਿਆਂ ਨੂੰ ਉਸ ਤੋਂ ਕਿਤੇ ਜ਼ਿਆਦਾ ਵਕਤ ਦਿੰਦੀ ਹੈ ਜਿੰਨਾ ਇਹ ਹਸਪਤਾਲ ਆਪਣੇ ਮਰੀਜ਼ਾਂ ਨੂੰ ਦਿੰਦੇ ਹਨ। ਉਹ ਕਦੇ-ਕਦਾਈਂ ਹੀ ਕੁਝ ਸਮਝਾਉਣ ਦੀ ਖੇਚਲ ਕਰਦੇ ਹਨ ਅਤੇ ਜੇ ਤੁਸੀਂ ਸਵਾਲ ਪੁੱਛ ਲਓ ਤਾਂ ਉਨ੍ਹਾਂ ਦੇ ਡਾਕਟਰ ਨਾਰਾਜ਼ ਹੋ ਜਾਂਦੇ ਹਨ।

ਇਕ ਵਾਰ ਅਜਿਹੇ ਹੀ ਇਕ ਹੋਰ ਹਸਪਤਾਲ ਵਿਚ ਡਾਕਟਰ ਨੇ ਮੇਰੇ ਪੁੱਤਰ ਲਈ ਮਹਿੰਗੀ ਇਲਾਜ ਵਿਧੀ ਦੱਸੀ ਜੋ ਇਕ ਮਹੀਨਾ ਪਹਿਲਾਂ ਹੀ ਕੀਤੀ ਗਈ ਸੀ। ਮੈਂ ਨਿਮਰਤਾ ਨਾਲ ਉਸ ਨੂੰ ਪੁੱਛਿਆ ਕਿ ਇਹ ਦੁਬਾਰਾ ਕਰਨ ਦੀ ਕਿਉਂ ਲੋੜ ਸੀ। ਉਸ ਨੇ ਹੰਕਾਰ ਨਾਲ ਮੈਨੂੰ ਦੱਸਿਆ ਕਿ ਮੈਨੂੰ ਇਹ ਸਮਝਣ ਲਈ ਐਮ.ਬੀ.ਬੀ.ਐਸ. ਦੀ ਡਿਗਰੀ ਕਰਨੀ ਪਵੇਗੀ, ਤੇ ਉਸ ਕੋਲ ਮੈਨੂੰ ਇਹ ਸਮਝਾਉਣ ਦਾ ਵਕਤ ਨਹੀਂ ਸੀ। ਮੈਂ ਨਿਮਰਤਾ ਨਾਲ ਉਸ ਨੂੰ ਕਿਹਾ ਕਿ ਮੈਂ 800 ਰੁਪਏ ਉਸ ਦਾ ਵਕਤ ਲੈਣ ਲਈ ਦਿੱਤੇ ਹਨ ਅਤੇ ਉਹ ਮੈਨੂੰ ਵਾਪਸ ਕਰ ਸਕਦਾ ਹੈ। ਉਹ ਜਲਦੀ ਪਿੱਛੇ ਹਟ ਗਿਆ। ਅਸੀਂ ਉਹ ਟੈਸਟ ਨਹੀਂ ਕਰਾਇਆ, ਉਸ ਘਟਨਾ ਨੂੰ ਅੱਠ ਸਾਲ ਹੋ ਗਏ ਹਨ, ਤੇ ਮੇਰੇ ਪੁੱਤਰ ਦੀ ਹਾਲਤ ਕਿਸੇ ਵੀ ਤਰ੍ਹਾਂ ਮਾੜੀ ਨਹੀਂ ਹੈ। ਮੈਂ ਪ੍ਰਬੰਧਕਾਂ ਨੂੰ ਸ਼ਿਕਾਇਤ ਕੀਤੀ ਪਰ ਜਿਵੇਂ ਸਰਕਾਰ ਦੇ ਮਾਮਲੇ 'ਚ ਹੁੰਦਾ ਹੈ, ਉਨ੍ਹਾਂ ਨੂੰ ਪਰੇਸ਼ਾਨ ਨਹੀਂ ਕੀਤਾ ਜਾ ਸਕਦਾ।

ਉਂਜ ਸਪੱਸ਼ਟ ਤੌਰ 'ਤੇ ਮੈਂ ਡਾਕਟਰਾਂ ਨੂੰ ਦੋਸ਼ੀ ਨਹੀਂ ਠਹਿਰਾਉਂਦਾ: ਉਹ ਦੁਨੀਆ ਦੇ ਹੋਰ ਕਿਸੇ ਵੀ ਡਾਕਟਰਾਂ ਵਾਂਗ ਚੰਗੇ ਹਨ। ਸਮੱਸਿਆ ਇਹ ਹੈ ਕਿ ਹਸਪਤਾਲ ਹੁਣ ਡਾਕਟਰਾਂ ਵੱਲੋਂ ਨਹੀਂ ਸਗੋਂ ਐਮ.ਬੀ.ਏ., ਸੀ.ਏ. ਡਿਗਰੀਧਾਰਕਾਂ ਅਤੇ ਵਕੀਲਾਂ ਦੇ ਚਲਾਏ ਜਾਂਦੇ ਹਨ। ਮੁਕੰਮਲ ਬਿੱਲ ਮਰੀਜ਼ ਦੇ ਈ.ਸੀ.ਜੀ. ਚਾਰਟ ਉੱਪਰਲੀ ਵਿੰਗੀ-ਟੇਢੀ ਲਕੀਰ ਜਿੰਨਾ ਹੀ ਮਹੱਤਵਪੂਰਨ ਹੈ। ਇਹ ਆਮ ਜਾਣਕਾਰੀ ਹੈ ਕਿ ਡਾਕਟਰਾਂ ਨੂੰ ਕਮਾਈ ਕਰਕੇ ਦੇਣ ਦੇ ਟੀਚੇ ਦਿੱਤੇ ਜਾਂਦੇ ਹਨ ਜਿਨ੍ਹਾਂ ਨੂੰ ਪੂਰੇ ਕਰਨ ਲਈ ਉਨ੍ਹਾਂ ਨੂੰ ਬੇਲੋੜੇ ਟੈਸਟਾਂ, ਦਵਾਈਆਂ, ਜਾਂਚਾਂ, ਹੋਰ ਡਾਕਟਰਾਂ ਕੋਲ ਮਸ਼ਵਰੇ ਲਈ ਭੇਜਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ - ਇਸ ਸਭ ਕਾਸੇ ਨਾਲ ਇਲਾਜ ਦਾ ਖਰਚ ਬਹੁਤ ਮਹਿੰਗਾ ਹੋ ਜਾਂਦਾ ਹੈ। ਆਮ ਮਰੀਜ਼ ਕੋਲ ਆਪਣੀਆਂ ਸ਼ਿਕਾਇਤਾਂ ਦੇ ਨਿਬੇੜੇ ਦਾ ਕੋਈ ਸਾਧਨ ਨਹੀਂ ਹੈ, ਇਨ੍ਹਾਂ ਹਸਪਤਾਲਾਂ ਨੂੰ ਨੱਥ ਪਾਉਣ ਲਈ ਕੋਈ ਰੈਗੂਲੇਟਰ ਨਹੀਂ ਹੈ (ਇਹ ਗੱਲ ਨਹੀਂ ਹੈ ਕਿ ਦੂਜੇ ਰੈਗੂਲੇਟਰ ਉਸ ਭਰੋਸੇ 'ਤੇ ਪੂਰੇ ਉੱਤਰੇ ਹਨ ਜੋ ਸੰਸਦ ਨੇ ਉਨ੍ਹਾਂ 'ਤੇ ਕੀਤਾ)।

ਮੈਨੂੰ ਲਗਦਾ ਹੈ ਕਿ ਇਨ੍ਹਾਂ ਦੋਗਲੀ ਨਸਲ ਦੇ ਰਾਖਸ਼ਾਂ ਦੀ ਸਿਰਜਣਾ ਦਾ ਮੁੱਢ ਜੀ.ਪੀ. (ਜਨਰਲ ਪ੍ਰੈਕਟੀਸ਼ਨਰ), ਫੈਮਿਲੀ ਡਾਕਟਰ ਅਤੇ ਇੱਕਲੇ ਪ੍ਰਾਈਵੇਟ ਹਸਪਤਾਲਾਂ ਦੇ ਲੋਪ ਹੋਣ ਨਾਲ ਬੱਝਿਆ ਹੈ। ਅੱਜ ਚੰਗਾ ਜੀ.ਪੀ. ਜਾਂ ਕਲੀਨਿਕ ਲੱਭਣਾ ਲੱਗਭੱਗ ਅਸੰਭਵ ਹੈ ਅਤੇ ਵਿਅਕਤੀ ਕੋਲ ਕਾਰਪੋਰੇਟ ਹਸਪਤਾਲ ਵਿਚ ਸਲਾਹਕਾਰ ਕੋਲ ਜਾਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੈ। ਇਕ ਵਾਰ ਜਦੋਂ ਕੋਈ ਇਸ ਨਾਗ-ਕੁੰਡਲੀ ਵਿਚ ਫਸ ਜਾਂਦਾ ਹੈ ਤਾਂ ਉਸ ਦਾ ਖਹਿੜਾ ਉਦੋਂ ਹੀ ਛੁੱਟ ਸਕਦਾ ਹੈ ਜਦੋਂ ਉਸ ਨੂੰ ਪੂਰੀ ਤਰ੍ਹਾਂ ਨਿਚੋੜ ਲਿਆ ਜਾਂਦਾ ਹੈ। ਹਾਲਾਂਕਿ, ਮੁੱਖ ਦੋਸ਼ੀ ਪਿਛਲੇ ਵੀਹ ਸਾਲਾਂ ਦੀਆਂ ਸਰਕਾਰਾਂ ਹਨ ਜੋ ਜਨਤਕ ਖੇਤਰ ਵਿਚ ਲੋੜੀਂਦੇ ਮੈਡੀਕਲ ਕਾਲਜ ਜਾਂ ਹਸਪਤਾਲ ਸਥਾਪਤ ਕਰਨ ਵਿਚ ਅਸਫਲ ਰਹੀਆਂ ਹਨ।

ਮੁਲਕ ਵਿਚ 6 ਲੱਖ ਡਾਕਟਰਾਂ ਅਤੇ 20 ਲੱਖ ਨਰਸਾਂ ਦੀ ਘਾਟ ਹੈ; ਸੰਸਾਰ ਸਿਹਤ ਸੰਸਥਾ ਦੇ 1000 ਆਬਾਦੀ ਪਿੱਛੇ 1 ਡਾਕਟਰ ਦੇ ਨਿਯਮ ਦੇ ਉਲਟ ਸਾਡੇ ਕੋਲ ਪ੍ਰਤੀ ਹਜ਼ਾਰ ਆਬਾਦੀ ਪਿੱਛੇ ਸਿਰਫ 0.5 ਡਾਕਟਰ ਹਨ। ਯੂ.ਪੀ. ਸਿਰਫ 0.4 ਉੱਪਰ ਮਾਣ ਕਰਦਾ ਹੈ। 60000 ਭਾਰਤੀ ਡਾਕਟਰ ਵਿਦੇਸ਼ਾਂ ਵਿਚ ਕੰਮ ਕਰ ਰਹੇ ਹਨ ਪਰ ਸਰਕਾਰ ਨੂੰ ਕੋਈ ਪ੍ਰਵਾਹ ਨਹੀਂ ਹੈ: ਇਸ ਨੇ ਜਨਤਕ ਸਿਹਤ ਦੇ ਗੰਭੀਰ ਮੁੱਦੇ ਤੋਂ ਹੱਥ ਖਿੱਚ ਕੇ ਇਸ ਨੂੰ ਨਿੱਜੀ

(ਬਾਕੀ ਅਗਲੇ ਸਫੇ 'ਤੇ)

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮੁੱਲ ਵਿਕੇ ਜੇ ਵਿਧਾਨਕਾਰ!

ਚਾਅ ਲੋਕਾਂ ਨੂੰ 'ਚੋਣ ਨਤੀਜਿਆਂ' ਦਾ, ਕੋਈ ਆਏਗੀ ਨਵੀਂ ਸਰਕਾਰ ਯਾਰੋ।
ਆਗੂ ਗਿਣਤੀਆਂ ਮਿਣਤੀਆਂ ਵਿਚ ਰੁੱਝੇ, 'ਜੋੜ-ਤੋੜ' ਕੀ ਹੋਊ ਦਰਕਦਰ ਯਾਰੋ।
ਬਾਂਦਰ ਬਿੱਲੀਆਂ ਵਾਲੀ ਨਾ ਗੱਲ ਹੋ ਜੇ, ਕੋਈ ਚਾਰ ਨਾ ਜਾਵੇ 'ਮੱਕਾਰ' ਯਾਰੋ।
ਜਿਹਦੀ ਜਿੱਤ ਦੀ ਆਸ ਨਾ ਕਿਸੇ ਕੀਤੀ, ਉਸ ਤੋਂ ਡਰਦਿਆਂ ਚੜ੍ਹਿਆ ਬੁਖਾਰ ਭਾਈ।
ਚਾਹਵੇ 'ਕਮਲ' ਕਿ ਮੇਰੇ ਜਿਹੇ ਹੋਣ ਸਾਰੇ, ਖਿੜੇ 'ਫੁੱਲ' ਜੋ ਵੱਖੋ-ਵੱਖ ਖਿੱਤਿਆਂ ਦੇ।
ਰੱਦੀ ਜਾਣਿਓਂ ਫਤਵਾ ਫਿਰ ਵੋਟਰਾਂ ਦਾ, ਮੁੱਲ ਪਏ ਜੇ ਐਮ.ਐਲ.ਏ. ਜਿੱਤਿਆਂ ਦੇ!

# ਪੰਜਾਬ ਦੀ ਨਵੀਂ ਸਰਕਾਰ ਲਈ ਆਰਥਿਕ ਚੁਣੌਤੀਆਂ



**ਡਾ. ਸੁਖਪਾਲ ਸਿੰਘ**
ਫੋਨ: +91-98760-63523

ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਬਣੇ ਪਰ ਇੱਕ ਗੱਲ ਸਾਫ ਹੈ ਕਿ ਸਰਕਾਰ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਸੰਘਵਾਦ (ਫੈਡਰਲਿਜ਼ਮ), ਭਾਸ਼ਾਵਾਂ ਅਤੇ ਪਾਣੀਆਂ ਦੇ ਮੁੱਦੇ ਤਾਂ ਇਕ ਪਾਸੇ; ਸੂਬੇ ਦੀ ਖੇਤੀ, ਉਦਯੋਗ ਅਤੇ ਸੇਵਾਵਾਂ ਦੇ ਖੇਤਰ ਦੇ ਸੰਕਟ ਦੇ ਨਾਲ ਨਾਲ ਬੇਰੁਜ਼ਗਾਰੀ, ਅਰਧ-ਬੇਰੁਜ਼ਗਾਰੀ, ਵਿਦੇਸ਼ੀ ਵੱਲ ਪਰਵਾਸ, ਮਜ਼ਦੂਰਾਂ ਦੀ ਮਾੜੀ ਹਾਲਤ, ਸਿਹਤ ਅਤੇ ਸਿੱਖਿਆ ਖੇਤਰ ਦੁਆਰਾ ਲੋਕਾਂ ਦੀ ਲੁੱਟ ਵਰਗੇ ਅਹਿਮ ਮੁੱਦੇ ਸਰਕਾਰ ਦੇ ਸਨਮੁੱਖ ਹੋਣਗੇ। ਪੰਜਾਬ ਮੁੱਖ ਰੂਪ ਵਿਚ ਖੇਤੀ ਆਧਾਰਿਤ ਸੂਬਾ ਹੈ ਜੋ ਵੱਡੇ ਸੰਕਟ ਦੀ ਮਾਰ ਹੇਠ ਹੈ। ਤਿੰਨ ਖੇਤੀ ਕਾਨੂੰਨ ਮਨਸੂਖ ਕਰਵਾ ਕੇ ਜਿੱਥੇ ਕਿਸਾਨੀ ਸੰਘਰਸ਼ ਨੇ ਖੇਤੀ ਵਿਚੋਂ ਕਾਰਪੋਰੇਟ ਦਾ ਹੋਣ ਵਾਲਾ ਗਲਬਾ ਖਤਮ ਕਰਾਇਆ ਉੱਥੇ ਇਸ ਦੇ ਬਦਲ ਵਜੋਂ ਕੀ ਕਰਨਾ ਹੈ, ਇਹ ਨਵੀਂ ਸਰਕਾਰ ਦੇ ਸਨਮੁੱਖ ਚੁਣੌਤੀਆਂ ਹੋਣਗੀਆਂ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨ ਕਾਨੂੰਨ ਮਨਸੂਖ ਕਰਦਿਆਂ ਕਿਹਾ ਕਿ ਖੇਤੀ ਬਾਬਤ ਕਮੇਟੀ ਬਣਾਈ ਜਾਵੇਗੀ। ਅਸਲ ਵਿਚ ਉਨ੍ਹਾਂ ਦਾ ਕਮੇਟੀ ਬਣਾਉਣ ਦਾ ਮੁੱਖ ਮਨੋਰਥ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੇਣ ਦਾ ਨਹੀਂ ਸੀ; ਉਸ ਤੋਂ ਬਾਅਦ ਸਗੋਂ ਉਨ੍ਹਾਂ ਇਸ ਗੱਲ ਤੋਂ ਟਾਲਾ ਹੀ ਵੱਟਿਆ ਅਤੇ ਕਿਹਾ ਕਿ ਮੁਲਕ ਵਿਚ 'ਜ਼ੀਰੋ ਬਜਟ ਕੁਦਰਤੀ ਖੇਤੀ' ਸ਼ੁਰੂ ਕੀਤੀ ਜਾਵੇਗੀ। ਹੁਣੇ ਹੁਣੇ ਕੇਂਦਰ ਸਰਕਾਰ ਨੇ ਮੁਲਕ ਦੀਆਂ ਖੇਤੀ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਵਿਚ ਕੁਦਰਤੀ ਖੇਤੀ ਨੂੰ ਗਰੈਜੂਏਸ਼ਨ ਅਤੇ ਪੋਸਟ-ਗ੍ਰੈਜੂਏਸ਼ਨ ਕਲਾਸਾਂ ਵਿਚ ਸਿਲੇਬਸ ਵਜੋਂ ਪੜ੍ਹਾਉਣ ਅਤੇ ਇਸ ਵਿਸ਼ੇ ਬਾਰੇ ਖੋਜ ਦੀਆਂ ਹਦਾਇਤਾਂ ਕੀਤੀਆਂ ਹਨ। ਇਹ ਸਮਝਣਾ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਦਾ ਜ਼ੀਰੋ ਬਜਟ ਕੁਦਰਤੀ ਖੇਤੀ ਸ਼ੁਰੂ ਕਰਨ ਦਾ ਮਨੋਰਥ ਕੀ ਹੈ?

ਮੌਜੂਦਾ ਦੌਰ ਵਿਚ ਜ਼ੀਰੋ ਬਜਟ ਕੁਦਰਤੀ ਖੇਤੀ ਦੇ ਹੰਭਲੇ ਨਾਲ ਸਰਕਾਰ ਤਿੰਨ ਅਹਿਮ ਉਦੇਸ਼ ਪੂਰੇ ਕਰਨਾ ਚਾਹੁੰਦੀ ਹੈ। ਪਹਿਲਾ, ਕੁਦਰਤੀ ਖੇਤੀ ਉੱਪਰ ਕੋਈ ਖਰਚਾ ਨਹੀਂ ਹੁੰਦਾ। ਇਸ ਕਰਕੇ ਸਰਕਾਰ ਨੂੰ ਖੇਤੀ ਸੈਕਟਰ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ, ਰਾਹਤਾਂ ਤੇ ਹੋਰ ਸਹੂਲਤਾਂ ਬੰਦ ਕਰਨੀਆਂ ਸੌਖੀਆਂ ਹੋ ਜਾਣਗੀਆਂ। ਕਾਰਪੋਰੇਟ ਵੀ ਇਹੀ ਚਾਹੁੰਦੇ ਹਨ। ਦੂਸਰਾ, ਇਸ ਨਾਲ ਫਸਲੀ ਉਤਪਾਦਨ ਘਟ ਜਾਵੇਗਾ ਜਿਸ ਨਾਲ ਸਰਕਾਰ ਨੂੰ ਖੇਤੀ ਮੰਡੀਕਰਨ ਅਤੇ ਅਨਾਜ ਦੀ ਸਾਂਭ-ਸੰਭਾਲ ਤੋਂ ਭੱਜਣਾ ਆਸਾਨ ਹੋ ਜਾਵੇਗਾ ਲੇਕਿਨ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਹੁਣੇ ਹੁਣੇ ਰਸਾਇਣ ਖੇਤੀ ਬੰਦ ਕਰਨ ਕਰਕੇ ਸ੍ਰੀਲੰਕਾ ਭੁੱਖਮਰੀ ਕੰਢੇ ਪੁੱਜ ਗਿਆ ਹੈ। ਤੀਸਰਾ ਤੇ ਅਹਿਮ ਉਦੇਸ਼ ਹੈ ਕਾਰਪੋਰੇਟ ਖੇਤੀ ਦਾ ਵਿਸਥਾਰ। ਅੱਜ ਅਸੀਂ ਆਪਣੀ ਛੋਟੀ ਤਕਨੀਕ ਨਾਲ ਖੇਤੀ ਕਰ ਰਹੇ ਹਾਂ ਜਦੋਂ ਕੁਦਰਤੀ ਖੇਤੀ ਨਾਲ ਇਹ ਵਿਵਸਥਾ ਖਤਮ ਹੋ ਗਈ ਤਾਂ ਕਾਰਪੋਰੇਟ ਖੇਤੀ ਦਾ ਮਾਡਲ ਵਿਕਸਤ ਕੀਤਾ ਜਾਵੇਗਾ ਜਿਸ ਵਿਚ ਮਨਸੂਈ ਬੌਧਿਕਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਰਾਹੀਂ ਖੇਤੀ ਕੀਤੀ ਜਾਵੇਗੀ। ਸਰਕਾਰ ਨੂੰ ਸਾਡੇ ਮੌਜੂਦਾ ਮਾਲਕੀ ਖੇਤੀ ਸਿਸਟਮ ਨੂੰ ਕਾਰਪੋਰੇਟ ਖੇਤੀ ਵਿਚ ਤਬਦੀਲ ਕਰਨਾ ਸੁਖਾਲਾ ਰਹੇਗਾ। ਕੀ ਸਾਡੀਆਂ ਰਾਜ ਸਰਕਾਰਾਂ ਇਸ ਕਾਰਪੋਰੇਟ ਸਿਸਟਮ ਦੇ ਮੁਕਾਬਲੇ ਕੋਈ ਆਪਣਾ ਕੋਆਪਰੇਟਿਵ ਜਾਂ ਸਰਕਾਰੀ ਖੇਤੀ ਮਾਡਲ ਵਿਕਸਤ ਕਰਨ ਦੇ ਕਾਬਲ ਹਨ? ਹਰਗਿਜ਼ ਨਹੀਂ।



ਮੌਜੂਦਾ ਦੌਰ ਵਿਚ ਪੰਜਾਬ ਦਾ ਅਰਥਚਾਰਾ ਦਿਉਕੱਦ ਆਰਥਿਕ ਸਮੱਸਿਆਵਾਂ ਨਾਲ ਭਰਿਆ ਪਿਆ ਹੈ। ਅਰਥਚਾਰੇ ਦੇ ਤਿੰਨੇ ਖੇਤਰ- ਖੇਤੀ, ਉਦਯੋਗ ਤੇ ਸੇਵਾਵਾਂ ਵੱਡੇ ਸੰਕਟ ਵਿਚੋਂ ਗੁਜ਼ਰ ਰਹੇ ਹਨ। ਖੇਤੀ ਖੇਤਰ ਨੂੰ ਉਤਪਾਦਨ ਅਤੇ ਮੰਡੀਕਰਨ ਦੀਆਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਬਾਵਜੂਦ ਇਸ ਦੇ ਕਿ ਪੰਜਾਬ ਵਿਚ ਕਣਕ ਝੋਨੇ ਦੀ ਉਤਪਾਦਕਤਾ ਦੁਨੀਆ ਵਿਚ ਸਭ ਤੋਂ ਵੱਧ ਹੈ, ਫਿਰ ਵੀ ਕਿਸਾਨਾਂ ਦੀ ਆਰਥਿਕ ਦਸ਼ਾ ਬਹੁਤ ਖਰਾਬ ਹੈ। ਪੰਜਾਬ ਦੇ ਖੇਤੀ ਸੈਕਟਰ ਉੱਪਰ ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਹਰ ਪਰਿਵਾਰ ਸਿਰ ਔਸਤਨ ਦਸ ਲੱਖ ਰੁਪਏ ਕਰਜ਼ ਹੈ। ਇਸੇ ਤਰ੍ਹਾਂ ਖੇਤ ਮਜ਼ਦੂਰ ਪਰਿਵਾਰ ਸਿਰ ਵੀ ਔਸਤਨ 80 ਹਜ਼ਾਰ ਰੁਪਏ ਕਰਜ਼ ਹੈ। ਛੋਟੀ ਕਿਸਾਨੀ ਖੇਤੀ ਵਿਚੋਂ ਬਾਹਰ ਹੋ ਰਹੀ ਹੈ। ਆਰਥਿਕ ਸੰਕਟ ਦੀ ਮਾਰ ਨਾ ਝੱਲਦਿਆਂ ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਵਿਚ ਹਰ ਰੋਜ਼ ਔਸਤਨ ਦੋ ਕਿਸਾਨ ਅਤੇ ਇੱਕ ਖੇਤ ਮਜ਼ਦੂਰ ਖੁਦਕੁਸ਼ੀ ਕਰ ਰਹੇ ਹਨ। ਅੱਜ ਲੋੜ ਹੈ, ਨਵੀਂ ਸਰਕਾਰ ਖੇਤੀ ਸੰਕਟ ਨਜਿੱਠਣ ਲਈ ਹੰਭਲੇ ਮਾਰੇ। ਦੇਖਣਾ ਇਹ ਹੋਵੇਗਾ ਕਿ ਨਵੀਂ ਸਰਕਾਰ ਸੱਚਮੁੱਚ ਅਜਿਹੀ ਪਾਏਦਾਰ ਨੀਤੀ ਬਣਾਵੇਗੀ ਜਿਸ ਨਾਲ ਫਸਲੀ ਉਤਪਾਦਨ ਦੀਆਂ ਸਮੱਸਿਆਵਾਂ ਹੱਲ ਕੀਤੀਆਂ ਜਾ ਸਕਣ ਅਤੇ ਖੇਤੀ ਮੰਡੀਕਰਨ ਵਿਵਸਥਾ ਨੂੰ ਕੁਸ਼ਲ ਬਣਾਇਆ ਜਾ ਸਕੇ। ਇਸੇ ਤਰ੍ਹਾਂ ਪਾਣੀ ਦੇ ਡੂੰਘੇ ਹੋ ਰਹੇ ਪੱਧਰ, ਮਿੱਟੀ ਦੀ ਨਿੱਘਰਦੀ ਸਿਹਤ ਅਤੇ ਵਾਤਾਵਰਨ ਵਿਚ ਆਏ ਵਿਗਾੜਾਂ ਨੂੰ ਠੀਕ ਕੀਤਾ ਜਾ ਸਕੇ। ਇਨ੍ਹਾਂ ਸਭ ਸਮੱਸਿਆਵਾਂ ਨਾਲ ਨਜਿੱਠਣ ਲਈ ਸਾਨੂੰ ਫਸਲੀ ਵੰਨ-ਸਵੰਨਤਾ ਅਤੇ ਕਿਸਾਨਾਂ ਦੇ ਆਰਥਿਕ ਲਾਹੇਵੰਦ ਸੋਚਣ ਦੀ ਲੋੜ ਪਵੇਗੀ ਪਰ ਅਫਸੋਸ ਕਿ ਪਿਛਲੇ ਲਗਭਗ ਚਾਰ ਦਹਾਕਿਆਂ ਤੋਂ ਫਸਲੀ ਵੰਨ-ਸਵੰਨਤਾ ਅਤੇ ਕੁਸ਼ਲ ਨੀਤੀਆਂ ਦੀਆਂ ਗੱਲਾਂ ਤਾਂ ਕੀਤੀਆਂ ਜਾ ਰਹੀਆਂ ਹਨ ਪਰ ਕੋਈ ਠੋਸ ਨੀਤੀਗਤ ਫੈਸਲੇ ਨਹੀਂ ਕੀਤੇ ਗਏ। ਇਸ ਪ੍ਰਸੰਗ ਵਿਚ ਨਵੀਂ ਸਰਕਾਰ ਨੂੰ ਲੋਕ-ਪੱਖੀ ਖੇਤੀ ਨੀਤੀਆਂ ਬਣਾਉਣ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

ਕੇਂਦਰ ਸਰਕਾਰ ਦੇ ਤਾਜ਼ਾ ਬਜਟ ਤੋਂ ਸਾਫ ਨਜ਼ਰ ਆਉਂਦਾ ਹੈ ਕਿ ਇਸ ਨੇ ਖੇਤੀ ਵਿਚ ਪੂੰਜੀ ਲਾਉਣ ਤੋਂ ਆਪਣੇ ਹੱਥ ਕਾਫੀ ਪਿੱਛੇ ਖਿੱਚੇ ਹਨ। ਖੇਤੀ ਵਿਚ ਰੱਖੀ ਰਾਸ਼ੀ ਪਿਛਲੇ ਸਾਲ ਕੁਲ ਬਜਟ ਦਾ 4.26 ਫੀਸਦ ਸੀ ਜੋ ਇਸ ਸਾਲ 3.84 ਫੀਸਦ ਰਹਿ ਗਈ। ਪੇਂਡੂ ਵਿਕਾਸ ਲਈ ਰੱਖੀ ਰਾਸ਼ੀ ਵੀ ਪਿਛਲੇ ਸਾਲ ਨਾਲੋਂ ਘਟਾ ਦਿੱਤੀ ਗਈ। ਫਸਲਾਂ ਦੀ ਖਰੀਦ ਲਈ ਰਾਸ਼ੀ ਪਿਛਲੇ ਸਾਲ 2.48 ਲੱਖ ਕਰੋੜ ਰੁਪਏ ਤੋਂ ਘਟਾ ਕੇ 2.37 ਲੱਖ ਕਰੋੜ ਰੁਪਏ ਕਰ ਦਿੱਤੀ ਗਈ ਜਦੋਂਕਿ 23 ਫਸਲਾਂ ਦੀ ਐਮ.ਐਸ.ਪੀ. ਦੇਣ ਲਈ 8 ਲੱਖ ਕਰੋੜ ਰੁਪਏ ਚਾਹੀਦੇ ਹਨ। ਪਿਛਲੇ ਸਾਲ ਪਰਾਲੀ ਦੀ ਸਾਂਭ ਸੰਭਾਲ ਲਈ ਵੀ 700 ਕਰੋੜ ਰੁਪਏ ਰੱਖੇ ਸਨ ਪਰ ਇਸ ਸਾਲ ਕੋਈ ਰਾਸ਼ੀ ਨਹੀਂ ਰੱਖੀ। ਇਸੇ ਤਰ੍ਹਾਂ ਮਗਨਰੇਗਾ ਸਕੀਮ ਉੱਪਰ ਪਿਛਲੇ ਸਾਲ 97 ਹਜ਼ਾਰ ਕਰੋੜ ਰੁਪਏ ਖਰਚੇ ਸਨ ਜੋ ਹੁਣ ਘਟਾ ਕੇ 72 ਹਜ਼ਾਰ ਕਰੋੜ ਰੁਪਏ ਕਰ ਦਿੱਤੇ ਹਨ। ਲੱਗਦਾ ਹੈ, ਕੇਂਦਰ ਸਰਕਾਰ ਫਸਲਾਂ ਦੀ ਐਮ.ਐਸ.ਪੀ. ਉੱਪਰ ਸਰਕਾਰੀ ਖਰੀਦ ਤੋਂ ਪਿੱਛੇ ਹਟੇਗੀ ਜਿਸ ਨਾਲ ਸੂਬਾ ਸਰਕਾਰ ਦੀਆਂ ਮੁਸ਼ਕਿਲਾਂ ਵਿਚ ਹੋਰ ਵਾਧਾ ਹੋਵੇਗਾ।

ਪੰਜਾਬ ਦੇ ਅਰਥਚਾਰੇ ਦਾ ਸੰਕਟ ਗੰਭੀਰ ਹੈ। ਇਸ ਵਕਤ ਸੂਬੇ ਸਿਰ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਜਦੋਂ ਕਿ ਇੱਥੋਂ ਦੀ ਕੁੱਲ ਘਰੇਲੂ ਆਮਦਨ (ਜੀ.ਡੀ.ਪੀ.) 5.4 ਲੱਖ ਕਰੋੜ ਰੁਪਏ ਹੈ। ਸਪੱਸ਼ਟ ਹੈ ਕਿ ਕਰਜ਼ਾ ਜੀਡੀਪੀ ਦਾ 55 ਫੀਸਦ ਹੈ। ਸੂਬੇ ਉਪਰ ਜਿੱਡਾ ਵੱਡਾ ਸੰਕਟ ਹੈ, ਉਸ ਨੂੰ ਨਜਿੱਠਣ ਲਈ ਸਰਕਾਰ ਕੋਲ ਆਮਦਨ ਚਾਹੀਦੀ ਹੈ ਪਰ ਨਵ-ਉਦਾਰਵਾਦ ਅਧੀਨ ਨਿੱਜੀਕਰਨ ਦੀਆਂ ਨੀਤੀਆਂ ਨੇ ਸਰਕਾਰੀ ਵਿਭਾਗਾਂ ਦਾ ਖਾਤਮਾ ਕਰਕੇ ਖਜ਼ਾਨਾ ਖਾਲੀ ਕਰ ਦਿੱਤਾ ਹੈ। ਪੰਜਾਬ ਦੀ ਜੀ.ਡੀ.ਪੀ. ਵਿਚ ਕੁੱਲ ਪੂੰਜੀ ਨਿਰਮਾਣ ਦੀ ਦਰ ਭਾਰਤ ਪੱਧਰ (29.3%) ਨਾਲੋਂ ਅੱਧੀ ਹੈ। ਇਸੇ ਲਈ ਇੱਥੇ ਨਾ ਖੇਤੀ ਵਿਕਸਤ ਹੋ ਰਹੀ ਹੈ, ਨਾ ਉਦਯੋਗ ਅਤੇ ਨਾ ਹੀ ਸੇਵਾਵਾਂ ਦਾ ਖੇਤਰ। ਸਿੱਟੇ ਵਜੋਂ ਬੇਰੁਜ਼ਗਾਰੀ ਵਿਚ ਬੇਤਹਾਸ਼ਾ ਵਾਧਾ ਹੋ ਰਿਹਾ ਹੈ। ਪੰਜਾਬ ਵਿਚ ਬੇਰੁਜ਼ਗਾਰੀ ਦੀ ਦਰ 7.8 ਫੀਸਦ ਹੈ ਜੋ ਕੌਮੀ ਪੱਧਰ ਤੇ 6.1 ਫੀਸਦ ਹੈ। ਪੰਜਾਬ ਵਿਚ ਪੜ੍ਹੇ ਲਿਖੇ ਨੌਜਵਾਨਾਂ ਦੀ ਬੇਰੁਜ਼ਗਾਰੀ ਹੋਰ ਵੀ ਜ਼ਿਆਦਾ ਹੈ; ਇੱਥੇ ਗਰੈਜੂਏਟ ਅਤੇ ਉੱਚ ਵਿੱਦਿਆ ਵਾਲੇ 16 ਫੀਸਦ ਲੋਕ ਬੇਰੁਜ਼ਗਾਰ ਹਨ।

ਪੰਜਾਬ ਦਾ ਉਦਯੋਗਿਕ ਖੇਤਰ ਵੀ ਸੰਕਟ ਦਾ ਸ਼ਿਕਾਰ ਹੈ। ਸੂਬੇ ਵਿਚ 2007-2015 ਦੌਰਾਨ ਲਗਭਗ 19 ਹਜ਼ਾਰ ਉਦਯੋਗਿਕ ਯੂਨਿਟ ਬੰਦ ਹੋ ਚੁੱਕੇ ਹਨ; ਭਾਵ, ਹਰ ਰੋਜ਼ ਛੇ ਉਦਯੋਗ ਬੰਦ ਹੋ ਰਹੇ ਹਨ; ਮੁੱਖ ਤੌਰ ਤੇ ਛੋਟੇ ਉਦਯੋਗ ਜੋ ਕਿਰਤ ਪ੍ਰਧਾਨ ਹਨ, ਮਨੁੱਖੀ ਕਿਰਤ ਨੂੰ ਕੁਝ ਰੁਜ਼ਗਾਰ ਮੁਹੱਈਆ ਕਰਦੇ ਹਨ। ਖੇਤੀ ਵਿਚ ਦੋ ਫਸਲੀ ਪ੍ਰਣਾਲੀ ਅਤੇ ਮਸ਼ੀਨੀਕਰਨ ਕਰਕੇ ਕਿਰਤ ਸ਼ਕਤੀ ਵਿਹਲੀ ਹੋ ਰਹੀ ਹੈ ਅਤੇ ਵਿਹਲੀ ਹੋਈ ਇਸ ਕਿਰਤ ਸ਼ਕਤੀ ਨੂੰ ਉਦਯੋਗ ਰੁਜ਼ਗਾਰ ਨਹੀਂ ਦੇ ਰਹੇ। ਸੰਸਾਰੀਕਰਨ ਦੀਆਂ ਨੀਤੀਆਂ ਕਰਕੇ ਬਾਹਰੀ ਮਾਲ/ਵਸਤੂਆਂ ਨੇ ਉਦਯੋਗਾਂ ਨੂੰ ਵੱਡੀ ਸੱਟ ਮਾਰੀ ਹੈ। ਸਾਡੀਆਂ ਸਰਕਾਰਾਂ ਕੋਲ ਸੂਬੇ ਵਿਚ ਉਦਯੋਗੀਕਰਨ ਲਈ ਕੋਈ ਨੀਤੀ ਨਹੀਂ ਹੈ।

ਚੋਣਾਂ ਦੌਰਾਨ ਸਾਰੀਆਂ ਹੀ ਪਾਰਟੀਆਂ ਨੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੇ ਦਾਅਵੇ ਕੀਤੇ ਸਨ। ਇਸੇ ਤਰ੍ਹਾਂ ਸਮੂਹ ਲੋਕਾਈ ਨੂੰ ਵਧੇਰੇ ਰਿਆਇਤਾਂ, ਆਮਦਨ ਸਕੀਮਾਂ ਅਤੇ ਮੁਫਤ ਸਹੂਲਤਾਂ ਦੇ ਵਾਅਦੇ ਕਰਕੇ ਲੋਕਾਂ ਤੋਂ ਵੋਟਾਂ ਮੰਗੀਆਂ ਸਨ। ਅਸਲ ਵਿਚ ਸਰਕਾਰ ਕੋਲ ਅਰਥਚਾਰਾ ਠੀਕ ਕਰਨ ਦੀ ਨਾ ਨੀਅਤ ਹੈ, ਨਾ ਨੀਤੀ ਅਤੇ ਨਾ ਹੀ ਸਾਧਨ। ਸਰਕਾਰੀ ਖਜ਼ਾਨਾ ਖਾਲੀ ਹੀ ਨਹੀਂ ਬਲਕਿ ਕਰਜ਼ ਨਾਲ ਭਰਿਆ ਪਿਆ ਹੈ। ਲੋਕਾਂ ਉੱਪਰ ਟੈਕਸ ਦਾ ਬੋਝ ਪਹਿਲਾਂ ਹੀ ਵਧੇਰੇ ਲੱਦਿਆ ਹੋਇਆ ਹੈ। ਰੀਅਲ ਅਸਟੇਟ ਮਾਫੀਆ, ਰੇਤ ਮਾਫੀਆ, ਕੇਬਲ ਮਾਫੀਆ ਤੇ ਡਰੱਗ ਮਾਫੀਆ ਰੋਕਣ ਨਾਲ ਕੁਝ ਸਾਧਨ ਜੁਟਾਏ ਜਾ ਸਕਦੇ ਹਨ ਪਰ ਸਾਡੀ ਸਰਕਾਰ ਲਈ ਇਹ ਕਾਰਜ ਮੁਸ਼ਕਿਲ ਜਾਪਦਾ ਹੈ। ਸਰਕਾਰ ਕੋਲ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ, ਮੁਦਰੀਕਰਨ ਅਤੇ ਲੋਕਾਂ ਉੱਪਰ ਟੈਕਸਾਂ ਦਾ ਹੋਰ ਬੋਝ ਲੱਦਣ ਤੋਂ ਬਿਨਾਂ ਕੋਈ ਚਾਰਾ ਦਿਖਾਈ ਨਹੀਂ ਦਿੰਦਾ। ਨਤੀਜੇ ਵਜੋਂ ਲੋਕਾਂ ਦੀ ਆਰਥਿਕ ਦਸ਼ਾ ਹੋਰ ਮਾੜੀ ਹੋ ਜਾਵੇਗੀ ਜਿਸ ਨਾਲ ਉਨ੍ਹਾਂ ਦੀ ਬੇਚੈਨੀ ਵਿਚ ਵਾਧਾ ਹੋਵੇਗਾ। ਇਹ ਸਰਕਾਰ ਲਈ ਚੁਣੌਤੀ ਬਣੇਗਾ।

ਅਰਥਚਾਰੇ ਦਾ ਸੰਕਟ ਨਜਿੱਠਣ ਲਈ ਬਹੁ-ਤਰਫੀ ਨੀਤੀ ਬਣਾਉਣੀ ਪਵੇਗੀ। ਖੇਤੀ ਸੈਕਟਰ ਵਿਚ ਆਰਥਿਕ ਲਾਹਾ ਵਧਾਉਣਾ ਅਤੇ ਕਿਸਾਨਾਂ ਮਜ਼ਦੂਰਾਂ ਵਿਚ ਕਰਜ਼ੇ ਤੇ ਖੁਦਕੁਸ਼ੀਆਂ ਦੀ ਅਲਾਮਤ ਖਤਮ ਕਰਨ ਲਈ ਖੇਤੀ ਦਾ ਮੁਹਾਂਦਰਾ ਬਦਲਣਾ ਪਵੇਗਾ। ਇਹ ਕੰਮ ਨਵੀਆਂ ਫਸਲਾਂ ਦੀ ਲਾਭਦਾਇਕ ਕੀਮਤ ਅਤੇ ਕੁਸ਼ਲ ਮੰਡੀਕਰਨ ਤੋਂ ਬਿਨਾਂ ਨਹੀਂ ਹੋ ਸਕਦਾ। ਇਸ ਕੰਮ ਲਈ ਖੇਤੀ ਦੇ ਪਿਛਾਉਂ ਸੰਬੰਧਾਂ (ਬੀਜ, ਖਾਦਾਂ, ਰਸਾਇਣ, ਪੂੰਜੀ, ਤਕਨੀਕ ਆਦਿ) ਅਤੇ ਅਗਾਊਂ ਸੰਬੰਧਾਂ (ਪ੍ਰੋਸੈਸਿੰਗ, ਮੁੱਲ ਵਾਧਾ, ਮੰਡੀਕਰਨ ਆਦਿ) ਨੂੰ ਵਿਕਸਤ ਕਰਨਾ ਪਵੇਗਾ। ਐਗਰੋ-ਇੰਡਸਟਰੀ ਰਾਹੀਂ ਖੇਤੀ ਉਤਪਾਦਨ ਦੀ ਪ੍ਰੋਸੈਸਿੰਗ ਪਿੰਡ/ਬਲਾਕ ਪੱਧਰ ਉੱਪਰ ਸਰਕਾਰੀ/ਸਹਿਕਾਰੀ ਅਦਾਰਿਆਂ ਵਿਚ ਕਰਕੇ ਕਿਰਤ ਸ਼ਕਤੀ ਨੂੰ ਲੋਕਲ ਪੱਧਰ ਉੱਪਰ ਰੁਜ਼ਗਾਰ ਮੁਹੱਈਆ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਅਰਥਚਾਰੇ ਵਿਚ ਉੱਚ ਪਾਏ ਦੀ ਤਕਨੀਕ ਵਾਲੇ ਉਦਯੋਗੀਕਰਨ ਦੀ ਜ਼ਰੂਰਤ ਹੈ। ਇਸੇ ਤਰ੍ਹਾਂ ਸੇਵਾਵਾਂ ਦੇ ਖੇਤਰ (ਸਿਹਤ, ਸਿੱਖਿਆ, ਆਵਾਜਾਈ, ਸੰਚਾਰ, ਬੈਂਕਿੰਗ, ਬੀਮਾ) ਨੂੰ ਸਹਿਕਾਰੀ/ਸਰਕਾਰੀ ਖੇਤਰ ਅਧੀਨ ਹੀ ਵਿਕਸਤ ਕੀਤਾ ਜਾਵੇ। ਇਸ ਨਾਲ ਕਿਰਤ ਸ਼ਕਤੀ ਨੂੰ ਗੁਣਾਤਮਕ ਅਤੇ ਗਿਣਾਤਮਕ ਤੌਰ ਤੇ ਸਿਹਤਮੰਦ ਰੁਜ਼ਗਾਰ ਮਿਲੇਗਾ। ਇਹ ਕਾਰਜ ਸਿਰਫ ਲੋਕ-ਪੱਖੀ ਸਰਕਾਰ ਹੀ ਕਰ ਸਕਦੀ ਹੈ, ਕਾਰਪੋਰੇਟ-ਪੱਖੀ ਸਰਕਾਰ ਨਹੀਂ।

## ਕਾਰਪੋਰੇਟ ਹਸਪਤਾਲਾਂ ਦਾ ਮਾਡਲ

*(ਪਿਛਲੇ ਸਫੇ ਦੀ ਬਾਕੀ)*

ਖੇਤਰ ਦੇ ਹਵਾਲੇ ਕਰ ਦਿੱਤਾ ਹੈ।

ਇੱਥੋਂ ਤੱਕ ਕਿ ਆਯੁਸ਼ਮਾਨ ਭਾਰਤ ਪ੍ਰੋਗਰਾਮ ਨਿੱਜੀ ਖੇਤਰ (ਤੇ ਜੁਰਮ ਵਿਚ ਉਨ੍ਹਾਂ ਦੇ ਭਾਈਵਾਲਾਂ, ਬੀਮਾ ਕੰਪਨੀਆਂ) ਲਈ ਹੋਰ ਵੀ ਪੈਸਾ ਕਮਾਉਣ ਦਾ ਮੌਕਾ ਹੈ। ਕੇਂਦਰ ਸਰਕਾਰ ਨੇ ਬਜਟ 'ਚ ਇਸ ਲਈ 2021-22 ਦੇ ਵਿਤੀ ਸਾਲ ਲਈ 6400 ਕਰੋੜ ਰੁਪਏ ਰੱਖੇ ਹਨ ਜੋ ਸਾਰੇ ਨਿੱਜੀ ਖੇਤਰ ਦੇ ਹਸਪਤਾਲਾਂ ਨੂੰ ਜਾਣਗੇ। ਇਸ ਪੈਸੇ ਨਾਲ ਘੱਟੋ-ਘੱਟ ਪੰਜ ਏਮਸ ਜਾਂ 35 ਮੈਡੀਕਲ ਕਾਲਜ ਸਥਾਪਤ ਹੋ ਸਕਦੇ ਸਨ, ਜਾਂ ਜੇਕਰ ਰਾਜਾਂ ਨੂੰ ਇੰਨਾ ਹੀ ਹਿੱਸਾ ਪਾਉਣ ਲਈ ਕਿਹਾ ਜਾਵੇ ਤਾਂ ਇਹ ਸੰਖਿਆ ਦੁੱਗਣੀ ਹੋ ਸਕਦੀ ਹੈ। ਤੁਸੀਂ ਸੋਚਦੇ ਹੋਵੋਗੇ, ਇਹ ਭਵਿੱਖ ਲਈ ਲਾਹੇਵੰਦ ਪੂੰਜੀ-ਨਿਵੇਸ਼ ਹੈ ਪਰ ਸਿਆਸਤਦਾਨਾਂ ਲਈ ਭਵਿੱਖ 2024 'ਚ ਮੁੱਕ ਜਾਂਦਾ ਹੈ।

ਕਿਸੇ ਦਿਨ ਮੈਂ ਇਸ ਕਾਰਪੋਰੇਟ ਖੇਤਰ ਦੀ ਇਕ ਹੋਰ ਮਿਲਦੀ-ਜੁਲਦੀ ਚੀਜ਼, ਸੀ.ਜੀ.ਐਚ.ਐੱਸ. (ਸੈਂਟਰਲ ਗਵਰਨਮੈਂਟ ਹੈਲਥ ਸਕੀਮ), ਬਾਰੇ ਲਿਖਾਂਗਾ ਜੋ ਕਾਰਪੋਰੇਟ ਹਸਪਤਾਲਾਂ ਲਈ ਕਮਾਈ ਦਾ ਸਦੀਵੀ ਸਰੋਤ ਹੈ। ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਜਦੋਂ ਦੋ ਨੌਕਰਸ਼ਾਹੀਆਂ ਮਿਲ ਕੇ ਕੰਮ ਕਰਦੀਆਂ ਹਨ ਤਾਂ ਕੀ ਹੁੰਦਾ ਹੈ?

# ਪੰਜਾਬ ਵਿਚ ਖੇਤੀ ਅਤੇ ਸਹਾਇਕ ਧੰਦੇ

**ਡਾ. ਰਣਜੀਤ ਸਿੰਘ**

ਇਹ ਸਚਾਈ ਹੈ ਕਿ ਖੇਤੀ ਵਿਕਾਸ ਤੋਂ ਬਗੈਰ ਭਾਰਤ ਕਦੇ ਵੀ ਵਿਕਸਤ ਨਹੀਂ ਹੋ ਸਕਦਾ। ਭਾਰਤ ਵਿਚ ਘੱਟੋ-ਘੱਟ ਅੱਧੀ ਵਸੋਂ ਨੂੰ ਰੁਜ਼ਗਾਰ ਲਈ ਖੇਤੀ ਉੱਤੇ ਨਿਰਭਰ ਰਹਿਣਾ ਪਵੇਗਾ। ਪੱਛਮੀ ਮੁਲਕਾਂ ਵਾਲਾ ਮਾਡਲ ਇਥੇ ਲਾਗੂ ਨਹੀਂ ਹੁੰਦਾ ਕਿਉਂਕਿ ਉੱਥੇ ਮਨੁੱਖੀ ਵਸੀਲਿਆਂ ਦੀ ਘਾਟ ਹੈ ਜਦੋਂਕਿ ਸਾਡੇ ਮੁਲਕ ਵਿਚ ਇਸ ਦੀ ਬਹੁਤਾਤ ਹੈ।

ਅਸਲ ਵਿਚ ਵੱਡੇ ਸਨਅਤੀ ਅਦਾਰੇ ਬਹੁਤੇ ਲੋਕਾਂ ਨੂੰ ਰੁਜ਼ਗਾਰ ਦੇ ਹੀ ਨਹੀਂ ਸਕਦੇ। ਸਾਡੇ ਮੁਲਕ ਵਿਚ ਤਾਂ ਰੁਜ਼ਗਾਰ ਦੇ ਵਸੀਲੇ ਛੋਟੀਆਂ ਸਨਅਤਾਂ ਨੂੰ ਵਿਕਸਤ ਕਰ ਕੇ ਹੀ ਪੈਦਾ ਕੀਤੇ ਜਾ ਸਕਦੇ ਹਨ। ਪਿੰਡਾਂ ਵਿਚ ਖੇਤੀ ਵਿਕਾਸ ਦੇ ਨਾਲੋ-ਨਾਲ ਪੇਂਡੂ ਕਲਾ, ਹਸਤ ਕਲਾ, ਸਥਾਨਕ ਵਸਤਾਂ ਨੂੰ ਉਤਸ਼ਾਹਿਤ ਕੀਤਿਆਂ ਪਿੰਡਾਂ ਵਿਚ ਹੀ ਰੁਜ਼ਗਾਰ ਦੇ ਮੌਕੇ ਬਣਾਏ ਜਾ ਸਕਦੇ ਹਨ। ਪੰਜਾਬ ਵਿਚ ਜਿਸ ਤੇਜ਼ੀ ਨਾਲ ਖੇਤੀ ਵਿਕਾਸ ਹੋਇਆ ਸੀ, ਉਸ ਦੀ ਮਿਸਾਲ ਸੰਸਾਰ ਵਿਚ ਹੋਰ ਕਿਧਰੇ ਨਹੀਂ ਮਿਲਦੀ। ਪੰਜਾਬੀ ਕਿਸਾਨ ਨੇ ਮੁਲਕ ਵਿਚੋਂ ਕੇਵਲ ਭੁੱਖਮਰੀ ਹੀ ਦੂਰ ਨਹੀਂ ਕੀਤੀ ਸਗੋਂ ਇਸ ਨੂੰ ਵਾਧੂ ਅਨਾਜ ਵਾਲਾ ਸੂਬਾ ਬਣਾ ਦਿੱਤਾ। ਇਸ ਇਨਕਲਾਬ ਨੂੰ ਸਿਰਜਣ ਵਿਚ ਤਿੰਨਾਂ ਧਿਰਾਂ ਨੇ ਬਰਾਬਰ ਦਾ ਯੋਗਦਾਨ ਪਾਇਆ ਸੀ- ਨਵੀਂ ਤਕਨਾਲੋਜੀ, ਕਿਸਾਨ ਅਤੇ ਸਰਕਾਰਾਂ। ਉਂਝ, ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਦੀ ਖੇਤੀ ਵਿਚ ਖੜ੍ਹੋਤ ਆ ਗਈ ਹੈ। ਕਣਕ-ਝੋਨਾ ਹੀ ਇੱਥੋਂ ਦਾ ਮੁੱਖ ਫਸਲੀ ਚੱਕਰ ਬਣ ਗਿਆ ਹੈ। ਇਹ ਦੋਵੇਂ ਅਜਿਹੀਆਂ ਫਸਲਾਂ ਹਨ ਜਿਨ੍ਹਾਂ ਵਿਚ ਖਤਰਾ ਸਭ ਤੋਂ ਘੱਟ ਹੈ ਤੇ ਕੁਝ ਨਵਾਂ ਕਰਨ ਦੀ ਗੁੰਜਾਇਸ਼ ਵੀ ਨਹੀਂ। ਇਨ੍ਹਾਂ ਫਸਲਾਂ ਨੂੰ ਹੁਣ ਕਾਮੇ ਹੀ ਬੀਜਦੇ-ਵੱਢਦੇ ਹਨ। ਇਉਂ ਸਾਰਾ ਸਾਲ ਖੇਤਾਂ ਵਿਚ ਮਾਲਕ ਦੇ ਕਰਨ ਨੂੰ ਕੋਈ ਖਾਸ ਕੰਮ ਨਹੀਂ। ਸੰਸਾਰ ਦੇ ਸਭ ਤੋਂ ਮਿਹਨਤੀ ਅਤੇ ਹਿੰਮਤੀ ਸਮਝੇ ਜਾਂਦੇ ਪੰਜਾਬੀ ਕਿਸਾਨ ਹੁਣ ਖੇਤਾਂ ਤੋਂ ਦੂਰ ਹੋ ਰਹੇ ਹਨ। ਹੁਣ ਕਿਸਾਨ ਵਿਹਲਾ ਤੇ ਖਰਚੀਲਾ ਬਣ ਰਿਹਾ ਹੈ।

ਸਰਕਾਰ ਨੇ ਖੇਤੀ ਵਿਕਾਸ ਲਈ ਪੂਰੇ ਉਤਸ਼ਾਹ ਨਾਲ ਯੋਗਦਾਨ ਪਾਇਆ ਸੀ। ਪਿੰਡਾਂ ਦੀਆਂ ਸੜਕਾਂ ਪੱਕੀਆਂ ਕੀਤੀਆਂ ਅਤੇ ਬਿਜਲੀ ਪਹੁੰਚਾਈ। ਟਿਊਬਵੈੱਲ ਲਗਾਉਣ ਲਈ ਕਰਜ਼ਾ ਦਿੱਤਾ। ਕਣਕ ਝੋਨੇ ਦੀ ਘੱਟੋ-ਘੱਟ ਕੀਮਤ ਮਿੱਥੀ ਗਈ ਅਤੇ ਖਰੀਦ ਯਕੀਨੀ ਬਣਾਈ। ਕਈ ਦਹਾਕਿਆਂ ਤੋਂ ਅਪਣਾਇਆ ਫਸਲੀ ਚੱਕਰ ਖੜ੍ਹੋਤ ਦਾ ਕਾਰਨ ਬਣ ਜਾਂਦਾ ਹੈ। ਪੰਜਾਬ ਦੀ ਖੇਤੀ ਦੀ ਵਿਕਾਸ ਦਰ ਦੋ ਫੀਸਦੀ ਤੋਂ ਵੀ ਘਟ ਗਈ ਹੈ। ਮੁਲਕ ਦਾ ਮੋਹਰੀ ਸੂਬਾ ਹੁਣ ਪਿੱਛੇ ਰਹਿ ਗਿਆ ਹੈ। ਪੰਜਾਬ ਇਸ ਸਮੇਂ ਵਿਕਾਸ ਦੇ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਸਨਅਤੀ ਤੇ ਖੇਤੀ ਵਿਕਾਸ ਵਿਚ ਖੜ੍ਹੋਤ ਹੈ। ਇੰਜ ਆਖ ਲਿਆ ਜਾਵੇ ਕਿ ਪੰਜਾਬੀ ਕਿਰਦਾਰ ਬਦਲ ਰਿਹਾ ਹੈ ਤਾਂ ਕੋਈ ਅਤਿਕਥਨੀ ਨਹੀਂ। ਪੰਜਾਬ ਵਿਚ ਰੁਜ਼ਗਾਰ ਦੀ ਘਾਟ ਨਹੀਂ ਪਰ ਪੰਜਾਬੀ ਮੁੰਡੇ ਕੁੜੀਆਂ ਵੱਡੀਆਂ ਨੌਕਰੀਆਂ ਦੀ ਭਾਲ ਕਰਦੇ ਹਨ।

ਇਸ ਸਮੇਂ ਪੰਜਾਬ ਦੀ ਖੇਤੀ ਲਈ ਡੇਅਰੀ ਫਾਰਮਿੰਗ ਤੇ ਸਬਜ਼ੀਆਂ ਦੀ ਕਾਸ਼ਤ ਸਭ ਤੋਂ ਵੱਧ ਢੁੱਕਵੇਂ ਬਦਲ ਹਨ। ਹੁਣ ਵੀ ਮੁਲਕ ਵਿਚ ਪੰਜਾਬ ਦੁੱਧ ਉਤਪਾਦਨ ਲਈ ਮੋਹਰੀ ਹੈ। ਚੰਗੇ ਪ੍ਰਬੰਧ ਨਾਲ ਇਸ ਵਿਚ ਹੋਰ ਵਾਧਾ ਕੀਤਾ ਜਾ ਸਕਦਾ ਹੈ। ਇਸ ਧੰਦੇ ਨੂੰ ਵਪਾਰਕ ਪੱਧਰ ਤੇ ਵਿਕਸਤ ਕਰਨ ਲਈ ਮੁੜ ਤਿੰਨਾਂ ਧਿਰਾਂ ਦੇ ਯੋਗਦਾਨ ਦੀ ਲੋੜ ਹੈ। ਕਿਸਾਨ ਨੂੰ ਸਵੇਰੇ ਸ਼ਾਮ ਆਪਣੇ ਪਸ਼ੂਆਂ ਦੀ ਸੰਭਾਲ ਅਤੇ ਦੁੱਧ ਦੀ ਚੁਆਈ ਦਾ ਕੰਮ ਕਰਨਾ ਪਵੇਗਾ। ਦੂਜੀ ਲੋੜ ਤਕਨਾਲੋਜੀ ਦੀ ਹੈ। ਹੁਣ ਪੰਜਾਬ ਵਿਚ ਵੱਖਰੀ ਗੁਰੂ ਅੰਗਦ ਦੇਵ ਪਸ਼ੂ ਪਾਲਣ ਯੂਨੀਵਰਸਿਟੀ ਬਣ ਗਈ ਹੈ। ਵਧੀਆ ਨਸਲ ਦੀਆਂ ਵੱਛੀਆਂ ਤੇ ਕੱਟੀਆਂ ਤਿਆਰ ਕਰ ਕੇ ਕਿਸਾਨਾਂ ਨੂੰ ਦੇਣ ਦਾ ਪ੍ਰਬੰਧ ਇਸੇ ਦੀ ਜ਼ਿੰਮੇਵਾਰੀ ਹੈ। ਪਸ਼ੂ ਪ੍ਰਬੰਧ ਦੇ ਵਿਗਿਆਨਕ ਢੰਗਾਂ ਦੀ ਕਿਸਾਨਾਂ ਤੇ ਕਿਸਾਨ ਬੀਬੀਆਂ ਨੂੰ ਸਿਖਲਾਈ ਦੇਣ ਦਾ ਪ੍ਰਬੰਧ ਵੀ ਇਸ ਨੇ ਹੀ ਕਰਨਾ ਹੈ। ਚਾਰਿਆਂ ਦੀਆਂ ਫਸਲਾਂ ਦੀਆਂ ਨਵੀਆਂ ਕਿਸਮਾਂ ਵਿਕਸਤ ਕਰਨਾ ਤੇ ਉਨ੍ਹਾਂ ਦੇ ਬੀਜ ਕਿਸਾਨਾਂ ਨੂੰ ਦੇਣ ਵੀ ਇਸੇ ਦੀ ਜ਼ਿੰਮੇਵਾਰੀ ਹੈ। ਪੰਜਾਬ ਵਿਚ ਛੋਟੇ ਕਿਸਾਨਾਂ ਦੀ ਬਹੁਗਿਣਤੀ ਹੈ। ਮੁਲਕ ਵਿਚ ਅਨਾਜ ਦੀ ਥੁੜ੍ਹ ਦੂਰ ਕਰਨ ਲਈ ਸਰਕਾਰਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਕਣਕ-ਝੋਨਾ ਉਗਾਉਣ ਲਈ ਉਤਸ਼ਾਹਿਤ ਕੀਤਾ। ਹੁਣ ਪੰਜਾਬ ਅਨਾਜ ਪੈਦਾ ਕਰਨ ਵਾਲੀ ਮਸ਼ੀਨ ਬਣ ਕੇ ਰਹਿ ਗਿਆ ਹੈ। ਪੰਜਾਬੀ ਕਿਸਾਨਾਂ ਨੇ ਹੋਰ ਸਾਰੀਆਂ ਰਵਾਇਤੀ ਫਸਲਾਂ ਦੀ ਕਾਸ਼ਤ ਨੂੰ ਤਿਆਗ ਰੇਤ ਦੇ ਟਿੱਬਿਆਂ ਵਿਚ ਵੀ ਝੋਨਾ ਤੇ ਕਣਕ ਹੀ ਬੀਜਣੀ ਸ਼ੁਰੂ ਕਰ ਦਿੱਤੀ ਹੈ। ਰੀਸੋ-ਰੀਸ ਕਰਜ਼ਾ ਚੁੱਕ ਟਰੈਕਟਰ ਵੀ ਖਰੀਦ ਲਏ ਹਨ। ਕਣਕ-ਝੋਨੇ ਦੇ ਫਸਲੀ ਚੱਕਰ ਕਾਰਨ ਹੁਣ ਕਿਸਾਨ ਨੂੰ ਸਾਰਾ ਕੁਝ ਬਾਜ਼ਾਰੋਂ ਹੀ ਖਰੀਦਣਾ ਪੈਂਦਾ ਹੈ। ਸਾਰੇ ਮੁਲਕ ਵਿਚ ਵਰਤੇ ਜਾਣ ਵਾਲੇ ਨਦੀਨਨਾਸ਼ਕਾਂ ਦਾ ਅੱਧਾ ਹਿੱਸਾ ਪੰਜਾਬ ਵਿਚ ਹੀ ਵਰਤਿਆ ਜਾਂਦਾ ਹੈ। ਕਈ ਸਾਲਾਂ ਤੋਂ ਪ੍ਰਤੀ ਏਕੜ ਉਪਜ ਵਿਚ ਖੜ੍ਹੋਤ ਆ ਗਈ ਹੈ। ਖੇਤੀ ਲੋੜਾਂ ਦੀਆਂ ਕੀਮਤਾਂ ਵਿਚ ਵਾਧਾ ਹੋ ਰਿਹਾ ਹੈ। ਕਿਸਾਨ ਦੀ ਆਮਦਨ ਘਟ ਰਹੀ ਹੈ।

ਹੁਣ ਛੋਟੇ ਕਿਸਾਨਾਂ ਨੂੰ ਖੇਤੀ ਦੇ ਨਾਲ ਸਹਾਇਕ ਧੰਦੇ ਸ਼ੁਰੂ ਕਰਨੇ ਪੈਣਗੇ ਤਾਂ ਜੋ ਉਸ ਦੀ ਆਮਦਨ ਵਿਚ ਵਾਧਾ ਹੋ ਸਕੇ।

# ਸੌਣ ਲੱਗਿਆਂ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਸੌਣ ਵੇਲੇ ਦਾ ਜ਼ਿਕਰ ਕੀਤਾ ਹੈ, ਕਿ ਕਿਸ ਤਰ੍ਹਾਂ ਸੌਣ ਲੱਗਿਆਂ ਅਸੀਂ ਸਾਰੇ ਕੁਝ ਨਾ ਕੁਝ ਸੋਚਦੇ, ਸਮਝਦੇ, ਸੰਤੋਖਦੇ ਅਤੇ ਸਮੇਟਦਿਆਂ ਰਾਤ ਦੀ ਆਗੋਸ਼ ਵਿਚ ਜਾਣ ਲਈ ਉਤਾਵਲੇ ਹੁੰਦੇ ਹਾਂ ਪਰ ਸਾਨੂੰ ਸਮੁੱਚੀ ਲੋਕਾਈ ਦੇ ਸਰਬ-ਸੁਖ਼ਨ ਦੀ ਕਾਮਨਾ ਕਰਦਿਆਂ ਰਾਤ ਨੂੰ ਖੁਸ਼-ਆਮਦੀਦ ਆਖਣੀ ਚਾਹੀਦੀ ਹੈ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸੌਣ ਲੱਗਿਆਂ ਅਸੀਂ ਸਾਰੇ ਕੁਝ ਨਾ ਕੁਝ ਸੋਚਦੇ, ਸਮਝਦੇ, ਸੰਤੋਖਦੇ ਅਤੇ ਸਮੇਟਦਿਆਂ ਰਾਤ ਦੀ ਆਗੋਸ਼ ਵਿਚ ਜਾਣ ਲਈ ਉਤਾਵਲੇ ਹੁੰਦੇ ਹਾਂ।

ਕੁਝ ਲੋਕ ਰਾਤਾਂ ਨੂੰ ਸੌਂਦੇ। ਤਰੋ-ਤਾਜ਼ੇ ਹੋ ਕੇ ਅਗਲੀ ਸਵੇਰ ਨੂੰ ਖੁਸ਼-ਆਮਦੀਦ ਕਹਿੰਦੇ। ਜੀਵਨੀ ਸਫ਼ਰ ਨੂੰ ਨਵੀਂ ਸੋਚ, ਸਾਧਨਾ, ਸਮਰਪਿਤਾ ਅਤੇ ਸਫ਼ਲਤਾ ਨਾਲ ਜਾਰੀ ਰੱਖਦੇ ਨਵੇਂ ਸਿਰਨਾਵਿਆਂ ਦੀ ਖੋਜ ਵਿਚ ਨਵੀਆਂ ਧਰਾਤਲਾਂ ਦੀ ਨਿਸ਼ਾਨਦੇਹੀ ਕਰਦੇ। ਉਨ੍ਹਾਂ ਲਈ ਜੀਵਨੀ ਸ਼ਿਲਾਲੇਖ਼ ਨੂੰ ਨਵੀਆਂ ਪ੍ਰਾਪਤੀਆਂ ਦਾ ਨਾਮਕਰਨ ਦੇਣ ਦਾ ਜੋਸ਼ ਤੇ ਜਨੂੰਨ ਹੁੰਦਾ।

ਕੁਝ ਲੋਕ ਰਾਤਾਂ ਨੂੰ ਜਾਗਦੇ ਨੀਂਦ ਉਚਾਟ ਕਰਦੇ ਅਤੇ ਕਈਆਂ ਹੋਰਨਾਂ ਦੀਆਂ ਨੀਂਦਰਾਂ ਵੀ ਹੰਘਾਲਦੇ। ਉਨ੍ਹਾਂ ਦੀ ਸੋਚ ਵਿਚਲੀ ਭਟਕਣਾ ਉਨ੍ਹਾਂ ਨੂੰ ਸੌਣ ਲਈ ਅਵਾਜ਼ਾਰੀ ਪੈਦਾ ਨਹੀਂ ਕਰਦੀ ਅਤੇ ਉਹ ਰਾਤ ਦੇ ਹਨੇਰਿਆਂ ਵਿਚ ਆਪਣੀਆਂ ਮੰਜ਼ਲਾਂ ਗੁਆ ਬਹਿੰਦੇ। ਉਨ੍ਹਾਂ ਦੇ ਪੈਂਡਿਆਂ ਵਿਚ ਖਾਈਆਂ ਅਤੇ ਖੱਡੇ ਉਗਦੇ। ਇਨ੍ਹਾਂ ਨੂੰ ਸਰ ਕਰਨ ਦੀ ਅਸਫ਼ਲ ਕੋਸ਼ਿਸ਼ ਵਿਚ ਆਪਣੇ ਸਾਹਾਂ ਨੂੰ ਅਰਥੀ ਲਈ ਮੋਢਾ ਦੇਣ ਜੋਗੇ ਰਹਿ ਜਾਂਦੇ।

ਕੁਝ ਲੋਕ ਸੁੱਤਿਆਂ ਵੀ ਜਾਗਦੇ ਅਤੇ ਕਈ ਲੋਕ ਜਾਗਦਿਆਂ ਵੀ ਸੁੱਤੇ ਹੁੰਦੇ। ਉਨ੍ਹਾਂ ਲਈ ਦੁਚਿੱਤੀ ਵਿਚੋਂ ਅੱਧ-ਸੁਤਿਆਂ ਅਤੇ ਅੱਧ-ਜਾਗਦਿਆਂ ਹੀ ਜੀਵਨ ਨੂੰ ਪੂਰਾ ਕਰਨ ਦੀ ਮਜਬੂਰੀ ਹੁੰਦੀ।

ਕੁਝ ਲੋਕ ਸੌਣ ਲੱਗਿਆਂ ਨੀਂਦ ਦੀ ਆਗੋਸ਼ ਵਿਚ ਜਾ ਕੇ ਸੁਪਨਸਾਜ਼ੀ ਨੂੰ ਮਾਨਣਾ ਲੋਚਦੇ ਕਿਉਂਕਿ ਉਨ੍ਹਾਂ ਨੂੰ ਚੰਗਾ ਲੱਗਦਾ ਹੈ ਸੁਪਨੇ ਲੈਣਾ। ਇਨ੍ਹਾਂ ਸੁਪਨਿਆਂ ਰਾਹੀਂ ਆਪਣੀਆਂ ਮਨੋਭਾਵਨਾਵਾਂ ਦੀ ਪੂਰਤੀ ਕਰਨਾ। ਮਨਚਾਹੇ ਰਾਹਾਂ ਦੇ ਰਾਹੀ ਬਣਨਾ ਅਤੇ ਦਿਲਲਗੀ ਕਰਦਿਆਂ ਜੀਵਨ ਦੀਆਂ ਅਸੀਮ ਖੁਸ਼ੀਆਂ ਨੂੰ ਆਪਣੇ ਨਾਮ ਕਰਨਾ।

ਕੁਝ ਲੋਕ ਸੌਣ ਲੱਗਿਆਂ ਪਰੀ ਦੇਸ਼ ਵਿਚ ਜਾਣ ਦੇ ਚਾਹਵਾਨ। ਹੁਸੀਨ ਨਜ਼ਾਰਿਆਂ ਨੂੰ ਮਾਨਣ ਦੀ ਤਾਂਘ। ਕੋਸੇ ਕੋਸੇ ਪਲਾਂ ਨੂੰ ਆਪਣੇ ਨਾਮ ਕਰਨ ਦੀ ਤਤਪਰਤਾ। ਨਿੱਘੇ ਸਾਹਾਂ ਦੀ ਮਹਿਕੀਲੀ ਲਬਰੇਜ਼ਤਾ ਮਾਨਣਾ ਲੋਚਦੇ। ਉਹ ਜੀਵਨ ਨੂੰ ਭਰਪੂਰਤਾ ਨਾਲ ਜਿਊਣ ਦੇ ਹਾਮੀ। ਉਹ ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਆਪਣੇ ਰੰਗ ਵਿਚ ਮਾਨਣ ਦੇ ਅਜ਼ਲੀ ਲੋਕ।

ਕੁਝ ਲੋਕ ਸੌਣ ਲੱਗਿਆਂ ਬੰਦ ਕਮਰਿਆਂ ਦੀ ਬਦਹਵਾਸੀ ਪੌਣ ਵਿਚ ਸਾਹਾਂ ਦੀ ਖ਼ੈਰਾਤ ਮੰਗਦੇ। ਬੰਦ ਬੂਹਿਆਂ ਅਤੇ ਬਾਰੀਆਂ ਦੇ ਮੋਟੇ ਪਰਦਿਆਂ ਵਿਚੋਂ ਆਉਣ ਵਾਲੀ ਚਾਨਣ ਝੀਤ ਨੂੰ ਮਨਾਹੀ। ਉਹ ਘੁੱਪ ਹਨੇਰ ਵਿਚ ਆਪਣੇ ਕਾਲੇ ਕਾਰਨਾਮਿਆਂ ਦੀ ਕਾਲਖ਼ੀ ਤਵਾਰੀਖ਼ ਲਿਖਣ ਲਈ ਉਤਾਵਲੇ। ਆਪਣੀਆਂ ਕਰਤੂਤਾਂ, ਕਮੀਨਗੀਆਂ ਅਤੇ ਕੁਤਾਹੀਆਂ ਕਾਰਨ ਹੀ ਉਹ ਚਾਨਣ ਤੋਂ ਤ੍ਰਹਿੰਦੇ।

ਕੁਝ ਲੋਕ ਸੌਣ ਲੱਗਿਆਂ ਕੱਚੀ ਛੱਤ 'ਤੇ ਅਲਾਣੀ ਮੰਜੇ 'ਤੇ ਲੋਟਣੀਆਂ ਮਾਰਦੇ। ਉਹ ਸੱਜਣ ਪਿਆਰੇ ਦੇ ਸਾਥ ਵਿਚ ਚਾਨਣੀ ਵਿਚ ਭਿੱਜਣਾ ਚਾਹੁੰਦੇ ਅਤੇ ਚਾਨਣੀ ਦੀ ਚਾਦਰ ਲੈ ਕੇ ਪਿਆਰੇ ਦੇ ਸਾਥ ਨੂੰ ਮਾਨਣਾ ਚਾਹੁੰਦੇ। ਤਾਰਿਆਂ ਵਰਗੇ ਇਹ ਲੋਕ ਅੰਬਰ ਨੂੰ ਆਪਣਾ ਹਾਣੀ ਬਣਾਉਂਦੇ ਅਤੇ ਲੋਅ ਵੰਡਦੇ। ਜੀਵਨੀ ਸੁੱਚਮਤਾ ਨੂੰ ਆਪਣੀ ਤਰਜੀਹੀ ਤਸ਼ਬੀਹ ਬਣਾ ਕੇ ਤਵਾਰੀਖ਼ੀ ਤਕਦੀਰ ਨੂੰ ਮਸਤਕ 'ਤੇ ਚਿਪਕਾਉਂਦੇ ਅਤੇ ਚਾਨਣ ਦਾ ਗੀਤ ਗਾਉਂਦੇ। ਇਨ੍ਹਾਂ ਨੂੰ ਪਲੋਸਦੀ ਹੈ ਹਲਕੀ ਹਲਕੀ ਵਗਦੀ ਹਵਾ ਅਤੇ ਦੂਰ ਬਹਿਸ਼ਤ ਵਿਚੋਂ ਆਇਆ ਮਹਿਕੀਲੀ ਬੁੱਲ੍ਹਾ। ਉਹ ਪਹੁ-ਫੁਟਾਲੇ ਵਰਗੀ ਲਾਲੀ ਨੂੰ ਜ਼ਿੰਦਗੀ ਦੇ ਨਾਮ ਕਰ ਕੇ ਸੱਜਰੇ ਫੁੱਲਾਂ ਵਾਂਗ ਖਿੜੇ, ਸਵੇਰ ਸਾਰ ਨਵੀਆਂ ਪੈੜਾਂ ਸਿਰਜਣ ਲਈ ਪੈਰਾਂ ਨੂੰ ਰਾਹਾਂ ਦੀ ਧੂੜ ਵਿਚ ਰੰਗਦੇ।

ਕੁਝ ਲੋਕ ਸੌਣ ਲੱਗਿਆਂ ਦਿਨ ਭਰ ਦਾ ਲੇਖਾ-ਜੋਖਾ ਕਰਦੇ। ਕੀ ਖੱਟਿਆ ਤੇ ਕੀ ਕਮਾਇਆ? ਕਿਹੜਾ ਪੁੰਨ ਕੀਤਾ ਤੇ ਕਿਹੜਾ ਪਾਪ ਕਮਾਇਆ? ਕਿਸ ਨੂੰ ਹਸਾਇਆ ਅਤੇ ਕਿਸ ਨੂੰ ਰੁਆਇਆ? ਕਿਸ ਨੂੰ ਦੁਖੀ ਕੀਤਾ ਅਤੇ ਕਿਸ ਦਾ ਦਰਦ ਵੰਡਾਇਆ? ਕਿਸ ਦੀ ਚੀਸ ਨੂੰ ਚੁਲਬੁਲੀ ਚੀਕ ਸਮਝਿਆ ਅਤੇ ਕਿਸ ਦੀ ਚੀਖ਼ ਨੂੰ ਸੀਨੇ ਵਿਚ ਸਮਾਇਆ? ਕਿਸ ਦੇ ਅੱਥਰੂਆਂ ਨੂੰ ਪੂੰਝਿਆ ਅਤੇ ਕਿਸ ਨੂੰ ਜ਼ਾਰੋ-ਜ਼ਾਰ ਰੁਆਇਆ? ਕਿਸ ਦੇ ਸੁਪਨਿਆਂ ਦੇ ਪਰ ਕੁਤਰੇ ਅਤੇ ਕਿਸ ਦੇ ਦੀਦਿਆਂ ਵਿਚ ਸੁਪਨਿਆਂ ਨੂੰ ਸਜਾਇਆ? ਕਿਸ ਨੂੰ ਜ਼ਖ਼ਮ ਦਿੱਤੇ ਅਤੇ ਕਿਸ ਦੇ ਜ਼ਖ਼ਮਾਂ ਨੂੰ ਸਹਿਲਾਇਆ? ਕਿਸ ਦੀ ਰੂਹ ਨੂੰ ਦਰਦ ਅਰਪੇ ਅਤੇ ਕਿਸ ਦੀ ਰੂਹ ਨੂੰ ਸੁਖ਼ਨ ਅਤੇ ਸਕੂਨ ਦਾ ਰੰਗ ਚੜ੍ਹਾਇਆ? ਕਿਸ ਦੇ ਰਾਹਾਂ ਵਿਚ ਸੂਲਾਂ ਬੀਜੀਆਂ ਅਤੇ ਕਿਸ ਦੇ ਰਾਹਾਂ ਵਿਚ ਚਿਰਾਗਾਂ ਦਾ ਮੇਲਾ ਲਾਇਆ? ਕਿਸ ਦੇ ਬੋਲਾਂ ਵਿਚ ਸਹਿਮ ਬੀਜਿਆ ਅਤੇ ਕਿਸ ਦੀ ਬੋਲਬਾਣੀ ਨੂੰ ਬਹਾਦਰੀ ਦਾ ਨਿਉਂਦਾ ਪਾਇਆ? ਕਿਸ ਦੀ ਤੜਪ ਨੂੰ ਘਟਾਇਆ ਅਤੇ ਕਿਸ ਦੀ ਭਟਕਣ ਨੂੰ ਵਧਾਇਆ? ਬਹੁਤ ਕੁਝ ਹੁੰਦਾ ਹੈ ਹਿਸਾਬ-ਕਿਤਾਬ ਕਰਨ ਵਾਲਾ। ਅਜਿਹੇ ਲੋਕ ਨਫ਼ਾ-ਨੁਕਸਾਨ ਜੋਖ਼ਦਿਆਂ ਹੀ ਤਾਰਿਆਂ ਦੀਆਂ ਖਿੱਤੀਆਂ ਨੂੰ ਡੁੱਬਣ ਜੋਗਾ ਕਰ ਦਿੰਦੇ।

ਕੁਝ ਲੋਕ ਸੌਣ ਲੱਗਿਆਂ ਨੀਂਦ ਦੇ ਲਾਡਲੇ ਪੁੱਤ। ਨੀਂਦ ਉਨ੍ਹਾਂ ਨੂੰ ਲੋਰੀਆਂ ਸੁਣਾਉਂਦੀ। ਸੁਪਨਈ ਸੰਸਾਰ ਦੀ ਸੈਰ ਕਰਵਾਉਂਦੀ। ਉਹ ਰੇਸ਼ਮੀ ਤੇ ਮਖ਼ਮਲੀ ਸੇਜਾਂ ਵਰਗਾ ਅਹਿਸਾਸ ਮਨਾਂ ਵਿਚ ਉਪਜਾਉਂਦੇ ਭਾਵੇਂ ਉਹ ਰੋੜਾਂ 'ਤੇ ਸੁੱਤੇ ਹੋਣ। ਬਾਂਹ ਦਾ ਸਿਰਹਾਣਾ ਲੈ ਕੇ ਕਿਰਤੀ ਸੁੱਤਾ ਹੋਵੇ ਜਾਂ ਕਣਕ ਦੀ ਗਹਾਈ ਕਰਦਿਆਂ ਕਣਕ ਦੇ ਬੋਹਲ 'ਤੇ ਹੀ ਕਿਸਾਨ ਸੁੱਤਾ ਹੋਵੇ। ਭਾਵੇਂ ਇਹ ਚਿਤਕਬਰੀ ਛਾਂ 'ਚ ਘੁਰਾੜੇ ਮਾਰ ਰਿਹਾ ਹੋਵੇ ਜਾਂ ਕਿਸੇ ਜੇਲ੍ਹ ਦੀ ਕਾਲ ਕੋਠੜੀ ਵਿਚ ਸੂਲੀ 'ਤੇ ਚੜ੍ਹਨ ਦੀ ਉਡੀਕ ਕਰ ਰਿਹਾ ਹੋਵੇ। ਇਨ੍ਹਾਂ ਲਈ ਰਾਤ ਦਾ ਮਤਲਬ ਨੀਂਦ ਨੂੰ ਮਾਨਣਾ ਹੁੰਦਾ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਅਗਲੇ ਦਿਨ ਨੇ ਨਵੀਆਂ ਚੁਣੌਤੀਆਂ, ਸੰਭਾਵਨਾਵਾਂ ਅਤੇ ਸਮਰੱਥਾਵਾਂ ਲੈ ਕੇ ਆਉਣਾ ਹੈ। ਇਨ੍ਹਾਂ ਦੇ ਮੁਕਾਬਲੇ ਲਈ ਨਵੇਂ ਜਜ਼ਬਾਤ ਅਤੇ ਜਨੂੰਨ ਵਿਚੋਂ ਹੀ ਜਗਿਆਸਾ ਅਤੇ ਜ਼ਿੰਦਾਦਿਲੀ ਨੂੰ ਚਿਰੰਜੀਵ ਕੀਤਾ ਜਾ ਸਕਦਾ।

ਕੁਝ ਲੋਕ ਸੌਣ ਲੱਗਿਆਂ ਆਪਣੇ ਪਿਆਰੇ ਨੂੰ ਮਿਲਣ ਦੀ ਤਾਂਘ ਲੈ ਕੇ ਰਾਤ ਦੇ ਦਰੀਂ ਜਾਂਦੇ। ਬਹੁਤ ਔਖਾ ਹੁੰਦਾ ਏ ਵਸਲ ਦੀਆਂ ਤਿੱਖੀਆਂ ਸੂਲਾਂ ਭਰੀ ਸੇਜ 'ਤੇ ਸੌਣਾ, ਅਲਸਾਈਆਂ ਸੱਧਰਾਂ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਰਨਾ ਅਤੇ ਵੰਗਾਂ ਦੀ ਖਣਕਾਰ ਨੂੰ ਰੁਦਨ ਦਾ ਨਾਮ ਦੇਣਾ। ਸਿਰਹਾਣੇ ਨੂੰ ਹੰਝੂਆਂ ਨਾਲ ਗਿੱਲਾ ਕਰਨਾ ਅਤੇ ਫਿਰ ਉਸਦੇ ਗਲ ਲੱਗ ਆਪਣਾ ਦਰਦ ਸੁਣਾਉਣਾ। ਦੂਰ ਗਏ ਨੂੰ 'ਵਾਵਾਂ ਹੱਥੀਂ ਪੈਗਾਮ ਪਹੁੰਚਾਉਣਾ ਬਹੁਤ ਔਖਾ ਹੁੰਦਾ। ਤਾਂ ਹੀ ਉਨ੍ਹਾਂ ਲਈ ਰਾਤ ਦੇ ਪਹਿਰ ਸੂਲੀ 'ਤੇ ਲਟਕਦੇ ਉਹ ਪਲ ਹੁੰਦੇ ਜੋ ਪਲ ਪਲ ਜਿੰਦ ਨੂੰ ਪੀੜਦੇ ਤੇ ਰੱਤ ਨਿਚੋੜਦੇ। ਉਹ ਹਉਕਿਆਂ ਵਿਚੋਂ ਮਿਲਣ ਰੁੱਤ ਦਾ ਮਸਨੂਈ ਕਿਆਸ ਸਿਰਜਣ ਦੇ ਆਹਰ ਵਿਚ ਹੀ ਸਾਰੀ ਉਮਰ ਵਿਹਾਜ ਦਿੰਦੇ।

ਕੁਝ ਲੋਕ ਸੌਣ ਲੱਗਿਆਂ, ਨੀਂਦ ਦੇ ਹਾੜੇ ਕੱਢਦੇ, ਲਿਲਕੜੀਆਂ ਲੈਂਦੇ ਤੇ ਤਰਲੇ ਪਾਉਂਦੇ। ਨੀਂਦ ਦੀਆਂ ਗੋਲੀਆਂ ਦਾ ਆਸਰਾ ਲੈਂਦੇ। ਦਰਅਸਲ ਅਜਿਹੇ ਲੋਕ ਮਾਨਸਿਕ ਭਟਕਣਾ ਅਤੇ ਮਾਇਕ ਦੌੜ ਵਿਚ ਹੰਭੇ-ਹਾਰੇ ਉਹ ਲੋਕ ਹੁੰਦੇ ਹਨ, ਜਿਨ੍ਹਾਂ ਲਈ ਅੱਗੇ ਲੰਘਣ ਦੀ ਹੋੜ ਜ਼ਿਆਦਾ ਮਹੱਤਵਪੂਰਨ ਹੁੰਦੀ। ਕੁਝ ਸਮਾਂ ਬੀਤਣ ਤੋਂ ਬਾਅਦ ਜਦ ਖ਼ੁਦ ਦੀ ਯਾਦ ਆਉਂਦੀ ਤਾਂ ਉਮਰ ਦਾ ਆਖ਼ਰੀ ਪੜਾਅ ਸਿਰਫ਼ ਕਬਰ ਦੀ ਉਡੀਕ 'ਤੇ ਜਾ ਕੇ ਖ਼ਤਮ ਹੋ ਜਾਂਦਾ। ਉਹ ਇਕ ਪਛਤਾਵਾ ਲੈ ਕੇ ਇਸ ਜਹਾਨ ਤੋਂ ਰੁਖ਼ਸਤ ਹੋ ਜਾਂਦੇ ਕਿ ਕਾਸ਼ ਉਨ੍ਹਾਂ ਨੇ ਉਸ ਜ਼ਿੰਦਗੀ ਨੂੰ ਰੱਜ ਕੇ ਮਾਣਿਆ ਹੁੰਦਾ, ਜਿਹੜੀ ਉਨ੍ਹਾਂ ਦੇ ਹੱਥ ਵੱਸ ਸੀ। ਆਪਣੀ ਨੀਂਦੇ ਸੌਣ ਤੇ ਜਾਗਣ ਵਾਲੇ ਬਹੁਤ ਹੀ ਵਿਰਲੇ ਲੋਕ ਹੁੰਦੇ ਜਿਨ੍ਹਾਂ ਲਈ ਰਾਤ ਸਿਰਫ਼ ਰਾਤ ਹੁੰਦੀ ਅਤੇ ਦਿਨ ਸਿਰਫ਼ ਦਿਨ। ਉਹ ਕਦੇ ਵੀ ਦਿਨ ਨੂੰ ਰਾਤ ਜਾਂ ਰਾਤ ਨੂੰ ਦਿਨ ਸਮਝਣ ਦੀ ਕੁਤਾਹੀ ਨਹੀਂ ਕਰਦੇ। ਨਾ ਹੀ ਕਦੇ ਕੁਦਰਤ ਦੀ ਅਵੱਗਿਆ ਵਿਚੋਂ ਆਪਣੀ ਸਮਰੱਥਾ ਨੂੰ ਜ਼ਾਹਰ ਕਰਨ ਦਾ ਕੁਕਰਮ ਕਰਦੇ।

ਕੁਝ ਲੋਕ ਸੌਣ ਲੱਗਿਆਂ ਸ਼ੁਕਰਗੁਜ਼ਾਰ ਹੁੰਦੇ ਜੀਵਨੀ ਰਹਿਮਤਾਂ ਦਾ, ਕੁਦਰਤੀ ਨਿਆਮਤਾਂ ਦਾ ਤੇ ਮਿਲੀਆਂ ਬਰਕਤਾਂ ਦਾ। ਹੰਢਾਈਆਂ ਬਹਾਰਾਂ ਦਾ ਤੇ ਲੰਘੀਆਂ ਪੱਤਝੜਾਂ ਦਾ। ਮੌਸਮੀ ਰੰਗ-ਬਿਰੰਗਤਾ ਵਿਚੋਂ ਜੀਵਨ ਦੇ ਵਿਭਿੰਨ ਰੰਗਾਂ ਦੀ ਕਲਾਕਾਰੀ ਦਾ। ਸਾਹਾਂ ਦੀ ਸੁਖ਼ਨਤਾ ਦਾ, ਜ਼ਿੰਦਗੀ 'ਚ ਮਿਲੇ ਰੱਜ ਦਾ, ਸਿਰ ਲਈ ਮਿਲੀ ਛੱਤ ਦਾ ਅਤੇ ਤਨ ਦੇ ਕੱਜਣ ਦਾ। ਪਰਿਵਾਰਕ ਸੰਗਤ ਮਾਨਣ ਦਾ ਤੇ ਬੱਚਿਆਂ ਵਿਚ ਬੱਚੇ ਬਣ ਕੇ ਉਨ੍ਹਾਂ ਨੂੰ ਬਚਪਨਾ ਅਰਪਣ ਦਾ। ਆਪਣੇ ਸੁਪਨਿਆਂ ਨੂੰ ਪੂਰੇ ਕਰਨ ਦਾ ਅਤੇ ਇਨ੍ਹਾਂ ਸੁਪਨਿਆਂ ਰਾਹੀਂ ਸਮਾਜ ਨੂੰ ਕੁਝ ਵਾਪਸ ਕਰਨ ਦਾ। ਮਨ ਵਿਚ ਬੰਦਿਆਈ, ਭਲਿਆਈ ਅਤੇ ਚੰਗਿਆਈ ਦਾ ਰਾਗ ਪੈਦਾ ਕਰਨ ਅਤੇ ਜੀਵਨ ਦੀ ਸੁੱਚਮਤਾ ਵਿਚੋਂ ਸੁੱਚਾ ਕਰਮ ਕਰਨ ਦਾ। ਉਨ੍ਹਾਂ ਦੇ ਹੋਠਾਂ 'ਤੇ ਹਾਸੀ, ਮੁਖ਼ਾਰਬਿੰਦ ਵਿਚ ਸਬਰ ਤੇ ਸੰਤੋਖ, ਸੋਚ ਵਿਚ ਸੀਮਤ ਸਾਧਨ ਅਤੇ ਸੁਖ ਸਹੂਲਤਾਂ ਵਿਚੋਂ ਅਸੀਮਤ ਖੁਸ਼ੀਆਂ ਅਤੇ ਖੇੜੇ ਮਾਨਣ ਦੀ ਭਰਪੂਰਤਾ। ਉਹ ਜ਼ਿੰਦਗੀ ਨੂੰ ਜਿਊਂਦੇ। ਸਾਹ ਪੂਰੇ ਨਹੀਂ ਕਰਦੇ।

ਕੁਝ ਲੋਕ ਸੌਣ ਲੱਗਿਆਂ ਘਤਿੱਤਾਂ, ਘੁੱਣਤਰਾਂ, ਘੁੰਡੀਆਂ ਅਤੇ ਘ੍ਰਿਣਾਮਈ ਵਰਤਾਰਿਆਂ ਦੀਆਂ ਸਾਜ਼ਸ਼ਾਂ ਘੜਨ ਵਿਚ ਸਮੇਂ ਨੂੰ ਖੱਚਤ ਕਰਦੇ। ਉਨ੍ਹਾਂ ਲਈ ਰੰਜਸ਼ਾਂ, ਰੋਸਿਆਂ ਅਤੇ ਵਖਰੇਵਿਆਂ ਵਿਚੋਂ ਹੀ ਵਿਲੱਖਣਤਾ ਅਤੇ ਵਡੇਰੇਪਣ ਦਾ ਵਿਡੰਬਣਾਮਈ ਵਰਤਾਰਾ ਜੱਗ ਜ਼ਾਹਰ ਹੁੰਦਾ। ਉਹ ਨੀਂਦ ਵਿਚ ਵੀ ਕਲੀਆਂ ਮਰੁੰਡਦੇ, ਫੁੱਲਾਂ ਨੂੰ ਮਸਲਦੇ ਅਤੇ ਫੁੱਲ-ਪੱਤੀਆਂ ਨੂੰ 'ਵਾਵਾਂ ਵਿਚ ਖਿੰਡਾਉਂਦੇ। ਉਹ ਤਿਤਲੀਆਂ ਅਤੇ ਭੌਰਿਆਂ ਦੇ ਰਾਗ ਅਤੇ ਉਨ੍ਹਾਂ ਦੀ ਰੂਹ-ਰਮਤਾ ਨੂੰ ਕਤਲ ਕਰਨ ਦੇ ਦੋਸ਼ੀ। ਉਹ ਸੂਖ਼ਮ ਕਲਾਵਾਂ ਦੀ ਕ੍ਰਿਤਾਰਥਾ ਨੂੰ ਕਮੀਨਗੀ ਬਣਾਉਂਦੇ। ਉਨ੍ਹਾਂ ਲਈ ਕਵਿਤਾ, ਕਲਮ, ਕਲਾ, ਕਿਰਤ ਜਾਂ ਕਿਰਤਯੋਗ ਦੇ ਕੋਈ ਅਰਥ ਨਹੀਂ। ਉਹ ਤਾਂ ਸੁਪਨਈ ਤਿਕੜਮਬਾਜ਼ੀ ਵਿਚ ਹੀ ਆਪਣੀ ਰਾਤ ਨੂੰ ਸੰਤਾਪਦੇ ਅਤੇ ਸਵੇਰ ਦੀਆਂ ਕਿਰਨਾਂ ਵਿਚ ਵੀ ਧੁਆਂਖੇ ਪਲਾਂ ਦੀ ਪਰਤ ਹੀ ਹੁੰਦੇ।

ਕੁਝ ਲੋਕ ਸੌਣ ਲੱਗਿਆਂ ਆਪਣੇ ਬਜ਼ੁਰਗਾਂ ਦੇ ਮੰਜੇ ਦੀ ਪੈਂਦ 'ਤੇ ਬਹਿੰਦੇ। ਉਨ੍ਹਾਂ ਦੇ ਜੀਵਨ ਦੀਆਂ ਬਾਤਾਂ ਸੁਣਦੇ। ਜੀਵਨੀ ਮੁਸ਼ੱਕਤ ਤੇ ਸਹਿਜ ਸਿਆਣਪਾਂ ਭਰੀ ਜ਼ਿੰਦਗੀ ਦੇ ਵਰਕੇ ਫਰੋਲਦੇ ਅਤੇ ਆਪਣੀ ਵਿਰਾਸਤ 'ਤੇ ਮਾਣ ਕਰਨ ਦੀ ਸੋਚ ਮਨ ਵਿਚ ਪੈਦਾ ਕਰਦੇ। ਉਨ੍ਹਾਂ ਲਈ ਬਜ਼ੁਰਗਾਂ ਦੀਆਂ ਅਸੀਸਾਂ, ਜਿਉਂਦੇ ਰਹਿਣ ਦੀ ਦੁਆ ਅਤੇ ਜੀਵਨ ਵਿਚ ਕਾਮਯਾਬ ਹੋਣ ਦੀ ਸ਼ੁਭ ਇੱਛਾ। ਉਨ੍ਹਾਂ ਨੂੰ ਰਾਤ ਹੁਲਾਸ ਨਾਲ ਭਰੀ ਰੱਖਦੀ। ਉਹ ਰਾਤ ਨੂੰ ਉਚੀਆਂ ਪ੍ਰਾਪਤੀਆਂ ਅਤੇ ਮਰਤਬਿਆਂ ਦੇ ਸੁਪਨੇ ਲੈਂਦੇ। ਉਹ ਆਤਮਿਕ ਉਡਾਣ ਦਾ ਮਾਣ। ਸਚਾਈ ਅਤੇ ਰਹਿਨੁਮਾਈ ਦੀ ਪੈਗੰਬਰੀ ਸੂਰਤ ਬਣ ਕੇ ਜੀਵਨ ਦੀਆਂ ਉਹ ਅਪਹੁੰਚ ਮੰਜ਼ਲਾਂ ਵੀ ਸਰ ਕਰ ਲੈਂਦੇ ਜੋ ਕਦੇ ਉਨ੍ਹਾਂ ਖ਼ਿਆਲੀਆਂ ਵੀ ਨਹੀਂ ਹੁੰਦੀਆਂ। ਸੁਪਨ-ਜਾਗ ਲਾਉਣ ਵਾਲੇ ਮਾਪਿਆਂ ਦੀ ਸੁਯੋਗ ਰਹਿਨੁਮਾਈ ਅਤੇ ਉਨ੍ਹਾਂ ਦੀਆਂ ਸੁਮੱਤਾਂ ਵਿਚੋਂ ਨਿਖਰ ਕੇ ਆਏ ਬੱਚੇ ਹੀ ਆਉਣ ਵਾਲੀਆਂ ਪੀਹੜੀਆਂ ਦੇ ਧੰਨਭਾਗ।

ਕੁਝ ਲੋਕ ਸੌਣ ਲੱਗਿਆਂ ਅੱਖਰਾਂ ਦੀ ਪਨਾਹ ਵਿਚ ਜਾਂਦੇ। ਉਹ ਸ਼ਬਦਾਂ ਨਾਲ ਗੁਫ਼ਤਗੂ ਕਰਦੇ। ਇਨ੍ਹਾਂ ਵਿਚ ਅਰਥਾਂ ਦੇ ਦੀਵੇ ਜਗਾਉਂਦੇ ਜੋ ਰਾਤ ਦੀ ਵੱਖੀ ਵਿਚ ਜੁਗਨੂੰਆਂ ਦੀ ਉਡਾਣ ਬਣਦੇ। ਇਹ ਗਿਆਨ ਦੇ ਜੁਗਨੂੰ ਵਰਕਿਆਂ ਵਿਚ ਜਗਦੇ, ਆਉਣ ਵਾਲੀਆਂ ਕਈ ਨਸਲਾਂ ਦਾ ਰਾਹ-ਦਸੇਰਾ ਬਣ ਕੇ ਰੁਸ਼ਨਾਈ ਦਿੰਦੇ। ਸ਼ਬਦਾਂ ਦੇ ਸਾਥ ਵਿਚੋਂ ਹੀ ਕਦੇ ਕੋਈ ਕਵਿਤਾ, ਕਦੇ ਕਹਾਣੀ ਅਤੇ ਕਦੇ ਕੋਈ ਹੋਰ ਕਿਰਤ ਜਨਮ ਲੈਂਦੀ। ਤਾਂ ਹੀ ਕਈ ਵਾਰ ਰਾਤ ਨੂੰ ਅਚਨਚੇਤੀ ਆਇਆ ਕੋਈ ਖ਼ਿਆਲ ਹੀ ਵਿਲੱਖਣ ਕਵਿਤਾ ਅਤੇ ਜਾਂ ਕਿਰਤ ਬਣ ਕੇ ਕਿਸੇ ਵਿਅਕਤੀ ਦੀ ਪਛਾਣ ਵੀ ਬਣ ਜਾਂਦਾ।

ਕੁਝ ਲੋਕ ਸੌਣ ਲੱਗਿਆਂ, ਮਨ ਦੇ ਪਰਿੰਦੇ ਨੂੰ ਖ਼ਾਬਾਂ ਅਤੇ ਖ਼ਿਆਲਾਂ ਦੇ ਅੰਬਰ ਵਿਚ ਉਡਾਉਂਦੇ। ਉਹ ਚਾਹੁੰਦੇ ਕਿ ਉਸਦੇ ਨਾਲ ਲੇਟਿਆਂ ਵਿਚ ਕੋਈ ਦੂਰੀ, ਵਾੜ, ਕੰਧ ਜਾਂ ਵੱਟ ਨਾ ਹੋਵੇ। ਉਹ ਇਕ ਦੂਜੇ ਦੀ ਛੋਹ ਵਿਚ ਸੂਖ਼ਮ ਅਹਿਸਾਸਾਂ ਨੂੰ ਮਾਨਣਾ ਚਾਹੁੰਦੇ। ਅਪਣੱਤ ਨਾਲ ਭਿੱਜੇ ਰੂਹਾਨੀਅਤ ਤੇ ਆਤਮਿਕਤਾ ਭਰੇ ਪਲਾਂ ਨੂੰ ਰੁਆਂਸੀ ਜ਼ਿੰਦਗੀ ਦੇ ਨਾਮ ਲਾਉਣਾ ਚਾਹੁੰਦੇ। ਹਸਾਸਮਈ ਵਰਤਾਰੇ ਨਾਲ ਇਕ ਦੂਜੇ ਦੀ ਨੇੜਤਾ ਅਤੇ ਭਰਵੀਂ ਸਹਿਯੋਗਤਾ ਨੂੰ ਆਪਣੇ ਨਾਵੇਂ ਕਰਨਾ ਚਾਹੁੰਦੇ। ਇਕ ਦੂਜੇ ਵਿਚ ਰਮਾਉਣਾ, ਸਮਾਉਣਾ ਅਤੇ ਸਿਮੇਟਣਾ ਚਾਹੁੰਦੇ। ਪਰ ਇਕ ਹੀ ਬੇਵਕਤੀ ਬੋਲ/ਕੁਰੱਖ਼ਤਾ ਖ਼ਾਬਾਂ-ਖਿਆਲਾਂ ਦੀ ਅਰਸ਼ੀ ਉਡਾਣ ਨੂੰ ਰਸਾਤਲ ਵਿਚ ਸੁੱਟਦੀ। ਸੁਪਨਿਆਂ ਦੀ ਰੰਗ ਬਿਰੰਗੀ ਦੁਨੀਆਂ ਨੂੰ ਉਜੜੀ ਬਸਤੀ ਬਣਾ ਦਿੰਦੀ। ਫਿਰ ਉਹ ਵਿਅਕਤੀ ਸਿਰਫ਼ ਖੰਡਰਾਤ ਵਿਚ ਬਹਿ ਕੇ ਮਿੱਟੀ ਹੋਏ ਚਾਵਾਂ, ਧੁੰਧਲ ਵਿਚ ਲਿਪਟੀਆਂ ਇਛਾਵਾਂ ਅਤੇ ਮਨ ਦੀਆਂ ਦੁਆਵਾਂ ਨੂੰ ਦੁਖਾਉਣ ਜੋਗੇ ਹੀ ਹੁੰਦੇ। ਉਹ ਆਪਣੀ ਅਰਥੀ ਨੂੰ ਮੋਢਾ ਦੇ ਕੇ ਸਿਵਿਆਂ ਦਾ ਸਾਥ ਮਾਨਣ ਦੀ ਲੋਚਾ ਹੀ ਮਨ ਵਿਚ ਪਾਲਣ ਦੇ ਆਦੀ ਹੋ ਜਾਂਦੇ। ਬਹੁਤ ਕੁਝ ਵਾਪਰ ਜਾਂਦਾ ਏ ਸੌਣ ਲੱਗਿਆਂ ਇਕ ਪਲ ਵਿਚ ਜੋ ਸਮੁੱਚੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦਾ। ਭਵਿੱਖ ਦੇ ਵਿਹੜੇ ਕਮਲ ਦਾ ਫੁੱਲ ਵੀ ਬਣ ਸਕਦਾ ਜਾਂ ਰੱਕੜਾਂ ਵਿਚ ਉਗੀ ਥੋਹਰ ਵੀ। ਬਹੁਤ ਔਖਾ ਹੁੰਦਾ ਤੇ ਮਾਰੂਥਲ ਵਿਚ ਉਗੀ ਕਿੱਕਰ ਦੇ ਫੁੱਲਾਂ ਵਰਗੀ ਜੂਨ ਹੰਢਾਉਣਾ।



ਕੁਝ ਲੋਕ ਸੌਣ ਲੱਗਿਆਂ ਅਰਦਾਸ ਕਰਦੇ, ਆਰਤੀ ਉਤਰਾਦੇ ਜਾਂ ਅਜ਼ਾਨ ਪੜ੍ਹਦੇ। ਉਹ ਖ਼ੁਦਾ ਦੀ ਦਰਗਾਹ ਵਿਚ ਜੋਦੜੀ ਕਰਦੇ। ਉਹ ਕੁਦਰਤ ਦੀ ਰਹਿਮਤ ਵਿਚ ਆਪਣੀ ਜ਼ਿੰਦਗੀ ਦੇ ਹਰ ਪਲ ਨੂੰ ਉਸ ਦੀ ਇਨਾਇਤ ਸਮਝਦੇ। ਇਸ ਇਨਾਇਤ ਵਿਚੋਂ ਹੀ ਉਹ ਜੀਵਨ ਦਾ ਮੂਲ-ਮੰਤਰ ਜਾਣਦੇ ਕਿ ਖ਼ੁਦ ਵਿਚੋਂ ਹੀ ਖ਼ੁਦ ਦੀ ਖੋਜ ਕਰ ਕੇ ਖ਼ੁਦ ਨੂੰ ਸਮਝਿਆ ਅਤੇ ਖ਼ੁਦ ਨੂੰ ਪਾਇਆ ਜਾ ਸਕਦਾ। ਖ਼ੁਦੀ ਨੂੰ ਮਿਟਾਇਆ ਜਾ ਸਕਦਾ। ਖ਼ੁਦ ਨਾਲ ਸੰਵਾਦ ਰਚਾਉਣ ਵਾਲੇ ਇਹ ਲੋਕ ਦਰਅਸਲ ਆਪਣੇ ਅੰਦਰ ਨਾਲ ਜੁੜੇ ਹੋਏ ਲੋਕ ਹੁੰਦੇ ਜੋ ਰੂਹਾਨੀਅਤ ਦਾ ਸੁੱਚਾ ਹਰਫ਼ ਅਤੇ ਸੁੱਚਮਤਾ ਦਾ ਸੁੰਦਰ ਅਹਿਸਾਸ ਹੁੰਦੇ। ਅਜਿਹੇ ਲੋਕਾਂ ਲਈ ਸੌਣ ਲੱਗਿਆ ਇਕ ਮੌਕਾ ਹੁੰਦਾ ਅੰਦਰਲੀ ਮੈਲ ਨੂੰ ਧੋਣ ਅਤੇ ਖ਼ੁਦ ਨੂੰ ਹੋਰ ਚਮਕਾਉਣ ਲਈ ਨਵੀਆਂ ਤਦਬੀਰਾਂ ਦੀ ਆਜਿਜ਼ੀ ਕਰਨੀ। ਇਸਦੀ ਨਿੱਤਨੇਮਤਾ ਵਿਚੋਂ ਹੀ ਉਹ ਆਪਣੇ ਹਨੇਰੇ ਪੱਖ ਨੂੰ ਰੁਸ਼ਨਾਉਣ ਲਈ ਮਨ ਦੀ ਦਿਸ਼ਾ ਬਦਲਦੇ ਰਹਿੰਦੇ।

ਕੁਝ ਲੋਕ ਸੌਣ ਲੱਗਿਆਂ ਅਜਿਹੀਆਂ ਲਿਖਤਾਂ ਪੜ੍ਹਦੇ ਜਿਨ੍ਹਾਂ ਦਾ ਇੱਕ ਹੀ ਵਾਕ ਉਨ੍ਹਾਂ ਲਈ ਨਵੇਂ ਰਹੱਸ ਖੋਲ੍ਹਦਾ। ਮਨ ਦੇ ਜੰਗਾਲੇ ਕਿਵਾੜ ਖੁੱਲ੍ਹ ਜਾਂਦੇ। ਸੀਮਤ ਜਿਹੀ ਸੋਚ ਨੂੰ ਵਿਸ਼ਾਲਣ ਦਾ ਮੌਕਾ ਮਿਲਦਾ। ਨਵੇਂ ਖ਼ਿਆਲਾਂ ਦੀ ਰੁਸ਼ਨਾਈ ਵਿਚ ਬੰਦਾ ਆਪਣੇ ਆਪ ਨੂੰ ਨਵੇਂ ਪੱਖ ਦਾ ਹਾਸਲ ਬਣਾਉਂਦਾ। ਵੱਖਰੇ ਵਿਚਾਰ ਸਾਡੇ ਮਾਨਸਿਕ ਦਾਇਰੇ ਨੂੰ ਵਿਸ਼ਾਲ ਕਰਨ, ਸਮਰੱਥਾ ਦੀਆਂ ਸੀਮਾਵਾਂ ਨੂੰ ਵਿਉਂਤਣ ਅਤੇ ਨਵੀਆਂ ਪੇਸ਼ਕਦਮੀਆਂ ਵੱਲ ਅਹੁਲਣ ਲਈ ਪ੍ਰੇਰਤ ਕਰਦੇ। ਮਹਾਂ ਨਾਇਕਾਂ ਦੀਆਂ ਜੀਵਨੀਆਂ ਵਿਚੋਂ ਬਹੁਤ ਕੁਝ ਅਜਿਹਾ ਮਿਲਦਾ ਜੋ ਸਾਡੇ ਜੀਵਨ-ਮਾਰਗ ਲਈ ਨਵੀਆਂ ਰਾਹਾਂ ਦੀ ਕਤਾਰਬੰਦੀ ਕਰਦਾ।

ਕੁਝ ਲੋਕ ਸੌਣ ਲੱਗਿਆਂ ਬਹੁਤ ਉਦਾਸ, ਮਾਯੂਸ ਤੇ ਰੋਣਹਾਕੇ। ਅਸੰਤੁਸ਼ਟ ਅਤੇ ਨਿਰਾਸ਼। ਉਨ੍ਹਾਂ ਲਈ ਜ਼ਿੰਦਗੀ ਦਾ ਭਾਰ ਢੋਣਾ ਬਹੁਤ ਔਖਾ। ਜ਼ਿੰਦਗੀ ਸਦਾ ਉਦਾਸੀਨ ਹੀ ਨਹੀਂ ਰਹਿੰਦੀ। ਕਦੇ ਸੌਣ ਲੱਗਿਆਂ ਕਿਸੇ ਚੰਗੇ ਵਿਚਾਰ ਬਾਰੇ ਸੋਚੋ ਜੋ ਤੁਹਾਡੇ ਲਈ ਮੁਸਕਰਾਹਟ ਬਣੇ। ਵਧੀਆ ਮਾਨਸਿਕਤਾ ਨਾਲ ਨੀਂਦ ਚੰਗੀ ਆਵੇਗੀ ਅਤੇ ਸਵੇਰੇ ਉਠ ਕੇ ਤੁਸੀਂ ਉਸਾਰੂ ਬਿਰਤੀ ਨਾਲ ਜ਼ਿੰਦਗੀ ਦੀਆਂ ਚੁਣੌਤੀਆਂ ਨੂੰ ਕਬੂਲ ਕਰੋਗੇ।

ਕੁਝ ਲੋਕ ਸੌਣ ਲੱਗਿਆਂ, ਉਨ੍ਹਾਂ ਲੋਕਾਂ ਨੂੰ ਮੁਆਫ਼ ਕਰ ਦਿੰਦੇ ਜਿਨ੍ਹਾਂ ਨੇ ਕੋਈ ਬਦਤਮੀਜ਼ੀ ਕੀਤੀ ਹੁੰਦੀ, ਗਾਲ੍ਹ ਕੱਢੀ ਹੁੰਦੀ, ਮੰਦਾ ਬੋਲਿਆ ਹੁੰਦਾ, ਕਿਸੇ ਦੀ ਸ਼ਾਨ ਵਿਚ ਅਪਸ਼ਬਦ ਬੋਲੇ ਹੁੰਦੇ, ਮਾਇਕ ਨੁਕਸਾਨ ਕੀਤਾ ਹੁੰਦਾ ਜਾਂ ਕਿਸੇ ਸਮਾਗਮ ਵਿਚ ਜ਼ਲੀਲ ਕੀਤਾ ਹੁੰਦਾ। ਫਿਰ ਉਹ ਆਪਣੀ ਮਾਨਸਿਕ ਬੇਚੈਨੀ ਤੋਂ ਰਾਹਤ ਪਾ ਕੇ ਚੈਨ ਦੀ ਨੀਂਦੇ ਸੌਂਦੇ।

ਕੁਝ ਲੋਕ ਸੌਣ ਲੱਗਿਆਂ ਕਿਸੇ ਨੂੰ ਗੁਲਾਬ ਦੇਣਾ ਚਾਹੁੰਦੇ, ਕੁਝ ਸ਼ਰਾਬ ਦੇਣਾ, ਕੁਝ ਰਬਾਬ ਚਾਹੁੰਦੇ ਅਤੇ ਕੁਝ ਫੁੱਲਾਂ ਦਾ ਬਾਗ ਦੇਣਾ ਚਾਹੁੰਦੇ। ਪਰ ਜੇ ਦੇਣਾ ਚਾਹੁੰਦੇ ਹੋ ਤਾਂ ਕਿਸੇ ਨੂੰ ਜੀਵਨ ਰੱਤਾ ਖ਼ੁਆਬ ਜ਼ਰੂਰ ਦੇ ਦੇਣਾ ਸੌਣ ਲੱਗਿਆਂ।

ਸੌਣ ਲੱਗਿਆਂ ਰਾਤ ਖਾਮੋਸ਼ ਹੁੰਦੀ ਹੈ, ਚੰਨ ਵੀ ਖਾਮੋਸ਼ ਹੁੰਦਾ ਹੈ। ਪਰ ਜੇ ਰਜਾਈ ਖਾਮੋਸ਼ ਹੋ ਗਈ ਤਾਂ ਜ਼ਿੰਦਗੀ ਨੇ ਰੁੱਸ ਜਾਣਾ ਹੈ। ਯਾਦ ਰੱਖਣਾ! ਰੁੱਸੀ ਹੋਈ ਜ਼ਿੰਦਗੀ ਨੂੰ ਮਨਾਉਣਾ ਬਹੁਤ ਕਠਿਨ ਹੁੰਦਾ।

ਕਈ ਵਾਰ ਸੌਣ ਲੱਗਿਆਂ ਬੰਦਾ ਸੋਚਦਾ ਕਿ ਉਮਰ ਕਰ ਗਈ ਹੈ ਕੰਧ 'ਤੇ ਲਟਕਦੇ ਕੈਲੰਡਰ ਨਾਲ ਛੇੜਖਾਨੀ। ਸਾਰਾ ਦਿਨ ਖੇਡਣ ਵਿਚ ਹੀ ਲੰਘ ਜਾਣ ਵਾਲਾ ਐਤਵਾਰ ਅੱਜ ਕੱਲ੍ਹ ਚਿੰਤਾਵਾਂ ਵਿਚ ਹੀ ਬੀਤ ਜਾਂਦਾ ਹੈ ਕਿਉਂਕਿ ਸੋਮਵਾਰ ਮੂੰਹ ਅੱਡੀ ਖੜ੍ਹਾ ਦੈਂਤ ਵਾਂਗ ਦਿਖਾਈ ਜੁ ਦਿੰਦਾ ਹੈ। ਕੁਝ ਲੋਕ ਸੌਣ ਲੱਗਿਆਂ ਬੱਚੇ ਬਣ ਜਾਂਦੇ ਨੇ ਅਤੇ ਬੇਫ਼ਿਕਰੀ ਭਰੀ ਰਾਤ ਲੰਘਾਉਂਦੇ। ਕੁਝ ਲੋਕ ਜਵਾਨੀ ਦੀ ਰੰਗੀਨੀ ਮਨ ਵਿਚ ਧਾਰਦੇ ਅਤੇ ਜਵਾਨ ਤਮੰਨਾਵਾਂ ਦੇ ਰਾਂਗਲੇ ਪਹਿਰ ਨੂੰ ਮਾਣਦੇ। ਕੁਝ ਲੋਕ ਸੌਣ ਲੱਗਿਆਂ ਬਜ਼ੁਰਗੀ ਤੁਸੱਵਰਾਂ ਵਿਚ ਵਿਚਰਦੇ ਅਤੇ ਫਿਰ ਰਾਤ ਉਨ੍ਹਾਂ ਨੂੰ ਆਪਣੀਆਂ ਉਂਗਲੀਆਂ 'ਤੇ ਨਚਾਉਂਦੀ।

ਪਰ ਅਜੇ ਵੀ ਕੁਝ ਲੋਕ ਸੌਣ ਲੱਗਿਆਂ ਸਰਬੱਤ ਦੇ ਭਲੇ ਦੀ ਕਾਮਨਾ ਕਰਦੇ ਨੇ। ਸਾਡੀਆਂ ਮਾਵਾਂ ਸ਼ਾਮ ਨੂੰ ਸੌਣ ਲੱਗਿਆਂ ਅਕਸਰ ਹੀ ਕਹਿੰਦੀਆਂ ਸਨ, "ਹੇ ਵਾਹਿਗੁਰੂ! ਨਗਰ ਖੇੜੇ 'ਤੇ ਸੁੱਖ ਵਰਤਾਈਂ। ਕੱਲ੍ਹ ਨੂੰ ਭਾਗਾਂ ਭਰਿਆ ਦਿਨ ਚੜ੍ਹੇ।" ਪਤਾ ਨਹੀਂ ਕਿਵੇਂ ਸਾਡੇ ਬਜ਼ੁਰਗਾਂ ਦੀ ਸਭ ਤੋਂ ਵੱਡੀ ਇਨਾਇਤ ਸਾਡੇ ਕੋਲੋਂ ਗਵਾਚ ਗਈ ਏ? ਕੋਸ਼ਿਸ਼ ਕਰਨਾ ਇਹ ਇਨਾਇਤ ਸਾਡੀ ਸੋਚ ਦਾ ਹਿੱਸਾ ਬਣੀ ਰਹੇ ਤਾਂ ਕਿ ਸੌਣ ਲੱਗਿਆਂ ਅਸੀਂ ਸਮੁੱਚੀ ਲੋਕਾਈ ਦੇ ਸਰਬ-ਸੁਖ਼ਨ ਦੀ ਕਾਮਨਾ ਕਰਦਿਆਂ ਰਾਤ ਨੂੰ ਖੁਸ਼-ਆਮਦੀਦ ਆਖੀਏ।

# ਮਾਨਵਤਾ ਤੇ ਮੁਹੱਬਤ ਦਾ ਪੱਖ ਪੂਰਦੇ ਟੀਵੀ ਨਾਟਕ

ਪੰਜਾਬੀ ਨਾਟਕ ਦੇ ਲੇਖਣ ਤੇ ਮੰਚਨ ਦੇ ਖੇਤਰ ਵਿਚ ਨਿਵੇਕਲੀ ਪਛਾਣ ਰੱਖਣ ਵਾਲੇ ਨਾਮਵਰ ਅਦੀਬ ਡਾ. ਸਤੀਸ਼ ਕੁਮਾਰ ਵਰਮਾ ਨੇ ਇਲੈਕਟ੍ਰੋਨਿਕਸ ਮੀਡੀਆ ਨਾਲ ਸਬੰਧਤ ਛੋਟੇ ਤੇ ਵੱਡੇ ਪਰਦੇ 'ਤੇ ਫਿਲਮਾਏ ਜਾਣ ਵਾਲੇ ਨਾਟਕਾਂ ਤੇ ਫਿਲਮਾਂ ਦੇ ਲੇਖਕ ਵਜੋਂ ਵੀ ਆਪਣੀ ਕਾਬਲੀਅਤ ਦਾ ਸਿੱਕਾ ਕਾਇਮ ਕੀਤਾ ਹੋਇਆ ਹੈ। ਸਟੇਜੀ ਨਾਟਕਾਂ ਦੇ ਮੰਚਨ ਤੇ ਟੀਵੀ ਨਾਟਕ


ਨਿਰੰਜਣ ਬੋਹਾ
89682 -82700

ਦੀ ਪੇਸ਼ਕਾਰੀ ਦੀ ਤਕਨੀਕੀ ਲੋੜਾਂ ਬਾਰੇ ਗੰਭੀਰ ਜਾਣਕਾਰੀ ਰੱਖਣ ਤੋਂ ਇਲਾਵਾ ਉਹ ਕੁਝ ਨਵੇਂ ਤਜਰਬੇ ਕਰਦੇ ਰਹਿਣ ਦਾ ਦਮ ਵੀ ਭਰਦਾ ਹੈ, ਜਿਸ ਕਾਰਨ ਇਨ੍ਹਾਂ ਖੇਤਰਾਂ ਵਿਚ ਉਸਦੀ ਵਿਲੱਖਣ ਪਛਾਣ ਬਣੀ ਹੋਈ ਹੈ। ਪੰਜਾਬੀ ਅਦਬ, ਰੰਗਮੰਚ, ਟੀਵੀ ਤੇ ਫਿਲਮੀ ਖੇਤਰ ਬਾਰੇ ਉਸ ਦੇ ਗਿਆਨ ਨੂੰ ਦਸਤਾਵੇਜ਼ੀ ਰੂਪ ਵਿਚ ਸੰਭਾਲਦੀਆਂ ਮੌਲਿਕ, ਸੰਪਾਦਿਤ ਤੇ ਅਨੁਵਾਦਿਤ ਪੁਸਤਕਾਂ ਦੀ ਗਿਣਤੀ ਹੁਣ ਸੱਤਰ ਦਾ ਅੰਕੜਾ ਪਾਰ ਕਰ ਗਈ ਹੈ। ਉਸਦੀ ਹੱਥਲੀ ਪੁਸਤਕ 'ਮੇਰੇ ਟੀਵੀ ਨਾਟਕ' ਵਿਚ ਉਸ ਵੱਲੋਂ ਛੋਟੇ ਪਰਦੇ ਲਈ ਲਿਖੇ ਚਾਰ ਨਾਟਕ ਸ਼ਾਮਲ ਹਨ। ਇਹ ਨਾਟਕ ਟੀਵੀ-ਨਾਟ ਵਿਧਾ ਦੀਆਂ ਕਲਾਤਮਕ ਬਰੀਕੀਆਂ ਬਾਰੇ ਭਰਵੀਂ ਜਾਣਕਾਰੀ ਦੇਣ ਦੇ ਨਾਲ ਹੀ ਨਾਟ-ਦ੍ਰਿਸ਼ਾਵਲੀ ਦੀ ਯਥਾਰਥਕ ਪੇਸ਼ਕਾਰੀ ਬਾਰੇ ਵੀ ਪਾਠਕੀ ਗਿਆਨ ਵਿਚ ਵਾਧਾ ਕਰਦੇ ਹਨ।

ਚਾਰੇ ਟੀਵੀ ਨਾਟਕ ਪੰਜਾਬ ਦੀ ਵਰਤਮਾਨ ਸਮਾਜਿਕ, ਆਰਥਿਕ ਤੇ ਰਾਜਨੀਤਕ ਦਿਸ਼ਾ ਤੇ ਦਸ਼ਾ ਬਾਰੇ ਸੰਵਾਦ ਉਤੇਜਕ ਚਰਚਾ ਨੂੰ ਜਨਮ ਦੇਣ ਵਾਲੇ ਹਨ। ਪਹਿਲਾ ਨਾਟਕ 'ਮ੍ਰਿਗਤ੍ਰਿਸ਼ਨਾ' ਆਰਥਿਕ ਤੌਰ 'ਤੇ ਟੁੱਟੀ ਹੋਈ ਪੰਜਾਬ ਦੀ ਕਿਸਾਨੀ ਦੇ ਇਸ ਭਰਮ ਭੁਲੇਖੇ ਨੂੰ ਵੀ ਬੇ-ਕਿਰਕੀ ਨਾਲ ਤੋੜਦਾ ਹੈ ਕਿ ਜਹਾਜ਼ ਦੀ ਵਿਦੇਸ਼ ਵੱਲ ਭਰੀ ਉਡਾਣ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਸਕਦੀ ਹੈ। ਟੁੱਟੀ ਆਰਥਿਕਤਾ ਤੇ ਗਰੀਬੀ ਦਾ ਸੰਤਾਪ ਭੋਗ ਰਿਹਾ ਨਾਟਕ ਦਾ ਪਾਤਰ ਭਾਗ ਸਿੰਘ ਭਾਵੇਂ ਆਪਣੀ ਰਹਿੰਦੀ ਜ਼ਮੀਨ ਵੇਚ ਕੇ ਇੰਗਲੈਂਡ ਪਹੁੰਚਣ ਵਿਚ ਸਫਲ ਹੋ ਜਾਂਦਾ ਹੈ ਤੇ ਉਥੇ ਕਈ ਸਾਲ ਹੱਡ ਭੰਨਵੀਂ ਮਿਹਨਤ ਕਰ ਕੇ ਆਪਣੀ ਗਹਿਣੇ ਪਈ ਜ਼ਮੀਨ ਵੀ ਛੁਡਾ ਲੈਂਦਾ ਹੈ ਪਰ ਮਾਨਸਿਕ ਖੁਸ਼ੀ ਤੇ ਪਰਿਵਾਰਕ ਨਿੱਘ ਉਸ ਲਈ ਮ੍ਰਿਗਤ੍ਰਿਸ਼ਨਾ ਹੀ ਸਾਬਤ ਹੁੰਦੇ ਹਨ। ਇਕ ਪਾਸੇ ਉਸਦਾ ਇਕਲੌਤਾ ਪੁੱਤਰ ਉਸਦੀ ਵਿਦੇਸ਼ ਕਮਾਈ ਕਾਰਨ ਐਸ਼ਪ੍ਰਸਤ ਤੇ ਵਿਹਲੜ ਜੀਵਨ ਜਿਉਣ ਦੀ ਆਦਤ ਪਾ ਚੁੱਕਾ ਹੈ ਤਾਂ ਦੂਜੇ ਪਾਸੇ ਹੋਰ ਰਿਸ਼ਤੇਦਾਰ ਤੇ ਜਾਣ-ਪਛਾਣ ਵਾਲੇ ਉਸ ਕੋਲੋਂ ਇਹ ਤਵੱਕੋ ਰੱਖਦੇ ਹਨ ਕਿ ਉਹ ਪਿੰਡ ਆਉਂਦਿਆਂ ਹੀ ਵਿਦੇਸ਼ੀ ਦਰਖਤਾਂ ਤੋਂ ਤੋੜ ਕੇ ਲਿਆਂਦੇ ਨੋਟਾਂ ਦਾ ਮੀਂਹ ਉਨ੍ਹਾਂ 'ਤੇ ਵਰਸਾਉਣ ਲੱਗ ਪਵੇ। ਉਸਨੂੰ ਆਪਣੀ ਕੀਤੀ ਮਿਹਨਤ ਦਾ ਪੂਰਾ ਅਹਿਸਾਸ ਹੈ, ਇਸ ਲਈ ਜਦੋਂ ਪਿੰਡ ਦੀ ਪੰਚਾਇਤ ਉਸਦੇ ਸਨਮਾਨ ਦੀ ਕੀਮਤ ਪਿੰਡ ਦੇ ਸਕੂਲ ਲਈ ਕੀਤੇ ਲੱਖਾਂ ਰੁਪਏ ਦੇ ਦਾਨ ਰਾਹੀਂ ਵਸੂਲਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਹ 'ਮੇਰੇ ਵਰਗੇ ਮਜ਼ਦੂਰ ਤੋਂ ਇਹ ਤਵੱਕੋਂ ਕਿਉਂ?' ਦਾ ਮੋੜਵਾਂ ਸੁਆਲ ਕਰ ਕੇ ਪੰਚਾਇਤ ਦੇ ਨਾਲ ਨਾਟਕ ਦੇ ਦਰਸ਼ਕਾਂ ਨੂੰ ਬਹੁਤ ਕੁਝ ਸੋਚਣ ਲਈ ਮਜਬੂਰ ਕਰ ਦਿੰਦਾ ਹੈ।

ਦੂਸਰਾ ਨਾਟਕ 'ਮਮਤਾ' ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਦੇ ਤਿੜਕਣ ਤੇ ਟੁੱਟਣ 'ਚੋਂ ਪੈਦਾ ਹੋਏ ਮਾਨਸਿਕ ਖਲਾਅ ਨੂੰ ਪਹਿਲੋਂ ਕੈਮਰੇ ਦੀ ਪਕੜ ਵਿਚ ਆਉਣ ਵਾਲੀਆਂ ਸੂਖਮ ਕਲਮੀ ਛੋਹਾਂ ਰਾਹੀਂ ਰੂਪਮਾਨ ਕਰਦਾ ਹੈ ਤੇ ਫਿਰ ਇਸ ਖਲਾਅ ਦੀ ਪੂਰਤੀ ਲਈ ਮਨੁੱਖੀ ਯਤਨਾਂ ਦੀ ਪ੍ਰਭਾਵੀ ਸਮਰੱਥਾ ਨੂੰ ਉਭਾਰਦਾ ਹੈ। ਨਾਟਕ ਵਿਚਲੀ ਕਹਾਣੀ ਅਨੁਸਾਰ ਮੱਧ ਵਰਗੀ ਕਿਸਾਨੀ ਪਰਿਵਾਰ ਦੀ ਕੁੜੀ ਬਲੰਤੋ ਦਾ ਵਿਆਹ ਵਿਦੇਸ਼ੀ ਲਾੜੇ ਮੱਖਣ ਨਾਲ ਹੋ ਜਾਂਦਾ ਹੈ ਪਰ ਉਸ ਦੇ ਪਤੀ ਵੱਲੋਂ ਕਿਸੇ ਗੋਰੀ ਕੁੜੀ ਨਾਲ ਦੂਸਰਾ ਵਿਆਹ ਕਰਵਾ ਲਏ ਜਾਣ ਤੋਂ ਬਾਅਦ ਉਸ ਦੇ ਗ੍ਰਹਿਸਥੀ ਜੀਵਨ ਦਾ ਸੁੱਖ ਮਾਨਣ ਨਾਲ ਜੁੜੇ ਸਾਰੇ ਸੁਪਨੇ ਟੁੱਟ ਜਾਂਦੇ ਹਨ। ਉਸਦਾ ਪਤੀ ਇਸ ਧੋਖੇ ਦੀ ਕੀਮਤ ਪੈਸੇ ਨਾਲ ਚੁਕਾਉਣ ਦੀ ਪੇਸ਼ਕਸ਼ ਕਰਦਾ ਹੈ ਤਾਂ ਉਹ ਹੋਰ ਵੀ ਬੇਚੈਨ ਹੋ ਜਾਂਦੀ ਹੈ। ਉਹ ਘਰੇਲੂ ਕੰਮਾਂ-ਕਾਰਾਂ ਵਿਚ ਰੁੱਝ ਕੇ ਆਪਣੇ ਅੰਦਰਲੇ ਖਲਾਅ ਨੂੰ ਭਰਨਾ ਚਾਹੁੰਦੀ ਹੈ ਪਰ ਇਕ ਮਾਂ ਵਜੋਂ ਪੂਰਨਤਾ ਹਾਸਲ ਕਰਨ ਦੀ ਖਾਹਸ਼ ਉਸਨੂੰ ਨਿਰੰਤਰ ਉਦਾਸ ਤੇ ਪ੍ਰੇਸ਼ਾਨ ਰੱਖਦੀ ਹੈ।

ਨਾਟਕ ਵਿਚ ਉਸ ਵੇਲੇ ਵੱਡਾ ਮੋੜ ਆਉਂਦਾ ਹੈ ਜਦੋਂ ਮੱਖਣ ਦੀ ਗੋਰੀ ਪਤਨੀ ਦੀ ਮੌਤ ਹੋ ਜਾਣ 'ਤੇ ਉਸਨੂੰ ਆਪਣੇ ਪੁੱਤਰ ਆਰਲੈਂਡ ਦੀ ਸੰਭਾਲ ਲਈ ਮਾਂ ਤੇ ਆਪਣੀ ਸੰਭਾਲ ਲਈ ਪਤਨੀ ਦੀ ਲੋੜ ਮਹਿਸੂਸ ਹੁੰਦੀ ਹੈ। ਉਹ ਪੰਜਾਬ ਵਿਚਲੇ ਸਹੁਰੇ ਘਰ ਪਹੁੰਚ ਕੇ ਬਲੰਤੋ ਤੋਂ ਆਪਣੇ ਕੀਤੇ ਦੀ ਮੁਆਫੀ ਵੀ ਮੰਗਦਾ ਹੈ ਤੇ ਟੁੱਟੇ ਰਿਸ਼ਤੇ ਨੂੰ ਫਿਰ ਤੋਂ ਜੋੜਣ ਦੀ ਕੋਸ਼ਿਸ਼ ਵੀ ਕਰਦਾ, ਪਰ ਬਲੰਤੋ ਉਸ ਨਾਲ ਕੋਈ ਵੀ ਰਿਸ਼ਤਾ ਰੱਖਣ ਤੋਂ ਸਾਫ ਨਾਂਹ ਕਰ ਦਿੰਦੀ ਹੈ। ਜਦੋਂ ਗੋਰੀ ਮਾਂ ਦੇ ਪੇਟੋਂ ਜਨਮਿਆ ਮਾਸੂਮ ਆਰਲੈਂਡ ਉਸ ਤੋਂ ਮਾਂ ਦਾ ਪਿਆਰ ਮੰਗਦਾ ਹੈ ਤਾਂ ਉਸ ਅੰਦਰਲੀ ਮਮਤਾ ਉਸਨੂੰ ਪਹਿਲਾਂ ਵਾਂਗ ਨਾਂਹ ਨਹੀਂ ਕਰਨ ਦਿੰਦੀ। ਇਸ ਤਰ੍ਹਾਂ ਨਾਟਕ ਆਪਣੇ ਇਸ ਮਾਨਵੀ ਸੰਦੇਸ਼ ਦਾ ਪ੍ਰਭਾਵੀ ਸੰਚਾਰ ਕਰਨ ਵਿਚ ਸਫਲ ਰਿਹਾ ਹੈ ਕਿ ਮਮਤਾ ਨੂੰ ਕਿਸੇ ਰੰਗ, ਭੇਦ, ਨਸਲ ਜਾਂ ਜਾਤ-ਪਾਤ ਦੀ ਹੱਦਬੰਦੀ ਵਿਚ ਕੈਦ ਨਹੀਂ ਕੀਤਾ ਜਾ ਸਕਦਾ।






*ਕਿਤਾਬ ਮੇਰੇ ਟੀ ਵੀ ਨਾਟਕ ਦਾ ਸਰਵਰਕ ਤੇ ਲੇਖਕ ਸਤੀਸ਼ ਵਰਮਾ*

ਪ੍ਰਸਿੱਧ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਬਹੁ-ਚਰਚਿਤ ਕਹਾਣੀ 'ਤੇ ਅਧਾਰਿਤ ਨਾਟਕ 'ਖੂਨ' ਪਰਿਵਾਰਕ ਰਿਸ਼ਤਿਆਂ ਦੇ ਮਨੋ-ਵਿਗਿਆਨ ਨੂੰ ਖੂਨ ਦੀ ਸਾਂਝ ਜੋੜਦਾ ਹੈ ਤਾਂ ਮਾਨਵਤਾ ਲਈ ਇਸ ਦੇ ਸਿੱਟੇ ਬਹੁਤ ਲਾਹੇਵੰਦ ਸਾਬਤ ਹੁੰਦੇ ਹਨ। ਵੈਲੀ ਕਰਤਾਰਾ ਤੇ ਦੀਪਾ ਰਿਸ਼ਤੇ ਵਿਚ ਸ਼ਰੀਕ ਭਰਾ ਹਨ ਪਰ ਆਪਸੀ ਵਰਤ-ਵਰਤਾਅ ਨਾ ਹੋਣ ਕਾਰਨ ਉਨ੍ਹਾਂ ਵਿਚ ਮਾਨਸਿਕ ਦੂਰੀ ਵੀ ਬਣੀ ਹੋਈ ਹੈ। ਕਰਤਾਰੇ ਨੂੰ ਇਕ ਕੈਲੇ ਦੀ ਢਾਣੀ ਵੱਲੋਂ ਦੀਪੇ ਦੇ ਕਤਲ ਕੀਤੇ ਜਾਣ ਬਾਰੇ ਜਾਣਕਾਰੀ ਹੈ ਪਰ 'ਸ਼ਰੀਕ ਮਰਿਆ ਵਿਹੜਾ ਮੋਕਲਾ' ਦੀ ਮਾੜੀ ਸੋਚ ਦੇ ਵੱਸ ਹੋ ਕੇ ਉਹ ਦੀਪੇ ਨੂੰ ਇਸ ਬਾਰੇ ਸੁਚੇਤ ਨਹੀਂ ਕਰਦਾ। ਉਹ ਦੀਪੇ ਦੀ ਮੌਤ ਤੋਂ ਬਾਅਦ ਉਸਦੀ ਪਤਨੀ 'ਤੇ ਵੀ ਕਾਬਜ਼ ਹੋਣਾ ਚਾਹੁੰਦਾ ਹੈ, ਜਿਸ ਕਾਰਨ ਉਸ ਦੀ ਭਰਜਾਈ ਕੁਲਵੰਤ ਆਪਣੇ ਛੋਟੇ ਬੱਚੇ ਨਾਲ ਪੇਕੇ ਘਰ ਰਹਿਣ ਲੱਗ ਪੈਂਦੀ ਹੈ। ਉਮਰ ਵਧਣ 'ਤੇ ਉਸਦੇ ਮਨ ਵਿਚ ਪੈਦਾ ਹੋਇਆ ਸ਼ਰੀਕ ਦੇ ਜੁਆਨ ਹੋ ਰਹੇ ਪੁੱਤਰ ਵੱਲੋਂ ਬਦਲਾ ਲੈਣ ਦਾ ਡਰ ਉਸ ਨੂੰ ਪ੍ਰੇਸ਼ਾਨ ਕਰਦਾ ਹੈ ਤਾਂ ਉਹ ਬਾਂਸ ਤੇ ਬੰਸਰੀ ਦੋਵਾਂ ਦੇ ਖਾਤਮੇ ਦੀ ਸਕੀਮ ਬਣਾ ਕੇ ਦੋ ਕਤਲ ਹੋਰ ਕਰਨ ਦਾ ਮਨ ਬਣਾ ਲੈਂਦਾ ਹੈ। ਉਹ ਘਰੋਂ ਤਾਂ ਆਪਣੀ ਭਰਜਾਈ ਤੇ ਭਤੀਜੇ ਦਾ ਕਤਲ ਕਰਨ ਦੇ ਇਰਾਦੇ ਨਾਲ ਨਿਕਲਦਾ ਹੈ ਪਰ ਉਸਦੇ ਸ਼ਿਕਾਰ ਭਤੀਜੇ ਮੂੰਹੋਂ ਨਿਕਲੇ ਇਹ ਸ਼ਬਦ 'ਮਾਲਵੇ 'ਚ ਮੇਰਾ ਸ਼ੇਰ ਵਰਗਾ ਚਾਚਾ ਐ ਕਰਤਾਰਾ' ਉਸ ਨੂੰ ਇਕ ਵੈਲੀ ਤੋਂ ਖੂਨ ਦੇ ਰਿਸ਼ਤੇ ਵਿਚ ਬੱਝਾ ਭਲਾ ਮਨੁੱਖ ਬਣਾ ਦਿੰਦੇ ਹਨ। ਇਸ ਤਰ੍ਹਾਂ ਭੱਜੀਆਂ ਬਾਹਾਂ ਗਲ਼ ਨੂੰ ਆਉਣ ਦੀ ਧਾਰਨਾ ਇਸ ਨਾਟਕ ਦੀ ਉਦੇਸ਼ਾਤਮਕ ਪਹੁੰਚ ਨੂੰ ਸਿਰਜਨਾਤਮਕ ਅਰਥਾਂ ਨਾਲ ਜੋੜ ਦੇਂਦੀ ਹੈ।

ਚੌਥਾ ਨਾਟਕ 'ਅਜੇ ਵੀ ਸੁਪਨੇ ਸੁਲਗਦੇ' ਗਾਇਕੀ ਤੇ ਫਿਲਮ ਖੇਤਰ ਵਿਚ ਸਟਾਰ ਬਣ ਚੁੱਕੇ ਨਾਟਕਕਾਰ ਦੇ ਆਪਣੇ ਪੁੱਤਰ ਪਰਮੀਸ਼ ਵਰਮਾ ਦੇ ਸਿਡਨੀ (ਆਸਟਰੇਲੀਆ) ਦੇ ਨਿਵਾਸ ਦੌਰਾਨ ਸਮਾਜਿਕ ਤੇ ਆਰਥਿਕ ਹੋਂਦ ਸਥਾਪਿਤ ਕਰਨ ਲਈ ਕੀਤੇ ਜਾਣ ਵਾਲੇ ਸੰਘਰਸ਼ ਨੂੰ ਬਿਆਨਦੀਆਂ ਕਵਿਤਾਵਾਂ 'ਤੇ ਅਧਾਰਿਤ ਹੈ। ਇਹ ਨਾਟਕ ਬੀਤੇ ਕਲ੍ਹ ਤੇ ਆਉਣ ਵਾਲੇ ਕੱਲ੍ਹ ਵਿਚਕਾਰਲੇ ਅੱਜ ਨੂੰ ਆਪਣੇ ਸੁਪਨਿਆਂ ਦੇ ਹਾਣ ਦਾ ਬਣਾਉਣ ਲਈ ਜੂਝ ਰਹੇ ਪਰਮੀਸ਼ ਵਰਗੇ ਲੱਖਾਂ ਨੌਜਵਾਨਾਂ ਦੇ ਆਪਣੇ ਭਵਿੱਖ ਨਾਲ ਜੁੜੇ ਸੁਪਨਿਆਂ ਦੀ ਤਰਜ਼ਮਾਨੀ ਕਰਦਾ ਹੈ। ਭਾਵੇਂ ਪਰਮੀਸ਼ ਨੂੰ ਆਪਣੀ ਮੰਜ਼ਲ ਮਿਲ ਗਈ ਹੈ ਪਰ ਅੱਜ ਵੀ ਅਨੇਕਾਂ ਹੀ ਨੌਜਵਾਨ ਆਪਣੇ ਸੁਪਨਿਆਂ ਨੂੰ ਲਾਵਾਰਸ ਲਾਸ਼ਾਂ ਵਿਚ ਤਬਦੀਲ ਹੁੰਦੇ ਵੇਖਣ ਦਾ ਸੰਤਾਪ ਭੋਗ ਰਹੇ ਹਨ। ਸੰਗ੍ਰਹਿ ਵਿਚਲੇ ਪਹਿਲੇ ਤਿੰਨ ਨਾਟਕ ਜਨ-ਸਧਾਰਨ ਦੇ ਦਰਸ਼ਕਾਂ ਨੂੰ ਆਪਣੇ ਨਾਲ ਜੋੜਨ ਵਾਲੇ ਹਨ ਪਰ ਇਸ ਨਾਟਕ ਵਿਚਲੀਆਂ ਕਵਿਤਾਵਾਂ ਤੇ ਇਸ ਦੀ ਸਕ੍ਰਿਪਟ ਨਾਲ ਲੇਖਕ ਦਾ ਆਪਣਾ ਰਿਸ਼ਤਾ ਜੁੜੇ ਹੋਏ ਹੋਣ ਕਾਰਨ ਇਹ ਥੋੜ੍ਹਾ ਅੰਤਰਮੁਖੀ ਹੋ ਗਿਆ ਹੈ। ਇਸ ਦੇ ਪਾਤਰ ਵੀ ਸਕ੍ਰਿਪਟ ਦੀ ਲੋੜ ਅਨੁਸਾਰ ਕਈ ਥਾਈਂ ਅੰਗਰੇਜ਼ੀ ਭਾਸ਼ਾ ਵਿਚ ਗੱਲਾਂ ਕਰਦੇ ਹਨ, ਇਸ ਲਈ ਇਹ ਨਾਟਕ ਬੌਧਿਕ ਕਿਸਮ ਦੇ ਪਾਠਕਾਂ ਦੀ ਸੁਹਜ-ਸਤੁੰਸ਼ਟੀ ਤਾਂ ਕਰਵਾ ਸਕਦਾ ਹੈ ਪਰ ਆਮ ਦਰਸ਼ਕ ਨੂੰ ਆਪਣੇ ਨਾਲ ਨਹੀਂ ਤੋਰਦਾ।

ਸੰਗ੍ਰਹਿ ਦੇ ਪਹਿਲੇ ਤਿੰਨ ਨਾਟਕਾਂ ਦੀ ਪਿੱਠ-ਭੂਮੀ ਪੇਂਡੂ ਹੈ ਪਰ ਚੌਥਾ ਨਾਟਕ ਸ਼ਹਿਰੀ ਜੀਵਨ-ਜਾਚ ਦੀ ਤਰਜ਼ਮਾਨੀ ਕਰਦਿਆਂ ਪਰਵਾਸ ਨਾਲ ਜੁੜੇ ਮਸਲਿਆਂ ਨੂੰ ਵੀ ਆਪਣੇ ਵਿਸ਼ਲੇਸ਼ਣੀ ਬੋਧ ਦਾ ਹਿੱਸਾ ਬਣਾ ਲੈਂਦਾ ਹੈ। ਪਹਿਲੇ ਦੋ ਨਾਟਕਾਂ ਵਿਚ ਪੇਂਡੂ ਸੱਥ ਵਿਚ ਜੁੜੇ ਲੋਕਾਂ ਵਿਚੋਂ ਕੋਈ ਖਾਸ ਪਾਤਰ ਨਾਟਕ ਦੀ ਕਹਾਣੀ ਦੂਸਰਿਆਂ ਨੂੰ ਸੁਣਾਉਂਦਾ ਹੈ ਤਾਂ ਉਹ ਕਹਾਣੀ ਕੇਵਲ ਨਾਟਕ ਦੇ ਪਾਤਰਾਂ ਦੀ ਕਹਾਣੀ ਨਾ ਰਹਿ ਕੇ ਸਮੁੱਚੇ ਪੇਂਡੂ ਸਮਾਜ ਦੀ ਕਹਾਣੀ ਬਣ ਜਾਂਦੀ ਹੈ। ਸਤੀਸ਼ ਕੁਮਾਰ ਵਰਮਾ ਨੇ ਸਮੇਂ ਸਮੇਂ 'ਤੇ ਕੇਵਲ ਨਾਟਕਾਂ ਦਾ ਨਿਰਦੇਸ਼ਨ ਹੀ ਨਹੀਂ ਕੀਤਾ, ਸਗੋਂ ਲੋੜ ਪੈਣ 'ਤੇ ਸਟੇਜਾਂ, ਫਿਲਮਾਂ ਤੇ ਟੀਵੀ ਨਾਟਕਾਂ ਵਿਚ ਆਪ ਵੀ ਅਦਾਕਾਰੀ ਕੀਤੀ ਹੈ, ਇਸ ਲਈ ਉਸਦੇ ਇਹ ਨਾਟਕ ਆਪਣੀ ਪੇਸ਼ਕਾਰੀ ਦੀਆਂ ਕਲਾਤਮਕ ਜੁਗਤਾਂ ਦਾ ਪੂਰਾ ਧਿਆਨ ਰੱਖਣ ਵਾਲੇ ਹਨ। ਟੀਵੀ ਨਾਟਕ ਨਾਲ ਸਬੰਧਤ ਪੁਸਤਕਾਂ ਦੀ ਪੰਜਾਬੀ ਸਾਹਿਤ ਵਿਚ ਅਜੇ ਬਹੁਤ ਘਾਟ ਹੈ, ਉਮੀਦ ਹੈ ਕਿ ਉਹ ਇਸ ਘਾਟ ਨੂੰ ਪੂਰਾ ਕਰਨ ਲਈ ਆਪਣੇ ਯੋਗਦਾਨ ਨਿਰੰਤਰ ਪਾਉਂਦੇ ਰਹਿਣਗੇ।

## ਕਾਵਿ-ਕਿਆਰੀ

### ਮੇਲਾ 'ਨੰਦਪੁਰ ਦਾ

ਚੱਲ ਪਏ ਅਨੰਦਪੁਰ ਨੂੰ,
ਕੋਈ ਪੈਦਲ ਕੋਈ ਬੱਸ,
ਕਈ ਸਾਈਕਲ ਲੈ ਤੁਰੇ,
ਕਈ ਟਰੱਕ ਚੜ੍ਹਦੇ ਨੱਸ,
ਰੇਹੜੇ, ਰਿਕਸ਼ੇ, ਬੰਬੂਕਾਟ,
ਕਾਰਾਂ ਗੱਡੀਆਂ 'ਚ ਧੱਸ,
ਸਕੂਟਰ ਮੋਟਰ ਬਾਈਕਾਂ,
ਗਾਉਂਦੇ ਗੁਰੂ ਦਾ ਜੱਸ।

ਘੋੜੇ ਖੱਚਰ ਬੱਘੀਆਂ ਦੇ,
ਲੈ ਨਿਹੰਗ ਪਾਂਦੇ ਚਾਲੇ,
ਹੋਲੇ ਮਹੱਲੇ 'ਤੇ ਦਿਖਾਉਂਦੇ,
ਗਤਕਾ ਜੌਹਰ ਨਿਰਾਲੇ,
ਲੈਂਦੇ ਪੁਲਿਸ ਨਾ.ਲ ਪੰਗਾ,
ਘੋੜਸਵਾਰੀ ਮੁਕਾਬਲੇ,
ਸੁੱਖ ਨਿਧਾਨ ਨੇ ਛਕਦੇ,
ਬਣ ਚੜ੍ਹਦੀ ਕਲਾ ਵਾਲੇ।

ਅਖੇ ਮੇਲਾ 'ਨੰਦਪੁਰ ਦਾ,
ਦੋ ਢੋਲਕੀਆਂ ਦੋ ਛੈਣੇ,
ਪੰਜ ਕਕਾਰ ਸਾਂਭ ਰੱਖੋ,
ਛੱਡ ਦੇਓ ਪਾਉਣੇ ਗਹਿਣੇ,
ਜਾਤ ਪਾਤ ਨੂੰ ਲਾਂਬੂ ਲਾ,
ਇਕੱਠੇ ਦੁੱਖ ਸੁੱਖ ਸਹਿਣੇ,
ਸਵਾਰਥ ਦਾ ਪੱਲਾ ਛੱਡੋ,
ਸਦਾ ਯਥਾਰਥ ਰਹਿਣੇ।

ਜਿੱਥੇ ਦੇਖੋ ਲੰਗਰ ਚੱਲੇ,
ਸੰਗਤਾਂ ਛਕ ਛਕ ਜਾਵਣ,
ਸਤਿਨਾਮ ਵਾਹਿਗੁਰੂ ਦੇ,
ਜੈਕਾਰੇ ਛੱਡ ਜੱਸ ਗਾਵਣ,
ਦਿਨ ਰਾਤ ਇਕੋ ਜਿਹੇ ਨੇ,
ਸੇਵਾ ਮਿੱਠਾ ਫਲ ਖਾਵਣ,
ਸੱਚਾ ਸੌਦਾ ਗੁਰਾਂ ਵਾਲਾ,
ਨੱਠ ਨੱਠ ਕੇ ਵਰਤਾਵਣ।

ਛੱਤੀ ਪ੍ਰਕਾਰ ਦਾ ਖਾਣਾ,
ਉਪਲਬਧ ਮੁਫ਼ਤ ਸਵੱਲ,
ਚਾਹ ਪਕੌੜੇ ਬਰੈਡ ਪੀਸ,
ਖਿੱਚ ਲੱਡੂ ਜਲੇਬੀ ਵੱਲ,
ਹੜ੍ਹ ਸੰਗਤ ਦਾ ਆਇਆ,
ਕਿਤੇ ਨਾ ਦਿਸਦਾ ਠੱਲ੍ਹ,
ਜਲੌਅ ਖਾਲਸਈ ਚਮਕੇ,
ਜਲਾਲ ਨਾ ਹੁੰਦਾ ਝੱਲ।

ਜਨਮ ਭੂਮੀ ਖਾਲਸੇ ਦੀ,
ਖੁਸ਼ਬੋਈ ਅਤਰ ਫੁਲੇਲ,
ਗੁਰੂ ਗੋਬਿੰਦ ਗਰਜਿਆ,
ਜ਼ੁਲਮ ਨੂੰ ਪਾਉ ਨਕੇਲ,
ਅੱਤ ਜ਼ਾਲਿਮ ਨੇ ਕਰ'ਤੀ,
ਚੁੱਕੋ ਖੰਡਾ ਤੀਰ ਗੁਲੇਲ,
ਬਾਜ਼ੀ ਪਲਟਾ ਕੇ ਯੁੱਗ ਦੀ,
ਨਵਾਂ ਖੇਡਾਵਾਂਗਾ ਖੇਲ੍ਹ।

ਵੱਜਦੇ ਢੱਡ ਸਾਰੰਗੀਆਂ,
ਚੱਲਦੇ ਕੀਰਤਨ ਪ੍ਰਵਾਹ,
ਵਜਦ ਵਿਚ ਆਣ ਝੂੰਮਦੇ,
ਸੰਗਤ ਕਰੇ ਵਾਹ ਵਾਹ,
ਦਰਸ਼ਨ ਕਰ ਮਸਤ ਹੋਏ,
ਗੁਰਧਾਮ ਨੇ ਥਾਂ-ਥਾਂ,
ਅਨੰਦ ਪੁਰੀ ਹੈ ਗੁਰੂ ਦੀ,
ਜਿੱਥੇ ਵਸਦਾ ਬੇਪ੍ਰਵਾਹ।
ਹੋਲੀਆਂ ਲੋਕੀਂ ਨੇ ਖੇਡਦੇ,

ਡੋਲ੍ਹ ਡੋਲ੍ਹ ਕੇ ਕੱਚਾ ਰੰਗ,
ਹੱਲ-ਮ-ਹੱਲਾ ਸਿੰਘਾਂ ਦਾ,
ਦੱਸਦੈ ਲੜਾਈ ਦੇ ਢੰਗ,
ਕਿੰਝ ਵੈਰੀ ਨੂੰ ਢਾਹੀਦਾ,
ਵਿਚ ਮੈਦਾਨ-ਏ-ਜੰਗ,
ਖੁਸ਼ੀਆਂ ਦੇ ਵਿਚ ਝੂਮਦਾ,
ਮਿਲ ਕੇ ਦੂਜੇ ਦੇ ਸੰਗ।

*-ਸੇਵਾ ਸਿੰਘ ਨੂਰਪੁਰੀ*

---

### ਦੁਨੀਆ ਐਟਮ ਬੰਬਾਂ 'ਤੇ ਸੁੱਤੀ

ਜਾਂ ਅੱਜ ਮੁੱਕੀ ਜਾਂ ਕੱਲ੍ਹ ਮੁੱਕੀ,
ਦੁਨੀਆ ਐਟਮੀ ਬੰਬਾਂ 'ਤੇ ਸੁੱਤੀ।
ਵਾਇਰਸਾਂ ਦੀ ਗੱਲ ਢੱਕੀ-ਢੁੱਕੀ,
ਦੁਨੀਆ ਐਟਮੀ ਬੰਬਾਂ 'ਤੇ ਸੁੱਤੀ।

ਹੀਰੋਸ਼ੀਮਾ ਤੇ ਨਾਗਾਸਾਕੀ,
ਕਰੋ ਯਾਦ ਓਹ ਭਿਆਨਕ ਝਾਕੀ।
ਜੰਗ ਮੁੱਕੀ ਪਰ ਗੱਲ ਨਹੀਂ ਮੁੱਕੀ,
ਦੁਨੀਆ ਐਟਮੀ ਬੰਬਾਂ 'ਤੇ ਸੁੱਤੀ।

ਮਨੁੱਖਤਾ ਹੋਈ ਮਨੁੱਖਤਾ ਦੀ ਦੁਸ਼ਮਣ,
ਸਾਂਝਾ ਵਿਚ ਸਕੀਮਾਂ ਚਿੱਤਰਨ।
ਘਸੁੰਨ ਕਿਸੇ ਦਾ ਕਿਸੇ ਦੀ ਮੁੱਕੀ,
ਦੁਨੀਆ ਐਟਮੀ ਬੰਬਾਂ 'ਤੇ ਸੁੱਤੀ।
ਲੋਕਤੰਤਰ ਵਿਚ ਕੀ ਏਹ ਰੌਲਾ,
ਉਸ ਤੋਂ ਵੱਡਾ ਉਸ ਦਾ ਡੌਲ਼ਾ।
ਪੱਟ ਦੀ ਥਾਪੀ ਹਰ ਦੀ ਉੱਚੀ,
ਦੁਨੀਆ ਐਟਮੀ ਬੰਬਾਂ 'ਤੇ ਸੁੱਤੀ।

ਏਹ ਖੇਡਾਂ ਨੇ ਵੱਡੀਆਂ ਉੱਚੀਆਂ,
ਹਰ ਕੋਈ ਖੇਡੇ ਦੇ ਦੇ ਝੁੱਕੀਆਂ।
ਫਿਰਦੇ ਸੁਖਵਿੰਦਰਾ ਮੌਤ ਨੇ ਚੁੱਕੀ,
ਦੁਨੀਆ ਐਟਮੀ ਬੰਬਾਂ 'ਤੇ ਸੁੱਤੀ।

*-ਸੁਖਵਿੰਦਰ ਬੋਦਲਾਂਵਾਲਾ*
*ਫੋਨ: 360-281-2624*

---

### ਔਰਤ ਦੀ ਆਵਾਜ਼

ਐ 'ਮਰਦ-ਪ੍ਰਧਾਨ'
ਸਮਾਜ ਦੇ ਬਾਸ਼ਿੰਦਿਓ...
ਮੈਂ ਸੁਣਿਆ,
ਅੱਜ 'ਔਰਤ ਦਿਵਸ' ਮਨਾ ਰਹੇਂ ਹੋਂ...
ਵਿਦਿਅਕ ਸੰਸਥਾਵਾਂ, ਸ਼ਹਿਰਾਂ 'ਚ
'ਨਾਰੀ-ਚੇਤਨਾ' ਸਮਾਗਮ ਕਰਾ ਰਹੇ ਹੋ।
ਇਹਦੇ ਲਈ,
ਤੁਹਾਡਾ ਸ਼ੁਕਰਾਨਾ ਕਰਨਾ ਤਾਂ ਬਣਦਾ...
ਪਰ,
ਇਸ ਤੋਂ ਪਹਿਲਾਂ
ਕੁਝ ਸਵਾਲ ਨੇ ਮੇਰੇ ਮਨ 'ਚ
ਕੀ ਕਦੇ ਸੁਰੱਖਿਅਤ ਹੋਵੇਗਾ,
ਮੇਰਾ 'ਕੁੱਖ ਤੋਂ ਕਬਰ' ਤਕ ਦਾ ਸਫ਼ਰ...?
ਕੀ ਮੈਂ ਆਜ਼ਾਦ ਹੋ ਕੇ,
ਸੁਰੱਖਿਅਤ ਘੁੰਮ ਸਕਾਂਗੀ
'ਘਰ ਤੋਂ ਲੈ ਕੇ ਸਮਾਜ ਵਿਚ'?
ਕੀ ਕਦੇ ਸੰਗਲੀ ਪਵੇਗੀ,
ਸਿਆਸਤ ਦੇ ਪਾਲਤੂ
ਕੁੱਤਿਆਂ ਨੂੰ?
ਜੋ ਸਿਰਫ ਜਿਸਮਾਂ ਦੇ ਭੁੱਖੇ ਨੇ,
ਤੇ ਆਪਣੀ ਇਸ ਭੁੱਖ ਲਈ,
ਮੇਰੀ ਹੋਂਦ ਤੇ ਮੇਰੀ ਕੁੱਖ ਨੂੰ
ਖਤਰੇ 'ਚ ਪਾ ਰਹੇ ਨੇ।
ਕੀ ਮੈਨੂੰ, ਕਵਿਤਾਵਾਂ, ਭਾਸ਼ਣਾਂ ਤੇ
ਤੁਹਾਡੇ ਸੈਮੀਨਰਾਂ ਦੇ
ਬਿਆਨੀਏ ਲਹਿਜ਼ੇ ਤੋਂ ਬਿਨਾਂ,
ਤੁਹਾਡੇ ਖਿਆਲਾਂ, ਤੁਹਾਡੀ ਜ਼ਿੰਦਗੀ
ਤੇ ਤੁਹਾਡੀ ਸੋਚ 'ਚ
'ਬਰਾਬਰੀ' ਦਾ ਅਧਿਕਾਰ ਮਿਲ਼ੇਗਾ?
ਮਾਫ ਕਰਨਾ ਦੋਸਤੋ,
ਮੈਂ ਉਸੇ ਦਿਨ ਹੀ ਕਬੂਲਾਂਗੀ
'ਔਰਤ ਦਿਵਸ' ਦੀ ਮੁਬਾਰਕਬਾਦ...।

**-ਸੁਖਚੈਨ ਸਿੰਘ ਕੁਰੜ**

---

### ਮੁਕੰਮਲ-ਏ-ਇਸ਼ਕ

ਵਫ਼ਾ ਦੀ ਤੂੰ ਬਾਤ ਹੀ ਛੱਡ
ਤੈਥੋਂ ਤੇ ਹੁੰਗਾਰਾ ਭਰ ਨਹੀਂ ਹੋਣਾ।
ਏ ਵੀ ਪਤਾ ਏ ਕਿ ਸੀਸ ਤਲੀ 'ਤੇ
ਤੈਥੋਂ ਯਾਰਾ ਕਦੇ ਧਰ ਨਹੀਂ ਹੋਣਾ।
ਮੁਖੌਟਾ ਪਹਿਨ ਕੇ ਮਿਲਣ ਆਵੀਂ
ਤੈਨੂੰ ਲੱਖ ਵਾਰੀ ਸਜਦਾ ਏ।
ਪਰ ਨਕਲੀ ਹਾਸਿਆਂ ਵਿਚ ਹੱਸਦਾ
ਤੂੰ ਯਾਰਾ ਮੈਥੋਂ ਜਰ ਨਹੀਂ ਹੋਣਾ।
ਜੋ ਜਾਪਣ ਕੰਧਾਂ ਕੱਚੀਆਂ ਵਾਂਗ
ਉਨ੍ਹਾਂ ਭਲਾ ਕੀ ਨਿਭਾਉਣੀ ਏ।
ਸਤਲੁਜ ਵਿਚ ਉਹ ਜਾਵਣਗੇ
ਉਨ੍ਹਾਂ ਤੋਂ ਯਾਰਾ ਤਰ ਨਹੀਂ ਹੋਣਾ।
ਆਲਮ ਦਾ ਰਿਹਾ ਡਰ ਜੇਕਰ
ਤਾਂ ਸੱਚ ਜਾਣੀ ਤੱਥ ਯਾਰਾ।
ਮਹਿਲ ਇਸ਼ਕ ਦਾ ਤੈਥੋਂ ਕਦੇ
ਮੁਕੰਮਲ ਸਰ ਨਹੀਂ ਹੋਣਾ।

*-ਜਸਕੀਰਤ ਸਿੰਘ*
*ਫੋਨ: 98889-49201*

# ਬਲਦੇਵ ਸਿੰਘ ਦੇ ਖੇਡ ਨਾਵਲੈੱਟ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਬਲਦੇਵ ਸਿੰਘ ਨੇ 'ਬੰਦਾ ਸਿੰਘ ਬਹਾਦਰ', 'ਸੂਰਜ ਦੀ ਅੱਖ' ਤੇ 'ਪੰਜਵਾਂ ਸਾਹਿਬਜ਼ਾਦਾ' ਵਰਗੇ ਵੱਡੇ ਇਤਿਹਾਸਕ ਨਾਵਲ ਲਿਖਣ ਪਿੱਛੋਂ ਬਾਲਕਾਂ ਲਈ ਨਿੱਕੇ ਖੇਡ ਨਾਵਲੈੱਟ ਲਿਖਣੇ ਵੀ ਸ਼ੁਰੂ ਕੀਤੇ ਹਨ। ਇੰਜ ਉਹ ਇਤਿਹਾਸਕ ਨਾਵਲਕਾਰ ਹੋਣ ਦੇ ਨਾਲ ਨਾਲ ਖੇਡ ਨਾਵਲਕਾਰ ਵੀ ਬਣ ਚੱਲਿਆ ਹੈ। ਪੰਜਾਬੀ ਖੇਡ ਸਾਹਿਤ 'ਚ ਗਲਪ ਰਚਨਾ ਦੀ ਘਾਟ ਸੀ, ਲੱਗਦੈ ਹੁਣ ਉਹ ਵੀ ਪੂਰੀ ਹੋ ਜਾਵੇਗੀ। ਉਸ ਦੇ ਇਕ ਨਾਵਲੈੱਟ ਦਾ ਨਾਂ 'ਉੱਡਣਾ ਸਿੱਖ ਮਿਲਖਾ ਸਿੰਘ' ਹੈ, ਦੂਜੇ ਦਾ 'ਰੁਸਤਮੇ ਹਿੰਦ ਦਾਰਾ ਸਿੰਘ' ਤੇ ਤੀਜੇ ਦਾ 'ਮੁੱਕੇਬਾਜ਼ਾਂ ਦੀ ਰਾਣੀ' ਐਮ.ਸੀ. ਮੈਰੀ ਕੌਮ। ਸਕੂਲੀ ਵਿਦਿਆਰਥੀਆਂ ਲਈ ਲਿਖੇ ਇਨ੍ਹਾਂ ਨਾਵਲੈੱਟਾਂ ਦਾ ਆਕਾਰ 36, 38, 40 ਪੰਨਿਆਂ ਦਾ ਹੈ। ਜਿਨ੍ਹਾਂ ਖਿਡਾਰੀਆਂ ਦੇ ਮੈਂ ਸ਼ਬਦ ਚਿੱਤਰ ਲਿਖਦਾ ਆ ਰਿਹਾਂ, ਉਨ੍ਹਾਂ ਦਾ ਉਸ ਨੇ ਗਲਪੀਕਰਨ ਕਰ ਕੇ ਦਿਲਚਸਪ ਨਾਵਲੈੱਟ ਬਣਾ ਦਿੱਤੇ ਹਨ। ਸੰਭਵ ਹੈ ਕਿ ਕੋਈ ਲੇਖਕ ਖਿਡਾਰੀਆਂ ਨੂੰ ਨਾਟਕੀ ਰੂਪ ਵਿਚ ਵੀ ਪੇਸ਼ ਕਰੇ। ਕਿਸੇ ਖੇਡ ਨਾਇਕ ਬਾਰੇ ਲਿਖਣ ਲਈ ਤੱਥ ਤਾਂ ਉਹੀ ਹੁੰਦੇ ਹਨ, ਲੇਖਕ ਦੀ ਕਲਾ ਉਨ੍ਹਾਂ ਨੂੰ ਆਪੋ ਆਪਣੇ ਕਲਾਤਮਿਕ ਰੂਪ ਦੇਣ ਵਿਚ ਹੁੰਦੀ ਹੈ।

ਬਲਦੇਵ ਸਿੰਘ ਮੰਨਿਆ ਦੰਨਿਆ ਨਾਵਲਕਾਰ ਹੈ। ਭਾਰਤੀ ਸਾਹਿਤ ਅਕਾਦਮੀ ਤੇ ਢਾਹਾਂ ਅਵਾਰਡ ਦਾ ਜੇਤੂ। ਉਸ ਨੇ ਕਾਫੀ ਸਾਰਾ ਬਾਲ ਸਾਹਿਤ ਰਚਿਆ ਹੈ। ਨਾਟਕ ਵੀ ਲਿਖੇ ਹਨ ਤੇ ਸਫ਼ਰਨਾਮੇ ਵੀ। ਸੰਪਾਦਨਾ ਵੀ ਕੀਤੀ ਹੈ ਤੇ ਰੀਵਿਊਕਾਰੀ ਵੀ। ਡਰਾਈਵਰਾਂ ਬਾਰੇ ਲਿਖੇ ਰੌਚਕ ਕਾਲਮ 'ਸੜਕਨਾਮਾ' ਨੇ ਤਾਂ ਉਹਦਾ ਨਾਂ ਹੀ ਸੜਕਨਾਮਾ ਪਕਾ ਦਿੱਤਾ ਸੀ। ਬਲਦੇਵ ਸਿੰਘ ਸੜਕਨਾਮਾ। ਉਂਜ ਉਸ ਦੀ ਪਹਿਲੀ ਕਹਾਣੀ ਬਲਦੇਵ ਸਿੰਘ 'ਪ੍ਰੇਮੀ' ਦੇ ਨਾਂ ਹੇਠ ਛਪੀ ਸੀ। ਪ੍ਰੇਮੀ ਤਖ਼ੱਲਸ ਉਸ ਨੇ ਕੰਵਲ, ਮਾਹਿਰ, ਦੀਵਾਨਾ, ਬਾਗੀ, ਉਪਾਸ਼ਕ ਤੇ ਪੰਛੀ ਹੋਰਾਂ ਦੀ ਰੀਸ ਕਰਦਿਆਂ ਆਪਣੇ ਨਾਂ ਨਾਲ ਲਾਇਆ ਸੀ ਬਈ ਮੈਂ ਵੀ ਉਨ੍ਹਾਂ ਵਾਂਗ ਲੇਖਕ ਲੱਗਾਂ।

ਬਾਅਦ ਵਿਚ ਜਿਵੇਂ ਅਜੀਤ ਸਿੰਘ ਢੁੱਡੀਕੇ ਨੇ ਪੰਛੀ ਉਡਾ ਕੇ ਡਾ. ਜੋੜ ਲਿਆ ਉਵੇਂ ਬਲਦੇਵ ਸਿੰਘ ਨੇ ਪ੍ਰੇਮੀ ਦਾ ਅਰਥ 'ਲਵਰ' ਹੋਣ ਦੇ ਡਰੋਂ ਆਪਣੇ ਨਾਂ ਨਾਲੋਂ ਪ੍ਰੇਮੀ ਲਾਹ ਕੇ 'ਚੰਦ ਨਵਾਂ' ਲਾ ਲਿਆ। ਚੰਦ ਨਵਾਂ ਉਹਦੇ ਪਿੰਡ ਦਾ ਨਾਂ ਸੀ। ਉਹ ਦਰਸ਼ਨ ਗਿੱਲ ਨੇ ਲੁਹਾ ਦਿੱਤਾ ਅਖੇ ਤੂੰ ਕਿੱਥੋਂ ਦਾ ਨਵਾਂ ਚੰਦ ਐਂ? ਉਸ ਪਿੱਛੋਂ ਉਹ ਬਿਨਾਂ ਕਿਸੇ ਤਖ਼ੱਲਸ ਦੇ ਹੀ ਆਪਣਾ ਨਾਂ ਲਿਖਦਾ ਆ ਰਿਹੈ। ਫੇਰ ਵੀ ਪਾਠਕਾਂ ਨੇ ਉਹਦੇ ਨਾਂ ਨਾਲ ਕਦੇ 'ਸੜਕਨਾਮਾ' ਜੋੜਿਆ, ਕਦੇ 'ਲਾਲ ਬੱਤੀ', ਕਦੇ 'ਮੋਗੇ ਵਾਲਾ'।

1977 ਵਿਚ ਛਪੀ 'ਗਿੱਲੀਆਂ ਛਿੱਟੀਆਂ ਦੀ ਅੱਗ' ਤੋਂ ਲੈ ਕੇ 2022 ਵਿਚ ਛਪੇ ਨਾਵਲੈੱਟ 'ਰੁਸਤਮੇ ਹਿੰਦ ਦਾਰਾ ਸਿੰਘ' ਤਕ ਉਸ ਦੀਆਂ ਕਿਤਾਬਾਂ ਦੀ ਗਿਣਤੀ ਸੱਤਰ ਤੋਂ ਟੱਪ ਚੁੱਕੀ ਹੈ। ਚਾਂਦੀ ਦੇ ਇਕ ਰੁਪਈਏ ਤੋਂ 25 ਹਜ਼ਾਰ ਡਾਲਰ ਤਕ ਦੇ ਇਨਾਮ ਮਿਲ ਚੁੱਕੇ ਹਨ। ਸਾਡੇ ਪਿੰਡ ਨੇੜੇ ਨੇੜੇ ਹੋਣ ਕਰਕੇ ਸਾਡੀ ਬੋਲ ਚਾਲ ਇਕੋ ਜਿਹੀ ਹੈ। ਮਾੜੀ ਮੋਟੀ ਹਾਸੇ ਠੱਠੇ ਵਾਲੀ। ਮੈਂ ਉਹਦੀ ਸਵੈ-ਜੀਵਨੀ ਪੜ੍ਹੀ ਤਾਂ ਸਾਡਾ ਜਨਮ ਦਿਨ ਵੀ ਇਕੋ ਨਿਕਲਿਆ। ਮੇਰਾ 8 ਜੁਲਾਈ 1940, ਉਹਦਾ 8 ਜੁਲਾਈ 1943। ਹੈਗਾ ਉਹ ਤਿੰਨ ਸਾਲ ਛੋਟਾ ਪਰ ਵਿਆਹ ਮੈਥੋਂ ਪੰਜ ਸਾਲ ਪਹਿਲਾਂ ਕਰਾ ਗਿਆ। ਨਿਆਣੇ ਤੇ ਪਾਠਕ ਤਾਂ ਫਿਰ ਵੱਧ ਹੋਣੇ ਹੀ ਹੋਏ!

ਇਕ ਦਿਨ ਗੂਗਲ ਤੋਂ ਪਤਾ ਲੱਗਾ ਕਿ ਵਾਸਕੋ ਦਾ ਗਾਮਾ 1469 'ਚ ਜੰਮਿਆ ਅਤੇ 8 ਜੁਲਾਈ 1497 ਨੂੰ ਇੰਡੀਆ ਲੱਭਣ ਨਿਕਲਿਆ ਸੀ। ਪੁਰਤਗਾਲੀਆਂ ਨੂੰ ਗਰਮ ਮਸਾਲੇ ਮਿਲਣ ਵਾਂਗ ਮੈਨੂੰ ਲਿਖਣ ਦਾ ਮਸਾਲਾ ਮਿਲ ਗਿਆ: ਵਾਸਕੋ ਦਾ ਗਾਮਾ ਤਾਂ ਫੇਰ ਗੁਰੂ ਨਾਨਕ ਦਾ ਹਾਣੀ ਹੋਇਆ! ਦੋਹਾਂ ਦਾ ਜਨਮ 1469 ਦਾ ਨਿਕਲਿਆ। ਦੋਹਾਂ ਦੀਆਂ ਪੰਜਵੀਆਂ ਜਨਮ ਸ਼ਤਾਬਦੀਆਂ 1969 'ਚ ਮਨਾਈਆਂ ਗਈਆਂ। ਵਾਸਕੋ ਦਾ ਗਾਮਾ ਦੀ ਯਾਦ ਵਿਚ ਪੁਰਤਗਾਲ ਸਰਕਾਰ ਨੇ ਯਾਦਗਾਰੀ ਸਿੱਕੇ ਕੱਢੇ, ਪੰਜਾਬ ਸਰਕਾਰ ਨੇ ਗੁਰੂ ਨਾਨਕ ਦੇ ਨਾਂ ਉਤੇ ਅੰਮ੍ਰਿਤਸਰ ਵਿਚ ਯੂਨੀਵਰਸਿਟੀ ਸਥਾਪਿਤ ਕੀਤੀ। ਜਦੋਂ ਪੂਰਬ ਵੱਲੋਂ ਗੁਰੂ ਨਾਨਕ ਉਦਾਸੀਆਂ 'ਤੇ ਚੱਲੇ ਉਦੋਂ ਪੱਛਮ ਵੱਲੋਂ ਵਾਸਕੋ ਦਾ ਗਾਮਾ ਸਮੁੰਦਰ 'ਚ ਠਿੱਲ੍ਹਿਆ।

ਗੁਰੂ ਨਾਨਕ ਰਾਇ ਭੋਇੰ ਦੀ ਤਲਵੰਡੀ ਜਨਮੇ ਸਨ, ਵਾਸਕੋ ਦਾ ਗਾਮਾ ਪੁਰਤਗਾਲ ਦੇ ਸ਼ਹਿਰ ਸਾਈਨਜ਼ ਵਿਚ ਜੰਮਿਆ। ਹਜ਼ਾਰਾਂ ਮੀਲ ਦੂਰ ਜੰਮਿਆਂ ਨੇ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕੀਤਾ। ਇਕ ਨੇ ਪੈਦਲ, ਦੂਜੇ ਨੇ ਸਮੁੰਦਰੀ ਬੇੜੇ ਉਤੇ। ਉਨ੍ਹਾਂ ਦੇ ਔਝੜ ਪੈਂਡਿਆਂ ਦਾ ਉਦੇਸ਼ ਕੀ ਸੀ? ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਸੀ, ਪਰਾਇਆ ਹੱਕ ਨਾ ਮਾਰੋ, ਮਾਇਆ ਦੀ ਲੁੱਟ-ਖਸੁੱਟ ਨਾ ਕਰੋ ਤੇ ਸਾਰੀ ਉਮਰ ਮਾਇਆ ਦੀ ਖ਼ਾਤਰ ਹੀ ਪਾਪੜ ਨਾ ਵੇਲੀ ਜਾਓ। ਮਾਇਆ ਦੀ ਮਾਰ-ਧਾੜ ਬਾਰੇ ਗੁਰੂ ਨਾਨਕ ਦੇਵ ਜੀ ਨੇ ਬਾਣੀ ਉਚਾਰੀ, ਪਾਪਾ ਵਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ। ਭਾਵ ਪਾਪ ਕਰੇ ਬਿਨਾਂ ਮਾਇਆ 'ਕੱਠੀ ਨਹੀਂ ਹੁੰਦੀ ਤੇ ਮਰਨ ਪਿੱਛੋਂ ਨਾਲ ਵੀ ਨਹੀਂ ਜਾਂਦੀ। ਬੰਦਾ ਕਿਰਤ ਕਰੇ, ਵੰਡ ਛਕੇ ਤੇ ਨਾਮ ਜਪੇ। ਇਹ ਉਦੇਸ਼ ਲੈ ਕੇ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ, ਬਾਣੀ ਉਚਾਰੀ ਜੋ ਮਰਦਾਨੇ ਨੇ ਰਬਾਬ ਨਾਲ ਗਾਈ। ਸਿੱਧਾਂ ਜੋਗੀਆਂ ਨਾਲ ਗੋਸ਼ਟਾਂ ਕੀਤੀਆਂ ਤੇ ਪਾਖੰਡ ਛੱਡਣ ਲਈ ਕਿਹਾ।



ਲੇਖਕ ਬਲਦੇਵ ਸਿੰਘ

ਵਾਸਕੋ ਦਾ ਗਾਮਾ ਜਾਂਬਾਜ਼ ਮਲਾਹ ਸੀ। ਪੁਰਤਗਾਲ ਦੇ ਰਾਜੇ ਨੇ ਉਸ ਨੂੰ ਸਮੁੰਦਰੀ ਬੇੜੇ ਨਾਲ ਇੰਡੀਆ ਭੇਜਿਆ। ਉਸ ਦਾ ਉਦੇਸ਼ ਸੀ, ਨਵਾਂ ਮੁਲਕ ਲੱਭਣਾ ਤੇ ਵਣਜ ਵਪਾਰ ਦੇ ਨਾਂ 'ਤੇ ਮਾਇਆ 'ਕੱਠੀ ਕਰਨੀ। ਇਹ ਉਦੇਸ਼ ਗੁਰੂ ਨਾਨਕ ਦੇਵ ਜੀ ਦੇ ਸੱਚੇ ਸੌਦੇ ਤੋਂ ਉਲਟ ਸੀ। ਗੁਰੂ ਨਾਨਕ 1496 ਵਿਚ ਉਦਾਸੀ ਦੇ ਪੰਧ ਪਏ ਤੇ ਵਾਸਕੋ ਦਾ ਗਾਮਾ 8 ਜੁਲਾਈ 1497 ਨੂੰ ਸਮੁੰਦਰ 'ਚ ਠਿੱਲ੍ਹਿਆ। ਉਹ 20 ਮਈ 1498 ਨੂੰ ਕਾਲੀਕਟ ਪੁੱਜਾ। ਗੁਰੂ ਨਾਨਕ ਵਾਂਗ ਨਾ ਕਿਸੇ ਨਾਲ ਗੋਸ਼ਟ ਕੀਤੀ, ਨਾ ਜੀਵਨ ਉਦੇਸ਼ ਦੱਸਿਆ, ਨਾ ਮੁਕਤੀ ਦਾ ਰਾਹ। ਉਹ ਇੰਡੀਆ ਪਹੁੰਚਿਆ ਤੇ ਮਸਾਲਿਆਂ ਦਾ ਬੇੜਾ ਭਰ ਕੇ ਯੂਰਪ 'ਚ ਮਹਿੰਗੇ ਭਾਅ ਵੇਚਣ ਲੈ ਗਿਆ। ਗੁਰੂ ਨਾਨਕ ਦਾ ਮਿਸ਼ਨ ਮਾਇਆ ਤੋਂ ਮੁਕਤ ਜੀਵਨ ਜਿਊਣਾ ਸੀ ਜਦਕਿ ਵਾਸਕੋ ਦਾ ਗਾਮਾ ਨੂੰ ਭੇਜਣ ਵਾਲੇ ਰਾਜੇ ਦਾ ਮੰਤਵ ਮਾਇਆ 'ਕੱਠੀ ਕਰਨਾ ਸੀ।

ਵਾਸਕੋ ਦੇ ਬੇੜੇ ਨੇ ਇੰਡੀਆ ਦੇ ਚਾਰ ਗੇੜੇ ਲਾਏ। ਚੌਥਾ ਗੇੜਾ ਲਾਉਂਦਿਆਂ 24 ਦਸੰਬਰ 1524 ਨੂੰ ਉਹ ਇੰਡੀਆ ਦੇ ਸ਼ਹਿਰ ਕੋਚੀ ਵਿਚ ਚਲਾਣਾ ਕਰ ਗਿਆ। ਪਹਿਲਾਂ ਉਹਦੀ ਦੇਹ ਕੋਚੀ ਵਿਚ ਦਫ਼ਨ ਕੀਤੀ ਫਿਰ ਪੁਰਤਗਾਲ ਲਿਜਾ ਕੇ ਦਫਨਾਈ ਗਈ। ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ। ਫਿਰ ਰਾਵੀ ਕੰਢੇ ਕਰਤਾਰਪੁਰ ਨਗਰ ਵਸਾਇਆ। ਖ਼ੁਦ ਖੇਤੀਬਾੜੀ ਕੀਤੀ, ਲੰਗਰ ਲਾਏ ਤੇ 1539 ਵਿਚ ਸ੍ਰੀ ਕਰਤਾਰਪੁਰ ਸਾਹਿਬ ਹੀ ਜੋਤੀ ਜੋਤ ਸਮਾਏ।

ਸਮੇਂ ਦਾ ਗੇੜ ਵੇਖੋ। ਵਾਸਕੋ ਦਾ ਗਾਮਾ ਨੂੰ ਬਿਖੜੇ ਪੈਂਡਿਆਂ 'ਤੇ ਪਾਉਣ ਵਾਲੇ ਮਾਇਆਧਾਰੀ ਮੁਨਾਫ਼ੇਖੋਰ ਮਲਟੀਨੈਸ਼ਨਲ ਕੰਪਨੀਆਂ ਬਣਾ ਕੇ ਕੁਲ ਦੁਨੀਆ ਦੀ ਦੌਲਤ ਲੁੱਟ ਰਹੇ ਤੇ ਮਾਇਆ 'ਕੱਠੀ ਕਰਨ ਡਹੇ ਨੇ। ਹੋਰ ਮਾਇਆ 'ਕੱਠੀ ਕਰਨ ਲਈ ਉਹ ਜੰਗੀ ਹਥਿਆਰ ਬਣਾ ਰਹੇ, ਮੁਲਕਾਂ ਨੂੰ ਪਾੜ ਰਹੇ, ਆਪਸ ਵਿਚ ਲੜਾ ਰਹੇ, ਨਸ਼ੇ ਵਰਤਾਅ ਰਹੇ, ਦਹਿਸ਼ਤ ਫੈਲਾਅ ਰਹੇ, ਵੱਡੇ ਵੱਡੇ ਮਾਲਜ਼ ਬਣਾ ਰਹੇ, ਵਣਜ ਵਪਾਰ ਹਥਿਆ ਰਹੇ, ਕਰੰਸੀ ਦੀ ਖੇਡ ਖੇਡ ਰਹੇ ਅਤੇ ਲੋਕਰਾਜਾਂ ਦੀ ਪੱਟੀ ਮੇਸ ਕਰਨ ਲਈ ਵੋਟਾਂ ਵੇਚ ਵੱਟ ਰਹੇ ਨੇ! ਮਾਇਆ ਦਾ ਖਿਲਾਰਾ, ਮਾੜਾ ਪਸਾਰਾ, ਹੁਣ ਸਭ ਦੇ ਸਾਹਮਣੇ ਹੈ।

## ਨਾਵਲੈੱਟ ਉੱਡਣਾ ਸਿੱਖ ਮਿਲਖਾ ਸਿੰਘ 'ਚੋਂ

ਰੋਮ ਵਿਚ ਪੂਰਾ ਜਸ਼ਨ ਦਾ ਮਾਹੌਲ ਸੀ। ਕੁੱਝ ਦੇਰ ਪਹਿਲਾਂ ਹੀ ਭਾਰਤੀ ਦਸਤਾ ਅਸ਼ਵਨੀ ਕੁਮਾਰ ਦੀ ਅਗਵਾਈ ਵਿਚ ਹਵਾਈ ਅੱਡੇ ਉੱਪਰ ਉੱਤਰਿਆ ਸੀ। ਰੋਮ ਸ਼ਹਿਰ ਝੰਡਿਆਂ ਅਤੇ ਬੈਨਰਾਂ ਨਾਲ ਚਮਕਾਇਆ ਹੋਇਆ ਸੀ। ਉਦਘਾਟਨੀ ਸਮਾਰੋਹ ਬੜਾ ਵਿਲੱਖਣ ਅਤੇ ਸ਼ਾਨਦਾਰ ਸੀ। ਸਾਰੀ ਦੁਨੀਆ ਤੋਂ ਸਜੇ-ਫਬੇ ਖਿਡਾਰੀਆਂ ਦੇ ਦਸਤੇ ਇਟਲੀ ਦੇ ਰਾਸ਼ਟਰਪਤੀ ਜਿਓਵਾਨੀ ਗ੍ਰੋਂਚੀ ਦੇ ਕੈਬਿਨ ਅੱਗਿਓਂ ਦੀ ਚੁਸਤੀ ਨਾਲ ਮਾਰਚ-ਪਾਸਟ ਕਰਦੇ ਲੰਘੇ।

400 ਮੀਟਰ ਦੌੜ ਵਿਚ ਲਗਭਗ 150 ਦੇਸ਼ਾਂ ਦੇ ਦੌੜਾਕ ਹਿੱਸਾ ਲੈ ਰਹੇ ਸਨ। ਮਿਲਖਾ ਸਿੰਘ ਸੈਮੀਫ਼ਾਈਨਲ ਤਕ ਹਰ ਇੱਕ ਹੀਟ ਵਿਚ ਜੇਤੂ ਰਿਹਾ। ਫਿਰ ਸੈਮੀਫ਼ਾਈਨਲ ਹੋਏ ਤੇ ਮਿਲਖਾ ਸਿੰਘ ਫ਼ਾਈਨਲ ਵਿਚ ਪਹੁੰਚ ਗਿਆ ਪਰ ਇੱਥੇ ਮਿਲਖਾ ਸਿੰਘ ਸ਼ਾਇਦ ਮਾਨਸਿਕ ਤਣਾਅ ਵਿਚ ਸੀ। ਫ਼ਾਈਨਲ ਤੋਂ ਪਹਿਲਾਂ ਦੋ ਰਾਤਾਂ ਉਸਨੂੰ ਨੀਂਦ ਨਾ ਆਈ। ਉਹ ਹਰ ਸਮੇਂ ਦੌੜ ਬਾਰੇ ਹੀ ਸੋਚਦਾ ਰਿਹਾ। ਇਸ ਨਾਲ ਉਸ ਉੱਪਰ ਦਬਾਅ ਬਣ ਗਿਆ। ਉਂਜ ਵੀ ਸੈਮੀਫ਼ਾਈਨਲ ਤੋਂ ਫ਼ਾਈਨਲਜ਼ ਵਿਚ ਸਿਰਫ਼ ਦੋ ਰਾਤਾਂ ਦਾ ਫ਼ਰਕ ਸੀ।

ਕੋਚ ਅਤੇ ਮੈਨੇਜਰ ਉਮਾਰਓ ਸਿੰਘ ਨੇ ਮਿਲਖਾ ਸਿੰਘ ਨੂੰ ਇੱਕ ਸ਼ਾਮ ਪਹਿਲਾਂ ਗੁਰੂਆਂ ਅਤੇ ਦਲੇਰ ਨਾਇਕਾਂ ਦੇ ਕਿੱਸੇ ਸੁਣਾ ਕੇ ਉਸਦਾ ਮਨੋਬਲ ਵਧਾਉਣ ਵਿਚ ਕਾਫ਼ੀ ਯੋਗਦਾਨ ਪਾਇਆ। ਅਗਲੀ ਸਵੇਰ ਫ਼ਾਈਨਲ ਦੌੜ ਸੀ। ਮਿਲਖਾ ਸਿੰਘ ਵੀ ਦੂਜੇ ਦੌੜਨ ਵਾਲਿਆਂ ਦੇ ਨਾਲ ਸਟਾਰਟਿੰਗ ਲਾਈਨ 'ਤੇ ਆ ਖੜ੍ਹਾ। ਕਾਰਲ ਕਾਫਮੈਨ ਪਹਿਲੀ ਲੇਨ ਵਿਚ ਸੀ, ਦੂਜੀ ਵਿਚ ਅਮਰੀਕੀ ਓ. ਡੇਵਿਸ ਸੀ। ਤੀਜੀ ਲੇਨ ਵਿਚ ਪੋਲੈਂਡ ਦਾ ਦੌੜਾਕ, ਚੌਥੀ ਵਿਚ ਸਾਊਥ ਅਫਰੀਕਾ ਦਾ ਸਪੈਂਸ, ਪੰਜਵੀਂ ਵਿਚ ਮਿਲਖਾ ਸਿੰਘ ਤੇ ਛੇਵੀਂ ਲੇਨ ਵਿਚ ਜਰਮਨ ਦੌੜਾਕ ਸੀ। ਜਦੋਂ 'ਆਨ ਯੂਅਰ ਮਾਰਕਸ' ਕਿਹਾ ਤਾਂ ਗੋਡਿਆਂ ਭਾਰ ਹੋ ਕੇ ਮਿਲਖਾ ਸਿੰਘ ਨੇ ਅਰਦਾਸ ਕੀਤੀ, "ਐ ਧਰਤੀ ਮਾਤਾ, ਤੂੰ ਮੇਰੇ ਉੱਤੇ ਬੜੀ ਮਿਹਰ ਕੀਤੀ ਹੈ। ਮੈਂ ਦੁਆ ਕਰਦਾ ਹਾਂ, ਅੱਜ ਵੀ ਮੇਰੇ 'ਤੇ ਮਿਹਰ ਕਰੀਂ"।

ਤੇ ਜਦੋਂ ਪਿਸਤੌਲ ਚੱਲੀ ਤਾਂ ਸਾਰੇ ਬਿਜਲੀ ਦੀ ਰਫ਼ਤਾਰ ਨਾਲ ਉੱਡ ਪਏ।

ਮਿਲਖਾ ਸਿੰਘ 250 ਮੀਟਰ ਖ਼ਤਰਨਾਕ ਤੇਜ਼ੀ ਨਾਲ ਦੌੜਿਆ। ਉਹ ਡਰ ਗਿਆ ਕਿਤੇ ਡਿੱਗ ਹੀ ਨਾ ਪਵਾਂ, ਹੌਲੀ ਹੋ ਜਾਵਾਂ। ਬੱਸ ਇੱਥੇ ਹੀ ਗ਼ਲਤੀ ਹੋ ਗਈ। ਮਿਲਖਾ ਸਿੰਘ ਲਿਖਦਾ ਹੈ:

"ਇਹ ਅਜਿਹਾ ਮਾਰੂ ਫ਼ੈਸਲਾ ਸੀ। ਜਿਸ 'ਤੇ ਮੈਨੂੰ ਅੱਜ ਵੀ ਪਛਤਾਵਾ ਹੈ।"

ਬੱਸ ਉਸ ਉਕਾਈ ਨੇ ਮਿਲਖਾ ਸਿੰਘ ਨੂੰ ਪਿੱਛੇ ਧੱਕ ਕੇ ਚੌਥੀ ਥਾਂ 'ਤੇ ਕਰ ਦਿੱਤਾ। ਉਸਨੇ ਇਹ ਦੌੜ 45.6 ਸਕਿੰਟ ਵਿਚ ਦੌੜੀ ਸੀ ਤੇ ਇਹ ਇੱਕ ਨਵਾਂ ਓਲੰਪਿਕ ਰਿਕਾਰਡ ਸੀ। ਪਹਿਲੀਆਂ ਤਿੰਨ ਪੁਜ਼ੀਸ਼ਨਾਂ ਵਾਲਿਆਂ ਨੇ ਵੀ ਨਵੇਂ ਓਲੰਪਿਕ ਰੀਕਾਰਡ ਸਥਾਪਿਤ ਕੀਤੇ ਸਨ। ਪਹਿਲੀ ਪੁਜ਼ੀਸ਼ਨ ਵਾਲੇ ਡੇਵਿਸ ਤੇ ਦੂਜੀ ਪੁਜ਼ੀਸ਼ਨ ਵਾਲੇ ਕਾਫਮੈਨ ਦਾ ਸਮਾਂ 44.9 ਸਕਿੰਟ ਸੀ।

ਅਗਲੇ ਦਿਨ ਮਿਲਖਾ ਸਿੰਘ ਨੇ ਆਪਣੇ ਖੇਡ ਜੀਵਨ ਤੋਂ ਰਿਟਾਇਰ ਹੋਣ ਦਾ ਐਲਾਨ ਕਰ ਦਿੱਤਾ। ਪਰ ਹਰ ਕੋਈ ਚਾਹੁੰਦਾ ਸੀ, 'ਦੇਸ਼ ਨੂੰ ਮਿਲਖਾ ਸਿੰਘ ਦੀ ਲੋੜ ਹੈ। ਦੇਸ਼ ਦੀ ਸ਼ਾਨ ਲਈ ਉਸਨੂੰ ਦੌੜਦੇ ਰਹਿਣਾ ਚਾਹੀਦਾ ਹੈ। ਇਸ ਵਾਰ ਭਾਵੇਂ ਉਹ ਜਿੱਤ ਨਹੀਂ ਸਕਿਆ। ਹਾਰ-ਜਿੱਤ ਖੇਡਾਂ ਦਾ ਹਿੱਸਾ ਹਨ। ਮਿਲਖਾ ਸਿੰਘ ਅਜੇ ਵੀ ਭਾਰਤੀ ਐਥਲੀਟਾਂ ਦੀ ਉਮੀਦ ਬਣਿਆ ਹੋਇਆ ਹੈ।'

ਪ੍ਰੈੱਸ, ਖੇਡ ਅਧਿਕਾਰੀਆਂ ਅਤੇ ਦੋਸਤਾਂ ਦੇ ਜ਼ੋਰ ਦੇਣ 'ਤੇ ਮਿਲਖਾ ਸਿੰਘ ਨੇ ਸੰਨਿਆਸ ਲੈਣ ਦਾ ਫ਼ੈਸਲਾ ਰੱਦ ਕਰ ਦਿੱਤਾ ਤੇ ਫਿਰ ਆਪਣਾ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ।

ਮਿਲਖਾ ਸਿੰਘ ਨੇ ਲਿਖਿਆ: 'ਅੱਜ ਵੀ ਜਦੋਂ ਮੈਂ ਆਪਣੇ ਪਿਛਲੇ ਜੀਵਨ 'ਤੇ ਝਾਤ ਮਾਰਦਾ ਹਾਂ ਤਾਂ ਦੋ ਘਟਨਾਵਾਂ ਹਨ ਜੋ ਅਜੇ ਵੀ ਮੇਰਾ ਪਿੱਛਾ ਨਹੀਂ ਛੱਡਦੀਆਂ। ਬਟਵਾਰੇ ਦੌਰਾਨ ਮੇਰੇ ਪਰਿਵਾਰ ਦਾ ਕਤਲਾਮ ਅਤੇ ਰੋਮ ਵਿਚ ਮੇਰੀ ਹਾਰ।'

***

ਉਸ ਵੇਲੇ ਦੇ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਨੇ ਮਿਲਖਾ ਸਿੰਘ ਨੂੰ ਸੁਝਾਅ ਦਿੱਤਾ ਕਿ ਉਹ ਫ਼ੌਜ ਦੀ ਨੌਕਰੀ ਛੱਡ ਕੇ ਪੰਜਾਬ ਦੇ ਸਰਕਾਰੀ ਅਹੁਦੇ 'ਤੇ ਆ ਜਾਵੇ। ਤਨਖ਼ਾਹ ਵੀ ਫ਼ੌਜ ਨਾਲੋਂ ਵੱਧ ਦੇਣ ਦਾ ਵਾਅਦਾ ਕੀਤਾ। ਉਧਰ ਮਿਲਖਾ ਸਿੰਘ ਨੂੰ ਲੈਫਟੀਨੈਂਟ ਦੇ ਅਹੁਦੇ ਦੀ ਤਰੱਕੀ ਦੇਣ ਲਈ ਰੱਖਿਆ ਮੰਤਰੀ ਨੂੰ ਸਿਫ਼ਾਰਸ਼ ਭੇਜੀ ਹੋਈ ਸੀ। ਮਿਲਖਾ ਸਿੰਘ ਦੁਚਿੱਤੀ ਵਿਚ ਪਿਆ ਹੋਇਆ ਸੀ। ਕੈਰੋਂ ਸਾਹਬ ਨੇ ਉਸਨੂੰ ਮਨਾਉਣਾ ਜਾਰੀ ਰੱਖਿਆ। ਉਸਨੇ ਪੰਜਾਬ ਵਿਚ ਖੇਡ ਮਹਿਕਮਾ ਸਥਾਪਤ ਕਰਨ ਦੀ ਯੋਜਨਾ ਬਣਾਈ ਹੋਈ ਸੀ। ਉਸਦੀ ਇੱਛਾ ਸੀ ਕਿ ਮਿਲਖਾ ਸਿੰਘ ਦੀ ਨਿਗਰਾਨੀ ਵਿਚ ਨੌਜਵਾਨ ਮੁੰਡੇ ਕੁੜੀਆਂ ਨੂੰ ਖੇਡਾਂ ਦੀ ਸਿਖਲਾਈ ਮਿਲੇ।

ਇੱਕ ਵਾਰ ਕੈਰੋਂ, ਮਿਲਖਾ ਸਿੰਘ ਨੂੰ ਆਪਣੇ ਨਾਲ ਦਿੱਲੀ ਲੈ ਗਿਆ ਤੇ ਉੱਥੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਕਿਹਾ, 'ਮਿਲਖਾ ਸਿੰਘ ਨੂੰ ਫ਼ੌਜ ਵਿਚੋਂ ਡਿਸਚਾਰਜ ਕਰਨ ਦੀ ਆਗਿਆ ਦਿਓ ਤਾਂ ਕਿ ਮੈਂ ਇਸ ਨੂੰ ਪੰਜਾਬ ਸਰਕਾਰ ਦੇ ਖੇਡ ਅਹੁਦੇ 'ਤੇ ਤੈਨਾਤ ਕਰ ਸਕਾਂ...।'


ਫੌਜ ਤੋਂ ਮਿਲਖਾ ਸਿੰਘ ਦੀ ਵਿਦਾਇਗੀ ਬੜੀ ਉਦਾਸ ਅਤੇ ਵਿਲੱਖਣ ਸੀ। ਮਿਲਖਾ ਸਿੰਘ ਨੂੰ ਯੂਨਿਟ ਵੱਲੋਂ ਤੋਹਫ਼ੇ ਭੇਟ ਕੀਤੇ ਗਏ ਜੋ ਯਾਦਗਾਰੀ ਨਿਸ਼ਾਨੀਆਂ ਵਾਂਗ ਸੰਭਾਲੇ ਗਏ।

1961 ਦੇ ਨਵੰਬਰ ਮਹੀਨੇ ਮਿਲਖਾ ਸਿੰਘ ਨੇ ਪੰਜਾਬ ਸਰਕਾਰ ਦਾ ਖੇਡ ਮਹਿਕਮਾ ਜੁਆਇਨ ਕਰ ਲਿਆ। ਉਸ ਲਈ ਡਿਪਟੀ ਡਾਇਰੈਕਟਰ ਸਪੋਰਟਸ ਦੀ ਅਸਾਮੀ ਬਣਾਈ ਗਈ। ਮਿਲਖਾ ਸਿੰਘ ਕੋਲ 1958 ਵਿਚ ਖ਼ਰੀਦੀ ਫ਼ੀਅਟ ਕਾਰ ਸੀ ਤੇ ਉਹ ਦਿੱਲੀ ਤੋਂ ਚੰਡੀਗੜ੍ਹ ਰੋਜ਼ ਸਫ਼ਰ ਕਰਨ ਲੱਗਾ। ਬਾਅਦ ਵਿਚ ਮੁੱਖ ਮੰਤਰੀ ਕੈਰੋਂ ਦੇ ਦਖ਼ਲ ਨਾਲ ਚੰਡੀਗੜ੍ਹ 'ਚ ਉਸਨੂੰ ਰਿਹਾਇਸ਼ ਮਿਲ ਗਈ ਤੇ ਉਹ 1962 ਵਿਚ ਜਕਾਰਤਾ ਵਿਖੇ ਹੋਣ ਵਾਲੀਆਂ ਏਸ਼ਿਆਈ ਖੇਡਾਂ ਲਈ ਅਭਿਆਸ ਕਰਨ ਲੱਗਾ। ਜਕਾਰਤਾ ਦੀਆਂ ਖੇਡਾਂ ਵਿਚੋਂ ਮਿਲਖਾ ਸਿੰਘ ਨੇ 400 ਮੀਟਰ ਅਤੇ 4+400 ਮੀਟਰ ਰਿਲੇਅ ਦੌੜ ਵਿਚੋਂ ਦੋ ਗੋਲਡ ਮੈਡਲ ਜਿੱਤੇ। 1964 ਵਿਚ ਟੋਕੀਓ ਓਲੰਪਿਕਸ ਹੋਣੀਆਂ ਸਨ ਜਿਥੇ ਉਸ ਨੇ ਭਾਗ ਲਿਆ ਪਰ ਕੋਈ ਮੈਡਲ ਨਾ ਜਿੱਤ ਸਕਿਆ। ਇਸ ਦੌਰਾਨ ਮਿਲਖਾ ਸਿੰਘ ਅਤੇ ਨਿੰਮੀ ਬਾਰੇ ਅਫ਼ਵਾਹਾਂ ਦਾ ਧੂੰਆਂ ਉੱਠਣ ਲੱਗ ਪਿਆ। ਭਿਣਕ ਮੁੱਖ ਮੰਤਰੀ ਕੈਰੋਂ ਨੂੰ ਵੀ ਲੱਗ ਗਈ। ਇੱਕ ਦਿਨ ਉਸ ਨੇ ਕਿਹਾ, "ਤੇਰੀ ਨਿਰਮਲ ਨਿੰਮੀ ਨਾਲ ਨੇੜਤਾ ਇੱਕ ਪਬਲਿਕ ਸਕੈਂਡਲ ਬਣ ਸਕਦੀ ਹੈ। ਇਹ ਬੜੀ ਮਾੜੀ ਗੱਲ ਹੈ।"

ਮਿਲਖਾ ਸਿੰਘ ਨੇ ਸਫ਼ਾਈ ਦਿੰਦਿਆਂ ਸਾਰੀ ਗੱਲ ਦੱਸੀ ਤੇ ਕਿਹਾ, "ਸਰ, ਜੇ ਤੁਸੀਂ ਨਾਰਾਜ਼ ਹੋ ਤਾਂ ਮੈਂ ਅਸਤੀਫ਼ਾ ਦੇ ਕੇ ਚੰਡੀਗੜ੍ਹ ਛੱਡ ਜਾਵਾਂਗਾ। ਪਰ ਮੈਂ ਨਿੰਮੀ ਨੂੰ ਪਿਆਰ ਕਰਦਾ ਹਾਂ ਤੇ ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਹਾਂ।"

ਪਰਤਾਪ ਸਿੰਘ ਕੈਰੋਂ ਇਹ ਸੁਣ ਕੇ ਖ਼ੁਸ਼ ਹੋ ਗਏ ਤੇ ਕਿਹਾ, "ਜੇ ਤੂੰ ਨਿਰਮਲ ਨਾਲ ਵਿਆਹ ਕਰਨਾ ਚਾਹੁੰਦਾ ਹੈ ਤਾਂ ਹੁਣੇ ਕਰਵਾ ਲੈ, ਨਹੀਂ ਮਿਲਣਾ ਛੱਡ ਦੇ।" ਉਸ ਵੇਲੇ ਨਿੰਮੀ ਲੇਡੀ ਇਰਵਿਨ ਕਾਲਜ ਦਿੱਲੀ ਦੀ ਨੌਕਰੀ ਛੱਡ ਕੇ ਪੰਜਾਬ ਸਰਕਾਰ ਦੇ ਖੇਡ ਵਿਭਾਗ ਵਿਚ ਸਹਾਇਕ ਡਾਇਰੈਕਟਰ ਦੇ ਅਹੁਦੇ ਉੱਪਰ ਸੀ। ਇੱਥੇ ਹੀ ਮਿਲਖਾ ਸਿੰਘ ਡਿਪਟੀ ਡਾਇਰੈਕਟਰ ਸੀ। ਦੋਹਾਂ ਦਾ ਹਰ ਰੋਜ਼ ਮਿਲਣਾ ਤਾਂ ਸੁਭਾਵਕ ਸੀ।

ਨਿਰਮਲ ਦੇ ਮਾਤਾ-ਪਿਤਾ ਉਸਨੂੰ ਕੈਨੇਡਾ ਤੋਂ ਮੁੜੇ ਇੱਕ ਇੰਜਨੀਅਰ ਨਾਲ ਵਿਆਹੁਣਾ ਚਾਹੁੰਦੇ ਸਨ। ਪਰ ਕੈਰੋਂ ਸਾਹਬ ਦੇ ਪ੍ਰਭਾਵ ਨਾਲ ਸਭ ਅੜਚਣਾਂ ਦੂਰ ਹੋ ਗਈਆਂ ਤੇ ਦੋਵੇਂ ਵਿਆਹ ਦੇ ਬੰਧਨ ਵਿਚ ਬੱਝ ਗਏ। ਇਹ ਵਿਆਹ ਪੂਰੀ ਧੂਮਧਾਮ ਨਾਲ ਹੋਇਆ। ਮਿਲਖਾ ਸਿੰਘ ਨੇ ਲਿਖਿਆ, 'ਮੇਰੇ ਜੀਵਨ ਦੀ ਇਹ ਸਭ ਤੋਂ ਵਧੀਆ ਤੇ ਕੀਮਤੀ ਟਰਾਫ਼ੀ ਸੀ, ਜਿਹੜੀ ਪ੍ਰਮਾਤਮਾ ਨੇ ਮੈਨੂੰ ਬਖ਼ਸ਼ੀ।' 1964 ਵਿਚ ਉਨ੍ਹਾਂ ਦੇ ਘਰ ਬੇਟੀ ਨੇ ਜਨਮ ਲਿਆ। ਦੂਜੀ ਧੀ ਮੋਨਾ 1965 ਵਿਚ ਪੈਦਾ ਹੋਈ। 1967 ਵਿਚ ਤੀਸਰੀ ਧੀ ਸੋਨੀਆ ਨੇ ਜਨਮ ਲਿਆ ਤੇ 1970 ਵਿਚ ਦਸੰਬਰ ਮਹੀਨੇ ਬੇਟਾ ਚਿਰੰਜੀਵ ਮਿਲਖਾ ਸਿੰਘ ਪੈਦਾ ਹੋਇਆ। ਗ੍ਰਹਿਸਥੀ ਜੀਵਨ ਨੇ ਮਿਲਖਾ ਸਿੰਘ ਦੀਆਂ ਜ਼ਿੰਮੇਵਾਰੀਆਂ ਵੀ ਵਧਾ ਦਿੱਤੀਆਂ ਸਨ।




ਕਿਤਾਬ ਉੱਡਣਾ ਸਿੱਖ ਮਿਲਖਾ ਸਿੰਘ ਦਾ ਸਰਵਰਕ

## ਰੁਸਤਮੇ ਹਿੰਦ ਦਾਰਾ ਸਿੰਘ ਵਿਚੋਂ

1952 ਵਿਚ ਪਹਿਲਵਾਨ ਦਾਰਾ ਸਿੰਘ ਨੇ ਪਹਿਲੀ ਵਾਰ ਮਦਰਾਸ ਦੀ ਇੱਕ ਫ਼ਿਲਮ 'ਦੀ ਵਰਲਡ' ਵਿਚ ਫ਼ਿਲਮੀ ਕੁਸ਼ਤੀ ਲੜੀ ਸੀ। ਫਿਰ 1954 ਵਿਚ ਹਿੰਦੀ ਫ਼ਿਲਮਾਂ ਦੇ ਹਾਸਰਸ ਕਲਾਕਾਰ ਓਮ ਪਰਕਾਸ਼ ਨਾਲ ਕੁਸ਼ਤੀ ਲੜੀ। ਹੋਰ ਵੀ ਕੁੱਝ ਫ਼ਿਲਮਾਂ ਵਿਚ ਕੁਸ਼ਤੀਆਂ ਲੜੀਆਂ। ਕੁੱਝ ਫ਼ਿਲਮਾਂ ਵਿਚ ਸੰਵਾਦ ਵੀ ਬੋਲੇ। 1960 ਵਿਚ ਉਸਨੂੰ ਪੂਰਨ ਤੌਰ 'ਤੇ ਫਿਲਮ ਵਿਚ ਕੰਮ ਕਰਨ ਦਾ ਸੱਦਾ ਮਿਲਿਆ। ਫਿਰ ਦੇਵੀ ਸ਼ਰਮਾ ਨੇ ਇੱਕ ਫ਼ਿਲਮ ਬਣਾਈ 'ਕਿੰਗ ਕਾਂਗ'। ਇਹ ਫ਼ਿਲਮ ਪੂਰੀ ਸਫ਼ਲ ਰਹੀ। ਫ਼ਿਲਮਾਂ ਦੇ ਨਾਲ ਨਾਲ ਦਾਰਾ ਸਿੰਘ ਨੇ ਅਖਾੜੇ ਵਿਚ ਜ਼ੋਰ ਕਰਨਾ ਨਹੀਂ ਛੱਡਿਆ ਤੇ ਉਹ ਦੇਸ਼ ਅਤੇ ਵਿਦੇਸ਼ ਵਿਚ ਕੁਸ਼ਤੀਆਂ ਲੜਨ ਵੀ ਜਾਂਦਾ ਰਿਹਾ।

ਹੁਣ ਫ਼ਿਲਮੀ ਦੁਨੀਆ ਦੇ ਕੁੱਝ ਪ੍ਰੋਡਿਊਸਰ ਦਾਰਾ ਸਿੰਘ ਦੇ ਅੱਗੇ ਪਿੱਛੇ ਉਸ ਨੂੰ 'ਸਾਈਨ' ਕਰਨ ਲਈ ਘੁੰਮਣ ਲੱਗੇ। ਕੁਸ਼ਤੀ ਦੇ ਪ੍ਰਮੋਟਰਾਂ ਨੂੰ ਫਿਕਰ ਪੈ ਗਿਆ। ਸ਼ਾਇਦ ਫ਼ਿਲਮਾਂ ਦੇ ਚੱਕਰ ਵਿਚ ਦਾਰਾ ਸਿੰਘ ਕੁਸ਼ਤੀਆਂ ਲੜਨਾ ਹੀ ਛੱਡ ਦੇਵੇ। ਪਰ ਦਾਰਾ ਸਿੰਘ ਨੇ ਪੂਰੇ ਭਰੋਸੇ ਨਾਲ ਕਿਹਾ, "ਮੈਂ ਜਾਨਤਾ ਹੂੰ, ਫਿਲਮੋਂ ਮੇਂ ਕਾਮ ਕਰਨੇ ਕੇ ਲੀਏ ਮੈਂ ਕੁਸ਼ਤੀਆਂ ਨਹੀਂ ਛੋੜੂੰਗਾ।"

1962 ਵਿਚ ਦਾਰਾ ਸਿੰਘ ਦੇ ਘਰ ਲੜਕੀ ਨੇ ਜਨਮ ਲਿਆ। ਉਸਨੇ ਬੇਹੱਦ ਖ਼ੁਸ਼ੀ ਮਨਾਈ ਅਤੇ ਆਪਣੇ ਸਾਥੀ ਪਹਿਲਵਾਨਾਂ ਨੂੰ ਦਾਅਵਤ ਦਿੱਤੀ। ਇਸ ਦੌਰਾਨ ਦਾਰਾ ਸਿੰਘ ਨੇ ਰਾਜ ਕੁਮਾਰ ਕੋਹਲੀ ਦੀ ਫ਼ਿਲਮ, 'ਏਕ ਥਾ ਅਲੀ ਬਾਬਾ'

(ਬਾਕੀ ਅਗਲੇ ਸਫੇ 'ਤੇ)

# ਕਰਨਾਟਕਾ ਸਰਕਾਰ ਵਲੋਂ ਧਾਰਮਿਕ ਚਿੰਨ੍ਹਾਂ 'ਤੇ ਛੇੜੀ ਗਈ ਚਿੰਜੜੀ 'ਚ ਹਿਜਾਬ ਅਤੇ ਪਗੜੀ

ਕਰਨਾਟਕਾ ਦੀ ਭਾਜਪਾ ਸਰਕਾਰ ਨੇ 'ਹਿਜਾਬ' ਉਪਰ ਪਾਬੰਦੀ ਲਗਾ ਕੇ ਅਤੇ ਇਸ ਪ੍ਰਾਂਤ ਦੀ ਇਕ ਵਿਦਿਅਕ ਸੰਸਥਾ ਨੇ ਪਗੜੀ ਪਹਿਨਣ 'ਤੇ ਇਤਰਾਜ਼ ਜਤਾ ਕੇ ਚਿੰਜੜੀ ਛੇੜ ਲਈ ਹੈ। ਉਸ ਨੇ ਪਹਿਲਾਂ ਭੂੰਡਾਂ ਦੇ ਖੱਖਰ ਨਾਲ ਖੇਲਣ ਦੀ ਖੁਰਾਫਾਤੀ ਕੋਸ਼ਿਸ਼ ਕੀਤੀ, ਫਿਰ ਮਖੀਲ ਦਾ ਛੱਤਾ ਹੀ ਛੇੜ ਦਿਤਾ ਅਤੇ ਹੁਣ ਸ਼ੇਰ ਦੇ ਜਬਾੜੇ ਵਿਚ ਹੱਥ ਪਾਉਣ ਦੀ ਮੂਰਖਾਨਾ ਜੁਰਅਤ ਕੀਤੀ ਹੈ।

ਜਿਸ ਦਿਨ ਹਿਜਾਬ ਉਪਰ ਪਾਬੰਦੀ ਦੇ ਵਿਰੁੱਧ ਕਰਨਾਟਕ ਦੀ ਹਾਈ ਕੋਰਟ ਵਿਚ ਪਾਈ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਗਈ ਪਟੀਸ਼ਨ ਦੀ ਸੁਣਵਾਈ ਸਮੇਂ ਵਕੀਲ ਨੇ ਹਿਜਾਬ ਦੇ ਹੱਕ ਵਿਚ ਦਲੀਲ ਦਿੰਦਿਆਂ ਧਾਰਮਿਕ ਦ੍ਰਿਸ਼ਮਾਨ ਚਿੰਨ੍ਹਾਂ ਦੇ ਹਵਾਲੇ ਵਿਚ 'ਗਲੇ ਦੇ ਹਾਰ/ਮੰਗਲਸੂਤਰ, ਬਿੰਦੀ, ਪਗੜੀ, ਰੁਦਰਾਕਸ਼, ਚੂੜੀਆਂ, ਕਰਾਸ, ਤਿਲਕ, ਬੁਰਕਾ' ਆਦਿ ਸ਼ਾਮਲ ਕੀਤੇ ਸਨ, ਉਸ ਦਿਨ ਹੀ ਲੱਗਣ ਲੱਗ ਪਿਆ ਸੀ ਕਿ ਹੁਣ ਪਗੜੀ ਦਾ ਮਸਲਾ ਵੀ ਉਛਲਿਆ ਸਮਝੋ।

ਹਾਈ ਕੋਰਟ ਦੇ ਅੰਤਰਿਮ ਹੁਕਮਾਂ 'ਚ ਹਿਜਾਬ ਪਹਿਨਣ ਦੀ ਰੋਕ ਅਤੇ ਸਰਕਾਰ ਵਲੋਂ ਲਾਈ ਗਈ ਪਾਬੰਦੀ ਵਿਰੁੱਧ ਬਹਿਸ ਕਰਦਿਆਂ ਵਕੀਲ ਨੇ ਹਾਈ ਕੋਰਟ ਵਿਚ ਕਿਹਾ, 'ਹਿਜਾਬ ਪਹਿਨਣਾ ਇਕ ਮਾਸੂਮ ਧਾਰਮਿਕ ਪ੍ਰਕਿਰਿਆ ਹੈ, ਨਾ ਕਿ ਧਾਰਮਿਕ ਕੱਟੜਤਾ ਦਾ ਦਿਖਾਵਾ। ਇਹ ਸੰਵਿਧਾਨ ਦੇ ਅਨੁਸ਼ੇਦ 25 ਤਹਿਤ ਆਤਮਕ ਆਜ਼ਾਦੀ ਦਾ ਅਧਿਕਾਰ ਹੈ, ਜਿਸ ਤਹਿਤ ਕਿਸੇ ਵੀ ਧਰਮ ਨੂੰ ਮੰਨਣ, ਪ੍ਰਗਟ ਅਤੇ ਪਾਸਾਰ ਕਰਨ ਦੇ ਮੌਲਿਕ ਅਧਿਕਾਰ ਦੀ ਮਾਨਤਾ ਅਤੇ ਸੁਰੱਖਿਆ ਦਿਤੀ ਗਈ ਹੈ। ਹਿਜਾਬ ਪਹਿਨਣਾ ਉਸ ਤਰ੍ਹਾਂ ਹੀ ਇਕ ਮਾਸੂਮ ਧਾਰਮਿਕ ਅਮਲ ਹੈ, ਜਿਵੇਂ ਮੱਥੇ ਉਪਰ ਤਿਲਕ ਲਾਉਣਾ ਜਾਂ ਰੁਦਰਾਕਸ਼ ਪਹਿਨਣਾ'।

ਕਰਨਾਟਕ ਸਰਕਾਰ ਨੇ 5 ਫਰਵਰੀ ਨੂੰ ਕਲਾਸਾਂ ਅੰਦਰ ਹਿਜਾਬ ਪਹਿਨਣ ਉਪਰ ਰੋਕ ਲਗਾ ਦਿਤੀ ਸੀ। ਇਹ ਰੋਕ ਉਡੂਪੀ ਪ੍ਰੀ-ਯੂਨੀਵਰਸਿਟੀ ਕਾਲਜ ਨੇ ਪ੍ਰਬੰਧਕਾਂ ਦੁਆਰਾ ਮੁਸਲਮਾਨ ਵਿਦਿਆਰਥਣਾਂ ਵਲੋਂ ਸੰਸਥਾ ਵਿਚ ਵਰਦੀ ਪਾ ਕੇ ਅਤੇ ਬਿਨਾਂ ਹਿਜਾਬ ਆਉਣ ਦੇ ਹੁਕਮਾਂ ਅਤੇ ਭਗਵੇਂ ਸ਼ਾਲ ਪਹਿਨਣ ਵਾਲੇ ਭਾਜਪਾ-ਪੱਖੀ ਵਿਦਿਆਰਥੀਆਂ ਦੁਆਰਾ ਸ਼ੋਰ-ਸ਼ਰਾਬੇ ਉਪਰੰਤ ਲਾਈ ਸੀ। ਹਿਜਾਬ ਬਨਾਮ ਭਗਵੇਂ ਸ਼ਾਲਾਂ ਦੇ ਟਕਰਾਅ ਕਾਰਨ ਕਈ ਥਾਵਾਂ ਉਪਰ ਹਿੰਸਾ, ਅੱਗਜ਼ਨੀ ਅਤੇ ਭੰਨ-ਤੋੜ ਦੀਆਂ ਘਟਨਾਵਾਂ ਹੋਈਆਂ। ਬਜਰੰਗ ਦਲ ਦੇ ਇਕ ਕਾਰਕੁਨ ਦਾ ਕਤਲ ਵੀ ਹੋਇਆ।

ਇਸ ਸਾਰੇ ਕੇਸ ਦੀ ਸੁਣਵਾਈ ਹਾਈ ਕੋਰਟ ਦੇ ਬੈਂਚ ਵਲੋਂ ਕੀਤੀ ਜਾ ਰਹੀ ਹੈ, ਜਿਸ ਦੀ ਅਗਵਾਈ ਕਰਨਾਟਕ ਹਾਈ ਕੋਰਟ ਦੇ ਚੀਫ ਜਸਟਿਸ ਰਿਤੂ ਰਾਜ ਅਵਸਥੀ ਕਰ ਰਹੇ ਹਨ। ਬੈਂਚ ਦੇ ਬਾਕੀ ਮੈਂਬਰ ਹਨ-ਜਸਟਿਸ ਜੇ.ਐਮ. ਖਾਜ਼ੀ ਅਤੇ ਜਸਟਿਸ ਕਰਿਸ਼ਨਾ ਐਮ. ਦੀਖਸ਼ਤ।

ਕਰਨਾਟਕ ਸਰਕਾਰ ਨੇ ਆਪਣੇ ਪੱਖ ਵਿਚ ਹਿਜਾਬ ਨੂੰ ਸੰਵਿਧਾਨ ਦੇ ਅਨੁਸ਼ੇਦ 19 (1)(ਏ), ਨਾ ਕਿ 25, ਤਹਿਤ ਹੋਣ ਦਾ ਦਾਅਵਾ ਕਰਦਿਆਂ ਇਸ ਦੇ ਪਹਿਨਣ ਉਪਰ ਸੰਸਥਾਗਤ ਅਨੁਸ਼ਾਸਨ ਅਧੀਨ ਰੋਕਾਂ ਲਾਏ ਜਾਣ ਨੂੰ ਜਾਇਜ਼ ਠਹਿਰਾਇਆ ਹੈ। ਪ੍ਰਾਂਤ ਦੇ ਐਡਵੋਕੇਟ ਜਨਰਲ ਪ੍ਰਭੂਲਿੰਗ ਨਵਾਦਗੀ ਨੇ ਦਾਅਵਾ ਕੀਤਾ ਕਿ ਆਮ ਕਰਕੇ ਹਿਜਾਬ ਪਹਿਨਣ ਉਪਰ ਕੋਈ ਉਜਰ-ਇਤਰਾਜ਼ ਨਹੀਂ ਪਰ ਅਨੁਸ਼ੇਦ 19 (1)(ਏ), ਜੋ ਅਨੁਸ਼ੇਦ 19 (2) ਨਾਲ ਸਬੰਧਤ ਹੈ, ਸਰਕਾਰ ਨੂੰ ਹਿਜਾਬ ਉਪਰ ਵਾਜਬ ਰੋਕਾਂ ਲਾਉਣ ਦੀ ਖੁਲ੍ਹ ਦਿੰਦੇ ਜੋ ਸੰਸਥਾਗਤ ਅਨੁਸ਼ਾਸਨ/ਰੋਕਾਂ ਨਾਲ ਜੁੜੀਆਂ ਹੋਈਆਂ ਹਨ। ਉਸ ਨੇ ਇਸ ਦਲੀਲ ਨੂੰ ਵੀ ਨਕਾਰਿਆ ਕਿ ਇਹ ਰੋਕਾਂ ਸੰਵਿਧਾਨ ਦੇ ਅਨੁਸ਼ੇਦ 15 (ਜੋ ਕਿਸੇ ਕਿਸਮ ਦੇ ਵਿਤਕਰੇ ਵਿਰੁੱਧ ਹੈ) ਦੀ ਉਲੰਘਣਾ ਕਰਦੀਆਂ ਹਨ।

ਵਕੀਲ ਨੇ ਇਹ ਵੀ ਦਾਅਵਾ ਕੀਤਾ ਕਿ ਬੁਰਕਾ/ਹਿਜਾਬ ਪਹਿਨਣ ਦੀ ਹਦਾਇਤ ਕੁਰਾਨ ਸ਼ਰੀਫ ਅਤੇ ਹਦੀਸ ਵਿਚ ਵੀ ਕੀਤੀ ਗਈ ਹੈ। ਇਸ ਉਪਰ ਬੈਂਚ ਨੇ ਸਬੂਤ ਪੇਸ਼ ਕਰਨ ਲਈ ਕਿਹਾ। ਉਸ ਵਲੋਂ ਇਹ ਵੀ ਦਲੀਲ ਦਿਤੀ ਗਈ ਕਿ ਹਿਜਾਬ ਦੇ ਵਿਰੋਧ ਵਿਚ ਭਗਵੇਂ ਸ਼ਾਲ ਪਹਿਨਣ ਸਬੰਧੀ ਇਹ ਜਾਨਣਾ ਜ਼ਰੂਰੀ ਹੈ ਕਿ ਕੀ ਇਹ ਧਾਰਮਿਕ ਪਹਿਚਾਣ ਦਾ ਚਿੰਨ੍ਹ ਹੈ ਅਤੇ ਕੀ ਇਸ ਦੀ ਵੇਦ, ਉਪਨਿਸ਼ਦ ਜਾਂ ਧਾਰਮਿਕ ਗ੍ਰੰਥ ਪ੍ਰੋੜਤਾ ਕਰਦੇ ਹਨ?

ਇਸ ਸਾਰੇ ਵਿਵਾਦ ਵਿਚ ਬੈਂਗਲੁਰੂ ਦੇ ਇਕ ਕਾਲਜ ਦੇ ਪ੍ਰਬੰਧਕਾਂ ਨੇ ਇਕ 17 ਸਾਲਾ ਅੰਮ੍ਰਿਤਧਾਰੀ ਸਿੱਖ ਲੜਕੀ ਨੂੰ 16 ਫਰਵਰੀ ਨੂੰ ਪਗੜੀ ਉਤਾਰ ਕੇ ਕਲਾਸ ਵਿਚ ਆਉਣ ਲਈ ਕਹਿ ਦਿਤਾ। ਪ੍ਰਬੰਧਕਾਂ ਨੇ ਹਾਈ ਕੋਰਟ ਦੇ 10 ਫਰਵਰੀ ਵਾਲੇ ਅੰਤ੍ਰਿਮ ਹੁਕਮਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਵਰਦੀ-ਨਿਰਧਾਰਤ ਸਭ ਸੰਸਥਾਵਾਂ ਵਿਚ ਸਭ ਲਈ ਇਕੋ ਜਿਹੇ ਨੇਮ ਹਨ ਅਤੇ ਉਹ ਪੱਖ-ਪਾਤ ਨਹੀਂ ਕਰ ਸਕਦੇ। ਉਨ੍ਹਾਂ ਇਹ ਵੀ ਕਿਹਾ ਕਿ ਮੁਸਲਿਮ ਲੜਕੀਆਂ ਮੰਗ ਕਰ ਰਹੀਆਂ ਹਨ ਕਿ ਸਭਨਾਂ ਦੇ ਦ੍ਰਿਸ਼ਮਾਨ ਚਿੰਨ੍ਹਾਂ ਉਪਰ ਰੋਕ ਲਗੇ। ਇਸ ਤੋਂ ਪਹਿਲਾਂ ਵੀ ਬੈਂਗਲੁਰੂ ਦੇ ਇਕ ਸਕੂਲ ਨੇ ਇਕ 6 ਸਾਲਾ ਸਿੱਖ ਲੜਕੇ ਨੂੰ ਦਾਖਲ ਕਰਨੋਂ ਇਨਕਾਰ ਕਰ ਦਿਤਾ ਸੀ, ਕਿਉਂਕਿ ਉਸ ਨੇ ਪਟਕਾ ਬੰਨ੍ਹਿਆ ਸੀ।

ਪਗੜੀ ਦੇ ਮਾਮਲੇ ਨੇ ਸਿੱਖ ਹਲਕਿਆਂ ਵਿਚ ਹਲਚਲ ਮਚਾ ਦਿਤੀ। ਵੱਖ ਵੱਖ ਧਾਰਮਿਕ ਜਥੇਬੰਦੀਆਂ ਨੇ ਇਸ ਵਿਰੁੱਧ ਆਵਾਜ਼ ਉਠਾਈ ਹੈ। ਸਭ ਨੇ ਇਸ ਨੂੰ ਸਿੱਖਾਂ ਦੇ ਧਾਰਮਿਕ ਮਾਮਲੇ ਵਿਚ ਦਖਲ ਅਤੇ ਸਿੱਖ ਪਹਿਚਾਣ ਉਪਰ ਹਮਲਾ ਕਰਾਰ ਦਿਤਾ ਹੈ। ਕਈ ਆਗੂਆਂ ਨੇ ਤਾਂ ਇਸ ਸਬੰਧੀ ਪ੍ਰਧਾਨ ਮੰਤਰੀ ਨੂੰ ਦਖਲ ਦੇਣ ਲਈ ਵੀ ਕਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਰਨਾਟਕ ਦੇ ਮੁੱਖ ਮੰਤਰੀ ਨੂੰ ਲਿਖੇ ਖਤ ਵਿਚ ਕਿਹਾ ਹੈ, 'ਇਹ ਨਾਦਰਸ਼ਾਹੀ ਫੈਸਲਾ ਹੈ ਜੋ ਕਦਾਚਿਤ ਵੀ ਮੰਨਿਆ ਨਹੀਂ ਜਾਵੇਗਾ। ਪਗੜੀ ਸਿੱਖ ਧਰਮ ਵਿਚ ਬਹੁਤ ਮਹੱਤਵ ਰਖਦੀ ਹੈ ਅਤੇ ਇਹ ਸਿੱਖ ਪਹਿਰਾਵੇ ਦਾ ਅਨਿੱਖੜਵਾਂ ਹਿਸਾ ਹੈ। ਹੈਰਾਨੀ ਦੀ ਗੱਲ ਹੈ ਕਿ ਭਾਰਤ ਵਿਚ ਪਗੜੀ ਉਪਰ ਸਵਾਲ ਉਠਾਏ ਜਾ ਰਹੇ ਹਨ ਜਦ ਕਿ ਇਥੇ ਪਗੜੀਧਾਰੀ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਸਰਵਉਚ ਅਦਾਲਤ ਦੇ ਮੁੱਖ ਨਿਆਂਧੀਸ਼ ਅਤੇ ਫੌਜ ਦੇ ਜਰਨੈਲ ਰਹਿ ਚੁਕੇ ਹਨ। ਸੰਸਾਰ ਭਰ ਵਿਚ ਸਿੱਖ ਪਗੜੀ ਪਹਿਨ ਕੇ ਚੋਟੀ ਦੀਆਂ ਪੁਜ਼ੀਸ਼ਨਾਂ ਉਪਰ ਸੁਸ਼ੋਭਿਤ ਹਨ, ਪਰ ਆਪਣੇ ਮੁਲਕ ਵਿਚ ਉਨ੍ਹਾਂ ਦੀ ਪਗੜੀ ਨੂੰ ਚੈਲੇਂਜ ਕੀਤਾ ਜਾ ਰਿਹੈ'। ਅਕਾਲ ਤਖਤ ਸਾਹਿਬ ਦੇ ਐਕਟਿੰਗ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਇਸ ਦੀ ਸਖਤ ਨਿੰਦਾ ਕੀਤੀ ਹੈ।

ਹੋਰਨਾਂ ਤੋਂ ਇਲਾਵਾ ਭਾਜਪਾ ਦੇ ਰਾਸ਼ਟਰੀ ਬੁਲਾਰੇ ਆਰ.ਪੀ.ਸਿੰਘ ਨੇ ਵੀ ਦਸਤਾਰ ਨੂੰ ਸਿੱਖਾਂ ਦਾ ਧਾਰਮਿਕ ਅਤੇ ਸੰਵਿਧਾਨਕ ਹੱਕ ਕਹਿੰਦਿਆਂ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਸੰਵਿਧਾਨ ਦੇ ਅਨੁਸ਼ੇਦ 25(2)(ਬੀ), ਜਿਸ ਵਿਚ ਕਿਰਪਾਨ ਨੂੰ ਸਿੱਖਾਂ ਦੀ ਧਾਰਮਿਕ ਰਵਾਇਤ ਕਰਾਰ ਦਿਤਾ ਗਿਐ, ਵਿਚ ਸੋਧ ਕਰ ਕੇ ਇਸ ਵਿਚ ਸਿੱਖਾਂ ਦੇ ਪੰਜੇ ਕਕਾਰ ਸ਼ਾਮਿਲ ਕਰਨੇ ਚਾਹੀਦੇ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਵੀ ਇਸ ਸਬੰਧੀ ਕਟਨਾਟਕ ਦੇ ਮੁੱਖ ਮੰਤਰੀ ਬਸਵਾਰਾਜ ਬੋਮਈ ਨੂੰ ਚਿੱਠੀ ਲਿਖੀ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਵੀ ਇਹ ਮਸਲਾ ਉਠਾਇਆ ਹੈ।

ਸਵਾਲ ਇਹ ਹੈ ਕਿ ਕਰਨਾਟਕ ਸਰਕਾਰ ਨੇ ਇਹ ਚਿੰਜੜੀ ਛੇੜੀ ਹੀ ਕਿਉਂ? ਹਿਜਾਬ ਉਨ੍ਹਾਂ ਨੂੰ ਦੰਦੀ ਵਢਦੈ? ਮੁਸਲਿਮ ਲੜਕੀਆਂ ਜੇ ਆਪਣੀ ਮਰਜ਼ੀ ਨਾਲ ਇਸ ਨੂੰ ਪਹਿਨਦੀਆਂ ਹਨ ਤਾਂ ਇਸ ਕਾਰਨ ਕਿਸੇ ਦੂਸਰੇ ਦੇ ਢਿੱਡ ਪੀੜ ਕਿਉਂ ਪੈਂਦੀ ਐ? ਦਰਅਸਲ ਬੋਮਈ ਦੱਖਣੀ ਭਾਰਤ ਦੇ ਪ੍ਰਾਂਤ ਵਿਚ ਭਾਜਪਾ ਦਾ ਹਿੰਦੂਤਵਾ ਦਾ ਏਜੰਡਾ ਲਾਗੂ ਕਰਨ ਵਿਚ ਮੋਹਰੀ ਬਣਨਾ ਚਾਹੁੰਦੈ। ਬੁਰਕਾ ਜਾਂ ਹਿਜਾਬ ਪਹਿਨਣ ਉਪਰ ਕਿੰਤੂ-ਪ੍ਰੰਤੂ ਹੋਣਗੇ ਤਾਂ ਦਸਤਾਰ/ਪਗੜੀ ਉਪਰ ਵੀ ਚੂੰ-ਚਰੱਕ ਹੋਵੇਗੀ। ਭਾਜਪਾ ਦੇ ਦੋਨੋਂ ਹੱਥੀਂ ਲੱਡੂ ਹੋਣਗੇ। ਮੁਸਲਮਾਨਾਂ ਅਤੇ ਸਿੱਖਾਂ ਵਿਚ ਮਤਭੇਦ ਪੈਦਾ ਹੋਣਗੇ। ਭਾਜਪਾ ਕਹੇਗੀ ਕਿ ਉਸ ਨੂੰ ਤਾਂ ਦਸਤਾਰ/ਪਗੜੀ ਉਪਰ ਕੋਈ ਉਜਰ ਨਹੀਂ, ਇਹ ਮਸਲਾ ਤਾਂ ਹਿਜਾਬ ਉਪਰ ਲਗੀ ਰੋਕ ਵਿਰੁੱਧ ਪਟੀਸ਼ਨ ਕਰਨ ਵਾਲੀਆਂ ਲੜਕੀਆਂ ਵਲੋਂ ਉਠਾਇਆ ਜਾ ਰਿਹੈ। ਉਨ੍ਹਾਂ ਦੇ ਵਕੀਲ ਦੇਵਦੱਤ ਕਾਮਤ ਨੇ ਹੀ ਅਦਾਲਤ ਵਿਚ ਬਾਕੀ ਧਰਮਾਂ ਦੇ ਦ੍ਰਿਸ਼ਮਾਨ ਧਾਰਮਿਕ ਚਿੰਨ੍ਹਾਂ ਦਾ ਹਵਾਲਾ ਦਿੰਦਿਆਂ ਪਗੜੀ ਦੀ ਉਦਾਹਰਨ ਦਿਤੀ। ਹੈ ਨਾ ਇਕ ਤੀਰ ਨਾਲ ਦੋ ਨਿਸ਼ਾਨੇ! ਜਨਾਬ ਬੋਮਈ ਨੇ ਸਾਰੇ ਧਾਰਮਿਕ ਪਹਿਰਾਵਿਆਂ ਉਪਰ ਇਹ ਕਹਿੰਦਿਆਂ ਠਾਹ ਦੇਣੀ ਪਾਬੰਦੀ ਠੋਕ ਦਿਤੀ ਕਿ




ਇਸ ਨਾਲ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਖਤਰੈ।

ਦਸਤਾਰ ਸਰਦਾਰ ਦਾ ਸ਼ਿੰਗਾਰ ਹੈ। ਇਹ ਸਿੱਖੀ ਦੇ ਨਿਆਰੇਪਨ, ਨਿਰਾਲੇਪਨ ਅਤੇ ਨਿਵੇਕਲੇਪਨ ਦੀ ਸੂਚਕ ਹੈ। ਇਹ ਸਿੱਖ ਦੀ ਆਸਥਾ, ਅਜ਼ਮਤ ਅਤੇ ਅਣਖ ਦਾ ਪ੍ਰਤੀਕ ਹੈ। ਇਹ ਸਿੱਖ ਦਾ ਤਾਜ ਹੈ, ਆਣ, ਬਾਣ, ਸ਼ਾਨ ਹੈ। ਰਾਜੇ ਦੇ ਸਿਰ ਉਪਰ ਰਾਜਸ਼ਾਹੀਆਂ ਤਾਜ ਰਖਦੀਆਂ ਹਨ, ਸਿੱਖਾਂ ਦੇ ਸਿਰ 'ਤੇ ਸੱਚੀਆਂ ਪਾਤਸ਼ਾਹੀਆਂ ਨੇ ਤਾਜ ਪਹਿਨਾਇਐ। ਪਗੜੀ ਸਿੱਖ ਅਕੀਦਤ/ਆਸਥਾ ਦਾ ਅਨਿੱਖੜਵਾਂ ਅੰਗ ਹੈ।

ਉਂਜ ਵੀ ਪਗੜੀ ਤਾਂ ਗੈਰ-ਸਿੱਖ ਵੀ ਪਹਿਨਦੇ ਹਨ/ਸਨ। ਵਿਸ਼ਵ ਦੇ ਕਈ ਮੁਲਕਾਂ ਵਿਚ ਇਹ ਪਹਿਨੀ ਜਾਂਦੀ ਹੈ। ਸਾਡੇ ਮੁਲਕ ਵਿਚ ਤਾਂ ਬਜ਼ੁਰਗ ਹਿੰਦੂ ਵੀ ਪਗੜੀ ਬੰਨ੍ਹਦੇ ਸਨ। ਕਈ ਮੁਸਲਮਾਨ ਵੀ ਦਸਤਾਰ ਸਜਾਉਂਦੇ ਹਨ। ਹਾਂ, ਇਸ ਦੇ ਬੰਨ੍ਹਣ ਦੇ ਰੂਪ ਵੱਖ ਵੱਖ ਹਨ।

ਹਾਂ ਸੱਚ, ਦਸਤਾਰ ਫਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਦਸਤ-ਏ-ਯਾਰ' (ਭਾਵ ਰੱਬ ਦਾ ਹੱਥ)। ਇਸ ਦੇ ਅਰਥ ਦਸ ਤਾਰਾਂ ਭਾਵ ਦਸ ਪੇਚ ਅਤੇ ਹੱਥਾਂ ਨਾਲ ਸੰਵਾਰ ਕੇ ਬੰਨ੍ਹਿਆ ਵਸਤਰ ਵੀ ਕੀਤੇ ਗਏ ਹਨ। ਪਗੜੀ ਸ਼ਬਦ ਹਿੰਦੀ 'ਚੋਂ ਆਇਐ ਪਰ ਪੰਜਾਬੀ ਨੇ ਵੀ ਇਸ ਨੂੰ ਅਪਨਾਇਐ। ਅੰਗਰੇਜ਼ੀ ਵਿਚ ਪਗੜੀ/ਪੱਗ ਨੂੰ 'ਟਰਬਨ' ਕਹਿੰਦੇ ਹਨ ਜੋ ਫਰਾਂਸਿਸੀ ਦੇ ਟਰਬੈਂਟ, ਫਾਰਸੀ ਦੇ ਡਲਬੈਂਡ, ਟਰਕਿਸ਼ ਦੇ ਟਲਬੈਂਟ, ਲਾਤੀਨੀ ਦੇ ਮਾਈਟਰ, ਜਰਮਨੀ ਤੇ ਇਤਾਲਵੀ ਦੇ ਟਰਬਾਂਦੇ ਤੋਂ ਆਇਐ।

ਸਿੱਖ ਧਰਮ ਵਿਚ ਸਾਰੇ ਗੁਰੂ ਸਾਹਿਬਾਨ ਦਸਤਾਰ ਸਜਾਉਂਦੇ ਸਨ। ਪਰ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਅਤੇ ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਨਾਲ ਪਗੜੀ ਵਿਸ਼ੇਸ਼ ਤੌਰ 'ਤੇ ਜੁੜੀ ਹੈ। ਦਸਵੀਂ ਪਾਤਸ਼ਾਹੀ ਨੇ ਤਾਂ ਖਾਲਸਾ ਸਜਾ ਕੇ ਪਗੜੀ ਸਿੱਖ ਦੇ ਸਰੀਰ ਦਾ ਭਾਗ ਹੀ ਬਣਾ ਦਿਤੀ। ਛੇਵੀਂ ਪਾਤਸ਼ਾਹੀ ਦੀ ਸੁੰਦਰ ਦਸਤਾਰ ਦੀ ਸ਼ੋਭਾ ਕਰਦਿਆਂ ਢਾਡੀ ਨੱਥਾ-ਅਬਦੁੱਲਾ ਨੇ ਆਪਣੀ ਵਾਰ ਵਿਚ ਕਿਹੈ-

'ਦੋ ਤਲਵਾਰਾਂ ਬੱਧੀਆਂ, ਇਕ ਮੀਰ ਦੀ ਇਕ ਪੀਰ ਦੀ।
ਇਕ ਅਜ਼ਮਤ ਦੀ ਇਕ ਰਾਜ ਦੀ,
ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ,
ਦਰਵਾਜ਼ਾ ਬਲਖ ਬਖੀਰ ਦੀ।
ਨਾਲ ਸਿਪਾਹੀ ਨੀਲ ਨਲ,
ਮਾਰ ਦੁਸ਼ਟਾਂ ਕਰੇ ਤਗੀਰ ਦੀ,
ਪੱਗ ਤੇਰੀ, ਕੀ ਜਹਾਂਗੀਰ ਦੀ'।

ਪਗੜੀ ਸਾਡਾ ਧਾਰਮਿਕ ਚਿੰਨ੍ਹ ਤਾਂ ਹੈ ਹੀ, ਇਹ ਸਾਡਾ ਸਭਿਆਚਾਰਕ ਸ਼ਮਲਾ ਹੈ, ਸਾਡੀ ਪੈਜ-ਪੱਤ, ਠਾਠ-ਠੁੱਕ, ਟੌਹਰ-ਫੱਬਤ ਹੈ।

ਕਰਨਾਟਕ ਦੀ ਫਿਰਕੂ ਜ਼ਹਿਰ ਫੈਲਾ ਰਹੀ ਬੋਮਈ ਸਰਕਾਰ ਨੂੰ ਅਸੀਂ ਬਸ ਸ਼ਾਇਰ ਖੁਸ਼ਬੀਰ ਸਿੰਘ ਸ਼ਾਦ ਦੇ ਇਸ ਸ਼ੇਅਰ ਦਾ ਹੀ ਹਵਾਲਾ ਦਿਆਂਗੇ:

'ਯੇ ਤੇਰਾ ਤਾਜ ਨਹੀਂ ਹਮਾਰੀ ਪਗੜੀ ਹੈ,
ਯੇ ਸਰ ਕੇ ਸਾਥ ਹੀ ਉਤਰੇਗੀ ਸਰ ਕਾ ਹਿਸਾ ਹੈ'!

## ਬਲਦੇਵ ਸਿੰਘ ਦੇ ਖੇਡ ਨਾਵਲੈਟ

**(ਪਿਛਲੇ ਸਫੇ ਦਾ ਬਾਕੀ)**

ਸਾਈਨ ਕਰ ਲਈ। ਡਾਇਲਾਗ ਬੋਲਣ ਲਈ ਉਰਦੂ ਜ਼ਬਾਨ ਸਿੱਖਣ ਲਈ ਇੱਕ ਮਾਸਟਰ ਰੱਖ ਲਿਆ ਤੇ ਫਿਰ ਸਮਾਂ ਪਾ ਕੇ ਦਾਰਾ ਸਿੰਘ ਖੁਦ ਆਪਣੇ ਡਾਇਲਾਗ ਬੋਲਣ ਵਿਚ ਮਾਹਿਰ ਹੋ ਗਿਆ। ਪਹਿਲਾਂ ਉਸਦੇ ਡਾਇਲਾਗ ਕਿਸੇ ਹੋਰ ਦੀ ਆਵਾਜ਼ ਵਿਚ ਡੱਬ ਕੀਤੇ ਜਾਂਦੇ ਸਨ।

1964 ਵਿਚ ਦਾਰਾ ਸਿੰਘ ਨੇ ਆਪਣੀ ਪਹਿਲੀ ਪੰਜਾਬੀ ਫ਼ਿਲਮ ਬਣਾਈ 'ਜੱਗਾ'। ਇਸ ਫ਼ਿਲਮ ਨੂੰ ਪੰਜਾਬੀਆਂ ਨੇ ਬਹੁਤ ਪਸੰਦ ਕੀਤਾ। ਇੰਦਰਾ ਗਾਂਧੀ ਹੱਥੋਂ ਦਾਰਾ ਸਿੰਘ ਨੂੰ ਸਾਲ ਦੀ ਵਧੀਆ ਫ਼ਿਲਮ ਦਾ ਐਵਾਰਡ ਵੀ ਮਿਲਿਆ। ਦਾਰੇ ਦੀ ਖ਼ੁਸ਼ੀ ਦੁੱਗਣੀ ਹੋ ਗਈ। ਇਸੇ ਸਾਲ ਉਸਦੇ ਘਰ ਬੇਟੇ ਨੇ ਜਨਮ ਲਿਆ। ਹੁਣ ਦਾਰਾ ਸਿੰਘ ਨੇ ਬੰਬਈ ਵਿਖੇ ਪੱਕੀ ਰਿਹਾਇਸ਼ ਕਰ ਲਈ।

1965 ਵਿਚ ਦਾਰਾ ਸਿੰਘ ਦੀਆਂ ਇਕੱਠੀਆਂ ਬਾਰਾਂ ਫ਼ਿਲਮਾਂ ਰਿਲੀਜ਼ ਹੋਈਆਂ। ਇੱਕ ਵਾਰ ਤਾਂ ਅਜਿਹਾ ਹੋਇਆ, 1964 ਦੀਆਂ ਫ਼ਿਲਮਾਂ ਮਿਲਾ ਕੇ ਬੰਬਈ ਸ਼ਹਿਰ ਵਿਚ ਦੋ ਦਰਜਨਾਂ ਤੋਂ ਜ਼ਿਆਦਾ ਸਿਨੇਮਾ ਘਰਾਂ ਵਿਚ ਦਾਰਾ ਸਿੰਘ ਦੀਆਂ ਫ਼ਿਲਮਾਂ ਹੀ ਚੱਲ ਰਹੀਆਂ ਸਨ। ਬੰਬਈ ਦੇ ਇੱਕ ਰੋਜ਼ਾਨਾ ਅਖ਼ਬਾਰ ਨੇ ਲਿਖਿਆ: ਦੁਨੀਆ ਦੇ ਇਤਿਹਾਸ ਵਿਚ ਕਦੇ ਵੀ ਕਿਸੇ ਇੱਕ ਸਟਾਰ ਦੀਆਂ ਐਨੀਆਂ ਫ਼ਿਲਮਾਂ ਇਕੱਠੀਆਂ ਨਹੀਂ ਲੱਗੀਆਂ।

ਨਾਲ ਨਾਲ ਕੁਸ਼ਤੀਆਂ ਵੀ ਚਲਦੀਆਂ ਰਹੀਆਂ ਤੇ ਦਾਰਾ ਸਿੰਘ ਦੇ ਪਰਿਵਾਰ ਵਿਚ ਵਾਧਾ ਵੀ ਹੁੰਦਾ ਰਿਹਾ। 1965 ਦੀ ਪਾਕਿਸਤਾਨ ਨਾਲ ਲੱਗੀ ਜੰਗ ਵੇਲੇ ਦਾਰਾ ਸਿੰਘ ਨੇ ਪਰਮਵੀਰ ਚੱਕਰ, ਮਹਾਂਵੀਰ ਚੱਕਰ ਤੇ ਵੀਰ ਚੱਕਰ ਪ੍ਰਾਪਤ ਕਰਨ ਵਾਲੇ ਜਵਾਨਾਂ ਨੂੰ ਨਕਦ ਪੁਰਸਕਾਰਾਂ ਨਾਲ ਸਨਮਾਨਣ ਦਾ ਐਲਾਨ ਕਰ ਦਿੱਤਾ।

29 ਮਈ 1968 ਨੂੰ ਦਾਰਾ ਸਿੰਘ ਨੇ ਵਰਲਡ ਚੈਂਪੀਅਨਸ਼ਿਪ ਦੀ ਕੁਸ਼ਤੀ ਜਿੱਤ ਲਈ। ਉਸ ਨੇ ਵਰਲਡ ਚੈਂਪੀਅਨ ਲੋਏ ਥੀਸਜ਼ ਨੂੰ ਹਰਾਇਆ। ਇਸ ਤੋਂ ਬਾਅਦ ਦਾਰਾ ਸਿੰਘ ਨੇ ਕੁਸ਼ਤੀਆਂ ਛੱਡਣ ਦਾ ਇਰਾਦਾ ਦੱਸਿਆ ਤਾਂ ਉਸਦੇ ਪ੍ਰਸ਼ੰਸਕਾਂ ਨੇ ਬਹੁਤ ਇਤਰਾਜ਼ ਕੀਤਾ। ਦਾਰਾ ਸਿੰਘ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ। ਉਸ ਨੇ ਆਖ਼ਰੀ ਕੁਸ਼ਤੀ 1983 ਨੂੰ ਦਿੱਲੀ ਦੇ ਇੰਦਰਾਪ੍ਰਸਥ ਸਟੇਡੀਅਮ ਵਿਖੇ ਰਾਸ਼ਟਰਪਤੀ ਦੀ ਹਾਜ਼ਰੀ ਵਿਚ ਲੜੀ ਤੇ ਬਿਨਾਂ ਹਾਰਿਆਂ ਕੁਸ਼ਤੀਆਂ ਤੋਂ ਰਿਟਾਇਰਮੈਂਟ ਲੈ ਲਈ।

ਫਿਰ ਦਾਰਾ ਸਿੰਘ ਦਾ ਸਾਰਾ ਧਿਆਨ ਫ਼ਿਲਮਾਂ ਵੱਲ ਹੋ ਗਿਆ। 1970 ਵਿਚ ਉਸਨੇ ਖ਼ੁਦ ਨਿਰਮਾਤਾ ਬਣਨ ਦੀ ਯੋਜਨਾ ਬਣਾਈ ਸੀ ਤੇ ਆਪਣੇ ਇੱਕ ਦੋਸਤ ਰਮਿੰਦਰ ਸਿੰਘ ਨਾਲ ਮਿਲ ਕੇ, 'ਨਾਨਕ ਦੁਖੀਆ ਸਭ ਸੰਸਾਰ' ਪੰਜਾਬੀ ਫ਼ਿਲਮ ਦਾ ਨਿਰਮਾਣ ਕੀਤਾ ਸੀ। ਇਸ ਫ਼ਿਲਮ ਦੀ ਫ਼ਿਲਮੀ ਪਟਕਥਾ ਦਾਰਾ ਸਿੰਘ ਨੇ ਖ਼ੁਦ ਲਿਖੀ ਤੇ ਬਲਰਾਜ ਸਾਹਨੀ, ਪ੍ਰਿਥਵੀ ਰਾਜ ਕਪੂਰ ਤੇ ਅਚਲਾ ਸਚਦੇਵ ਜਿਹੇ ਵੱਡੇ ਫ਼ਿਲਮੀ ਕਲਾਕਾਰਾਂ ਨੂੰ ਫ਼ਿਲਮ ਵਿਚ ਲਿਆ। ਇਹ ਫ਼ਿਲਮ ਬਹੁਤ ਕਾਮਯਾਬ ਰਹੀ ਤੇ ਫਿਰ ਦਾਰਾ ਸਿੰਘ ਨੇ ਇੱਕ ਹਿੰਦੀ ਫ਼ਿਲਮ 'ਮੇਰਾ ਦੇਸ਼ ਮੇਰਾ ਧਰਮ' ਬਣਾਈ। ਫਿਰ 'ਭਗਤ ਧੰਨਾ ਜੱਟ' ਬਣਾਈ। ਪੰਜਾਬੀ ਫ਼ਿਲਮ 'ਸਵਾ ਲਾਖ ਸੇ ਏਕ ਲੜਾਊਂ' ਸਿੱਖ ਇਤਿਹਾਸ ਨਾਲ ਸਬੰਧਿਤ ਸੀ। ਇਸ ਫ਼ਿਲਮ ਦੇ ਫ਼ਿਲਮਾਂਕਣ ਤੇ ਰਿਲੀਜ਼ ਕਰਨ ਵਿਚ ਦਾਰਾ ਸਿੰਘ ਨੂੰ ਕਾਫ਼ੀ ਮੁਸ਼ਕਲਾਂ ਆਈਆਂ।

ਪਿਛਲੇ ਕੁੱਝ ਸਾਲਾਂ ਤੋਂ ਦਾਰਾ ਸਿੰਘ ਦੇ ਮਨ ਵਿਚ ਸੀ, ਪੰਜਾਬ ਵਿਚ ਫ਼ਿਲਮ ਇੰਡਸਟਰੀ ਵਿਕਸਤ ਕਰਨ ਲਈ ਫ਼ਿਲਮੀ ਸਟੂਡੀਓ ਵੀ ਚਾਹੀਦਾ ਹੈ। ਇਸ ਕੰਮ ਲਈ ਉਸ ਨੇ ਮੋਹਾਲੀ ਵਿਖੇ 5 ਏਕੜ ਜ਼ਮੀਨ ਲੈ ਕੇ 'ਦਾਰਾ ਸਟੂਡੀਓ' ਦਾ ਨਿਰਮਾਣ ਸ਼ੁਰੂ ਕਰ ਦਿੱਤਾ। ਇਹ ਸਟੂਡੀਓ ਤਾਂ ਅੱਜ ਵੀ ਹੈ, ਪਰ ਕਦੇ ਨਹੀਂ ਸੁਣਿਆ ਕਿ ਇਸ ਸਟੂਡੀਓ ਵਿਚ ਫ਼ਿਲਮਾਂ ਦੀ ਕਦੇ ਸ਼ੂਟਿੰਗ ਹੋਈ ਹੋਵੇ। ਟੀ.ਵੀ. ਸੀਰੀਅਲ ਰਮਾਇਣ ਵਿਚ ਦਾਰਾ ਸਿੰਘ ਨੇ ਹਨੂੰਮਾਨ ਦੀ ਭੂਮਿਕਾ ਨਿਭਾਈ ਜੋ ਪੂਰੇ ਭਾਰਤ ਦੇ ਦਰਸ਼ਕਾਂ ਵੱਲੋਂ ਸਲਾਹੀ ਗਈ। ਪਹਿਲਵਾਨ ਤਾਂ ਉਂਜ ਵੀ ਹਨੂੰਮਾਨ ਦੇ ਭਗਤ ਹੁੰਦੇ ਹਨ। ਦਾਰਾ ਸਿੰਘ ਨੇ ਇਹ ਕਿਰਦਾਰ ਆਪਣੀ ਰੂਹ ਨਾਲ ਨਿਭਾਇਆ।

ਪਹਿਲਵਾਨੀ ਦਾ ਸ਼ੌਕ ਰੱਖਣ ਵਾਲਿਆਂ ਲਈ ਦਾਰਾ ਸਿੰਘ ਨੇ ਆਪਣੀ ਰੋਜ਼ਾਨਾ ਖ਼ੁਰਾਕ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ, 'ਹਰ ਰੋਜ਼ ਸੌ ਗਰਾਮ ਦੇਸੀ ਘਿਓ, ਦੋ ਕਿਲੋ ਦੁੱਧ, ਸੌ ਗਰਾਮ ਬਦਾਮਾਂ ਦੀਆਂ ਗਿਰੀਆਂ ਦੀ ਸ਼ਰਦਾਈ, ਦੋ ਕੁੱਕੜ ਜਾਂ 500 ਗਰਾਮ ਬੱਕਰੇ ਦਾ ਮਹਾਂ ਪਰਸ਼ਾਦ, ਸੌ ਗਰਾਮ ਔਲੇ ਦਾ ਜਾਂ ਗਾਜਰ ਦਾ ਜਾਂ ਸੇਬ ਦਾ ਮੁਰੱਬਾ। ਚਾਂਦੀ ਦੇ ਵਰਕ 10 ਪੰਨੇ, ਜੇ ਮੁਰੱਬਾ ਨਾ ਮਿਲੇ ਤਾਂ ਮੌਸਮੀ ਫਲ, ਤਿੰਨ ਜਾਂ ਚਾਰ ਰੋਟੀਆਂ ਦੋਨੋਂ ਵੇਲੇ। ਇੱਕ ਵੇਲੇ ਦਾਲ-ਸਬਜ਼ੀ ਨਾਲ ਤੇ ਇੱਕ ਵੇਲੇ ਕੁੱਕੜ ਜਾਂ ਮਹਾਂ ਪਰਸ਼ਾਦ ਨਾਲ। ਉਪਰ ਲਿਖੇ ਕੁੱਕੜ ਹੋਣ ਤਾਂ ਇੱਕ ਦੀ ਤਰੀ ਤੇ ਇੱਕ ਦਾ ਸੂਪ, ਮਹਾਂ ਪਰਸ਼ਾਦ ਹੋਵੇ ਤਾਂ ਅੱਧੇ ਦੀ ਤਰੀ ਤੇ ਅੱਧੇ ਦੀ ਯਖ਼ਨੀ। ਇਸ ਖ਼ੁਰਾਕ ਦਾ ਹਫ਼ਤੇ ਵਿਚ ਇੱਕ ਦਿਨ ਨਾਗਾ ਜ਼ਰੂਰੀ ਹੈ।' ਇੰਨਾ ਕੁੱਝ ਖਾ ਕੇ ਇਸਨੂੰ ਹਜ਼ਮ ਕਰਨ ਲਈ ਵਰਜ਼ਿਸ਼ ਵੀ ਜ਼ਰੂਰੀ ਹੈ। ਐਵੇਂ ਤਾਂ ਨੀ ਲੋਕ ਕਹਿੰਦੇ, "ਦਾਰਾ ਸਿੰਘ ਨਹੀਂ ਕਿਸੇ ਨੇ ਬਣ ਜਾਣਾ, ਘਰ ਘਰ ਪੁੱਤ ਜੰਮਦੇ।"

ਇਸ ਮਹਾਨ ਪਹਿਲਵਾਨ, ਰੁਸਤਮੇ-ਹਿੰਦ, ਵਰਲਡ ਚੈਂਪੀਅਨ ਦਾਰਾ ਸਿੰਘ ਦਾ ਦਿਹਾਂਤ 12 ਜੁਲਾਈ 2012 ਨੂੰ ਮੁੰਬਈ ਵਿਖੇ ਹੋ ਗਿਆ।

# ਜੰਗ ਅਤੇ ਅਮਨ: ਕਹਿਣੀ ਹੋਰ ਕਰਨੀ ਹੋਰ

## ਕਲਾ ਪਰਿਕਰਮਾ

ਅਮਰੀਕਾ ਨੇ ਜੰਗਾਂ-ਯੁੱਧਾਂ ਤੋਂ ਕੁਝ ਨਹੀਂ ਸਿੱਖਿਆ। ਦੂਜੇ ਵਿਸ਼ਵ ਯੁੱਧ ਨੇ ਇਸ ਨੂੰ ਸੰਸਾਰ ਦੀ ਸਭ ਤੋਂ ਵੱਡੀ ਫੌਜੀ ਤੇ ਆਰਥਿਕ ਸ਼ਕਤੀ ਬਣਾਇਆ, ਪਰ ਇਸ ਰੁਤਬੇ ਦਾ ਲਾਭ ਇਸ ਮੁਲਕ ਨੇ ਸੂਝ-ਬੂਝ ਨਾਲ ਨਹੀਂ ਲਿਆ। ਵਿਸ਼ਵ ਯੁੱਧ ਦੇ ਖਾਤਮੇ ਮਗਰੋਂ ਸਾਮਵਾਦ ਤੇ ਪੂੰਜੀਵਾਦ ਦਰਮਿਆਨ ਟਕਰਾਅ ਦਾ ਦੌਰ ਸ਼ੁਰੂ ਹੋ ਗਿਆ ਸੀ। ਦੂਜੇ ਪਾਸੇ ਯੂਰੋਪੀਅਨ ਬਸਤੀਵਾਦ ਤੇਜ਼ੀ ਨਾਲ ਦਮ ਤੋੜਨ ਲੱਗਾ ਸੀ। ਨਵ-ਆਜ਼ਾਦ ਪਰ ਗਰੀਬ ਮੁਲਕ ਸਮਾਜਵਾਦੀ/ਸਾਮਵਾਦੀ ਪ੍ਰਬੰਧ ਵੱਲ ਖਿੱਚੇ ਜਾ ਰਹੇ ਸਨ। ਪੂੰਜੀਵਾਦੀ ਅਮਰੀਕਾ ਨੂੰ ਇਹ ਰੁਝਾਨ ਗਵਾਰਾ ਨਹੀਂ ਸੀ। ਇਸ ਨੂੰ ਰੋਕਣ ਲਈ ਉਸ ਨੇ ਧੌਂਸਵਾਦ ਦਾ ਸਹਾਰਾ ਲਿਆ। ਹੋਰਨਾਂ ਮੁਲਕਾਂ ਦੇ ਵਿਹੜਿਆਂ ਵਿਚ ਜਾ ਕੇ ਜੰਗਾਂ ਲੜੀਆਂ। ਬਹੁਤੀਆਂ ਨਿੱਕੀਆਂ-ਨਿੱਕੀਆਂ, ਦੋ ਵੱਡੀਆਂ। ਪਹਿਲਾਂ




**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਕੋਰੀਆ (1950-53) ਅਤੇ ਫਿਰ ਵੀਅਤਨਾਮ (1955-1975) ਵਿਚ। ਬੜੀ ਤਬਾਹੀ ਢਾਹੀ, ਬੜੀ ਤਬਾਹੀ ਝੱਲੀ। ਪਰ ਧੌਂਸਵਾਦੀ ਪਹੁੰਚ ਨਾ ਛੱਡੀ। ਇਹੋ ਪਹੁੰਚ ਬਾਅਦ ਵਿਚ ਇਰਾਕ (2003-2011) ਅਤੇ ਅਫਗਾਨਿਸਤਾਨ (2001 ਤੋਂ 2021) ਜੰਗਾਂ ਦੀ ਵਜ੍ਹਾ ਵੀ ਬਣੀ। ਭਰਵੀਂ ਨਮੋਸ਼ੀ ਦਾ ਬਾਇਜ਼ ਬਣੀਆਂ ਇਹ ਸਾਰੀਆਂ ਜੰਗਾਂ, ਪਰ ਅਮਰੀਕੀ ਸੋਚ-ਸੂਹਜ ਵਿਚ ਤਬਦੀਲੀ ਨਹੀਂ ਆਈ। ਉਸ ਦੀ ਚਾਲ ਤੇ ਚਰਿੱਤਰ ਅੱਜ ਵੀ ਅਮਨਪਸੰਦ ਮੁਲਕ ਵਾਲੇ ਨਹੀਂ। ਕਥਨੀ ਤੇ ਕਰਨੀ ਵਿਚ ਅੱਜ ਵੀ ਓਨੀ ਹੀ ਬੇਮੇਲਤਾ ਹੈ ਜਿੰਨੀ ਦੂਜੇ ਮਹਾਂਯੁੱਧ ਵੇਲੇ ਸੀ। ਅਮਨ ਤੇ ਮਾਨਵਤਾ ਦੇ ਨਾਂ 'ਤੇ ਜੰਗ-ਯੁੱਧ 'ਘੜਨ' ਦੀ ਬਿਰਤੀ ਹੁਣ ਵੀ ਅਮਰੀਕੀ ਵਿਦੇਸ਼ ਨੀਤੀ ਦਾ ਮੁੱਖ ਲੱਛਣ ਹੈ।

ਇਸੇ ਵਿਸ਼ਾ-ਵਸਤੂ ਨੂੰ ਬਾਖੂਬੀ ਵਿਆਖਿਆਨਦੀ ਹੈ ਸੈਮੂਏਲ ਮੌਇਨ ਦੀ ਕਿਤਾਬ 'ਹਿਊਮੇਨ: ਹਾਊ ਦਿ ਯੂਨਾਈਟਿਡ ਸਟੇਟਸ ਅਬੈਂਡਨਡ ਪੀਸ ਐਂਡ ਰੀਇਨਵੈਂਟਿਡ ਵਾਰ' (ਇਨਸਾਨੀਅਤ ਦੇ ਬਹਾਨੇ ਅਮਰੀਕਾ ਵੱਲੋਂ ਅਮਨ ਦਾ ਤਿਆਗ, ਯੁੱਧ ਨਾਲ ਮੋਹ-ਪਿਆਰ; ਵਰਸੋ ਬੁੱਕਸ; 484 ਪੰਨੇ; 1815 ਰੁਪਏ)। ਸੈਮੂਏਲ ਮੌਇਨ ਜ਼ੱਦ ਪੱਖੋਂ ਯਹੂਦੀ ਅਤੇ ਪੇਸ਼ੇ ਤੋਂ ਯੇਲ ਯੂਨੀਵਰਸਿਟੀ (ਅਮਰੀਕਾ) ਵਿਚ ਇਤਿਹਾਸ ਤੇ ਕਾਨੂੰਨ ਦਾ ਪ੍ਰੋਫੈਸਰ ਹੈ। ਜੰਗਾਂ-ਯੁੱਧਾਂ, ਅਮਨ ਵਾਰਤਾਵਾਂ ਤੇ ਇਨਸਾਨੀ ਹੱਕਾਂ ਬਾਰੇ ਤਿੰਨ ਕਿਤਾਬਾਂ ਉਹ ਪਹਿਲਾਂ ਛਪਵਾ ਚੁੱਕਾ ਹੈ। ਤਿੰਨੋਂ ਖੂਬ ਚਰਚਿਤ ਰਹੀਆਂ। 'ਹਿਊਮੇਨ' ਇਨ੍ਹਾਂ ਤਿੰਨਾਂ ਤੋਂ ਵੱਧ ਬਾਦਲੀਲ ਅਤੇ (ਬੌਧਿਕਤਾ ਪੱਖੋਂ) ਵੱਧ ਵਜ਼ਨੀ ਹੈ। ਇਹ ਅਮਰੀਕੀ ਨੀਤੀਆਂ ਦੇ ਅੰਨ੍ਹੇ ਵਿਰੋਧ ਤੋਂ ਨਹੀਂ ਉਪਜੀ; ਸਗੋਂ ਇਨ੍ਹਾਂ ਨੀਤੀਆਂ ਦੇ ਮਾਨਵੀ ਅਸਰਾਤ ਦੇ ਗਹਿਨ ਅਧਿਐਨ ਦੀ ਪੈਦਾਇਸ਼ ਹੈ। ਮੌਇਨ ਲਿਖਦਾ ਹੈ ਕਿ 19ਵੀਂ ਸਦੀ ਤੋਂ ਜੰਗਾਂ-ਯੁੱਧਾਂ ਨੂੰ ਮਾਨਵਵਾਦੀ ਸਿਧਾਂਤਾਂ ਦੇ ਦਾਇਰੇ ਵਿਚ ਲਿਆਉਣ ਦੇ ਯਤਨ ਲਗਾਤਾਰ ਹੁੰਦੇ ਆਏ ਹਨ। ਰੈੱਡ ਕਰਾਸ ਦੀ ਸਥਾਪਨਾ ਅਤੇ ਜਨੇਵਾ ਕਨਵੈਨਸ਼ਨ ਅਜਿਹੇ ਯਤਨਾਂ ਦਾ ਹੀ ਸਿੱਟਾ ਸਨ। ਪਰ ਕੀ ਅਜਿਹੇ ਯਤਨ ਜੰਗਾਂ ਦੀ ਵਹਿਸ਼ਤ ਅਤੇ ਇਸ ਵਹਿਸ਼ਤ ਰਾਹੀਂ ਹੋਣ ਵਾਲੀ ਮਾਨਵਤਾ ਦੀ ਤਬਾਹੀ ਨੂੰ ਕਿਸੇ ਵੀ ਤਰ੍ਹਾਂ ਘਟਾ ਸਕੇ? ਕੀ ਇਹ ਯਤਨ ਵੱਡੀਆਂ ਤਾਕਤਾਂ ਨੂੰ (ਮਾਨਵਤਾ ਬਚਾਉਣ ਦੇ ਬਹਾਨੇ) ਜੰਗਾਂ ਛੇੜਨ ਤੋਂ ਰੋਕਣ ਪੱਖੋਂ ਕਾਰਗਰ ਸਾਬਤ ਹੋਏ? ਸੰਧੀਆਂ, ਸਮਝੌਤਿਆਂ ਤੇ ਕਨਵੈਨਸ਼ਨਾਂ ਵਿਚ ਜ਼ੋਰ ਇਕੋ ਗੱਲ 'ਤੇ ਰਿਹਾ ਕਿ ਜੰਗ ਕਿਵੇਂ ਲੜੀ ਜਾਵੇ (ਤਾਂ ਜੋ ਆਮ ਲੋਕਾਈ ਦਾ ਘਾਣ ਘੱਟ ਤੋਂ ਘੱਟ ਹੋਵੇ)। ਜ਼ੋਰ ਤਾਂ ਇਸ ਗੱਲ 'ਤੇ ਰਹਿਣਾ ਚਾਹੀਦਾ ਸੀ ਕਿ ਜੰਗ ਲੜੀ ਹੀ ਕਿਉਂ ਜਾਵੇ। ਕਿਤਾਬ ਦੇ ਪੰਨਾ 45 'ਤੇ ਮੌਇਨ ਕਬੂਲਦਾ ਹੈ ਕਿ ਉਸ ਦੀ ਇਹ ਸੋਚ ਮੌਲਿਕ ਨਹੀਂ। ਉਸ ਦਾ ਮੁਰਸ਼ਦ ਤਾਂ ਲਿਓ ਤਾਲਸਤਾਏ ਹੈ ਜਿਸ ਨੇ ਆਪਣੇ ਸ਼ਾਹਕਾਰ ਨਾਵਲ 'ਜੰਗ ਤੇ ਅਮਨ' ਵਿਚ 'ਕਿਵੇਂ' ਦੀ ਥਾਂ 'ਕਿਉਂ' ਵਾਲਾ ਵਿਚਾਰ ਸਿੱਧੇ ਤੌਰ 'ਤੇ ਉਭਾਰਿਆ ਸੀ। ਤਾਲਸਤਾਏ ਨੇ ਭਵਿੱਖਬਾਣੀ ਵੀ ਕੀਤੀ ਸੀ ਕਿ ਸੰਧੀਆਂ/ਕਨਵੈਨਸ਼ਨਾਂ ਰਾਹੀਂ ਜੰਗਾਂ ਨੂੰ ਸੀਮਾਬੰਦ ਕਰਨ ਵਾਲਾ ਰਸਤਾ ਨਾ ਸਿਰਫ ਜੰਗਾਂ ਨੂੰ ਜਾਇਜ਼ਤਾ ਤੇ ਕਾਨੂੰਨੀ ਵੈਧਤਾ ਪ੍ਰਦਾਨ ਕਰੇਗਾ ਸਗੋਂ ਇਨ੍ਹਾਂ ਨੂੰ ਵੱਧ ਲੰਮੇਰਾ ਅਤੇ ਵੱਧ ਖੂਨੀ ਵੀ ਬਣਾਏਗਾ। ਇਹ ਭਵਿੱਖਬਾਣੀ ਕਿੰਨੀ ਸਹੀ ਸੀ, ਇਸ ਦੇ ਪ੍ਰਮਾਣ ਵੀਅਤਨਾਮ ਤੇ ਅਫਗਾਨ ਯੁੱਧ ਹਨ।






***ਸੈਮੂਏਲ ਮੌਇਨ (ਉਪਰ) ਅਤੇ ਉਨ੍ਹਾਂ ਦੀ ਕਿਤਾਬ 'ਹਿਊਮੇਨ: ਹਾਊ ਦਿ ਯੂਨਾਈਟਿਡ ਸਟੇਟਸ ਅਬੈਂਡਨਡ ਪੀਸ ਐਂਡ ਰੀਇਨਵੈਂਟਿਡ ਵਾਰ' ਦਾ ਮੁਖੜਾ।***

ਕਿਉਂਕਿ ਕਿਤਾਬ ਮੁੱਖ ਤੌਰ 'ਤੇ ਅਮਰੀਕਾ ਬਾਰੇ ਹੈ, ਇਸ ਲਈ ਮੌਇਨ ਨੇ 1945 ਤੋਂ ਬਾਅਦ ਅਮਰੀਕਾ ਵੱਲੋਂ ਲੜੀਆਂ ਚਾਰ ਜੰਗਾਂ ਉਪਰ ਹੀ ਆਪਣਾ ਅਧਿਐਨ ਕੇਂਦ੍ਰਿਤ ਕੀਤਾ ਹੈ। ਉਹ ਦੱਸਦਾ ਹੈ ਕਿ ਕੋਰੀਆ, ਵੀਅਤਨਾਮ, ਇਰਾਕ ਤੇ ਅਫਗਾਨ ਯੁੱਧਾਂ ਵਿਚ ਹਰ ਕਿਸਮ ਦੀ ਬਕਤਰਬੰਦੀ ਦੇ ਬਾਵਜੂਦ ਡੇਢ ਲੱਖ ਤੋਂ ਵੱਧ ਅਮਰੀਕੀ ਫੌਜੀ ਮਰੇ, ਚਾਰ ਲੱਖ ਤੋਂ ਵੱਧ ਜ਼ਖਮੀ ਹੋਏ ਅਤੇ ਬੇਪਨਾਹ ਮਾਲੀ ਨੁਕਸਾਨ ਹੋਇਆ। ਕਿਸੇ ਵੀ ਜੰਗ ਵਿਚ ਅਮਰੀਕਾ ਨੂੰ ਜਿੱਤ ਨਸੀਬ ਨਹੀਂ ਹੋਈ। ਪਰਮਾਣੂ ਹਥਿਆਰਾਂ ਨੂੰ ਛੱਡ ਕੇ ਹੋਰ ਸਾਰੇ ਵਿਨਾਸ਼ਕਾਰੀ ਅਸਤਰ ਇਨ੍ਹਾਂ ਯੁੱਧਾਂ ਵਿਚ ਵਰਤੇ ਗਏ। ਕੋਰੀਆ ਦੀ ਜੰਗ ਭਾਵੇਂ ਤਿੰਨ ਵਰ੍ਹੇ ਚੱਲੀ, ਪਰ ਇਸ ਵਿਚ ਪ੍ਰਤੀ ਵਿਅਕਤੀ ਜਾਨੀ ਨੁਕਸਾਨ ਦੋ ਮਹਾਂਯੁੱਧਾਂ ਨਾਲੋਂ ਵੀ ਵੱਧ ਹੋਇਆ। ਤਿੰਨ ਵਰ੍ਹੇ, 30 ਲੱਖ ਮੌਤਾਂ; ਉਹ ਵੀ ਇਕ ਔਸਤ ਅਮਰੀਕੀ ਰਾਜ ਜਿੰਨੇ ਜ਼ਮੀਨੀ ਖਿੱਤੇ ਵਿਚ। ਅਮਰੀਕਾ ਦੇ ਆਪਣੇ 40 ਹਜ਼ਾਰ ਫੌਜੀ ਮਰੇ। ਇਸ ਯੁੱਧ ਨੂੰ ਤਾਂ ਸੰਯੁਕਤ ਰਾਸ਼ਟਰ ਦੀ ਪ੍ਰਵਾਨਗੀ ਹਾਸਲ ਸੀ, ਵੀਅਤਨਾਮ ਬਾਰੇ ਤਾਂ ਅਮਰੀਕਾ ਨੇ ਜੰਗ ਦਾ ਰਸਮੀ ਐਲਾਨ ਤੱਕ ਨਹੀਂ ਕੀਤਾ। ਇਹ ਜੰਗ ਹਰ ਤਰ੍ਹਾਂ ਗ਼ੈਰਕਾਨੂੰਨੀ ਸੀ, ਪਰ 57 ਹਜ਼ਾਰ ਫੌਜੀ ਮਰਵਾ ਕੇ ਅਤੇ 15 ਲੱਖ ਤੋਂ ਵੱਧ ਵੀਅਤਨਾਮੀਆਂ ਦਾ ਘਾਣ ਕਰ ਕੇ ਵੀ ਅਮਰੀਕਾ ਨੇ ਸਬਕ ਸਿੱਖਣ ਵਾਲੀ ਬਿਰਤੀ ਨਹੀਂ ਦਿਖਾਈ। ਇਸੇ ਜੰਗ ਵਿਚ ਅਮਰੀਕਾ ਨੇ ਵਿਆਪਕ ਅੱਗਜ਼ਨੀ ਰਾਹੀਂ ਧਰਤੀ ਨੂੰ ਦਹਾਕਿਆਂ ਤੱਕ ਲੂਹ ਜਾਣ ਵਾਲੇ ਨੇਪਾਮ ਬੰਬ ਵੀ ਅਜ਼ਮਾਏ ਅਤੇ ਹਰਿਆਲੀ ਦਾ ਵਿਨਾਸ਼ ਕਰਨ ਤੇ ਮਿੱਟੀ-ਪਾਣੀ ਨੂੰ ਵਿਸ਼ੈਲਾ ਬਣਾਉਣ ਵਾਲੇ 'ਏਜੰਟ ਔਰੇਂਜ' ਵਰਗੇ ਜੈਵਿਕ ਹਥਿਆਰ ਵੀ ਵਰਤੇ। ਜੰਗੀ ਕੈਦੀਆਂ ਨੂੰ ਬਿਜਲਈ ਜੰਤਰਾਂ ਨਾਲ ਤਸੀਹੇ ਦੇਣ ਦੀਆਂ ਵਿਧੀਆਂ ਵੀ ਇਸੇ ਜੰਗ ਦੌਰਾਨ ਈਜਾਦ ਕੀਤੀਆਂ ਗਈਆਂ ਜਿਨ੍ਹਾਂ ਨੂੰ ਬਾਅਦ ਵਿਚ ਅਫਗਾਨ ਜੰਗ ਤੇ ਇਰਾਕ ਜੰਗ ਵੇਲੇ ਗੁਆਂਟਨਾਮੋ ਬੇਅ ਤੇ ਅਬੂ ਗ਼ਰੀਬ ਜੇਲ੍ਹਾਂ ਵਿਚ ਵੱਧ ਜ਼ਾਲਮਾਨਾ ਢੰਗਾਂ ਰਾਹੀਂ ਵਰਤਿਆ ਗਿਆ।

ਮੌਇਨ ਮੁਤਾਬਿਕ ਇਨ੍ਹਾਂ ਚੌਹਾਂ ਜੰਗਾਂ ਦੌਰਾਨ ਮੀਡੀਆ ਪਹਿਲਾਂ ਤਾਂ ਸਰਕਾਰੀ ਕੂਪ੍ਰਚਾਰ ਵਿਚ ਭਾਗੀਦਾਰ ਬਣਿਆ ਰਿਹਾ, ਪਰ ਬਾਅਦ ਵਿਚ ਉਸ ਨੇ ਸਰਕਾਰੀ ਝੂਠਾਂ ਨੂੰ ਬੇਪਰਦ ਕਰਨ ਵਿਚ ਪ੍ਰਮੁੱਖ ਭੂਮਿਕਾ ਨਿਭਾਈ। ਸਥਿਤੀ ਦਾ ਤ੍ਰਾਸਦਿਕ ਪੱਖ ਇਹ ਰਿਹਾ ਕਿ ਕਿਸੇ ਵੀ ਜੰਗ ਨੂੰ ਆਰੰਭਣ ਵੇਲੇ ਅਜਿਹੀ ਕੋਈ ਯੋਜਨਾ ਨਹੀਂ ਵਿਉਂਤੀ ਗਈ ਕਿ ਜੰਗ ਤੋਂ ਬਾਅਦ ਵਾਲੀ ਸਥਿਤੀ ਨਾਲ ਕਿਵੇਂ ਨਜਿੱਠਿਆ ਜਾਵੇਗਾ ਅਤੇ ਕਿਹੜਾ ਬਦਲਵਾਂ ਪ੍ਰਬੰਧ ਹੋਂਦ ਵਿਚ ਆਵੇਗਾ। ਇਰਾਕ ਵਿਚ ਅਮਰੀਕੀ ਦਖਲ ਦੋ ਮਹੀਨਿਆਂ ਅੰਦਰ ਸੱਦਾਮ ਹੁਸੈਨ ਦੀ ਗ੍ਰਿਫਤਾਰੀ ਦੇ ਨਾਲ ਖਤਮ ਹੋ ਜਾਣਾ ਚਾਹੀਦਾ ਸੀ, ਪਰ ਬਦਲਵੇਂ ਪ੍ਰਬੰਧ ਬਾਰੇ ਯੋਜਨਾਬੰਦੀ ਦੀ ਘਾਟ ਇਹ ਦਖਲ ਅੱਠ ਵਰ੍ਹੇ ਲੰਮਾ ਬਣਾ ਗਈ।

ਕਿਤਾਬ ਦੇ ਆਖਰੀ ਅਧਿਆਇ ਵਿਚ ਲੇਖਕ, ਅਮਰੀਕੀ ਪਹੁੰਚ ਵਿਚ ਤਬਦੀਲੀ ਆਉਣ ਦੀ ਕੋਈ ਉਮੀਦ ਨਹੀਂ ਜਗਾਉਂਦਾ। ਉਹ ਲਿਖਦਾ ਹੈ ਕਿ ਬਰਾਕ ਓਬਾਮਾ, ਡੋਨਲਡ ਟਰੰਪ ਤੇ ਜੋਅ ਬਾਇਡਨ ਜੰਗ-ਵਿਰੋਧੀ ਲੱਫਾਜ਼ੀ ਰਾਹੀਂ ਰਾਸ਼ਟਰਪਤੀ ਦੀ ਚੋਣ ਜਿੱਤੇ, ਪਰ ਸੱਤਾਵਾਨ ਹੁੰਦਿਆਂ ਹੀ ਜੰਗਬਾਜ਼ਾਂ ਵਾਂਗ ਵਿਚਰਨ ਲੱਗੇ। ਰਾਜਸੀ-ਫੌਜੀ-ਸਨਅਤੀ ਗੱਠਜੋੜ ਹੈ ਹੀ ਏਨਾ ਤਾਕਤਵਰ ਕਿ ਹਰ ਅਮਰੀਕੀ ਰਾਜਨੇਤਾ ਇਸ ਅੱਗੇ ਗੋਡੇ ਟੇਕਣ 'ਚ ਹੀ ਆਪਣੀ ਖੈਰ ਸਮਝਦਾ ਹੈ। ਜਦੋਂ ਤੱਕ ਇਹ ਆਲਮ ਹੈ, ਉਦੋਂ ਤੱਕ ਅਮਰੀਕਾ ਕਿਸੇ ਨਾ ਕਿਸੇ ਮੁਲਕ ਦੀ ਜੰਗ ਵਿਚ ਆਪਣੇ ਪੈਰ ਫਸਾਈ ਹੀ ਰੱਖੇਗਾ। 1945 ਤੋਂ ਬਾਅਦ 128 ਮੁਲਕ ਤਾਂ ਅਜਿਹਾ ਦਖਲ ਭੋਗ ਹੀ ਚੁੱਕੇ ਹਨ, ਭਵਿੱਖ ਕੁਝ ਸੁਖਾਵਾਂ ਵਾਪਰਨ ਦੀ ਆਸ ਨਹੀਂ ਬੰਨ੍ਹਾਉਂਦਾ।

ਦਾਨਿਸ਼ਵਰੀ ਅਤੇ ਪੜ੍ਹਨਯੋਗਤਾ ਦਾ ਸੁਮੇਲ ਹੈ ਮੌਇਨ ਦੀ ਕਿਤਾਬ।

> ***ਚੌਹਾਂ ਜੰਗਾਂ ਦੌਰਾਨ ਮੀਡੀਆ ਸਰਕਾਰੀ ਕੂਪ੍ਰਚਾਰ ਵਿਚ ਭਾਗੀਦਾਰ ਬਣਿਆ ਰਿਹਾ ਪਰ ਬਾਅਦ ਵਿਚ ਸਰਕਾਰੀ ਝੂਠਾਂ ਨੂੰ ਬੇਪਰਦ ਕਰਨ ਵਿਚ ਪ੍ਰਮੁੱਖ ਭੂਮਿਕਾ ਨਿਭਾਈ। ਕਿਸੇ ਵੀ ਜੰਗ ਨੂੰ ਆਰੰਭਣ ਵੇਲੇ ਅਜਿਹੀ ਕੋਈ ਯੋਜਨਾ ਨਹੀਂ ਵਿਉਂਤੀ ਗਈ ਕਿ ਜੰਗ ਤੋਂ ਬਾਅਦ ਵਾਲੀ ਸਥਿਤੀ ਨਾਲ ਕਿਵੇਂ ਨਜਿੱਠਿਆ ਜਾਵੇਗਾ।***

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਮਾਰਚ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-525



**ਆ ਗਏ ਨੇ ਗੈਸ ਚੁੱਲ੍ਹੇ, ਮੁੱਕ ਗਈਆਂ ਪਾਥੀਆਂ,**
**ਟੋਕਰੇ ਰਹੇ ਟਾਵੇਂ ਟਾਵੇਂ, ਨਾ ਜਾਣੇ ਕੋਈ ਪਾਥੀਆਂ,**
**ਪੜ੍ਹ ਪੜ੍ਹ ਵਿੱਦਿਆ ਨੂੰ, ਗੋਹਾ ਕੂੜਾ ਭੁੱਲੀਆਂ ਨੇ,**
**ਸੋਹਲ ਰਹਿਣ ਕੁੜੀਆਂ, ਸਫ਼ਾਈ 'ਤੇ ਡੁੱਲ੍ਹੀਆਂ ਨੇ।**

## ਕੈਪਸ਼ਨ ਮੁਕਾਬਲਾ-523



ਗੋਹੇ ਮਿੱਟੀ ਵਿਚ ਗੁੰਨ੍ਹ ਕੇ ਤੂੜੀ,
ਕਿੰਗਰਿਆਂ ਵਾਲੀ ਸ਼ੈਲਫ਼ ਬਣਾਈ।
ਪਾਂਡੂ ਵਾਲਾ ਫੇਰ ਕੇ ਪੋਚਾ,
ਚਮਕਣ ਲਾਈ ਇਹ ਗੋਲਾਈ।
ਟਿਕਾ ਕੇ ਉੱਪਰ ਭਾਂਡਾ ਟੀਂਡਾ,
ਕਲਾਕਾਰੀ ਦੀ ਹੱਦ ਮੁਕਾਈ।
***-ਜਗਮੀਤ ਸਿੰਘ ਪੰਧੇਰ***
***ਫੋਨ:+1 2042963177***

---

ਕੱਚੇ ਘਰ ਦੀਆਂ ਵਲਗਣਾਂ ਵਿਚ,
ਚੁੱਲ੍ਹੇ ਨੇੜੇ ਭਾਂਡਿਆਂ ਵਾਸਤੇ
ਸਟੈਂਡ ਬਣਾਇਆ।
ਗਾਜ਼ਨੀ, ਤੂੜੀ ਤੇ ਚੀਕਣੀ ਮਿੱਟੀ ਨੂੰ,
ਗੁੰਨ੍ਹ ਕੇ ਚੰਗੀ ਤਰ੍ਹਾਂ ਖੂਬ ਗਲਾਇਆ।
ਸੁਵਿਧਾ ਅਨੁਸਾਰ ਸੁਆਹ ਨਾਲ ਮਾਂਜ ਕੇ,
ਬਰਤਨਾਂ ਨੂੰ ਉਨ੍ਹਾਂ ਦੀ ਥਾਂ 'ਤੇ ਟਿਕਾਇਆ।
ਕਾਰੀਗਰੀ ਨਾਲ ਬੁਰਜ ਨੂੰ ਗੋਲਾਈ ਦਿੱਤੀ,
ਮੰਮੀ ਨੇ ਕਲਾਕਾਰੀ ਦਾ ਲੋਹਾ ਮਨਵਾਇਆ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾ (ਪਟਿਆਲਾ)***
***ਫੋਨ: 98784-69639***

---

ਲੋੜ ਈਜਾਦ ਦੀ ਮਾਂ ਹੈ,
ਜਗ੍ਹਾ ਤੰਗ ਜੁਗਤ ਦਾ ਕਮਾਲ,
ਥੋੜ੍ਹੀ ਰੀਣ ਰਲਾ ਕੇ ਚੀਕਨੀ ਮਿੱਟੀ 'ਚ
ਮੰਜ਼ਲ ਉਪਰ ਮੰਜ਼ਲ
ਪੜਛੱਤੀ ਦਿੱਤੀ ਬਣਾ,
ਜਿੱਥੇ ਅਮੀਰਾਂ ਦੇ ਚੋਹਲ,
ਗਰੀਬਾਂ ਦੀ ਮਜਬੂਰੀ,
ਕੋਈ ਫੁੱਲਾਂ ਨਾਲ ਵੀ ਹੱਸਦਾ ਨਹੀਂ,
ਕੋਈ ਕੰਡਿਆਂ ਨਾਲ ਨਿਭਾ ਜਾਂਦਾ,
ਚਿਣ ਦਿਓ ਭਾਂਡੇ ਉਪਰ ਭਾਂਡਾ,
ਗਾਗਰ 'ਚ ਸਾਗਰ ਕਰ ਦਿੱਤਾ ਬੰਦ।
***-ਦਰਸ਼ਨ ਪਾਲ ਦੋਸਾਂਝ***

---

ਸਮੱਸਿਆਵਾਂ ਬਹੁਤ ਸਾਰੀਆਂ ਸੀ
ਹੱਲ ਵੀ ਬਹੁਤ ਸਾਰੇ ਸਨ,
ਇਤਿਹਾਸ ਕਹਿਣ ਲੱਗਾ,
ਕਿੱਥੇ ਤੁਹਾਡੀ ਦੁਨੀਆ ਤੇ ਵਿਰਸਾ
ਫਿਰ ਮਿੱਟੀ ਨਾਲ ਘੁਲਣ ਦੀ
ਕਰ ਲਈ ਤਿਆਰੀ।
ਪੜਛੱਤੀ ਬਣਾਈ ਕ੍ਰਮਵਾਰ
ਉਹ ਵੀ ਵਾਰੀ ਵਾਰੀ।
ਭਾਂਡਿਆਂ ਦੀ ਲਗਾਈ ਕਤਾਰ
ਬਣਾਇਆ ਫਿਰ ਵਿਰਸੇ ਦਾ ਸ਼ਿੰਗਾਰ।
***-ਬੱਲਾ ਲਬਾਣਾ***

# ਸਰਵਰਕ

ਕਿਸੇ ਰਿਸ਼ਤੇ ਦੀ ਕਿਤਾਬ ਦਾ
ਸਰਵਰਕ ਬਣਨਾ ਆਇਆ।
ਪੁੱਛਿਆ ਮੈਂ:
ਅੰਦਰ ਕੀ ਏ?
ਵਿਆਹੀ ਹੋਈ
ਇਕ ਕਵਿਤਾ ਏ ਬਸ!
ਆਰਟਿਸਟਾ
ਤੂੰ ਤਾਂ ਜਾਣਦਾਂ,
ਵਿਆਹੇ ਵਰ੍ਹਿਆਂ ਨੂੰ
ਵਰ੍ਹਿਆਂ ਤੋਂ....
ਬਣਾ ਫਿਰ
ਸਰਵਰਕ ਕੋਈ
ਕਵਾਰਾ ਜਿਹਾ!
***-ਹਰਮੀਤ ਆਰਟਿਸਟ***

# ਸੁਖਨ ਦੇ ਵਾਰਿਸ ਦੀ ਤੀਸਰੀ ਜਨਮ ਸ਼ਤਾਬਦੀ

***ਸਾਲ 2022 ਪੰਜਾਬੀ ਦੇ ਸਰਕਰਦਾ ਸ਼ਾਇਰ ਵਾਰਿਸ ਸ਼ਾਹ ਤੀਜੀ ਜਨਮ ਸ਼ਤਾਬਦੀ ਵਾਲਾ ਸਾਲ ਹੈ। ਰਿਕਾਰਡ ਮੁਤਾਬਿਕ ਉਸ ਦਾ ਜਨਮ 1722 ਦਾ ਹੈ ਅਤੇ ਉਹ 1798 ਵਿਚ ਫੌਤ ਹੋ ਗਿਆ ਪਰ ਉਹ ਆਪਣੀ ਲਿਖੀ ਰਚਨਾ 'ਹੀਰ' ਕਾਰਨ ਸਾਹਿਤ ਜਗਤ ਧਰੂ ਤਾਰਾ ਹੋ ਨਿਬੜਿਆ। ਈਸ਼ਵਰ ਦਿਆਲ ਗੌੜ ਨੇ ਆਪਣੇ ਇਸ ਲੇਖ ਵਿਚ ਹੀਰ ਦੀ ਪੋਥੀ ਦੇ ਸਮਾਜਕ, ਸਭਿਆਚਾਰਕ ਅਤੇ ਕਈ ਹੋਰ ਪ੍ਰਸੰਗ ਵਿਚਾਰੇ ਹਨ ਜਿਨ੍ਹਾਂ ਦਾ ਪੰਜਾਬੀ ਰਹਿਤਲ ਉਤੇ ਖਾਸ ਅਸਰ ਹੈ।***

ਵਾਰਿਸ ਸ਼ਾਹ ਮਾਹਿਰ ਕਿੱਸਾਕਾਰ ਹੈ। ਉਸ ਨੇ ਪੰਜਾਬ ਦੇ ਸਭਿਆਚਾਰ ਦੇ ਇਤਿਹਾਸ ਦੀਆਂ ਵੰਨ-ਸੁਵੰਨੀਆਂ ਸਚਾਈਆਂ ਨੂੰ ਇਸ ਕਦਰ ਕੱਤਿਆ ਕਿ ਉਸ ਦੀ ਕਿਰਤ 'ਹੀਰ', ਵਾਰਿਸ ਦੇ ਨਾਂ ਨਾਲ ਪੂਰੀ ਦੁਨੀਆ 'ਚ ਮਕਬੂਲ ਹੋਈ। ਵਾਰਿਸ ਸ਼ਾਹ ਪਾਸ ਪੰਜਾਬੀ ਜਗਤ ਨੂੰ ਪੇਸ਼ ਕਰਨ ਦੀ ਜੁਗਤ ਕਾਬਲ-ਏ-ਤਾਰੀਫ ਹੈ। ਅਜਿਹੀ ਵਿਉਂਤ ਨਿਗਾਰੀ ਉਸ ਦੀ ਸਭਿਆਚਾਰ-ਸੰਚਾਰ ਕਲਾ ਨਾਲ ਗਹਿਰਾ ਤਅੱਲੁਕ ਰੱਖਦੀ ਹੈ। ਉਹ ਪੰਜਾਬੀ ਲੋਕਾਈ ਦੇ ਵਜੂਦ ਦੇ ਰਹਿਤਲੀ ਪਿੜ ਦੀ ਜ਼ਿਆਰਤ ਕਰਨ ਵਾਲਾ ਇਮਾਨਦਾਰ ਹਾਜੀ ਹੈ। ਉਹ ਗੈਰ-ਰਵਾਇਤੀ ਕਿਸਮ ਦਾ ਕਿੱਸਾਕਾਰ ਹੈ। ਸਥਾਪਤ ਤੇ ਗਾਲਬ



**ਈਸ਼ਵਰ ਦਿਆਲ ਗੌੜ**
**ਫੋਨ: +91-98783-69932**

ਮਿਸਲਖਾਨਿਆਂ ਵੱਲ ਜਾਣ ਦੀ ਬਜਾਇ, ਰਹਿਤਲ ਵੱਲ ਜਾਂਦਾ ਹੈ। ਪੋਥੀ ਨੂੰ ਸਮਾਜ ਵਿਚ ਫੈਲੇ ਹੋਏ ਗਾਲਬ ਅਤੇ ਹਕੂਮਤੀ ਸੰਸਾਰ ਵਿਰੋਧੀ ਬਣਾਉਣ ਲਈ ਕਿਵੇਂ ਘੜਨਾ-ਤਰਾਸ਼ਣਾ ਹੈ, ਇਸ ਚੱਕਰਵਿਊਹ ਦੀ ਉਸਾਰੀ ਦਾ ਉਹ ਉਸਤਾਦ ਹੈ। ਪੋਥੀ-ਸਿਰਜਣਾ ਦਾ ਤਲਿੱਸਮੀ ਪੈਰਾਡਾਈਮ ਵਾਰਿਸ ਸ਼ਾਹ ਕੋਲ ਹੀ ਹੈ।

ਦੇਖਣ ਤੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਸ ਸਥਾਪਤੀ ਵਿਰੋਧੀ ਪੋਥੀ ਦਾ ਮਰਕਜ਼ ਜਾਂ ਸੰਤੁਲਨ ਬਿੰਦੂ ਇਸ਼ਕ ਹੈ ਜੋ ਸ਼ਸਤਰ ਨਹੀਂ, ਸ਼ਾਸਤਰ ਹੈ। ਵਾਰਿਸ ਸ਼ਾਹ ਆਪਣੀ ਪੋਥੀ ਦਾ ਆਗਾਜ਼ ਹੀ ਇਸ ਪ੍ਰੇਮ-ਸ਼ਾਸਤਰ ਤੇ ਇਸ ਦੇ ਹੋਣ ਵਾਲੇ ਅਸਰ ਤੋਂ ਕਰਦਾ ਹੈ: "ਖਿਲੇ ਤਿਨ੍ਹਾਂ ਦੇ ਬਾਗ ਕਲੂਬ ਅੰਦਰ, ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।" ਪੋਥੀ ਦੀ ਪੜ੍ਹਤ ਦੱਸਦੀ ਹੈ ਕਿ ਇਸ਼ਕ ਕੇਵਲ ਔਰਤ-ਮਰਦ ਦਰਮਿਆਨ ਹੀ ਨਹੀਂ ਹੁੰਦਾ। ਇਸ਼ਕ ਦਾ ਮਸਲਾ ਸਮੁੱਚੀ ਮਨੁੱਖਤਾ ਨਾਲ ਜੁੜਿਆ ਹੈ। ਹੀਰ ਦਾ ਆਪਣੇ ਮਾਪਿਆਂ ਤੇ ਕਾਜ਼ੀ ਨਾਲ ਸਦੀਵੀ ਝਗੜਾ ਇਸ਼ਕ ਦੇ ਅਰਥਾਂ 'ਤੇ ਹੀ ਹੈ। ਸੂਫੀ 'ਇਸ਼ਕ' ਅਤੇ 'ਮੁਹੱਬਤ' ਦਰਮਿਆਨ ਵੀ ਸੂਖਮ ਕਿਸਮ ਦਾ ਫਰਕ ਕਰਦੇ ਹਨ। ਇਸ਼ਕ ਦਾ ਤਅੱਲੁਕ ਦੀਦਾਰ ਕਰਨ ਨਾਲ ਹੈ ਜਦੋਂਕਿ ਮੁਹੱਬਤ ਸਿਮਰ ਕੇ ਜਾਂ ਸਰਵਣ ਕਰ ਕੇ ਵੀ ਹੋ ਜਾਂਦੀ ਹੈ।

ਇਸ਼ਕ 'ਚ ਮਹਿਜ਼ ਦੇਹ ਤੇ ਵਾਸਨਾ ਹੀ ਨਹੀਂ ਹੁੰਦੇ, ਇਮਾਨ ਵੀ ਰੁਮਕਦਾ ਹੁੰਦਾ ਹੈ। ਅਜਿਹੇ ਇਸ਼ਕ ਵਿਚ/ਲਈ ਮਰਨ ਨੂੰ ਸ਼ਹਾਦਤ ਆਖਦੇ ਹਨ। ਰੰਗਪੁਰ ਖੇੜਿਆਂ ਦਾ ਅਯਾਲ ਰਾਂਝੇ ਨੂੰ ਤਾਹਨਾ ਮਾਰਦਾ ਹੈ: "ਬਣੇਂ ਗਾਜ਼ੀ ਜੇ ਮਰੇਂ ਸ਼ਹੀਦ ਹੋਵੇਂ, ਏਹ ਖਲਕ ਤੇਰੇ ਹੱਥ ਆਵਣੀ ਸੀ।" ਆਸ਼ਕ ਮੌਤ ਤ੍ਰਾਸ ਦੇ ਸ਼ਿਕਾਰ ਨਹੀਂ ਹੁੰਦੇ ਸਗੋਂ ਇਮਾਨ-ਇਸ਼ਕ ਲਈ ਸ਼ਹਾਦਤ ਮੂਲਕ ਜ਼ਿੰਦਗੀ ਜਿਊਣ ਦੀ ਤੀਬਰ ਅੰਤਰਪ੍ਰੇਰਨਾ, ਅੰਤਰਕਾਮਨਾ ਜਾਂ ਮੋਹ ਹਰ ਪਲ ਚੜ੍ਹਦੀ ਕਲਾ 'ਚ 'ਮੌਤ' ਉਤੇ ਹਾਵੀ ਰਹਿੰਦਾ ਹੈ, ਜਾਂ ਉਸ ਦੇ ਵਸਲ ਲਈ ਲੁੱਛ ਰਿਹਾ ਹੁੰਦਾ ਹੈ। ਵਸਲ ਜਿੰਦ ਦੇ ਵਿਛੋੜੇ ਬਗੈਰ ਸੰਭਵ ਨਹੀਂ: "ਵਾਰਿਸ ਸ਼ਾਹ ਮੀਆਂ ਇਨ੍ਹਾਂ ਆਸ਼ਕਾਂ ਨੂੰ, ਫਿਕਰ ਜ਼ਰਾ ਨਾ ਜਿੰਦ ਗਵਾਵਣੇ ਦਾ।" ਸ਼ਾਹ ਹੁਸੈਨ ਸੂਲੀ 'ਤੇ ਚੜ੍ਹ ਕੇ ਸ਼ਹਾਦਤ ਦੇ ਹੁਲਾਰੇ ਲੈਣਾ ਲੋਚਦਾ ਹੈ। ਇਸ਼ਕ ਦੇ ਸੰਸਾਰ ਵਿਚ ਆਸ਼ਕ ਦੀ ਦੇਹ ਅਤੇ ਉਸ ਦਾ ਇਮਾਨ ਨਾਲੋ-ਨਾਲ ਵਿਚਰਦੇ ਹਨ। ਵਸਲ ਦੀ ਸਿੱਕ ਮੁਸਲਸਲ ਤੀਬਰ ਰਹਿੰਦੀ ਹੈ। ਭਗਤੀ ਕਾਵਿ 'ਚ ਭਗਵਾਨ ਕ੍ਰਿਸ਼ਨ ਦਾ 'ਮਦਨ ਮੋਹਨਾ' ਅਕਸ ਬੜਾ ਬਲਵਾਨ ਹੈ। ਉਹ ਮਦਨ ਮੋਹਨ ਹੈ, ਮੋਂਹਦਾ ਹੈ। ਪੋਥੀ ਹੀਰ ਵਾਰਿਸ 'ਚ ਸ਼ਹਾਦਤ ਤੇ ਸ਼ਹਾਦਤ ਮੂਲਕ ਜ਼ਿੰਦਗੀ ਜਿਊਣ ਦੀ ਤੀਬਰ ਅੰਤਰ-ਕਾਮਨਾ ਦਾ ਸੁਮੇਲ ਅਮਲ ਤੇ ਪ੍ਰਵਚਨ ਦੇ ਪੱਧਰ 'ਤੇ ਮੌਜੂਦ ਹੈ ਜੋ ਗਾਲਬ ਸਮਾਜਕ ਵਿਵਸਥਾ 'ਚ ਜ਼ਿੰਦਗੀ ਜਿਊਣ ਨੂੰ ਖਾਸ ਸੇਧ ਦਿੰਦਾ ਹੈ। ਇਮਾਨ-ਇਸ਼ਕ ਦੀ ਜ਼ਿੰਦਗੀ ਬਸਰ ਕਰਨ ਵਾਲਿਆਂ ਲਈ ਕੰਤ ਦਾ ਦਰ ਲੋਚਨਯੋਗ ਹੁੰਦਾ ਹੈ: "ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥ ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥" ਰਾਂਝਾ ਇਸ ਦਰ ਦੇ ਦੀਦਾਰ ਲਈ ਜੋਗੀ ਹੋ ਜਾਂਦਾ ਹੈ। ਇਮਾਨ-ਇਸ਼ਕ ਦਾ ਸੰਸਾਰ ਤੇ ਇਸ ਦਾ ਸੁਹਜ-ਸ਼ਾਸਤਰ ਕਮਾਲ ਹੈ। ਜੇ ਕੰਤ ਦੇ ਦਰ 'ਤੇ ਨਹੀਂ ਜਾਇਆ ਜਾ ਸਕਦਾ ਤਾਂ ਕੰਤ ਆਪ ਆਣ ਦਸਤਕ ਦੇ ਦਿੰਦਾ ਹੈ।

ਕਾਸਦ ਜਾਇ ਕੇ ਰਾਂਝੇ ਨੂੰ ਖਤ ਦਿੱਤਾ,
ਨੱਢੀ ਮੋਈ ਪਈ, ਨੱਕ 'ਤੇ ਜਾਨ ਮੀਆਂ
ਤੇਰੇ ਵਾਸਤੇ ਰਾਤ ਨੂੰ ਗਿਣੇ ਤਾਰੇ,
ਕਿਸ਼ਤੀ ਨੂਹ ਦੀ ਵਿਚ ਤੂਫਾਨ ਮੀਆਂ
ਇਕ ਘੜੀ ਆਰਾਮ ਨਾ ਆਉਂਦਾ ਏ,
ਕੇਹਾ ਠੋਕਿਉ ਪ੍ਰੇਮ ਦਾ ਬਾਨ ਮੀਆਂ
ਰਾਤੀਂ ਘੜੀ ਨਾ ਸੇਜ 'ਤੇ ਮੂਲ ਸੌਂਦੀ,
ਰਹੇ ਲੋਕ ਬਥੇਰੜੇ ਰਾਨ ਮੀਆਂ

ਵਾਰਿਸ ਸ਼ਾਹ ਨੂੰ ਇਲਮ ਹੈ ਕਿ ਕਹਾਣੀ ਦੇ ਸੁਚੱਜੇ ਕੱਤ 'ਚੋਂ ਹੀ ਕਥਾਨਕ ਪੈਦਾ ਹੁੰਦਾ ਹੈ; ਪ੍ਰਵਚਨ ਦੀ ਪਦਵੀ 'ਤੇ ਪਹੁੰਚਦਾ ਹੈ; ਤੇ ਅਖੀਰ ਪੋਥੀ ਦਾ ਰੁਤਬਾ ਹਾਸਿਲ ਕਰਦਾ ਹੈ। ਕਥਾ ਤੋਂ ਪੋਥੀ ਤੀਕ ਦਾ ਸਫਰ ਬੜਾ ਕਠਿਨ ਹੁੰਦਾ ਹੈ। ਪੋਥੀ ਹੀ ਪ੍ਰਵਚਨ ਹੁੰਦੀ ਹੈ। ਵਾਰਿਸ ਸ਼ਾਹ ਅਜਿਹੇ ਸਫਰ ਦਾ ਜ਼ਿਕਰ ਇੱਕ-ਦੋ ਵਾਰ ਕਰਦਾ ਵੀ ਹੈ: "ਬਹੁਤ ਜੀਉ ਦੇ ਵਿਚ ਤਤਬੀਰ ਕਰਕੇ, ਫਰਹਾਦ ਪਹਾੜ ਨੂੰ ਤੋੜਿਆ ਏ।" ਪੋਥੀ ਦੀ ਸਿਰਜਣਾ ਤੀਕ ਪਹੁੰਚਣ ਦਾ ਮਾਰਗ ਇਸ਼ਕ ਦੇ ਤਸੀਹੇ ਭਰੇ ਮਾਰਗ ਜਿਹਾ ਵੰਗਾਰਮਈ ਹੈ। ਜੇ ਅਜਿਹਾ ਨਾ ਹੁੰਦਾ ਤਾਂ ਹੀਰ ਦੀ ਸਿਰਜਣਾ ਕਰਦਿਆਂ ਵਾਰਿਸ ਸ਼ਾਹ ਨੂੰ 'ਫਰਹਾਦ' ਤੇ 'ਪਹਾੜ' ਜਿਹੀਆਂ ਵਿਰਾਟ ਤਸ਼ਬੀਹਾਂ ਦੀ ਲੋੜ ਨਾ ਪੈਂਦੀ। ਰਾਂਝੇ ਦਾ ਜਦੋਂ ਆਖਰੀ ਸਾਹ ਨਿਕਲਦਾ ਹੈ ਉਦੋਂ ਵੀ ਫਰਹਾਦ ਹਾਜ਼ਰ ਹੁੰਦਾ ਹੈ: "ਰਾਂਝੇ ਵਾਂਗ ਫਰਹਾਦ ਦੇ ਆਹ ਕੱਢੀ, ਜਾਨ ਗਈ ਸੂ ਹੋਇ ਹਵਾਇ ਮੀਆਂ।" ਸੋ, ਗੁੱਝੀ ਬਾਤ ਇਹ ਹੈ ਕਿ ਉਹ ਪੋਥੀ ਦੇ ਸਿਰਜਨਾ ਕਰਨ ਦੇ ਅਮਲ ਨੂੰ ਇਸ਼ਕ ਹੋ ਜਾਣ ਦੇ ਬਰਾਬਰ ਸਮਝਦਾ ਹੈ। ਉਹ ਸਾਹਿਤ ਅਤੇ ਸਾਹਿਤਕਾਰ ਦਾ ਮਿਜ਼ਾਜ ਦੱਸ ਰਿਹਾ ਹੈ। ਇਸ਼ਕ ਦੀ ਪੋਥੀ ਨੂੰ ਲਿਖਣ ਲਈ ਲੁੱਛ ਰਿਹਾ ਵਾਰਿਸ ਸ਼ਾਹ, ਅਤੇ ਹੀਰ ਦੇ ਦੀਦਾਰ ਨੂੰ ਲੁੱਛ ਰਿਹਾ ਰਾਂਝਾ ਇਸ਼ਕ ਦੇ ਪੈਂਡੇ ਦੇ ਅਣਥੱਕ ਮੁਸਾਫਰ ਹਨ: "ਹੱਥ ਪਕੜ ਕੇ ਜੁੱਤੀਆਂ ਮਾਰ ਬੁੱਕਲ, ਰਾਂਝਾ ਹੋ ਟੁਰਿਆ ਵਾਰਿਸ ਸ਼ਾਹ ਜੇਹਾ।"

ਪੀਰਾਂ ਦਿੱਤਾ ਤ੍ਰੱਗੜ ਦੀ ਸੰਪਾਦਨ ਕੀਤੀ ਹੀਰ ਵਾਰਿਸ (ਜੋ 1910 ਵਿਚ ਕੁਤਬ-ਖਾਨਾ ਮੁਹੰਮਦੀ, ਲਾਹੌਰ ਨੇ ਛਾਪੀ) 'ਚ ਬਹੁਤ ਰਲੇਵੇਂ ਪਾਏ ਗਏ ਹਨ ਪਰ ਉਸ ਦੇ ਇੱਕ ਐਡੀਸ਼ਨ 'ਚ ਵਾਰਿਸ ਸ਼ਾਹ ਦੀ ਮਲਕਾ ਹਾਂਸ ਦੀ ਮਸੀਤ ਦੇ ਹੁਜਰੇ ਵਿਚ ਬੈਠੇ ਦੀ ਛਪੀ ਤਸਵੀਰ ਕਮਾਲ ਦੀ ਹੈ। ਇਸ ਤਸਵੀਰ 'ਚ ਕਲਾਕਾਰ ਨੇ ਹੀਰ ਲਿਖਣ ਦੇ ਮੰਜ਼ਰ ਨੂੰ ਪੇਸ਼ ਕੀਤਾ ਹੈ। ਉਹ ਚੰਨ-ਚਾਨਣੀ ਰਾਤ 'ਚ ਬੜੀ ਗੰਭੀਰ ਮੁਦਰਾ ਵਿਚ ਬੈਠਾ ਹੀਰ ਲਿਖ ਰਿਹਾ ਹੈ। ਹੁਜਰੇ ਦਾ ਦਰਵਾਜ਼ਾ ਖੁੱਲ੍ਹਾ, ਸਾਹਮਣੇ ਮਸੀਤ ਅਤੇ ਚੰਨ ਗਵਾਹੀ ਦੇ ਰਿਹਾ ਹੈ। ਉਸ ਦੇ ਚਾਨਣ ਨੇ ਵਾਰਿਸ ਸ਼ਾਹ ਨੂੰ ਆਪਣੀ ਬੁੱਕਲ ਵਿਚ ਲਪੇਟਿਆ ਹੋਇਆ ਹੈ। ਹੀਰ ਦੇ ਲਿਖੇ ਕੁਝ ਪੰਨੇ ਉਸ ਦੇ ਅੱਗੇ ਪਏ ਹਨ। ਉਸ ਦੀ ਪਿੱਠ ਪਿੱਛੇ ਸੁਰਾਹੀ ਲੁਕੀ ਬੈਠੀ ਹੈ ਜੋ ਇਸ ਬਾਤ ਨੂੰ ਦਰਸਾਉਂਦੀ ਹੈ ਕਿ ਸਰੂਰ ਦਾ ਵਾਸ ਜਿਸਮ 'ਚ ਹੁੰਦਾ ਹੈ। ਜਿੰਨੀ ਦੇਰ ਸਰੂਰ ਜਿਸਮ 'ਚ ਰਹਿੰਦਾ ਹੈ ਬੰਦਾ ਸੂਫੀਆਨਾ ਮਸਤੀ 'ਚ ਝੂਮਦਾ ਰਹਿੰਦਾ ਹੈ। ਉਸ ਸਮੇਂ ਉਹ ਰਚਨਾਕਾਰ ਹੁੰਦਾ ਹੈ। ਸਰੂਰ ਤੇ ਨਸ਼ੇ 'ਚ ਇਹੋ ਗੌਰਤਲਬ ਫਰਕ ਹੈ। ਸਰੂਰ ਰੂਪੋਸ਼ ਰਹਿੰਦਾ ਹੈ। ਉਸ ਨੂੰ ਮਸੀਤ ਜਾਂ ਕਾਨੂੰਨਦਾਨਾਂ ਦੇ ਸਾਹਵੇਂ ਹੋਣ ਦੀ ਇਜਾਜ਼ਤ ਨਹੀਂ। ਹੀਰ ਰਾਂਝੇ ਦੇ ਇਸ਼ਕ ਦੀ ਕਲਮਬੰਦੀ, ਰਾਤ, ਚੰਨ, ਮਸੀਤ, ਹੁਜਰਾ, ਸੁਰਾਹੀ ਤੇ ਵਾਰਿਸ ਸ਼ਾਹ ਦਾ ਸੰਜੀਦਾ ਅੰਦਾਜ਼ ਸਭੇ ਮਿਲ ਕੇ ਪੋਥੀ ਹੀਰ ਵਾਰਿਸ ਦੀ ਸਿਰਜਨ ਪ੍ਰਕਿਰਿਆ ਨੂੰ ਦਰਸਾ ਰਹੇ ਹਨ। ਤਸਵੀਰ ਆਪਣੇ ਆਪ 'ਚ ਮੁਕੰਮਲ ਹੈ, ਦੱਸਦੀ ਹੈ ਕਿ ਵਾਰਿਸ ਸ਼ਾਹ ਪੋਥੀ ਦੀ ਸਿਰਜਨਾ ਤੇ ਇਸ਼ਕ ਦੇ ਮਸਲੇ ਨੂੰ ਕਿਵੇਂ ਸਮਝ ਰਿਹਾ ਹੈ ਅਤੇ ਕਿਵੇਂ ਉਸ ਨੂੰ ਸੰਵੇਦਨਸ਼ੀਲ ਬਣਾ ਰਿਹਾ ਹੈ। ਉਸ ਨੂੰ ਸਿਰਜਣਾ ਤੇ ਇਸ਼ਕ ਦੇ ਪੈਂਡਿਆਂ ਦੀਆਂ ਔਖਿਆਈਆਂ-ਖੁਆਰੀਆਂ ਦਾ ਬਾਖੂਬੀ ਇਲਮ ਹੈ: "ਕੀਤੀਆਂ ਮਿਹਨਤਾਂ, ਵਾਰਿਸਾ ਦੁੱਖ ਝਾਗੇ, ਰਾਤਾਂ ਜਾਂਦੀਆਂ ਨਹੀਂ ਨਚੱਲੀਆਂ ਨੇ।"







*19ਵੀਂ ਸਦੀ ਦੇ ਅਖੀਰ ਵਿਚ ਲਾਹੌਰ ਦੇ ਕਿਸੇ ਚਿੱਤਰਕਾਰ ਦਾ ਬਣਾਇਆ ਵਾਰਿਸ ਸ਼ਾਹ ਦਾ ਚਿੱਤਰ ਅਤੇ (ਸੱਜੇ) 'ਹੀਰ ਵਾਰਿਸ ਸ਼ਾਹ' ਦਾ ਬਹੁਤ ਪੁਰਾਣਾ ਛਪਿਆ ਕਿੱਸਾ।*

ਜੇ ਹਵਾਲਾ ਅਧੀਨ ਤਸਵੀਰ 'ਚ ਦਿਖਾਏ ਹੁਜਰੇ (ਜਿਸ ਵਿਚ ਦਾਨਿਸ਼ਮੰਦ ਵਾਰਿਸ ਸ਼ਾਹ ਬਿਰਾਜਿਆ ਹੋਇਆ ਕਹਾਣੀ ਦੀ ਕਥਾਨਕਸਾਜ਼ੀ ਕਰ ਰਿਹਾ ਹੈ) ਦੀ ਤੁਲਨਾ ਹੀਰ ਵਿਚ ਬਿਆਨੇ ਕਾਜ਼ੀ ਦੇ ਹੁਜਰੇ ਨਾਲ ਕੀਤੀ ਜਾਵੇ, ਤਦ ਹੁਜਰੇ ਦੇ ਸੁਚੱਜੇ ਅਤੇ ਕੁਚੱਜੇ ਇਸਤੇਮਾਲ ਦਾ ਫਰਕ ਮਾਲੂਮ ਹੁੰਦਾ ਹੈ: "ਵਾਰਿਸ ਸ਼ਾਹ ਵਿਚ ਹੁਜਰਿਆਂ ਫਿਹਲ ਕਰਦੇ, ਮੁੱਲਾਂ ਲਾਂਵਦੇ ਜੋਤਰੇ ਵਾਹੀਆਂ ਨੂੰ।"

ਵਾਰਿਸ ਸ਼ਾਹ ਆਪਣੀ ਕਿਰਤ ਨੂੰ ਮੁਕੰਮਲ ਕਰਨ ਤੋਂ ਬਾਅਦ ਉਸ ਨੂੰ ਪਰਖਣ ਦਾ ਵੀ ਪ੍ਰਸਤਾਵ ਰੱਖਦਾ ਹੈ: "ਖਰਲ ਹਾਂਸ ਦਾ ਸ਼ਹਿਰ ਮਲਕਾ, ਜਿੱਥੇ ਸ਼ਿਅਰ ਕੀਤਾ ਯਾਰਾਂ ਵਾਸਤੇ ਮੈਂ/ਪਰਖ ਸ਼ਿਅਰ ਦੀ ਆਪ ਕਰ ਲੈਣ ਸ਼ਾਇਰ, ਘੋੜਾ ਫੇਰਿਆ ਵਿਚ ਨਖਾਸ ਦੇ ਮੈਂ।" ਐਪਰ ਵਾਰਿਸ ਸ਼ਾਹ 'ਚ ਗਰੂਰ ਨਹੀਂ: "ਵਾਰਿਸ ਸ਼ਾਹ ਨਾ ਅਮਲ ਦੀ ਰਾਸ ਮੈਥੇ, ਕਰਾਂ ਮਾਣ ਨਿਮਾਨੜਾ ਕਾਸ ਦੇ ਮੈਂ।"

ਅਜੋਕੇ ਸਾਹਿਤਕ ਤੇ ਇਸ਼ਕ ਦੇ ਪਿੜ 'ਚੋਂ 'ਸਰੂਰ' 'ਚ ਝੂਮਦੇ ਵਾਰਿਸ ਸ਼ਾਹ ਤੇ ਰਾਂਝੇ ਹੁਰੀਂ ਕਿਉਂ, ਕਿਵੇਂ, ਕਿਧਰੇ ਟੁਰ ਕੇ ਗਾਇਬ ਹੋ ਗਏ ਵਿਚਾਰਨ ਵਾਲਾ ਗੰਭੀਰ ਮੁੱਦਾ ਹੈ। ਪੋਥੀ ਹੀਰ ਵਾਰਿਸ ਵਿਚਲੇ ਸੁਨੇਹੇ ਦੀ ਸਮਝ ਇਸ ਸਵਾਲ ਦੇ ਜਵਾਬ ਨੂੰ ਲੱਭ ਕੇ ਹੀ ਹੋ ਸਕਦੀ ਹੈ। ਅਜੋਕੇ ਸਮਿਆਂ 'ਚ ਜਦੋਂ ਤੀਕ ਅਸੀਂ ਆਪਣੇ ਸਭਿਆਚਾਰਕ/ਸਾਹਿਤਕ ਸਰਮਾਏ ਦੇ ਸਿਰਜਕਾਂ ਤੇ ਉਨ੍ਹਾਂ ਦੁਆਰਾ ਸਿਰਜੇ ਪਾਤਰਾਂ ਦੇ ਗੁੰਮ-ਗ਼ਾਇਬ ਹੋਣ ਦੇ ਕਾਰਨਾਂ ਵੱਲ ਅਵੇਸਲੇ ਰਹਾਂਗੇ, ਸਾਡਾ ਸਭਿਆਚਾਰਕ/ਸਾਹਿਤਕ ਸਰਮਾਇਆ ਬੇਜ਼ੁਬਾਨ ਹੋਇਆ ਮੰਡੀ ਦੀ ਵਿਕਾਊ ਵਸਤ ਬਣਿਆ ਰਹੇਗਾ। ਇਸ ਦਾ ਸਿਆਸੀਕਰਨ, ਕੋਝਾ ਫਿਲਮੀਕਰਨ ਤੇ ਮਜ਼ਹਬੀਕਰਨ ਨਿਰਵਿਘਨ ਜਾਰੀ ਰਹੇਗਾ। ਆਪਣੀ ਰਾਇ ਦਾ ਬਿਗਲ ਵਜਾਉਣਾ ਸਿਰਫ ਵਿਦਵਾਨ-ਆਲੋਚਕਾਂ ਦਾ ਹੀ ਹੱਕ ਨਹੀਂ, ਪੋਥੀ ਨੂੰ ਵੀ ਆਪਣਾ ਨਾਦ ਵਜਾਉਣ ਦਾ ਹੱਕ ਹੈ। ਪੋਥੀ ਜਿਊਂਦੀ-ਜਾਗਦੀ ਹਸਤੀ ਹੁੰਦੀ ਹੈ। ਪੋਥੀ ਵਿਚ ਉਸ ਦਾ ਰਚਨਾਕਾਰ ਵੀ ਬੈਠਾ ਹੁੰਦਾ ਹੈ। ਸਭਿਆਚਾਰਕ/ਸਾਹਿਤਕ ਸਰਮਾਏ ਵਿਚਾਰਨ ਤੇ ਵਿਚਰਨ ਲਈ ਹੁੰਦੇ ਹਨ।

ਪੋਥੀ ਹੀਰ ਵਾਰਿਸ ਪੰਜਾਬੀ ਰਹਿਤਲ ਦਾ ਸਰਮਾਇਆ ਹੈ: "ਸੱਭਾ ਵੀਣ ਕੇ ਜ਼ੇਬ ਬਣਾਇ ਦਿੱਤਾ, ਜੇਹਾ ਇਤਰ ਗੁਲਾਬ ਨਚੋੜਿਆ ਏ।" ਨਚੋੜ 'ਚ 'ਸਤ' ਅਤੇ 'ਸਤਿ' ਵਿਦਮਾਨ ਹੁੰਦਾ ਹੈ। ਵਾਰਿਸ ਸ਼ਾਹ ਸਤ ਅਤੇ ਸਤਿ ਦੇ ਅਰਥ ਸਮਝਦਾ ਹੈ, ਸਮਝਾਉਂਦਾ ਹੈ। ਉਸ ਨੂੰ ਪਤਾ ਹੈ ਕਿ ਸਭਿਆਚਾਰ ਦੇ ਸਤ ਅਤੇ ਸਤਿ ਨੂੰ ਪੇਸ਼ ਕਰਨ ਲਈ ਇਤਿਹਾਸਸਾਜ਼ੀ ਦੀ ਵਾਰਤਕ ਦੀਆਂ ਸੀਮਾਵਾਂ ਹਨ। ਇਹ ਸਾਧਾਰਨ ਹੁਨਰ ਦੀ ਮਾਲਕ ਹੈ। ਇਸ ਨੂੰ ਰੰਗ-ਬਰੰਗੀਆਂ ਫੁਲਕਾਰੀਆਂ ਨਹੀਂ ਕੱਢਣੀਆਂ ਆਉਂਦੀਆਂ। ਇਹ ਹਰ ਸ਼ੈਅ ਨੂੰ ਉੱਪਰੋਂ-ਉੱਪਰੋਂ ਹੀ ਦੇਖਦੀ ਹੈ। ਫੁਲਕਾਰੀਆਂ ਤਾਂ ਪੁੱਠੇ ਪਾਸਿਉਂ ਕੱਢੀਆਂ ਜਾਂਦੀਆਂ ਹਨ। ਕਾਵਿ ਦੀ ਕਸੀਦਾਕਾਰੀ ਬੜੀ ਪੇਚੀਦਾ ਕਲਾ ਹੈ। ਵਾਰਤਕ ਇਕਹਿਰੇ ਸੁਭਾਅ ਵਾਲੀ ਹੁੰਦੀ ਹੈ, ਇੱਕੋ ਦਿਸ਼ਾ ਵੱਲ ਚੱਲਣਾ ਤੇ ਚਲਾਉਣਾ ਇਸ ਦਾ ਜਮਾਂਦਰੂ ਸੁਭਾਅ ਹੁੰਦਾ ਹੈ। ਇਸ ਲਈ ਇਹ ਨੀਰਸ ਸੁਭਾਅ ਵਾਲੀ ਮੇਜ਼ਬਾਨ ਹੁੰਦੀ ਹੈ। ਇਸ ਨੂੰ ਸਟੇਟ ਤੇ ਸੱਤਾ ਨਾਲ ਗੰਢ-ਤੁੱਪ ਕਰਨ ਵਿਚ ਕੋਈ ਇਤਰਾਜ਼ ਨਹੀਂ ਹੁੰਦਾ ਕਿਉਂਕਿ ਸਟੇਟ ਤੇ ਸੱਤਾ ਵੀ ਇਸ ਵਾਂਗ ਇਕ-ਪਾਸਾਰੀ ਹੁੰਦੀਆਂ ਹਨ। ਐਨਤੋਨਿਓ ਗ੍ਰਾਮਸ਼ੀ ਤੋਂ ਪ੍ਰੇਰਿਤ ਸਬਾਲਟਰਨ ਸਟੱਡੀਜ਼ ਦੇ ਬਾਨੀ, ਇਤਿਹਾਸਕਾਰ ਰਣਜੀਤ ਗੁਹਾ ਨੇ ਇਕਹਿਰੇ ਸੁਭਾਅ ਵਾਲੀ ਵਾਰਤਕ ਨੂੰ ਗਾਲਬ ਰਾਜਸੀ ਅਤੇ ਆਰਥਿਕ ਵਿਵਸਥਾ ਦੇ ਪੱਖੋਂ ਵਿਚਾਰਿਆ ਅਤੇ ਹਰ ਇੱਕ ਸਮਾਜ ਦੀ ਕਾਵਿਕ ਰੂਹ ਨੂੰ ਕਿਵੇਂ ਲੱਭਣਾ ਹੈ, ਕਿਵੇਂ ਕਾਇਮ ਰੱਖਣਾ ਅਤੇ ਜਰਖੇਜ਼ ਬਣਾਉਣਾ ਹੈ ਇਸ ਦਾ ਰਾਹ ਵੀ ਦੱਸਿਆ। ਵਾਰਿਸ ਸ਼ਾਹ ਦੀ ਹੀਰ ਵੀ ਇਸ ਪੱਖੋਂ ਪੰਜਾਬ ਦੇ ਇਤਿਹਾਸਕਾਰਾਂ, ਸਾਹਿਤਕ ਆਲੋਚਕਾਂ ਲਈ ਪੱਥ-ਪ੍ਰਦਰਸ਼ਕ ਹੋ ਸਕਦੀ ਹੈ।





*ਚਿੱਤਰਕਾਰ ਅਬਦੁਰ ਰਹਿਮਾਨ ਚੁਗਤਾਈ ਦਾ ਬਣਾਇਆ ਚਿੱਤਰ 'ਹੀਰ' ਅਤੇ (ਸੱਜੇ) ਸ਼ਹੀਦ ਊਧਮ ਸਿੰਘ ਦੇ ਦਸਤਖਤਾਂ ਵਾਲੀ 'ਹੀਰ ਵਾਰਿਸ ਸ਼ਾਹ'।*

# ਦਿੱਲੀ ਦਾ ਸਫਰ: ਦਿਲੀ ਯਾਤਰਾ

ਸਫ਼ਰ ਅਤੇ ਯਾਤਰਾ ਵਿਚ ਕਿਸੇ ਲਈ ਕੋਈ ਫਰਕ ਨਹੀਂ ਹੁੰਦਾ; ਮੇਰੇ ਲਈ ਹੈ। ਸਫਰ ਵਿਚ ਸਫਰਿੰਗ ਹੁੰਦੀ ਹੈ ਤੇ ਯਾਤਰਾ ਵਿਚ ਚਾਅ। ਇਸੇ ਲਈ ਸਫ਼ਰ ਵਿਚ ਹਮਸਫ਼ਰ ਦੀ ਜ਼ਰੂਰਤ ਹੁੰਦੀ ਹੈ।

ਪਿਛਲੇ ਦਿਨੀਂ ਦਿੱਲੀ ਦੇ ਦਿਆਲ ਸਿੰਘ ਕਾਲਜ ਵਿਖੇ ਭਗਤ ਰਵਿਦਾਸ ਜੀ 'ਤੇ ਵਿਸ਼ੇਸ਼ ਲੈਕਚਰ ਦੇਣ ਲਈ ਸੱਦਾ ਆਇਆ। ਮੇਰੇ ਲਈ ਕੋਈ ਵੀ ਸਫਰ ਸਫਰਿੰਗ ਤੋਂ ਖਾਲੀ ਨਹੀਂ ਹੁੰਦਾ। ਕਹਿੰਦੇ ਹਨ ਖੁਸ਼ੀ ਵੰਡਿਆਂ ਵਧ ਜਾਂਦੀ ਹੈ ਤੇ ਦੁੱਖ ਵੰਡਿਆਂ ਘਟ ਜਾਂਦਾ ਹੈ।

ਮੇਰੇ ਅਧਿਆਪਕ ਪ੍ਰੋ. ਹਰਪਾਲ ਸਿੰਘ ਅਜਿਹੇ ਦੋਸਤ ਹਨ, ਜਿਨ੍ਹਾਂ ਨਾਲ ਮੈਂ ਆਪਣਾ

**ਅਵਤਾਰ ਸਿੰਘ**
**ਫ਼ੋਨ: 94175-18384**

ਹਰ ਦੁੱਖ ਵੰਡ ਲੈਂਦਾ ਹਾਂ ਤੇ ਉਹ ਆਪਣੀ ਹਰ ਖੁਸ਼ੀ ਮੇਰੇ ਨਾਲ ਸਾਂਝੀ ਕਰ ਲੈਂਦੇ ਹਨ। ਪਰ ਉਹ ਆਪਣਾ ਹਰ ਦੁੱਖ ਖੁਦ ਝੱਲਦੇ ਹਨ, ਕਿਸੇ ਨੂੰ ਨਹੀਂ ਦੱਸਦੇ। ਮੈਂ ਦਿੱਲੀ ਦੇ ਸਫਰ ਦੀ ਸਫਰਿੰਗ ਘਟਾਉਣ ਲਈ, ਉਨ੍ਹਾਂ ਨੂੰ ਨਾਲ ਜਾਣ ਲਈ ਕਿਹਾ ਤਾਂ ਉਹ ਹਮੇਸ਼ਾਂ ਦੀ ਤਰ੍ਹਾਂ ਝੱਟ ਮੰਨ ਗਏ ਤੇ ਅਸੀਂ ਦਿੱਲੀ ਪੁੱਜ ਗਏ।

ਦਿਆਲ ਸਿੰਘ ਕਾਲਜ, ਦਿੱਲੀ ਦੇ ਪ੍ਰੋ. ਲਖਵੰਤ ਸਾਨੂੰ ਸਟੇਸ਼ਨ 'ਤੇ ਲੈਣ ਆਏ। ਉਹ ਸਾਨੂੰ ਦੱਸਣ ਲੱਗੇ ਕਿ ਉਹ ਕਿੱਥੇ ਖੜ੍ਹੇ ਹਨ ਤੇ ਅਸੀਂ ਕਿੱਥੇ ਜਾਈਏ। ਪਰ ਸਾਨੂੰ ਨਾ ਉਨ੍ਹਾਂ ਦੀ ਸਮਝ ਲੱਗੇ ਕਿ ਉਹ ਕਿੱਥੇ ਖੜ੍ਹੇ ਹਨ ਤੇ ਨਾ ਇਹ ਦੱਸਣਾ ਆ ਰਿਹਾ ਸੀ ਕਿ ਅਸੀਂ ਕਿੱਥੇ ਖੜ੍ਹੇ ਹਾਂ। ਇਸੇ ਦੁਬਧਾਂ ਵਿਚ ਅਸੀਂ ਏਧਰ ਸੋਲਾਂ ਪਲੇਟਫਾਰਮ ਟੱਪੇ ਤੇ ਓਧਰ ਇਸੇ ਸ਼ਸ਼ੋਪੰਜ ਵਿਚ ਉਨ੍ਹਾਂ ਦਾ ਚਲਾਨ ਹੋ ਗਿਆ। ਜਿੰਦਾਂ-ਕਿੰਦਾਂ ਉਹ ਸਾਨੂੰ ਕਾਲਜ ਲੈ ਗਏ ਤੇ ਅਸੀਂ ਉਨ੍ਹਾਂ ਦੀ ਬੇਸ਼ਿਕਨ ਅਵਾਰਗੀ ਤੋਂ ਬੇਹੱਦ ਮੁਤਾਸਰ ਹੋਏ।

ਕਾਲਜ ਦਾ ਪੰਜਾਬੀ ਵਿਭਾਗ ਸਾਨੂੰ ਇਵੇਂ ਉਡੀਕ ਰਿਹਾ ਸੀ, ਜਿਵੇਂ ਵਿਆਹ ਸ਼ਾਦੀ 'ਤੇ ਕੋਈ ਮੇਲ ਨੂੰ ਉਡੀਕਦਾ ਹੋਵੇ। ਉਨ੍ਹਾਂ ਦੇ ਤੇਹ ਨੂੰ ਦੇਖ-ਦੇਖ ਸਾਨੂੰ ਉਨ੍ਹਾਂ ਦੇ ਖਾਸ ਰਿਸ਼ਤੇਦਾਰ ਹੋਣ ਦਾ ਭੁਲੇਖਾ ਪਿਆ। ਏਨੇ ਪਿਆਰ, ਸਤਿਕਾਰ, ਸਲੀਕੇ ਤੇ ਅਪਣੱਤ ਨਾਲ ਉਨ੍ਹਾਂ ਨੇ ਸਾਨੂੰ ਚਾਹ ਪਿਲਾਈ, ਖਾਣਾ ਖਵਾਇਆ ਤੇ ਗਜਰੇਲਾ ਮੁੜ-ਮੁੜ ਹੋਰ ਪੁੱਛਿਆ, ਕਿ ਪੁੱਛੋ ਕੁਝ ਨਾ।

ਪ੍ਰੋ. ਕਮਲਜੀਤ ਦਾ ਤਕੱਲਫ ਭੁੱਲ ਭੁੱਲ ਪਵੇ ਤੇ ਪ੍ਰੋ. ਹਰਮੀਤ ਦਾ ਬੇਤਕੱਲਫ ਤੇਹ, ਕਿ ਛੋਟੀ ਭੈਣ ਦਾ ਭੁਲੇਖਾ ਪਵੇ। ਮੈਨੂੰ ਦਿਲ ਹੀ ਦਿਲ ਵਿਚ ਲੱਗਣ ਲੱਗਾ, ਜਿਵੇਂ ਮੈਂ ਵੀ ਡਾ. ਜਗਬੀਰ ਸਿੰਘ ਦਾ ਬੇਟਾ ਹੋਵਾਂ। ਰਤਨਦੀਪ, ਮੀਨਾਕਸ਼ੀ ਤੇ ਨਵਨੀਤ ਦਾ ਤੇਹ ਮੋਹ ਵੀ ਕਿਸੇ ਗੱਲੋਂ ਘੱਟ ਨਹੀਂ ਸੀ। ਪਰ ਉਨ੍ਹਾਂ ਵਿਚ ਕੁਝ ਸੰਕੋਚ ਸੀ, ਜਿਵੇਂ ਸਾਡੇ ਸਮਾਜ ਵਿਚ ਹਰ ਅਜਨਬੀ ਨਾਲ ਰੱਖਣਾ ਹੀ ਪੈਂਦਾ ਹੈ।

ਉਥੇ ਏਨੀਆਂ ਗੱਲਾਂ ਹੋਈਆਂ ਕਿ ਏਨੀਆਂ ਗੱਲਾਂ ਦਾ ਸਬੱਬ ਕਦੇ-ਕਦੇ ਹੀ ਬਣਦਾ ਹੈ। ਉਨ੍ਹਾਂ ਨੇ ਮੈਨੂੰ ਇਸ ਤਰਾਂ ਦਾ ਅਹਿਸਾਸ ਦਿੱਤਾ, ਜਿਵੇਂ ਉਨ੍ਹਾਂ ਨੂੰ ਪਹਿਲੀ ਵਾਰੀ ਕੋਈ ਚੰਗਾ ਵਿਅਕਤੀ ਮਿਲਿਆ ਹੋਵੇ। ਉਨ੍ਹਾਂ ਨੇ ਕੁਝ ਗੱਲਾਂ ਪੁਛੀਆਂ, ਜਿਨ੍ਹਾਂ ਦੇ ਜਵਾਬ ਮੈਂ ਦੇ ਸਕਿਆ। ਮੈਂ ਦੇਖਿਆ ਕਿ ਨਾ ਉਨ੍ਹਾਂ ਦਾ ਉਠਣ ਨੂੰ ਜੀ ਕਰੇ ਤੇ ਨਾ ਮੇਰਾ ਜਾਣ ਨੂੰ।

ਉਨ੍ਹਾਂ ਵਿਚ ਪ੍ਰੋ. ਲਖਵੰਤ ਤੇ ਪ੍ਰੋ. ਰਾਜਿੰਦਰ ਇਸ ਤਰ੍ਹਾਂ ਬੈਠੇ ਸਨ, ਜਿਵੇਂ ਉਨ੍ਹਾਂ ਦੇ ਅੰਦਰ ਏਨੀਆਂ ਕਹਾਣੀਆਂ ਹੋਣ, ਜਿਨ੍ਹਾਂ ਨੂੰ ਕਹਿਣ ਦਾ ਉਨ੍ਹਾਂ ਦਾ ਹੌਸਲਾ ਨਾ ਪੈਂਦਾ ਹੋਵੇ ਜਾਂ ਉਹ ਆਪਣੇ ਅੰਦਰ ਹੀ ਚੁੱਪ-ਚੁਪੀਤੇ ਉਹ ਕਹਾਣੀਆਂ ਕਹਿ ਰਹੇ ਹੋਣ। ਉਨ੍ਹਾਂ ਦੇ ਅਬੁੱਝ ਚਿਹਰਿਆਂ ਨੂੰ ਦੇਖ ਕੇ ਮੈਨੂੰ ਇਕਬਾਲ ਦਾ ਸ਼ਿਅਰ ਯਾਦ ਆਇਆ: ਇਫ਼ਕਾਰ ਜਵਾਨੋ ਕੇ ਖ਼ਫ਼ੀ ਹੋਂ ਕਿ ਜਲੀ ਹੋਂ, ਪੋਸ਼ੀਦਾ ਨਹੀਂ ਮਰਦਿ ਕਲੰਦਰ ਕੀ ਨਿਗਾ ਸੇ। ਸ਼ਿਅਰ ਤਾਂ ਯਾਦ ਆ ਗਿਆ, ਪਰ ਉਥੇ ਕਲੰਦਰ ਕੋਈ ਨਹੀਂ ਸੀ, ਜਿਹੜਾ ਉਨ੍ਹਾਂ ਦੇ ਦਿਲ ਦੀਆਂ ਜਾਣ ਸਕਦਾ। ਜੀ ਕਰੇ, ਉਨ੍ਹਾਂ ਨੂੰ ਕਹਾਂ ਕਿ ਆਪਣੀਆਂ ਕਹਾਣੀਆਂ ਕਹਿਣ ਦੀ ਕੋਸ਼ਿਸ਼ ਕਰੋ, ਨਹੀਂ ਤਾਂ ਉਨ੍ਹਾਂ ਨੇ ਇਹੋ ਜਿਹੇ ਅੰਤ-ਹੀਣ ਨਾਵਲ ਬਣ ਜਾਣਾ, ਜਿਨ੍ਹਨੂੰ ਪੜ੍ਹਨ ਤੋਂ ਹਰ ਕਿਸੇ ਨੇ ਕਤਰਾਉਣਾ।



ਪ੍ਰੋ. ਕਮਲਜੀਤ ਆਪਣੇ ਮੋਬਾਇਲ ਵਿਚ ਮਗਨ ਸਨ। ਜਿੰਨੇ ਫ਼ੋਨ ਉਹ ਕਰ ਰਹੇ ਸਨ, ਉਹਤੋਂ ਦੁੱਗਣੇ ਉਨ੍ਹਾਂ ਨੂੰ ਆ ਰਹੇ ਸਨ ਤੇ ਵ੍ਹੱਟਸਐਪ ਵੱਖਰਾ। ਫ਼ੋਨ 'ਤੇ ਏਨੇ ਬਿਜ਼ੀ ਕਿ ਫੇਸਬੁੱਕ ਜੋਗਾ ਸਮਾਂ ਸ਼ਾਇਦ ਹੀ ਬਚਦਾ ਹੋਵੇ। ਪਰ ਮੈਂ ਹੈਰਾਨ ਹੋਇਆ ਕਿ ਉਨ੍ਹਾਂ ਨੂੰ ਹਰ ਕਾਸੇ ਦੀ ਚਿੰਤਾ ਤੇ ਹਰ ਕਾਸੇ ਦਾ ਪਤਾ ਸੀ ਕਿ ਕਿੱਥੇ ਕੀ ਹੋ ਗਿਆ, ਕੀ ਹੋਣ ਵਾਲਾ, ਕੀ ਗਲਤ ਹੋ ਗਿਆ ਤੇ ਹੁਣ ਠੀਕ ਕਿੱਦਾਂ ਹੋਣਾ।

ਪ੍ਰੋ. ਕਮਲਜੀਤ ਵਿਹਲੇ ਹੋਏ ਤਾਂ ਉਹ ਸਾਨੂੰ ਆਪਣੇ ਘਰ ਲੈ ਗਏ। ਉਨ੍ਹਾਂ ਦਾ ਲਾਡਲਾ ਤੇ ਛਿੰਦਾ ਸਹਿਜ ਮੁੜ-ਮੁੜ ਸਾਡੇ ਕੋਲ ਆਵੇ, ਲਾਡ ਲਵੇ, ਜਿਵੇਂ ਅਸੀਂ ਉਹਦੇ ਦਾਦੇ-ਬਾਬੇ ਹੋਈਏ।

ਏਨੇ ਨੂੰ ਕਾਲਜ ਤੋਂ ਪ੍ਰੋ. ਨਵਨੀਤ ਵੀ ਆ ਗਈ। ਪਤਾ ਲੱਗਾ ਕਿ ਉਹ ਦੂਰੋਂ-ਨੇੜਿਓਂ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ, ਭਾਈ ਗੁਰਮੇਲ ਸਿੰਘ ਦੀ ਰਿਸ਼ਤੇਦਾਰੀ ਵਿਚੋਂ ਹੈ। ਮੈਨੂੰ ਭਾਈ ਸਾਹਿਬ ਦੇ ਗਾਏ ਸਾਰੇ ਸ਼ਬਦ ਯਾਦ ਆਉਣ ਲੱਗੇ ਤੇ ਉਨ੍ਹਾਂ ਦੀ ਸੁਰੀਲੀ ਆਵਾਜ਼ ਮੇਰੇ ਕੰਨਾਂ 'ਚ ਇਸ ਤਰ੍ਹਾਂ ਗੂੰਜਣ ਲੱਗੀ ਕਿ ਮੈਂ ਨਵਨੀਤ ਨੂੰ ਸੁਣਨ ਲਈ ਬਿਹਬਲ ਹੋ ਗਿਆ ਤੇ ਉਹਦੇ ਬਹਿੰਦੇ ਸਾਰ ਹੀ ਉਹਨੂੰ ਸ਼ਬਦ ਸੁਣਾਉਣ ਲਈ ਕਹਿ ਦਿੱਤਾ। ਉਹਨੇ ਹਾਰਮੋਨੀਅਮ ਖੋਲ੍ਹਿਆ ਤੇ ਸੁਤੇ-ਸਿੱਧ ਹੀ ਉਹਦਾ ਖੱਬਾ ਹੱਥ ਪੱਖੇ 'ਤੇ ਚਲਾ ਗਿਆ, ਜਿਵੇਂ ਉਹ ਇਸੇ ਲਈ ਬਣਿਆ ਹੋਵੇ ਤੇ ਉਹਦਾ ਸੱਜਾ ਹੱਥ ਹਾਰਮੋਨੀਅਮ ਦੀਆਂ ਚਿੱਟੀਆਂ ਸੁਰਾਂ 'ਤੇ ਇਵੇਂ ਫਿਰਨ ਲੱਗਾ, ਜਿਵੇਂ ਕੋਈ ਬੱਚਾ ਬੋਚ-ਬੋਚ ਕੇ ਪੱਬ ਧਰਦਾ ਹੈ।

ਉਹਨੇ ਅਲਾਪ ਲਿਆ ਤਾਂ ਲੱਗਿਆ ਜਿਵੇਂ ਕਿਸੇ ਅੰਬ ਦੀ ਟਾਹਣੀ 'ਚੋਂ ਆਵਾਜ਼ ਆਈ ਹੋਵੇ ਜਾਂ ਜਿਵੇਂ ਉਹਦੇ ਗਲੇ ਵਿਚ ਹੀ ਕਿਤੇ ਕੋਇਲ ਛੁਪੀ ਹੋਵੇ। ਕਿਸੇ ਦੀ ਆਵਾਜ਼ ਸੁਰੀਲੀ ਹੁੰਦੀ ਹੈ, ਰਸੀਲੀ ਨਹੀਂ ਹੁੰਦੀ। ਕਿਸੇ ਦੀ ਰਸੀਲੀ ਹੁੰਦੀ ਹੈ, ਸੁਰੀਲੀ ਨਹੀਂ। ਨਵਨੀਤ ਦੀ ਆਵਾਜ਼ ਵਿਚ ਇਹ ਦੋਵੇਂ ਦੌਲਤਾਂ ਦੇਖ ਕੇ ਜੀ ਅਸ਼-ਅਸ਼ ਕਰ ਉਠਿਆ। ਉਹਦੀ ਆਵਾਜ਼ ਤੋਂ ਵੀ ਵੱਧ, ਦੂਜੀ ਦੌਲਤ, ਉਹਦੀ ਆਸਥਾ ਤੋਂ ਮਹਿਸੂਸ ਹੋਇਆ, ਜਿਵੇਂ ਉਹ ਕਿਸੇ ਵਿਵੇਕੀ ਸਿੱਖ ਦੀ ਬੇਟੀ ਹੋਵੇ। ਸ਼ਬਦ ਸੁਣ ਕੇ ਅਸੀਂ ਨਿਹਾਲ ਹੋ ਗਏ। ਕੁਝ ਹੋਰ ਸੁਣਾਉਣ ਲਈ ਕਿਹਾ ਤਾਂ ਉਹਨੇ ਸੁਹਾਗ ਗਾਇਆ। ਉਹਦੀ ਸੂਰਤ ਅਤੇ ਸੀਰਤ ਸਾਡੇ ਸਾਹਮਣੇ, ਇਵੇਂ ਉੱਭਰ ਕੇ ਸਨਮੁਖ ਹੋਈ, ਜਿਵੇਂ ਉਹ ਸ਼ਿਵ ਕੁਮਾਰ ਦੀ ਕਵਿਤਾ ਵਾਲੀ ਗੁੰਮ ਕੁੜੀ ਹੋਵੇ। ਇਹੋ ਜਿਹੇ ਬੱਚੇ ਕਿੱਥੇ ਲੱਭਦੇ ਹਨ।

ਉਹਦੇ ਨਾਲ ਪ੍ਰੋ. ਕਮਲਜੀਤ ਨੇ ਤਬਲੇ ਦੀ ਜੁਗਲਬੰਦੀ ਕੀਤੀ। ਉਨ੍ਹਾਂ ਨੂੰ ਦੇਖ ਕੇ ਮੰਝੇ ਹੋਏ ਤਬਲਾਵਾਦਕ ਦੇ ਭੁਲੇਖੇ ਪੈਂਦੇ। ਨਵਨੀਤ ਦੀ ਆਵਾਜ਼ ਅਤੇ ਲੈ ਸੁਰ ਦੀ ਬਹਿਜਾ ਬਹਿਜਾ, ਪ੍ਰੋ. ਸਾਹਿਬ ਦੀ ਤਾਲ ਦੀ ਧੰਨ-ਧੰਨ ਤੇ ਦੋ ਸਾਲ ਦੇ ਬੇਟੇ ਸਹਿਜ ਦਾ ਤਬਲਾ ਵਜਾਉਣ ਦਾ ਬਾਲ-ਹੱਠ, ਕਿਆ ਬਾਤਾਂ, ਕੋਈ ਵੀ ਕਿਸੇ ਤੋਂ ਘੱਟ ਨਹੀਂ ਸੀ। ਮੈਂ ਸ਼ਬਦ ਦੇ ਸਤਿਕਾਰ ਵਿਚ ਚੱਪਲ ਉਤਾਰ ਦਿੱਤੀ ਸੀ। ਬੇਟੇ ਸਹਿਜ ਨੇ ਮੇਰੇ ਨੰਗੇ ਪੈਰ ਦੇਖੇ ਤੇ ਛੂਹ ਕੇ ਛਪਨ ਹੋ ਗਿਆ।

ਪ੍ਰੋ. ਕਮਲਜੀਤ ਦੀ ਅਣਥੱਕ ਮੁਹੱਬਤ, ਸੋਨਿਆ ਦਾ ਪੈਰ ਧਰਤੀ 'ਤੇ ਨਾ ਲੱਗੇ। ਜਿਵੇਂ ਅਸੀਂ ਪੋਤੀਆਂ ਦੀ ਬਜਾਏ, ਅਕਾਸ਼ੋਂ ਉੱਤਰੇ ਮਹਿਮਾਨ ਹੋਈਏ। ਕਿਹੜੀ ਚੀਜ਼ ਸੀ, ਜਿਹੜੀ ਉਹਨੇ ਨਹੀਂ ਬਣਾਈ ਤੇ ਸਾਨੂੰ ਨਹੀਂ ਖੁਆਈ। ਏਨੀ ਪ੍ਰਾਹੁਣਚਾਰੀ ਮੈਂ ਪਹਿਲੀ ਵਾਰ ਦੇਖੀ। ਪ੍ਰੋ. ਸਾਹਿਬ ਉਹਤੋਂ ਉਤਾਵਲੇ ਤੇ ਉਹ ਉਨ੍ਹਾਂ ਤੋਂ ਉਤਾਵਲੀ। ਜਿਵੇਂ ਉਨ੍ਹਾਂ ਦੋਹਾਂ ਵਿਚ ਮਹਿਮਾਨ-ਨਿਵਾਜ਼ੀ ਦਾ ਕੰਪੀਟੀਸ਼ਨ ਚਲਦਾ ਹੋਵੇ।

ਦਸਤਰਖ਼ਾਨ ਤੋਂ ਵਿਹਲੇ ਹੋਏ ਤਾਂ ਕੁਝ ਚਿਰ ਸੈਰ ਕਰ ਕੇ ਅਸੀਂ ਬਿਸਤਰਖ਼ਾਨ ਦੇ ਹਵਾਲੇ ਹੋ ਗਏ। ਦੇਰ ਰਾਤ ਤਕ ਸਹਿਜ ਦੇ ਤਬਲਾ-ਵਾਦਨ ਦੀ ਬਾਲ-ਤਾਲ ਕੰਨੀਂ ਟੁਣਕਦੀ ਰਹੀ ਤੇ ਅਸੀਂ ਮਨੋ-ਮਨੀ ਕਮਾਲ-ਕਮਾਲ ਕਰਦੇ ਨੀਂਦ ਦੇ ਸੁਪਨ ਸੰਸਾਰ ਵਿਚ ਪ੍ਰਵੇਸ਼ ਕਰ ਗਏ।

ਸਵੇਰੇ ਉਠੇ, ਇਸ਼ਨਾਨ ਪਾਣੀ ਉਪਰੰਤ ਨਾਸ਼ਤਾ ਕੀਤਾ ਤੇ ਦਿਆਲ ਸਿੰਘ ਕਾਲਜ ਪੁੱਜ ਗਏ। ਪ੍ਰੋ. ਰਵਿੰਦਰ ਸਿੰਘ ਏਨੇ ਪਿਆਰ ਨਾਲ ਮਿਲੇ, ਜਿਵੇਂ ਉਹ ਸਾਨੂੰ ਹੀ ਮਿਲਣ ਆਏ ਹੋਣ। ਉਨ੍ਹਾਂ ਦੀ ਪ੍ਰੋਫੈਸਰਾਂ ਵਾਲੀ ਸੱਜ, ਵਿਦਵਾਨਾਂ ਵਾਲੀ ਧਜ, ਇਨਸਾਨਾਂ ਵਾਲੀ ਫੱਬ ਤੇ ਭਾਈਆਂ ਜਿਹੀ ਮੁਹੱਬਤ ਵਿਚ ਅਸੀਂ ਗੁਆਚ ਹੀ ਗਏ। ਉਨ੍ਹਾਂ ਨੂੰ ਦੇਖ ਕੇ ਮਨ ਵਿਚ, ਨੱਕੋ-ਨੱਕ ਦੁੱਧ ਭਰੇ ਕੌਲ ਜਿਹਾ ਅਹਿਸਾਸ ਜਾਗਦਾ ਹੈ। ਹਰਮੀਤ ਦਾ ਪਿਆਰ ਸਤਿਕਾਰ, ਪਲ-ਪਲ ਦੀ ਤਵੱਜੋ ਤੇ ਇਖ਼ਲਾਕੀ ਸਲੀਕਾ ਕੌਣ ਭੁੱਲ ਸਕਦਾ ਹੈ। ਪਹਿਲੀ ਵਾਰ ਪ੍ਰੋ. ਜਗਬੀਰ ਸਿੰਘ ਦੀ ਲਗਨ, ਮਿਹਨਤ ਤੇ ਮੁਹੱਬਤ ਦੇ ਸੁੱਚੇ ਮੋਤੀ ਇਕੱਠੇ ਦੇਖੇ।

ਮੁੱਖ ਮਹਿਮਾਨ ਦੀ ਉਡੀਕ ਕਰਦਿਆਂ, ਚਾਹ ਪਾਣੀ ਤੇ ਗੱਲਬਾਤ ਦਰਮਿਆਨ ਪ੍ਰੋ. ਹਰਮੀਤ ਨੂੰ ਮੈਂ ਆਪਣੀ ਕਿਤਾਬ ਭੇਟ ਕੀਤੀ, ਜਿਵੇਂ ਮੇਰੀ ਕਿਤਾਬ ਦਿੱਲੀ ਦੇ ਦਿਲ ਦੇ ਦਰਬਾਰ ਵਿਚ ਪੁੱਜ ਗਈ ਹੋਵੇ।

ਮਹੀਨੇ ਭਰ ਤੋਂ ਮੈਂ 'ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਦੇ ਪਰਿਪੇਖ ਤੇ ਮਹੱਤਵ' ਉੱਤੇ ਲਗਾਤਾਰ ਬੰਦਗੀ ਕਰ ਰਿਹਾ ਸੀ। ਸਮਾਗਮ ਵਿਚ ਹੋ ਰਹੀ ਦੇਰੀ ਕਾਰਨ ਮੈਂ ਆਪਣੇ ਵਖਿਆਨ ਦੀ ਪ੍ਰੈਸੀ ਕਰਨ ਲੱਗਾ। ਸਮਾਗਮ ਸ਼ੁਰੂ ਹੋਇਆ ਤਾਂ ਖ਼ੁਸੂਸੀ ਮਹਿਮਾਨਾਂ ਦੀ ਸ਼ਿਸ਼ਟਾਚਾਰਕ ਜਾਣ-ਪਛਾਣ ਨੇ ਹੋਰ ਸਮਾਂ ਖਾ ਲਿਆ ਤਾਂ ਮੈਨੂੰ ਉਸ ਪ੍ਰੈਸੀ ਦੀ ਪ੍ਰੈਸੀ ਕਰਨੀ ਪਈ। ਮੇਰਾ ਨਾਂ ਬੋਲਿਆ ਤਾਂ ਮੈਂ ਪ੍ਰੈਸੀ ਦੀ ਪ੍ਰੈਸੀ ਸਰੋਤਿਆਂ ਦੇ ਸਨਮੁਖ ਪੇਸ਼ ਕੀਤੀ। ਮੇਰੇ ਸਾਹਮਣੇ ਹਰਮੀਤ, ਰਤਨ, ਮੀਨਾਕਸ਼ੀ, ਨਵਨੀਤ, ਲਖਵੰਤ, ਰਾਜਿੰਦਰ, ਬਹੁਤ ਸਾਰੇ ਵਿਦਿਆਰਥੀ ਤੇ ਸੰਤ ਪ੍ਰੇਮਦਾਸ ਇਸ ਤਰ੍ਹਾਂ ਸੁਣ ਰਹੇ ਸਨ ਕਿ ਮਹਿਸੂਸ ਹੋ ਰਿਹਾ ਸੀ ਜਿਵੇਂ ਪਹਿਲੀ ਵਾਰ ਮੈਨੂੰ ਕਿਸੇ ਨੇ ਏਨੀ ਤਵੱਜੋ ਨਾਲ ਸੁਣਿਆ ਹੋਵੇ। ਕੋਈ ਕੀ ਜਾਣੇ ਕਿ ਸੰਤ ਪ੍ਰੇਮਦਾਸ ਦੇ ਸਾਹਮਣੇ, ਸੰਤ ਰਵਿਦਾਸ ਬਾਰੇ ਬੋਲਣਾ, ਮੇਰੇ ਜਿਹੇ ਅਸੰਤ ਲਈ ਕਿੰਨਾ ਮੁਸ਼ਕਲ ਸੀ। ਕਿਵੇਂ ਨਾ ਕਿਵੇਂ ਮੈਂ ਵਕਤ ਟਪਾ ਲਿਆ ਤੇ ਟਪਾ ਦਿੱਤਾ।

ਬੇਟਾ ਮਹਿਤਾਬ ਆਪਣੇ ਦੋਸਤ ਸੰਦੀਪ ਨਾਲ ਦਿੱਲੀ ਯੂਨੀਵਰਸਿਟੀ ਵਿਚ ਪੀਜੀ ਦਾ ਬੰਦੋਬਸਤ ਕਰਨ ਆਇਆ ਸੀ ਤੇ ਮੈਂ ਉਨ੍ਹਾਂ ਨੂੰ ਪ੍ਰੋ. ਯਾਦਵਿੰਦਰ ਦੇ ਵਿਦਿਆਰਥੀ ਸੁਖਚੈਨ ਦੇ ਸਪੁਰਦ ਕਰ ਦਿੱਤਾ ਸੀ। ਉਹ ਵੀ ਨੱਠ ਭੱਜ ਕੇ, ਮੇਰੇ ਬੋਲਦੇ-ਬੋਲਦੇ ਦਿਆਲ ਸਿੰਘ ਕਾਲਜ ਆ ਗਏ ਤੇ ਸਾਡੇ ਨਾਲ ਹੀ ਰੌਣਕਾਂ ਵਿਚ ਇੰਜ ਘੁਲ ਮਿਲ ਗਏ, ਜਿਵੇਂ ਦੁੱਧ ਵਿਚ ਖੰਡ।

ਸਮਾਪਤੀ ਉਪਰੰਤ ਫਿਰ ਪ੍ਰ. ਕਮਲਜੀਤ ਦੇ ਘਰ ਮਹਿਫਿਲ ਜੁੜੀ, ਜਿਵੇਂ ਨਾਨਕਾ ਤੇ ਦਾਦਕਾ ਮੇਲ ਇਕੱਠਾ ਹੋਇਆ ਹੋਵੇ। ਪ੍ਰੇਮ, ਮੁਹੱਬਤ, ਸਹਜ ਅਤੇ ਸਲੀਕੇ ਦੇ ਏਸ ਤਰ੍ਹਾਂ ਦੇ ਮੇਲੇ ਜ਼ਿੰਦਗੀ ਵਿਚ ਕਦੇ ਕਦਾਈਂ ਲੱਗਦੇ ਹਨ। ਸਾਡੀ ਗੱਡੀ ਸਾਢੇ ਚਾਰ ਵਜੇ ਚੱਲਣੀ ਸੀ। ਭਰਿਆ ਮੇਲਾ ਛੱਡ ਕੇ ਆਉਣ ਨੂੰ ਜੀ ਨਾ ਕਰੇ। ਗੱਡੀ ਅੱਗੇ ਕਿਹਦਾ ਜ਼ੋਰ। ਮਿਲ-ਮਿਲਾ ਕੇ ਅਸੀਂ ਬੜੀ ਹੀ ਭਾਵਨਾਤਮਿਕ ਵਿਦਾਇਗੀ ਲਈ ਤੇ ਪ੍ਰੋ. ਲਖਵੰਤ ਦੀ ਕਾਰ ਵਿਚ ਬੈਠ ਗਏ। ਦੂਰ ਤਕ ਪਿੱਛਿਓਂ ਹੱਥ ਹਿੱਲਦੇ ਰਹੇ ਤੇ ਅਸੀਂ ਦੇਖਦੇ ਰਹੇ।

ਸਟੇਸ਼ਨ ਪੁੱਜੇ, ਅਵਾਰਗੀ ਦੇ ਮੁਜੱਸਮੇ ਪ੍ਰੋ. ਲਖਵੰਤ ਨੇ ਸਾਨੂੰ ਉਸੇ ਪਾਸੇ ਉਤਾਰ ਦਿੱਤਾ, ਜਿਧਰੋਂ ਲੈ ਕੇ ਗਿਆ ਸੀ। ਦੌੜ-ਦੌੜ ਕੇ ਸੋਲ੍ਹਾਂ ਪਲੇਟਫ਼ਾਰਮ ਟੱਪੇ ਤੇ ਭੱਜ-ਭੱਜ ਕੇ ਗੱਡੀ ਫੜੀ। ਤਿੰਨ ਮਿੰਟ ਹੋਰ ਹੋ ਜਾਂਦੇ ਤਾਂ ਗੱਡੀ ਖੁੰਝ ਜਾਣੀ ਸੀ। ਗੱਡੀ ਅੱਗੇ ਕਿਹਦਾ ਜ਼ੋਰ ...

# ਸੰਪਾਦਕ ਦੇ ਨਾਂ

**ਮਾਣਯੋਗ ਸੰਪਾਦਕ ਜੀਓ,**

ਮੈਂ ਬੜੇ ਮਾਣ ਨਾਲ ਦੱਸਦਾ ਹਾਂ ਕਿ ਜਦੋਂ ਵੀ ਆਪ ਜੀ ਦਾ ਉੱਚਤਮ ਸਪਤਾਹਿਕ ਪੰਜਾਬ ਟਾਈਮਜ਼ ਪੜ੍ਹਨ ਲਈ ਚੁੱਕਦਾ ਹਾਂ ਇਸ ਨੂੰ ਛੱਡਣ ਨੂੰ ਜੀਅ ਨਹੀਂ ਕਰਦਾ। ਇਹ ਸਭ ਕੁਝ ਇਸ ਲਈ ਹੈ ਕਿ ਇਸ ਵਿਚ ਬੜੀ ਹੀ ਨਰੋਈ ਤੇ ਨਿੱਗਰ ਸਮੱਗਰੀ ਭਰੀ ਹੁੰਦੀ ਹੈ, ਜਿਸ ਦੀ ਚੋਣ ਆਪ ਜੀ ਕਰਦੇ ਹੋ। ਇਸ ਲਈ ਆਪ ਜੀ ਪ੍ਰਸ਼ੰਸਾ ਤੇ ਧੰਨਵਾਦ ਦੇ ਪਾਤਰ ਹੋ।

ਹਥਲੇ ਪਰਚੇ ਵਿਚ ਸਤ ਪਾਲ ਗੋਇਲ ਦਾ ਪੱਤਰ ਛਪਿਆ ਹੈ ਜਿਸ ਵਿਚ ਉਨ੍ਹਾਂ ਨੇ ਲਿਖਿਆ ਹੈ, 'ਭੰਡਾਲ ਸਾਹਿਬ ਦਾ ਲਿਖਣ ਢੰਗ ਰੂਹ ਨੂੰ ਝੰਜੋੜ ਜਾਂਦਾ ਹੈ। ਇਸ ਦੇ 12 ਫਰਵਰੀ ਦੇ ਅੰਕ ਵਿਚ ਪ੍ਰੋ. ਗੁਰਬਖ਼ਸ਼ ਸਿੰਘ ਭੰਡਾਲ ਦਾ ਲੇਖ ਬਹੁਤ ਕੁਝ ਕਹਿ ਗਿਆ ਬਾਕੀ ਬੜਾ ਦਿਲਚਸਪ, ਗਹਿਰੀ ਸੋਚ ਤੇ ਰੋਜ਼ਾਨਾ ਜ਼ਿੰਦਗੀ ਵਿਚ ਵਾਪਰਦੀਆਂ ਘਟਨਾਵਾਂ ਵਿਚੋਂ ਨਿਕਲਦੇ ਫਲਸਫੇ ਨੂੰ ਆਮ ਸ਼ਬਦਾਂ ਵਿਚ ਇਵੇਂ ਪਰੋਂਦਾ ਹੈ ਜਿਵੇਂ ਸੂਤ ਦਾ ਧਾਗਾ ਰੰਗ ਬਿਰੰਗੇ ਫੁੱਲਾਂ ਨੂੰ ਪਰੋਅ ਕੇ ਸ਼ਾਨਦਾਰ ਮਾਲਾ ਦਾ ਰੂਪ ਲੈ ਲੈਂਦਾ ਹੈ।' ਇਹ ਤਾਂ ਸਹੀ ਹੈ ਕਿ ਭੰਡਾਲ ਸਾਹਿਬ ਬਹੁਤ ਹੀ ਵਧੀਆ ਪੰਜਾਬੀ ਲਿਖਦੇ ਹਨ ਜਿਸ ਵਿਚ ਨਵੇਂ ਪੁਰਾਣੇ ਸ਼ਬਦਾਂ ਦਾ ਅਥਾਹ ਜ਼ਖੀਰਾ ਹੁੰਦਾ ਹੈ ਪਰ 12 ਫਰਵਰੀ ਦੇ ਅੰਕ ਵਿਚ ਉਨ੍ਹਾਂ ਦਾ ਕੋਈ ਲੇਖ ਛਪਿਆ ਦਿਖਾਈ ਨਹੀਂ ਦਿੰਦਾ। ਕਈ ਸਾਲਾਂ ਵਿਚ ਇਹ ਪਹਿਲੀ ਵਾਰ ਹੈ ਕਿ ਕੋਈ ਅੰਕ ਉਨ੍ਹਾਂ ਦੇ ਲੇਖ ਤੋਂ ਵਾਂਝਾ ਰਿਹਾ ਹੈ। ਹਾਂ, ਉਨ੍ਹਾਂ ਦੇ ਲੇਖ ਦੀ ਥਾਂ ਉਨ੍ਹਾਂ ਦੀ ਜੀਵਨੀ ਤੇ ਸਾਹਿਤ ਬਾਰੇ ਪ੍ਰੇਮ ਮਾਨ ਦਾ ਲੇਖ ਜ਼ਰੂਰ ਹੈ ਪਰ ਇਸ ਦਾ ਵਿਸ਼ਾ ਬਿਲਕੁਲ ਵੱਖਰਾ ਹੋਣ ਕਰਕੇ ਇਹ ਉਪਰੋਕਤ ਹਵਾਲੇ ਵਾਲਾ ਲੇਖ ਨਹੀਂ ਹੋ ਸਕਦਾ।

ਕਿਉਂਕਿ ਗੋਇਲ ਸਾਹਿਬ ਨੇ ਉਨ੍ਹਾਂ ਦੇ ਇਸ ਅਣਛਪੇ ਲੇਖ ਦੀ ਪ੍ਰਸ਼ੰਸਾ ਕਰ ਕੇ ਪੜ੍ਹਨ ਦੀ ਉਤਸੁਕਤਾ ਜਗਾ ਦਿੱਤੀ ਹੈ, ਇਸ ਲਈ ਸਪੱਸ਼ਟ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਕਿ ਉਨ੍ਹਾਂ ਨੇ ਕਿਸ ਲੇਖ ਦਾ ਜ਼ਿਕਰ ਕੀਤਾ ਹੈ ਤੇ ਉਹ ਕਿਸ ਨੰਬਰ ਪਰਚੇ ਵਿਚ ਛਪਿਆ ਹੈ।

ਧੰਨਵਾਦ।

***ਡਾ. ਗੋਬਿੰਦਰ ਸਿੰਘ ਸਮਰਾਓ***
***-ਫੋਨ: 408-634-2310***

**ਡਾ. ਸਾਹਿਬ, ਗਲਤੀ ਵਲ ਧਿਆਨ ਦਿਵਾਉਣ ਲਈ ਬਹੁਤ ਬਹੁਤ ਸ਼ੁਕਰੀਆ। ਅਖਬਾਰ ਬਾਰੇ ਆਪਣੀ ਕੀਮਤੀ ਰਾਇ ਦਿੰਦੇ ਰਿਹਾ ਕਰੋ ਤਾਂ ਕਿ ਅਸੀਂ ਇਸ ਵਿਚ ਹੋਰ ਸੁਧਾਰ ਕਰ ਸਕੀਏ। ਭੰਡਾਲ ਸਾਹਿਬ ਦਾ ਇਹ ਲੇਖ 19 ਫਰਵਰੀ ਦੇ ਅੰਕ ਵਿਚ ਹੈ, ਗਲਤੀ ਨਾਲ 12 ਫਰਵਰੀ ਛਪ ਗਿਆ ਹੈ। ਧੰਨਵਾਦ**

# ਸਮਰਥਨ ਮੁੱਲ

ਮੇਰਾ ਕਿਸੇ ਨੂੰ ਅੱਜ ਮਿਲਣ ਦਾ ਪ੍ਰੋਗਰਾਮ ਸੀ ਪਰ ਉਹ ਕਹਿ ਕੇ ਅਜੇ ਤੱਕ ਨਹੀਂ ਸੀ ਆਇਆ। ਆਖਰ ਸਮਾਂ ਲੰਘਾਉਣ ਅਤੇ ਚਾਹ ਪੀਣ ਲਈ ਆਪਣੇ ਜਾਣ ਪਹਿਚਾਣ ਵਾਲੇ ਚਮਨ ਲਾਲ ਦੀ ਚਾਹ ਦੀ ਦੁਕਾਨ ਦਾਣਾ ਮੰਡੀ ਜਾ

**ਗੁਰਮੀਤ ਸਿੰਘ ਮਰਾੜ੍ਹ**
**ਫੋਨ: 95014-00397**

ਬੈਠਾ। ਚਮਨ ਲਾਲ ਨੂੰ ਉਦਾਸ ਜਿਹੇ ਰੌਂਅ ਵਿਚ ਬੈਠਾ ਵੇਖ ਕੇ ਮੈਂ ਸੁਭਾਵਿਕ ਹੀ ਪੁੱਛ ਲਿਆ,'ਕੀ ਹੋਇਆ ਸੇਠ ਸਾਹਿਬ?" ਉਸ ਨੇ ਟਾਲਾ ਮਾਰਦਿਆਂ ਕਿਹਾ ਕਿ ਬਸ ਕੁਝ ਨਹੀਂ, ਮਹਿੰਗਾਈ ਨੇ ਜੀਣਾ ਦੁੱਭਰ ਕੀਤਾ ਹੋਇਐ। ਖਿੱਚ ਧੂਹ ਕੇ ਰੋਟੀ ਪੂਰੀ ਹੋ ਜਾਂਦੀ ਹੈ ਪਰ ਜਦੋਂ ਕੋਈ ਹੋਰ ਮਾਰ ਪੈ ਜਾਂਦੀ ਹੈ, ਔਖਾ ਹੋ ਜਾਂਦੈ। ਸਰਦਾਰ ਜੀ, ਕਿਸਾਨਾਂ ਨੇ ਤਾਂ ਬਾਜ਼ੀ ਮਾਰ ਲਈ, ਹੁਣ ਤਾਂ ਕੋਈ ਰੌਲਾ ਨਹੀਂ ਰਿਹਾ? ਸ਼ਾਇਦ ਅੰਦੋਲਨ ਦੀ ਸਮਾਪਤੀ 'ਤੇ ਉਸ ਨੂੰ ਮੰਡੀ ਵਿਚ ਕਿਸਾਨਾਂ ਦੀ ਉਡੀਕ ਸੀ। ਉਸ ਨੇ ਮੇਰੇ ਲਈ ਚਾਹ ਰੱਖ ਦਿੱਤੀ ਸੀ।

"ਕਾਨੂੰਨ ਤਾਂ ਵਾਪਿਸ ਹੋ ਗਏ ਪਰ ਐਮ ਐਸ ਪੀ 'ਤੇ ਮੰਗ ਅੜੀ ਹੋਈ ਹੈ। ਤੁਹਾਨੂੰ ਵੀ ਕਹਿੰਦੇ ਹਾਂ ਕਿਸਾਨਾਂ ਦਾ ਸਾਥ ਦਿਓ, ਰਲ ਕੇ ਹੀ ਮਸਲੇ ਹੱਲ ਹੋਣਗੇ। ਸਭ ਨੂੰ ਕੀਮਤ ਦੇ ਹਿਸਾਬ ਨਾਲ ਉਸ ਦੀ ਕੀਤੀ ਕਿਰਤ ਦਾ ਮੁੱਲ ਮਿਲੇ।' ਮੈਂ ਅੰਦੋਲਨ ਵਿਚ ਸਭ ਦੇ ਇਕੱਠ ਨੂੰ ਮਹੱਤਵ ਦੇ ਰਿਹਾ ਸੀ।



"ਸਰਦਾਰ ਜੀ, ਤੁਸੀਂ ਪੜ੍ਹੇ ਲਿਖੇ ਹੋ, ਤੁਹਾਡੀ ਗੱਲ ਠੀਕ ਹੈ ਪਰ ਇਹ ਲੜਾਈ ਸਭ ਦੀ ਆਪਣੀ ਆਪਣੀ ਹੈ। ਕਿਤੇ ਨਾ ਕਿਤੇ ਸਾਨੂੰ ਸਮਝੌਤਾ ਵੀ ਕਰਨਾ ਪੈਣਾ। ਮੇਰੀ ਮੰਡੀ ਵਿਚ ਦੁਕਾਨ ਕਰਦਿਆਂ ਉਮਰ ਲੰਘ ਚੱਲੀ, ਉਦੋਂ ਕਣਕ ਦਾ ਮੁੱਲ ਪੰਜ ਛੇ ਸੌ ਰੁਪਏ ਸੀ, ਚਾਹ ਦਾ ਕੱਪ ਪੰਜ ਰੁਪਏ ਦਾ ਸੀ। ਇਹੋ ਹਾਲ ਖਾਣ ਪੀਣ ਦੀਆਂ ਚੀਜ਼ਾਂ ਦਾ ਸੀ। ਅੱਜ ਕਣਕ ਦਾ ਭਾਅ ਚਾਰ ਗੁਣਾ ਵਧ ਗਿਆ। ਅੱਜ ਤਾਂ ਆਟਾ ਤੀਹ-ਪੈਂਤੀ ਨੂੰ ਮਿਲਦਾ। ਜੇ ਮੈਂ ਵੀਹ ਪੱਚੀਆਂ ਦਾ ਚਾਹ ਦਾ ਗਲਾਸ ਕਹਾਂ ਤਾਂ ਗਲ੍ਹ ਪੈਣਗੇ। ਉਦੋਂ ਹੀ ਘਰੋਂ ਚਾਹ ਆਉਣੀ ਸ਼ੁਰੂ ਹੋਜੂ। ਪਿੰਡਾਂ ਵਿਚ ਦਿਹਾੜੀ ਦੱਪਾ ਵੀ ਮਸਾਂ ਦੁਗਣਾ ਹੋਇਆ ਹੋਣਾ। ਹੁਣ ਜੇ ਸਭ ਆਪਣਾ ਆਪਣਾ ਮੁੱਲ ਮੰਗਣ ਤਾਂ ਕੀ ਮਿਲ ਜਾਊ। ਉਥੇ ਹੀ ਬਾਈਕਾਟ ਜਾਂ ਬਾਹਰੋਂ ਮਜ਼ਦੂਰ ਲਿਆਉਣੇ ਸ਼ੁਰੂ ਕਰ ਦੇਣਗੇ। ਸਾਡੀ ਤਾਂ ਗਰੀਬਾਂ ਦੀ ਕੋਈ ਐਮ.ਐਸ.ਪੀ ਨਹੀਂ ਹੋਣੀ।" ਚਮਨ ਲਾਲ ਨੇ ਹਉਕਾ ਲੈਂਦਿਆਂ ਕਿਹਾ।

ਮੈਂ ਦੁਚਿੱਤੀ ਵਿਚ ਪੈ ਗਿਆ ਸੀ ਕਿ ਉਸ ਦੀ ਸੋਚ ਦੀ ਦਾਦ ਦੇਵਾਂ ਜਾਂ ਚੁੱਪ ਕਰ ਪਾਸਾ ਵੱਟ ਲਵਾਂ। ਮੈਂ ਦਸਾਂ ਦਾ ਨੋਟ ਫੜਾ ਸਕੂਟਰ ਸਟਾਰਟ ਕਰ ਲਿਆ ਸੀ।

# ਅਮਰਜੀਤ ਗੁਰਦਾਸਪੁਰੀ ਦਾ ਕਲਾ ਜਗਤ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਅਮਰਜੀਤ ਗੁਰਦਾਸਪੁਰੀ ਮੇਰੇ ਨਾਲੋਂ ਤਿੰਨ ਸਾਲ ਵੱਡਾ ਸੀ। ਇਹ ਸਬੱਬ ਦੀ ਗੱਲ ਹੈ ਕਿ ਅਸੀਂ ਕਦੀ ਨਹੀਂ ਮਿਲੇ ਪਰ ਉਸ ਦੀ ਲੰਮੀ ਹੇਕ ਦੇ ਬੋਲ ਸਾਰੀ ਉਮਰ ਮੇਰੇ ਅੰਗ-ਸੰਗ ਰਹੇ ਹਨ। ਉਹ ਸਿਹਤਮੰਦ ਗਾਇਕੀ ਦਾ ਉੱਚਾ ਬੁਰਜ ਸੀ। ਉਸ ਦੀ ਉੱਚੀ ਤੇ ਲੰਮੀ ਹੇਕ ਦਿਸਹੱਦੇ ਪਾੜਨ ਵਾਲੀ ਸੀ। ਉਹ ਇਪਟਾ ਦੀ ਜਿੰਦ ਜਾਨ ਸੀ। ਪੰਜਾਬ ਦੀ ਕੋਇਲ ਸੁਰਿੰਦਰ ਕੌਰ ਉਸ ਦੀ ਸਹਿ-ਗਾਇਕਾ ਰਹੀ ਤੇ ਅੰਮ੍ਰਿਤਸਰ ਦੀ ਜੰਮੀ ਜਾਈ ਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਜੀਵਨ ਸਾਥਣ ਗੁਰਸ਼ਰਨ ਕੌਰ ਇਪਟਾ ਦੀਆਂ ਸਟੇਜਾਂ ਉਤੇ ਉਸ ਦੀ ਸਕੀ ਭੈਣ ਵਾਂਗ ਵਿਚਰਦੀ ਸੀ। ਗੁਰਮੀਤ ਬਾਵਾ ਤੋਂ ਬਿਨਾਂ ਲੋਕ ਗਾਇਕੀ ਵਿਚ ਹੋਰ ਕੋਈ ਉਸ ਦੇ ਨੇੜੇ-ਤੇੜੇ ਨਹੀਂ ਢੁਕ ਸਕਿਆ। ਉਸ ਦੇ ਗਾਏ ਗੀਤ ਦਹਾਕਿਆਂ ਬੱਧੀ ਆਕਾਸ਼ਵਾਣੀ ਦਾ ਸ਼ਿੰਗਾਰ ਰਹੇ। ਉਹ ਜਿਸ ਕਿਸੇ ਵੀ ਗੀਤ ਨੂੰ ਆਪਣੀ ਆਵਾਜ਼ ਦਿੰਦਾ ਰਿਹਾ ਏਦਾਂ ਜਾਪਦਾ ਜਿਵੇਂ ਗੀਤਕਾਰ ਦੀ ਰੂਹ ਉਸਦੇ ਅੰਦਰ ਉਤਰ ਆਈ ਹੋਵੇ। ਦੂਜੇ ਸੰਸਾਰ ਯੁੱਧ ਤੋਂ ਪਿੱਛੋਂ ਅਮਨ ਦੇ ਹੱਕ ਵਿਚ ਲਿਖੇ ਤੇਰਾ ਸਿੰਘ ਚੰਨ ਦੇ ਇਹ ਬੋਲ ਹਰ ਕਿਸੇ ਦੇ ਤਨ-ਮਨ ਵਸਾਉਣ ਵਾਲਾ ਉਹੀਓ ਸੀ:

ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ
ਮਾਖਿਓਂ ਵਰਗੀ ਮਸਤੀ
ਜਿਸ ਕਣ ਕਣ ਘੋਲੀ
ਪਾਵੋ ਨੀ ਇਹਦਿਆਂ ਨੈਣਾਂ ਵਿਚ
ਕੋਈ ਸੁਰਮ ਸਲਾਈਆਂ
ਧਰਤੀ ਉੱਤੇ ਏਸਨੇ ਮਿਹਰਾਂ ਬਰਸਾਈਆਂ
ਜਿਵੇਂ ਫੁਲੇਰਾਂ ਉਲਟ ਦਏ ਫੁੱਲਾਂ ਦੀ ਝੋਲੀ
ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ

ਉਸ ਦੇ ਅਕਾਲ ਚਲਾਣੇ ਨੇ ਤੇਰਾ ਸਿੰਘ ਚੰਨ ਤੋਂ ਬਿਨਾਂ ਉਸ ਸਮੇਂ ਦਾ ਵਾਰਾਂ ਦਾ ਬਾਦਸ਼ਾਹ ਹਜ਼ਾਰਾ ਸਿੰਘ ਗੁਰਦਾਸਪੁਰੀ, ਲੋਕ ਕਵੀ ਕਰਤਾਰ ਸਿੰਘ ਬਲੱਗਣ, ਯਮਲਾ ਜੱਟ ਤੇ ਬਾਬੂ ਸਿੰਘ ਮਾਨ ਵਰਗੇ ਕਈ ਮਹਾਰਾਥੀ ਚੇਤੇ ਕਰਵਾ ਦਿੱਤੇ ਹਨ। ਉਸ ਗੁਮਨਾਮ ਗੀਤਕਾਰ ਸਮੇਤ ਜਿਨ੍ਹਾਂ ਨੇ ਹੇਠ ਲਿਖੇ ਬੋਲ ਲਿਖੇ:

ਚੁੰਨੀ ਮੇਰੀ ਲੀਰ ਕਤੀਰਾਂ
ਵੇ ਭੈਣਾਂ ਦਿਓ ਵੀਰੋ।
ਬੁੱਝੀਆਂ ਖਿੱਤੀਆਂ ਡੁੱਬ ਗਏ ਤਾਰੇ
ਰਾਤ ਹਨੇਰੀ ਖਿੱਲੀਆਂ ਮਾਰੇ।
ਸਹਿਕ ਗਈਆਂ ਤਕਦੀਰਾਂ
ਵੇ ਭੈਣਾਂ ਦਿਓ ਵੀਰੋ।

ਵੱਡੇ ਸਾਹਿਬਜ਼ਾਦਿਆਂ ਦੇ ਗੀਤ ਵਿਚਲੀ ਇਕ ਹੇਕ 'ਸਿੰਘਾਂ ਜੇ ਚਲਿਆ ਚਮਕੌਰ ਓਥੇ ਸੁੱਤੇ ਨੇ ਦੋ ਭੌਰ' ਲੋਕ ਮਨਾਂ ਵਿਚ ਅੱਜ ਤਕ ਵੱਸੀ ਹੋਈ ਹੈ। ਉਸ ਨੇ ਧਰਮ, ਰਾਜਨੀਤੀ ਤੇ ਕਲਾ ਵਿਚਲੇ ਅੰਤਰ ਮਿਟਾ ਛੱਡੇ ਸਨ। ਉਹ ਆਪਣੇ ਪਿੰਡ ਉੱਦੋਵਾਲ ਦਾ ਸਰਪੰਚ ਬਣਿਆ ਤੇ ਪੰਜਾਬੀਆਂ ਦੇ ਦਿਲਾਂ ਦਾ ਬਾਦਸ਼ਾਹ। ਸ਼ਿਵ ਕੁਮਾਰ, ਜਸਵੰਤ ਸਿੰਘ ਕੰਵਲ, ਬਲਰਾਜ ਸਾਹਨੀ, ਜੋਗਿੰਦਰ ਬਾਹਰਲਾ, ਜਗਜੀਤ ਸਿੰਘ ਆਨੰਦ, ਜਗਦੀਸ਼ ਫਰਿਆਦੀ ਤੇ ਸ਼ੀਲਾ ਭਾਟੀਆ ਉਸਦੇ ਸ਼ੈਦਾਈ ਰਹੇ। ਨਿੰਦਰ ਘੁਗਿਆਣਵੀ ਨੇ 2010 ਵਿਚ ਉਹਦੇ ਬਾਰੇ ਇਕ ਡਾਕੂਮੈਂਟਰੀ ਫ਼ਿਲਮ ਤਿਆਰ ਕੀਤੀ ਜਿਸ ਵਿਚ ਉਹਦੇ ਵਲੋਂ ਗਾਈ ਹੀਰ ਦੇ ਉਹ ਬੋਲ ਭਰੇ ਜਿਹੜੇ ਉਸ ਨੇ ਸੰਨ 1978 ਵਿਚ ਗਾਏ ਸਨ। ਪੰਜਾਬ ਆਰਟਸ ਕਾਊਂਸਲ ਚੰਡੀਗੜ੍ਹ ਨੇ ਉਸਨੂੰ ਉਸ ਦੇ ਤੁਰ ਜਾਣ ਤੋਂ ਕੁਝ ਦਿਨ ਪਹਿਲਾਂ ਪੰਜਾਬ ਗੌਰਵ ਸਨਮਾਨ ਨਾਲ ਨਿਵਾਜਿਆ ਅਤੇ ਸੱਤ ਸਮੁੰਦਰ ਪਾਰ ਤਕ ਦੇ ਪੰਜਾਬੀਆਂ ਦਾ ਦਿਲ ਜਿੱਤਿਆ। ਉਸ ਦੀ ਲੰਮੀ ਹੇਕ ਪੰਜਾਬ ਦੀ ਆਤਮਾ ਦੀ ਆਵਾਜ਼ ਸੀ।

**ਹਰਚਰਨ ਬੈਂਸ ਦੀ ਵਡੇਰੀ ਜ਼ਿੰਮੇਵਾਰੀ**

ਮੈਂ ਅਕਾਲੀ ਦਲ ਦੇ ਨਵ-ਨਿਯੁਕਤ ਸੀਨੀਅਰ ਮੀਤ ਪ੍ਰਧਾਨ ਹਰਚਰਨ ਬੈਂਸ ਨੂੰ ਬੜੇ ਰੰਗਾਂ ਵਿਚ ਤੱਕਿਆ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਟੀ, ਲੁਧਿਆਣਾ ਵਿਚ ਆਪਣੇ ਕੁਲੀਗ ਤੇ ਅਕਾਲੀ ਦਲ ਦੇ ਪ੍ਰਮੁੱਖ ਨੇਤਾ ਪ੍ਰਕਾਸ਼ ਸਿੰਘ ਬਾਦਲ ਦੇ ਵਿਸ਼ਵਾਸ ਪਾਤਰ ਵਜੋਂ ਅਤੇ ਫੇਰ ਕੌਮੀ ਤੇ ਕੌਮਾਂਤਰੀ ਮੀਡੀਆ ਵਿਚ ਉਸ ਦੀਆਂ ਲਿਖਤਾਂ ਸਦਕਾ। ਮੇਰਾ ਨਿਸ਼ਚਾ ਹੈ ਕਿ ਉਹ ਅਕਾਲੀ ਦਲ ਦੀਆਂ ਰਵਾਇਤੀ ਤੇ ਪ੍ਰਮੁੱਖ ਕਦਰਾਂ ਕੀਮਤਾਂ ਉੱਤੇ ਪਹਿਰਾ ਦੇਣ ਲਈ ਦਿਨ ਰਾਤ ਇਕ ਕਰੇਗਾ। ਆਸ ਹੈ ਕਿ ਉਹ ਪ੍ਰਕਾਸ਼ ਸਿੰਘ ਬਾਦਲ ਦੀ ਬਜ਼ੁਰਗੀ ਕਾਰਨ ਪਾਰਟੀ ਵਿਚ ਆਏ ਪਾੜੇ ਨੂੰ ਦੂਰ ਕਰਨ ਦਾ ਯਤਨ ਕਰੇਗਾ। ਸ਼੍ਰੋਮਣੀ ਅਕਾਲੀ ਦਲ ਵੀ ਕਾਂਗਰਸ ਵਾਂਗ ਔਖੇ ਸਮੇਂ ਵਿਚੋਂ ਲੰਘ ਰਿਹਾ ਹੈ। ਮੇਰੇ ਮਿੱਤਰ ਹਰਚਰਨ ਬੈਂਸ ਦੇ ਸਿਰ ਵਡੇਰੀ ਜ਼ਿੰਮੇਵਾਰੀ ਆ ਪਈ ਹੈ। ਨਿਸ਼ਚੇ ਹੀ ਮੈਂ ਉਸ ਨੂੰ ਇਸ ਉੱਤੇ ਪੂਰਾ ਉਤਰਦਾ ਵੇਖਣਾ ਚਾਹਾਂਗਾ। ਸਵਾਗਤ ਹੈ।

**ਲਾੜੀ ਪ੍ਰੀਤ ਤੇ ਲਾੜਾ ਹਰਪ੍ਰੀਤ**

ਇੰਗਲੈਂਡ ਦੇ ਲੈਸਟਰ ਸ਼ਹਿਰ ਵਿਚ ਵੱਸ ਚੁਕਿਆ ਮੇਰਾ ਸ਼ਰਧਾਲੂ ਸੁਖਵਿੰਦਰ ਕੰਦੋਲਾ ਆਪਣੀ ਬੇਟੀ ਪ੍ਰੀਤ ਨੂੰ ਗੜ੍ਹਸ਼ੰਕਰ ਤਹਿਸੀਲ ਵਿਚ ਪੈਂਦੇ ਪਿੰਡ ਧਮਾਈ ਦੇ ਜੰਮਪਲ ਹਰਪ੍ਰੀਤ ਦੇ ਲੜ ਲਾਉਣ ਆਇਆ ਹੋਇਆ ਹੈ। ਮੇਰਾ ਰੱਬ ਸਬੱਬੀਂ ਹੋਇਆ ਜਾਣੂ ਉਹ ਮੈਨੂੰ ਬਾਪੂ ਜੀ ਕਹਿੰਦਾ ਤੇ ਮੰਨਦਾ ਹੈ। ਉਸਦਾ ਪਿਛਲਾ ਪਿੰਡ ਢਾਹਾਂ ਕਲੇਰਾਂ ਹੈ। ਮੇਰੇ ਪਿੰਡ ਤੋਂ 5-6 ਕਿਲੋਮੀਟਰ ਦੂਰ। ਵਿਆਹ ਉਪਰੰਤ ਉਹ ਨਵ-ਵਿਆਹੀ ਜੋੜੀ ਨੂੰ ਸਾਡਾ ਆਸ਼ੀਰਵਾਦ ਦਿਵਾਉਣ ਲੈ ਕੇ ਆਇਆ ਤਾਂ ਮੈਨੂੰ ਆਪਣੇ ਬਚਪਨ ਸਮੇਂ ਦਾ ਪੇਂਡੂ ਭਾਈਚਾਰਾ ਤੇ ਰਸਮ ਰਿਵਾਜ ਚੇਤੇ ਆ ਗਏ। ਚੰਗਾ ਲੱਗਿਆ।

**ਤੁਰ ਗਿਆ ਮੇਰਾ ਹਮ-ਉਮਰ ਤੇ ਹਮ-ਜਮਾਤੀ ਮਾਮਾ**

ਤੀਹ ਸਾਲਾਂ ਤੋਂ ਜਰਮਨੀ ਦੇ ਸ਼ਹਿਰ ਹੈਮਬਰਗ 'ਚ ਰਹਿ ਰਿਹਾ ਸਵਰਨ ਸਿੰਘ ਭੰਗੂ ਮੇਰਾ ਹਮ-ਉਮਰ ਤੇ ਹਮ-ਜਮਾਤੀ ਮਾਮਾ ਸੀ। ਅਸੀਂ ਇਕੋ ਘਰ ਪੈਦਾ ਹੋਏ ਤੇ ਮਿਡਲ ਤਕ ਇੱਕੋ ਸਕੂਲ ਵਿਚ ਪੜ੍ਹੇ। ਇਕੋ ਇਕ ਪੁਸਤਕ ਲੈ ਕੇ ਤੇ ਇਕੋ ਡੈਸਕ 'ਤੇ ਬਹਿ ਕੇ। ਉਹ ਮੇਰੇ ਨਾਲੋਂ ਮਹੀਨਾ ਸਵਾ ਮਹੀਨਾ ਵੱਡਾ ਸੀ ਪਰ ਕਾਗਜ਼ਾਂ ਵਿਚ ਸਕੂਲ ਮਾਸਟਰ ਨੇ ਸਾਡੀ ਦੋਵਾਂ ਦੀ ਜਨਮ ਮਿਤੀ ਇਕ ਹੀ ਲਿਖ ਦਿੱਤੀ। 27 ਫਰਵਰੀ, 1935। ਸਾਡੀ ਅਸਲੀ ਉਮਰ ਤੋਂ ਸਾਲ ਖੰਡ ਘੱਟ। ਇਹ ਸਬੱਬ ਦੀ ਗੱਲ ਹੈ ਕਿ ਉਸਨੇ ਇਸ ਦੁਨੀਆ ਨੂੰ ਅਲਵਿਦਾ ਕਹਿਣ ਲਈ ਵੀ ਇਹੀਓ ਮਿਤੀ ਚੁਣੀ। ਹੁਣ ਮੇਰੀ ਅਲਵਿਦਾ ਇਕ ਸਾਲ ਅੱਗੇ ਜਾ ਪਈ ਹੈ।



ਸਾਡੇ ਦੋਵਾਂ ਵਿਚ ਰਚਨਾਕਾਰੀ ਦਾ ਬੀਜ ਵੀ ਸਾਡੇ ਜਨਮ ਸਥਾਨ ਨੇ ਬੀਜਿਆ। ਉਹ ਕਵੀ ਦਰਬਾਰਾਂ ਵਿਚ ਕਵਿਤਾਵਾਂ ਪੜ੍ਹਨ ਦਾ ਸ਼ੌਕੀਨ ਸੀ। ਉਸ ਨੇ ਜਰਮਨ ਜਾਣ ਤੋਂ ਪਹਿਲਾਂ ਇਕ ਨਾਵਲ ਵੀ ਲਿਖਿਆ 'ਸਾਂਝਾਂ ਤੇ ਸਮਝੌਤੇ।' ਇਸ ਦਾ ਖਰੜਾ ਮੇਰੇ ਕੋਲੋਂ ਦਿੱਲੀ ਤੋਂ ਚੰਡੀਗੜ੍ਹ ਆਉਂਦਿਆਂ ਗੁੰਮ ਗਿਆ ਸੀ, ਜਿਹੜਾ ਹੁਣ ਮਿਲ ਤਾਂ ਗਿਆ ਪਰ ਉਸ ਦੇ ਹਸਪਤਾਲ ਦਾਖਲ ਹੋਣ ਦੇ ਦਿਨਾਂ ਵਿਚ ਇਸ ਨੂੰ ਲੋਕਗੀਤ ਪ੍ਰਕਾਸ਼ਨ ਵਾਲੇ ਛਾਪ ਰਹੇ ਹਨ। ਅਗਲੇ ਹਫ਼ਤੇ ਛਪ ਜਾਵੇਗਾ। ਮੈਨੂੰ ਅਫ਼ਸੋਸ ਹੈ ਕਿ ਉਹ ਇਸ ਦਾ ਪੁਸਤਕ ਰੂਪ ਨਹੀਂ ਵੇਖ ਸਕੇਗਾ। ਹਸਪਤਾਲ ਵਿਚ ਇਸ ਦੇ ਟਾਈਟਲ ਕਵਰ ਉੱਤੇ ਆਪਣੀ ਛਪਣ ਵਾਲੀ ਤਸਵੀਰ ਹੀ ਵੇਖ ਸਕਿਆ। ਉਸ ਨੇ ਜ਼ਿੰਦਗੀ ਵਿਚ ਕਈ ਤਰ੍ਹਾਂ ਦੇ ਪਾਪੜ ਵੇਲੇ। ਆਪਣੀ ਜਨਮ ਭੂਮੀ ਛੱਡ ਕੇ ਜਰਮਨੀ ਜਾ ਵੱਸਣਾ ਇਸ ਲੜੀ ਦਾ ਅੰਤ ਸੀ। ਉਸ ਦੇ ਤਿੰਨੋਂ ਬੇਟੇ ਉਹਦੇ ਵਰਗੇ ਜ਼ਿੰਦਾ ਦਿਲ ਨੇ। ਵੱਡੇ ਲਵਲੀ ਨੇ ਉਸ ਦੇ ਤੁਰ ਜਾਣ 'ਤੇ ਹੇਠ ਲਿਖੇ ਬੋਲ ਬੋਲੇ:

ਏਸ ਕਥਾ ਦਾ ਮਾਲਿਕ ਇੱਕ ਤੂੰ ਹੈਂ,
ਲਵਲੀ ਵਰਗੇ ਐਵੇਂ ਹੱਕ ਜਮਾ ਲੈਂਦੇ ਨੇ।
ਇਹ ਸਭ ਰੂਹਾਂ ਤੂੰ ਹੀ ਘੱਲੇਂ,
ਬੰਦੇ ਅੰਗ ਸੰਗ ਲਾ ਲੈਂਦੇ ਨੇ।

ਆਪਣੇ ਡੈਡੀ ਦੇ ਜੀਊਂਦੇ ਜੀ ਲਵਲੀ ਜੋ ਵੀ ਬੋਲਦਾ ਰਿਹਾ ਉਸ ਤੋਂ ਛੋਟਾ ਮੌਂਟੀ ਉਸ ਦੇ ਬੋਲਾਂ ਨੂੰ ਆਪਣੀ ਆਵਾਜ਼ ਦਿੰਦਾ ਰਿਹਾ। ਹੁਣ ਇਹ ਬੋਲ ਤੇ ਆਵਾਜ਼ ਮੈਂ ਹੀ ਸੁਣਾਂਗਾ। ਮੇਰਾ ਹਮ-ਉਮਰ ਮਾਮਾ ਤੇ ਮਿੱਤਰ ਨਹੀਂ।

**ਅੰਤਿਕਾ**

ਆਦੇਸ਼ ਅੰਕੁਸ਼
ਜਾਲ ਵਿਛੇ ਨੇ ਸੜਕਾਂ ਵਾਲੇ,
ਪੱਥਰ ਲੱਗੇ ਮੀਲਾਂ ਦੇ,
ਹੁਣ ਤਾਂ ਮਨ ਦੀ ਪਗਡੰਡੀ 'ਤੇ
ਕਰਮਾਂ ਵਾਲੇ ਜਾਂਦੇ ਨੇ।
ਲੋਕੀਂ ਪੁੱਛ ਲੈਂਦੇ ਨੇ ਅੱਜ-ਕੱਲ੍ਹ,
ਖੈਰ ਖੈਰੀਅਤ ਫੋਨਾਂ 'ਤੇ,
ਇਕ ਦੂਜੇ ਨੂੰ ਜ਼ਿੰਦਾ ਤੱਕਣ
ਵਿਚ ਵਿਚਾਲੇ ਜਾਂਦੇ ਨੇ।

# ਰੂਸ-ਯੂਕਰੇਨ ਜੰਗ ਦੌਰਾਨ ਮੁੱਦਾ ਭਾਰਤ ਦੀ ਗੁੱਟ ਨਿਰਪੱਖਤਾ

ਸਿਆਸਤ ਦਾ ਪਿੜ



**ਜਤਿੰਦਰ ਪਨੂੰ**
**ਫੋਨ: 91-98140-68455**

ਰੂਸ ਕੋਲ ਚੋਖੇ ਠੋਸ ਕਈ ਬਹਾਨੇ ਹੋਣ ਦੇ ਬਾਵਜੂਦ ਯੂਕਰੇਨ ਉੱਤੇ ਉਸ ਦੇ ਹਮਲੇ ਨੂੰ ਜਾਇਜ਼ ਮੰਨਣ ਲਈ ਮੈਂ ਮਾਨਸਿਕ ਤੌਰ ਉੱਤੇ ਤਿਆਰ ਨਹੀਂ ਹੋ ਸਕਿਆ। ਉਸ ਨੂੰ ਹਮਲਾ ਨਹੀਂ ਸੀ ਕਰਨਾ ਚਾਹੀਦਾ। ਇਸ ਤੋਂ ਉਲਟ ਜਿਹੜੀ ਗੱਲ ਮੈਨੂੰ ਚੁਭ ਰਹੀ ਹੈ, ਉਹ ਇਹ ਕਿ ਜਦੋਂ ਅਮਰੀਕਾ ਨੇ ਬਿਨਾਂ ਯੋਗ ਕਾਰਨਾਂ ਤੋਂ ਕਈ ਦੇਸ਼ਾਂ ਵਿਰੁੱਧ ਏਹੀ ਹਮਲਾਵਰੀ ਕੀਤੀ ਸੀ ਤਾਂ ਰੂਸ ਨੂੰ ਸੰਸਾਰ ਦੀ ਸੱਥ ਵਿਚ ਓਸੇ ਤਰ੍ਹਾਂ ਉਸ ਦਾ ਵਿਰੋਧ ਕਰਨ ਦੀ ਲੋੜ ਸੀ, ਜਿਵੇਂ ਅੱਜ ਅਮਰੀਕਾ ਅਤੇ ਉਸ ਦੇ ਹਮਾਇਤੀ ਦੇਸ਼ ਰੂਸ ਦੇ ਖ਼ਿਲਾਫ ਕਰੀ ਜਾ ਰਹੇ ਹਨ। ਦੂਸਰੀ ਸੰਸਾਰ ਜੰਗ ਲੱਗਣ ਤਕ ਪਹਿਲੀ ਸੰਸਾਰ ਜੰਗ ਨੂੰ 'ਪਹਿਲੀ' ਕਹਿਣ ਦੀ ਥਾਂ ਸਿਰਫ 'ਸੰਸਾਰ ਜੰਗ' ਆਖਿਆ ਜਾਂਦਾ ਸੀ, ਕਿਉਂਕਿ ਪਤਾ ਨਹੀਂ ਸੀ ਕਿ ਦੂਸਰੀ ਸੰਸਾਰ ਜੰਗ ਲੱਗਣ ਦੀ ਨੌਬਤ ਵੀ ਆ ਜਾਣੀ ਹੈ। ਕਿਸੇ ਹੋਰ ਵੱਡੀ ਜੰਗ ਨੂੰ ਰੋਕਣ ਲਈ ਓਦੋਂ ਲੀਗ ਆਫ ਨੇਸ਼ਨਜ਼ ਬਣਾਈ ਗਈ ਸੀ, ਜਿਸ ਤੋਂ ਜਿਹੜੀ ਆਸ ਸੀ, ਉਹ ਪੂਰੀ ਨਾ ਹੋਈ ਤਾਂ ਦੂਸਰੀ ਸੰਸਾਰ ਜੰਗ ਲੱਗ ਜਾਣ ਪਿੱਛੋਂ ਉਹ ਲੀਗ ਬੇਲੋੜੀ ਮੰਨ ਕੇ ਉਸ ਨੂੰ ਤੋੜਨਾ ਪਿਆ ਸੀ। ਉਸ ਦੇ ਬਾਅਦ ਯੂਨਾਈਟਿਡ ਨੇਸ਼ਨਜ਼ ਆਰਗੇਨਾਈਜ਼ੇਸ਼ਨ (ਯੂ ਐੱਨ ਓ) ਬਣਨ ਦਾ ਸਬੱਬ ਇਸ ਲਈ ਬਣਿਆ ਸੀ ਕਿ ਜਿਹੜਾ ਕੰਮ ਪਹਿਲੀ ਲੀਗ ਆਫ ਨੇਸ਼ਨਜ਼ ਨਹੀਂ ਸੀ ਕਰ ਸਕੀ, ਅਗਲੀ ਕਿਸੇ ਵੀ ਹੋਰ ਜੰਗ ਨੂੰ ਰੋਕਣ ਦਾ ਉਹੋ ਕੰਮ ਯੂ ਐੱਨ ਓ ਕਰੇਗੀ। ਸਮੇਂ ਨੇ ਸਾਬਤ ਕੀਤਾ ਕਿ ਇਹ ਵੀ ਸਿਰਫ ਗੱਪ-ਸ਼ੱਪ ਦਾ ਸੰਸਾਰ ਪੱਧਰ ਦਾ ਅੱਡਾ ਹੀ ਸਾਬਤ ਹੋਈ ਹੈ, ਜ਼ੋਰਾਵਰੀ ਕਰਦੀ ਕਿਸੇ ਧਿਰ ਦੀ ਹਮਲਾਵਰੀ ਰੋਕਣ ਜੋਗੀ ਨਹੀਂ ਨਿਕਲੀ।

ਅਸੀਂ 'ਜ਼ੋਰਾਵਰ ਦਾ ਸੱਤੀਂ ਵੀਹੀਂ ਸੌ' ਦਾ ਮੁਹਾਵਰਾ ਸੁਣਿਆ ਹੋਇਆ ਹੈ। ਅਮਰੀਕਾ ਦੀਆਂ ਸਰਕਾਰਾਂ ਇਤਿਹਾਸ ਨੂੰ ਮਰਜ਼ੀ ਮੁਤਾਬਕ ਘੁਮਾਉਣ ਦੇ ਯਤਨ ਵਿਚ ਯੂ ਐੱਨ ਓ ਨੂੰ ਟਿੱਚ ਜਾਣਦੀਆਂ ਰਹੀਆਂ ਹਨ। ਉਨ੍ਹਾਂ ਦੇ ਖ਼ਿਲਾਫ ਜਿਹੜੇ ਵੀ ਮੋੜ ਉੱਤੇ ਕਦੇ ਕਿਸੇ ਕੇਸ ਵਿਚ ਯੂ ਐੱਨ ਓ ਦੀ ਕਿਸੇ ਵੀ ਸੰਸਥਾ ਨੇ ਕੋਈ ਫੈਸਲਾ ਉਨ੍ਹਾਂ ਦੀ ਮਰਜ਼ੀ ਦਾ ਨਹੀਂ ਸੀ ਦਿੱਤਾ, ਉਸ ਫੈਸਲੇ ਪਿੱਛੋਂ ਅਮਰੀਕੀ ਹਾਕਮਾਂ ਨੇ ਯੂ ਐੱਨ ਓ ਦੇ ਖ਼ਿਲਾਫ ਰੱਜਵੀਂ ਕੌੜ ਕੱਢੀ ਸੀ। ਅਮਰੀਕਾ ਦਾ ਪਿਛਲਾ ਰਾਸ਼ਟਰਪਤੀ ਡੋਨਲਡ ਟਰੰਪ ਤਾਂ ਇਸ ਸੰਸਥਾ ਦੇ ਕਈ ਅੰਗਾਂ ਦੀ ਮੈਂਬਰੀ ਤੱਕ ਛੱਡਣ ਤੁਰ ਪਿਆ ਸੀ ਅਤੇ ਸਮੁੱਚੀ ਯੂ ਐੱਨ ਨੂੰ ਛੱਡਣ ਦੀਆਂ ਗੱਲਾਂ ਵੀ ਉਸ ਦੇ ਵਕਤ ਅਮਰੀਕਾ ਵਿਚ ਸ਼ੁਰੂ ਹੋ ਗਈਆਂ ਸਨ। ਰੂਸ ਨੇ ਵੀ ਕਈ ਮੌਕਿਆਂ ਉੱਤੇ ਯੂ ਐੱਨ ਓ ਨੂੰ ਟਿੱਚ ਜਾਣਿਆ ਅਤੇ ਚੀਨ ਨੇ ਵੀ ਕਈ ਵਾਰੀ ਇਸ ਤਰ੍ਹਾਂ ਕੀਤਾ ਹੋਇਆ ਹੈ। ਇਸ ਵਿਚ ਖਾਸ ਗੱਲ ਇਹ ਹੈ ਕਿ ਯੂ ਐੱਨ ਓ ਨੂੰ ਟਿੱਚ ਜਾਣਨ ਦੀ ਜੁਰਅੱਤ ਕੋਈ ਛੋਟਾ ਦੇਸ਼ ਨਹੀਂ ਕਰਦਾ, ਆਮ ਕਰਕੇ ਵੀਟੋ ਤਾਕਤ ਵਾਲੇ ਪੰਜ ਦੇਸ਼ਾਂ ਵਿਚੋਂ ਹੀ ਕੋਈ ਕਰਦਾ ਹੈ, ਜਿਨ੍ਹਾਂ ਨੂੰ ਇਸ ਸੰਸਥਾ ਦਾ ਵੱਕਾਰ ਵਧਾਉਣ ਲਈ ਸੰਸਾਰ ਦੀ ਅਗਵਾਈ ਕਰਨੀ ਅਤੇ ਸੰਸਾਰ ਅਮਨ ਕਾਇਮ ਰਹਿਣਾ ਯਕੀਨੀ ਕਰਨ ਲਈ ਹਰ ਕਿਸਮ ਦੀ ਪਹਿਲ-ਕਦਮੀ ਕਰਨੀ ਚਾਹੀਦੀ ਹੈ।



ਰੂਸ ਨੇ ਤਾਜ਼ਾ ਹਮਲਾ ਇਸ ਦਲੀਲ ਨਾਲ ਕੀਤਾ ਹੈ ਕਿ ਯੂਕਰੇਨ ਨੂੰ ਨਾਟੋ ਦੇ ਅਮਰੀਕੀ ਅਗਵਾਈ ਹੇਠਲੇ ਫੌਜੀ ਗੱਠਜੋੜ ਵਿਚ ਮਿਲਾ ਕੇ ਉਸ ਦੀ ਧਰਤੀ ਉੱਤੋਂ ਰੂਸ ਵੱਲ ਸੇਧ ਕੇ ਭਵਿੱਖ ਵਿਚ ਐਟਮੀ ਮਿਜ਼ਾਈਲਾਂ ਬੀੜੀਆਂ ਜਾਣ ਦਾ ਸ਼ੱਕ ਹੈ। ਉਸ ਦਾ ਇਹ ਸ਼ੱਕ ਬਾਕੀ ਦੇਸ਼ਾਂ ਅਤੇ ਖਾਸ ਕਰਕੇ ਨਾਟੋ ਗੱਠਜੋੜ ਨੂੰ ਦੂਰ ਕਰਨਾ ਚਾਹੀਦਾ ਅਤੇ ਇਸ ਮਾਮਲੇ ਵਿਚ ਇਹ ਯਕੀਨ ਦਿਵਾਉਣਾ ਚਾਹੀਦਾ ਸੀ ਕਿ ਓਥੇ ਏਦਾਂ ਦਾ ਕੁਝ ਨਹੀਂ ਹੋਵੇਗਾ। ਉਨ੍ਹਾਂ ਨੇ ਇਸ ਦੀ ਲੋੜ ਨਹੀਂ ਸਮਝੀ, ਸਗੋਂ ਯੂਕਰੇਨ ਨੂੰ ਇਹ ਕਹਿ ਕੇ ਉਕਸਾਈ ਗਏ ਸਨ ਕਿ ਉਸ ਨੂੰ ਡਰਨ ਦੀ ਲੋੜ ਨਹੀਂ, ਸਾਰੇ ਨਾਟੋ ਦੇਸ਼ ਉਸ ਦੀ ਪਿੱਠ ਉੱਤੇ ਆਉਣ ਨੂੰ ਤਿਆਰ ਹਨ। ਜਦੋਂ ਯੂਕਰੇਨ ਉੱਤੇ ਰੂਸ ਨੇ ਹਮਲਾ ਕੀਤਾ ਤਾਂ ਇਨ੍ਹਾਂ ਦੇਸ਼ਾਂ ਵਿਚੋਂ ਕੋਈ ਯੂਕਰੇਨ ਵਿਚ ਲੜਨ ਨਹੀਂ ਆਇਆ, ਅਤੇ ਇਸ ਤਰ੍ਹਾਂ ਚੰਗਾ ਹੀ ਹੋਇਆ ਹੈ, ਵਰਨਾ ਗੱਲ ਹੋਰ ਵਧਣ ਦਾ ਡਰ ਸੀ, ਪਰ ਜਿਨ੍ਹਾਂ ਨੇ ਉਸ ਛੋਟੇ ਜਿਹੇ ਦੇਸ਼ ਨੂੰ ਆਪਣੇ ਗਵਾਂਢ ਵਿਚ ਖੜੋਤੀ ਇੱਕ ਵੱਡੀ ਤਾਕਤ ਨਾਲ ਲੜਨ ਨੂੰ ਉਕਸਾਇਆ ਸੀ ਤੇ ਇਹ ਹਾਲਾਤ ਬਣਾਏ ਸਨ, ਉਹ ਆਪਣੀ ਗਲਤੀ ਕਦੇ ਨਹੀਂ ਮੰਨਣਗੇ। ਇਸ ਦੀ ਥਾਂ ਉਹ ਯੂ ਐੱਨ ਓ ਨੂੰ ਵਰਤਣ ਤੇ ਰੂਸ ਨੂੰ ਕਟਹਿਰੇ ਵਿਚ ਖੜ੍ਹੇ ਕਰਨ ਲਈ ਤਾਣ ਲਾ ਰਹੇ ਹਨ, ਜਿਸ ਵਿਚ ਅਮਰੀਕੀ ਦਬਾਅ ਹੇਠਲੇ ਸੰਸਾਰ ਦੇ ਦੇਸ਼ ਉਨ੍ਹਾਂ ਨਾਲ ਖੜ੍ਹੇ ਵੀ ਹੋ ਗਏ, ਪਰ ਸੰਸਾਰ ਦੇ ਸਾਰੇ ਦੇਸ਼ ਇਸ ਨਾਲ ਸਹਿਮਤ ਨਹੀਂ ਹੋ ਸਕੇ। ਰੂਸ ਦੇ ਖ਼ਿਲਾਫ ਮਤੇ ਪੇਸ਼ ਹੋਏ ਤਾਂ ਭਾਰਤ ਨੇ ਹਮਾਇਤ ਜਾਂ ਵਿਰੋਧ ਕਰਨ ਦੀ ਥਾਂ ਵੋਟਿੰਗ ਤੋਂ ਲਾਂਭੇ ਰਹਿਣ ਦਾ ਪੈਂਤੜਾ ਮੱਲ ਲਿਆ, ਜਿਸ ਨਾਲ ਅਮਰੀਕਾ ਦੇ ਕਈ ਭਗਤ ਨਾਰਾਜ਼ ਹੋ ਗਏ, ਪਰ ਉਹ ਇਹ ਨਹੀਂ ਵੇਖ ਸਕੇ ਕਿ ਜਿਸ ਪਾਕਿਸਤਾਨ ਖਾਤਰ ਅਮਰੀਕਾ ਬਹੁਤ ਵਾਰੀ ਭਾਰਤ ਦੇ ਖਿਲਾਫ ਯੂ ਐੱਨ ਓ ਵਿਚ ਖੜੋਂਦਾ ਰਿਹਾ ਸੀ, ਉਹ ਪਾਕਿਸਤਾਨ ਵੀ ਉਸ ਨਾਲ ਖੜ੍ਹਾ ਨਹੀਂ ਹੋਇਆ। ਇਸ ਸਬੰਧ ਵਿਚ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਡੋਨਲਡ ਟਰੰਪ ਦੇ ਵਕਤ ਅਮਰੀਕਾ ਅਤੇ ਪਾਕਿਸਤਾਨ ਦੇ ਸਬੰਧ ਕੁਝ ਖਰਾਬ ਹੋ ਗਏ ਸਨ, ਪਰ ਇਹ ਗੱਲ ਭੁਲਾ ਦਿੱਤੀ ਜਾਂਦੀ ਹੈ ਕਿ ਅਫਗਾਨਿਸਤਾਨ ਵਿਚ ਆਪਣੀਆਂ ਲੋੜਾਂ ਲਈ ਅਮਰੀਕੀ ਫੌਜ ਨੂੰ ਅੱਜ ਵੀ ਪਾਕਿਸਤਾਨ ਆਪਣੀਆਂ ਸਾਰੀਆਂ ਫੌਜੀ ਸਹੂਲਤਾਂ ਦੇਈ ਜਾਂਦਾ ਹੈ। ਅਮਰੀਕੀ ਬਲਾਕ ਵੱਲੋਂ ਰੂਸ ਵਿਰੁੱਧ ਪੇਸ਼ ਕੀਤੇ ਮਤਿਆਂ ਵੇਲੇ ਬੰਗਲਾ ਦੇਸ਼ ਤੇ ਕੁਝ ਹੋਰਨਾਂ ਨੇ ਵੀ ਭਾਰਤ ਵਾਲਾ ਪੈਂਤੜਾ ਹੀ ਲਿਆ ਹੈ। ਭਾਰਤ ਦੇ ਇਸ ਪੈਂਤੜੇ ਦਾ ਵਿਰੋਧ ਕਰਨ ਵਾਲੇ ਲੋਕ ਇਸ ਮੁੱਦੇ ਉੱਤੇ ਭਾਰਤ ਵਾਲਾ ਪੈਂਤੜਾ ਲੈਣ ਵਾਲੇ ਕਿਸੇ ਹੋਰ ਦੇਸ਼ ਦੇ ਖਿਲਾਫ ਏਹੋ ਜਿਹੀ ਨੁਕਤਾਚੀਨੀ ਨਹੀਂ ਕਰਦੇ ਅਤੇ ਯੂਕਰੇਨ ਵਿਚ ਫਸੇ ਨੌਜਵਾਨਾਂ ਦੇ ਦੁੱਖਾਂ ਨੂੰ ਭਾਰਤ ਦੇ ਪੈਂਤੜੇ ਨਾਲ ਜੋੜ ਰਹੇ ਹਨ।

ਭਾਰਤ ਦੇ ਅੱਜ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਕਈ ਗੱਲਾਂ ਦੇ ਅਸੀਂ ਲੋਕ ਵੀ ਵਿਰੋਧੀ ਹੋ ਸਕਦੇ ਹਾਂ, ਪਰ ਇਸ ਜੰਗ ਵਾਲੇ ਮਾਮਲੇ ਵਿਚ ਭਾਰਤ ਦੀ ਨਿਰਪੱਖਤਾ ਹੀ ਸਹੀ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤ ਦੀ ਆਜ਼ਾਦੀ ਅਤੇ ਦੇਸ਼ ਦੀ ਵੰਡ ਦੇ ਬਾਅਦ ਨਵੇਂ ਜਨਮੇ ਦੇਸ਼ ਪਾਕਿਸਤਾਨ ਦੇ ਪੱਖ ਵਿਚ ਯੂ ਐੱਨ ਓ ਵਿਚ ਜਦੋਂ ਕਦੇ ਕੋਈ ਮਤਾ ਭਾਰਤ ਦੇ ਖ਼ਿਲਾਫ ਪੇਸ਼ ਹੋਇਆ, ਰੂਸ ਨੇ ਪਿਛਲੇ ਕਮਿਊਨਿਸਟ ਰਾਜ ਵੇਲੇ ਵੀ ਅਤੇ ਅਜੋਕੇ ਵਲਾਦੀਮੀਰ ਪੂਤਿਨ ਵਾਲੇ ਗੈਰ ਕਮਿਊਨਿਸਟ ਦੌਰ ਵਿਚ ਵੀ ਹਮੇਸ਼ਾ ਭਾਰਤ ਦੇ ਪੱਖ ਵਿਚ ਸਟੈਂਡ ਲਿਆ ਹੈ। ਔਕੜ ਦੇ ਵਕਤ ਪਰਖੇ ਹੋਏ ਏਦਾਂ ਦੇ ਮਿੱਤਰ ਦੇਸ਼ ਦੇ ਕਿਸੇ ਕਦਮ ਨਾਲ ਸਹਿਮਤੀ ਨਾ ਵੀ ਹੋਵੇ ਤਾਂ ਉਸ ਨਾਲ ਗੱਲ ਕੀਤੀ ਜਾ ਸਕਦੀ ਹੈ, ਪਰ ਉਸ ਦੇ ਵਿਰੁੱਧ ਉਨ੍ਹਾਂ ਦੇਸ਼ਾਂ ਨਾਲ ਖੜ੍ਹੇ ਹੋਣਾ ਔਖਾ ਹੋ ਜਾਂਦਾ ਹੈ, ਜਿਨ੍ਹਾਂ ਨੇ ਹਮੇਸ਼ਾ ਭਾਰਤ ਦਾ ਵਿਰੋਧ ਕੀਤਾ ਹੈ। ਭਾਰਤ ਅੱਧੀ ਸਦੀ ਤੋਂ ਵੱਧ ਸਮਾਂ ਸੰਸਾਰ ਰਾਜਨੀਤੀ ਵਿਚ ਗੁੱਟ-ਨਿਰਪੱਖ ਰਿਹਾ ਹੈ ਅਤੇ ਉਸ ਦੌਰ ਵਿਚ ਇਸ ਦੀ ਇੱਜ਼ਤ ਵੀ ਅਜੋਕੇ ਦੌਰ ਨਾਲੋਂ ਹਮੇਸ਼ਾ ਵੱਧ ਹੁੰਦੀ ਸੀ। ਇਸ ਨੂੰ ਉਹ ਭੂਮਿਕਾ ਫਿਰ ਨਿਭਾਉਣ ਦੀ ਲੋੜ ਹੈ। ਕਿਸੇ ਵਕਤੀ ਭੜਕਾਹਟ ਕਾਰਨ ਭਾਰਤ ਨੂੰ ਕਿਸੇ ਨਾਟੋ ਵਰਗੇ ਫੌਜੀ ਗੱਠਜੋੜ ਨੂੰ ਚਲਾਉਣ ਵਾਲਿਆਂ ਦਾ ਪਿਛਲੱਗ ਨਹੀਂ ਬਣਨਾ ਚਾਹੀਦਾ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਅਮਰੀਕਾ ਨੇ ਅਫਗਾਨਿਸਤਾਨ ਵਿਚ ਲੜਨ ਜਾਣਾ ਸੀ ਤਾਂ ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਸੀ ਕਿ ਜਿਹੜਾ ਅਮਰੀਕਾ ਨਾਲ ਨਹੀਂ, ਉਹ ਸਾਡੇ ਦੁਸ਼ਮਣ ਨਾਲ ਮੰਨਿਆ ਜਾਵੇਗਾ। ਇਸ ਘੂਰੀ ਹੇਠ ਉਸ ਵੇਲੇ ਦੀ ਭਾਰਤ ਸਰਕਾਰ ਨੇ ਝੱਟ ਉਸ ਦਾ ਸਾਥ ਦੇਣ ਦਾ ਐਲਾਨ ਕਰ ਦਿੱਤਾ ਸੀ, ਪਰ ਓਦੋਂ ਵੀ ਭਾਰਤ ਦੇ ਲੋਕਾਂ ਦੀ ਬਹੁ-ਗਿਣਤੀ ਇਹ ਸਮਝਦੀ ਸੀ ਕਿ ਹਾਲਾਤ ਜੋ ਵੀ ਹੋਣ, ਭਾਰਤ ਨੂੰ ਬੇਗਾਨੀ ਜੰਗ ਵਿਚ ਆਪਣਾ ਸਿਰ ਨਹੀਂ ਫਸਾਉਣਾ ਚਾਹੀਦਾ। ਭਾਰਤ ਦੇ ਲੋਕ ਅੱਜ ਵੀ ਇਹੋ ਚਾਹੁੰਣਗੇ। ਕਮਿਊਨਿਸਟ ਬਲਾਕ ਦੀ ਹੋਂਦ ਖਤਮ ਹੋਣ ਦੇ ਬਾਅਦ ਬੇਸ਼ੱਕ ਇਹ ਕਿਹਾ ਜਾ ਰਿਹਾ ਹੈ ਕਿ ਇਸ ਵੇਲੇ ਦੁਨੀਆ ਵਿਚ ਇੱਕੋ ਮਹਾਂਸ਼ਕਤੀ ਅਮਰੀਕਾ ਰਹਿ ਗਿਆ ਹੈ, ਪਰ ਅਮਲ ਵਿਚ ਅੱਜ ਵੀ ਅਮਰੀਕਾ ਤੇ ਰੂਸ ਦੋ ਮਹਾਂਸ਼ਕਤੀਆਂ ਦੀ ਹੋਂਦ ਕਾਇਮ ਹੈ ਤੇ ਇਸ ਨਾਲ ਇੱਕ ਹੋਰ ਮਹਾਂਸ਼ਕਤੀ ਚੀਨ ਲਗਾਤਾਰ ਆਪਣੇ ਉਭਾਰ ਦੇ ਸਬੂਤ ਦੇ ਰਿਹਾ ਹੈ। ਸੰਸਾਰ ਮਹਾਂਸ਼ਕਤੀਆਂ ਨੇ ਜਦੋਂ ਵੱਡੀ ਲੜਾਈ, ਜਿਸ ਨੂੰ 'ਸੰਸਾਰ ਜੰਗ' ਕਹਿੰਦੇ ਸਨ, ਲੜੀ ਸੀ, ਉਸ ਦਾ ਕਾਰਨ ਮਾਲ ਵੇਚਣ ਲਈ ਮੰਡੀਆਂ ਮੰਨੇ ਜਾਂਦੇ ਦੇਸ਼ਾਂ ਉੱਤੇ ਕਬਜ਼ੇ ਦੀ ਸੋਚ ਸੀ ਤੇ ਏਦਾਂ ਦੀ ਸੋਚ ਅਜੇ ਕਾਇਮ ਹੈ।

ਜਦੋਂ ਅਮਰੀਕਾ ਦੇ ਇੱਕ ਇਸ਼ਾਰੇ ਉੱਤੇ ਸੰਸਾਰ ਦੀਆਂ ਪ੍ਰਮੁੱਖ ਟੈਕਨੀਕ ਵਾਲੀਆਂ ਕੰਪਨੀਆਂ ਕਿਸੇ ਦੇਸ਼ ਵਿਰੁੱਧ ਪਾਬੰਦੀਆ ਲਾਉਣ ਤੁਰ ਪੈਂਦੀਆਂ ਹਨ ਤਾਂ ਇਸ ਦਾ ਅਰਥ ਵੀ ਦੁਨੀਆ ਦੇ ਦੇਸ਼ਾਂ ਨੂੰ ਸਮਝ ਲੈਣਾ ਚਾਹੀਦਾ ਹੈ। ਇਹ ਸੰਸਾਰ ਪੱਧਰ ਦੀ ਉਸ ਖਿੱਚੋਤਾਣ ਦਾ ਪਹਿਲਾ ਪੜਾਅ ਹੈ, ਜਿਸ ਦਾ ਅਗਲਾ ਪੜਾਅ ਤੀਸਰੀ ਸੰਸਾਰ ਜੰਗ ਹੋ ਸਕਦਾ ਹੈ। ਭਾਰਤ ਨੂੰ ਉਸ ਤੋਂ ਬਚਣ ਦੀ ਲੋੜ ਹੈ। ਯੂ ਐੱਨ ਨਾਕਾਮ ਹੋਈ ਹੈ, ਉਸ ਦੇ ਪੱਲੇ ਕੁਝ ਨਹੀਂ ਰਿਹਾ ਜਾਪਦਾ, ਇਸ ਲਈ ਹਰ ਤਰ੍ਹਾਂ ਦੀ ਬਹਿਸ ਅਮਰੀਕਾ ਦੀ ਅੱਖ ਦੇ ਇਸ਼ਾਰੇ ਮੁਤਾਬਕ ਹੁੰਦੀ ਜਾਪਣ ਲੱਗੀ ਹੈ। ਇਹ ਅੱਖ ਦਾ ਇਸ਼ਾਰਾ ਬਹੁਤ ਖਤਰਨਾਕ ਹੋ ਸਕਦਾ ਹੈ ਅਤੇ ਵਿਕਾਸ ਕਰਦੇ ਦੇਸ਼ਾਂ ਵਾਲਿਆਂ ਨੂੰ ਏਦਾਂ ਦੇ ਇਸ਼ਾਰਿਆਂ ਅੱਗੇ ਸਾਬਤ ਕਦਮੀ ਨਾਲ ਟਿਕਣ ਦੀ ਲੋੜ ਹੈ, ਇਸ ਵੇਲੇ ਥਿੜਕਣਾ ਭਵਿੱਖ ਵਿਚ ਮਹਿੰਗਾ ਪੈ ਸਕਦਾ ਹੈ।

# ਭਾਰਤ ਦੇ ਫੈਡਰਲ ਢਾਂਚੇ ਦੀ ਹੇਠੀ

ਭਾਰਤੀ ਫੈਡਰਲਿਜ਼ਮ ਨੂੰ ਲੈ ਕੇ ਹਾਲ ਹੀ ਵਿਚ ਕਈ ਖਬਰਾਂ ਆਈਆਂ ਹਨ। ਤਾਮਿਲ ਨਾਡੂ, ਕੇਰਲ ਅਤੇ ਪੱਛਮੀ ਬੰਗਾਲ ਜਿੱਥੇ ਗੈਰ-ਭਾਜਪਾ ਸਰਕਾਰਾਂ ਦਾ ਸ਼ਾਸਨ ਹੈ, ਦੁਆਰਾ ਗਣਤੰਤਰ ਦਿਵਸ ਪਰੇਡ ਲਈ ਤਿਆਰ ਕਰਵਾਈਆਂ ਗਈਆਂ ਝਾਕੀਆਂ ਨੂੰ ਰੱਦ ਕਰ ਦਿੱਤਾ ਗਿਆ। ਸੰਸਦ ਦੇ ਬਜਟ ਸੈਸ਼ਨ ਵਿਚ ਬਹਿਸ ਨੂੰ ਠੋਸ ਮੁੱਦਿਆਂ ਦੀ ਬਜਾਏ ਬਿੰਬਾਂ ਦੁਆਲੇ ਘੁਮਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਵਿਰੋਧੀ ਧਿਰ ਦੇ ਬਹੁਤ ਸਾਰੇ ਸੰਸਦ ਮੈਂਬਰਾਂ ਨੇ ਕੇਂਦਰ ਦੀ ਇਸ ਗੱਲ ਗੱਲੋਂ ਤਿੱਖੀ ਨੁਕਤਾਚੀਨੀ ਕੀਤੀ ਹੈ ਕਿ ਉਹ ਸੰਵਿਧਾਨਕ ਨੇਮਾਂ ਤੇ ਅਸੂਲਾਂ ਨੂੰ ਛਿੱਕੇ ਟੰਗ ਕੇ ਸੂਬਿਆਂ ਦੇ ਅਧਿਕਾਰਾਂ ਦੀ ਹੇਠੀ ਕਰ ਰਿਹਾ ਹੈ।

ਭਾਰਤ ਦੇ ਫੈਡਰਲ ਢਾਂਚੇ ਉਪਰ ਪਹਿਲਾ ਵੱਡਾ ਹਮਲਾ 1959 ਵਿਚ ਹੋਇਆ ਸੀ ਜਦੋਂ ਕੇਰਲ

**ਰਾਮਚੰਦਰ ਗੁਹਾ**

ਦੀ ਕਮਿਊਨਿਸਟ ਸਰਕਾਰ ਨੂੰ ਸੰਵਿਧਾਨ ਦੀ ਧਾਰਾ 356 ਤਹਿਤ ਭੰਗ ਕੀਤਾ ਗਿਆ ਸੀ। ਉਸ ਕਾਰਵਾਈ ਨੂੰ ਹੱਲਾਸ਼ੇਰੀ ਦੇਣ ਵਾਲਿਆਂ ਵਿਚ ਕਾਂਗਰਸ ਪ੍ਰਧਾਨ ਇੰਦਰਾ ਗਾਂਧੀ ਅਤੇ ਗ੍ਰਹਿ ਮੰਤਰੀ ਗੋਵਿੰਦ ਵੱਲਭ ਪੰਤ ਸ਼ਾਮਲ ਸਨ। ਹਾਲਾਂਕਿ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੂੰ ਵੀ ਉਨ੍ਹਾਂ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਇਹ ਕਾਰਵਾਈ ਨਹਿਰੂ ਦੇ ਜਮਹੂਰੀ ਕਿਰਦਾਰ 'ਤੇ ਧੱਬਾ ਬਣ ਕੇ ਰਹਿ ਗਈ ਸੀ।

ਪ੍ਰਧਾਨ ਮੰਤਰੀ ਵਜੋਂ ਨਹਿਰੂ ਦੇ ਲੰਬੇ ਕਾਰਜਕਾਲ ਦੌਰਾਨ ਧਾਰਾ 356 ਦੀ ਅੱਠ ਵਾਰ ਵਰਤੋਂ ਕੀਤੀ ਗਈ। ਜਦੋਂ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣੀ ਤਾਂ ਇਸ ਧਾਰਾ ਦੀ ਵਰਤੋਂ ਬਹੁਤ ਜ਼ਿਆਦਾ ਵਧ ਗਈ। ਅੰਦਾਜ਼ੇ ਮੁਤਾਬਿਕ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦੇ ਦੋ ਕਾਰਜਕਾਲਾਂ (1966 ਤੋਂ 1977 ਅਤੇ 1980 ਤੋਂ 1984) ਦੌਰਾਨ ਕੁੱਲ ਮਿਲਾ ਕੇ 50 ਵਾਰ ਧਾਰਾ 356 ਦੀ ਵਰਤੋਂ ਕੀਤੀ ਗਈ ਸੀ। ਸ੍ਰੀਮਤੀ ਗਾਂਧੀ ਨੇ ਇਨ੍ਹਾਂ ਦੋ ਕਾਰਜਕਾਲਾਂ ਦੌਰਾਨ ਇਸ ਦੀ ਧਾਰਾ ਦੀ ਅੰਨ੍ਹੇਵਾਹ ਵਰਤੋਂ ਕੀਤੀ ਤੇ ਖਾਸਕਰ 1970-71 ਵਿਚ ਜਦੋਂ ਕਾਂਗਰਸ ਪਾਰਟੀ ਅੰਦਰ ਫੁੱਟ ਤੋਂ ਬਾਅਦ ਉਨ੍ਹਾਂ ਸੂਬਾਈ ਸਰਕਾਰਾਂ 'ਤੇ ਆਪਣੇ ਧੜੇ ਦੀ ਧਾਂਕ ਜਮਾਉਣ ਦੀ ਚਾਹਨਾ ਕੀਤੀ ਸੀ ਅਤੇ ਫਿਰ 1980 ਵਿਚ ਜਦੋਂ ਕੇਂਦਰ ਵਿਚ ਦੁਬਾਰਾ ਸੱਤਾ ਵਿਚ ਆਉਣ 'ਤੇ ਉਨ੍ਹਾਂ ਦੂਜੀਆਂ ਪਾਰਟੀਆਂ ਦੀਆਂ ਬਹੁਤ ਸਾਰੀਆਂ ਸੂਬਾਈ ਸਰਕਾਰਾਂ ਨੂੰ ਬਰਖਾਸਤ ਕਰ ਦਿੱਤਾ ਸੀ।

ਦਰਅਸਲ ਭਾਰਤੀ ਸਿਆਸਤ ਵਿਚ ਇੰਦਰਾ ਯੁੱਗ ਦਾ ਖਾਤਮਾ 1989 ਵਿਚ ਹੋਇਆ ਜਦੋਂ ਉਨ੍ਹਾਂ ਦੇ ਪੁੱਤਰ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਹੁੰਦਿਆਂ ਚੋਣਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਉਸ ਤੋਂ ਬਾਅਦ ਜੋ ਦੌਰ ਸ਼ੁਰੂ ਹੋਇਆ, ਜੇ ਉਸ ਨੂੰ ਪਿੱਛਲਮੁਖੀ ਤੱਕਿਆ ਜਾਵੇ ਤਾਂ ਭਾਰਤੀ ਫੈਡਰਲਿਜ਼ਮ ਦਾ ਉਹ ਸੁਨਹਿਰਾ ਕਾਲ ਗਿਣਿਆ ਜਾਪਦਾ ਹੈ। ਲਾਇਸੈਂਸ-ਪਰਮਿਟ ਰਾਜ ਦੇ ਅੰਤ ਅਤੇ ਵੋਟਰਾਂ ਵੱਲੋਂ ਆਮ ਚੋਣਾਂ ਵਿਚ ਕਿਸੇ ਵੀ ਇਕੱਲੀ ਪਾਰਟੀ ਨੂੰ ਸਪਸ਼ਟ ਬਹੁਮੱਤ ਨਾ ਦੇਣ ਦੀ ਸਿਆਣਪ ਵਰਤਣ ਨਾਲ ਆਰਥਿਕ ਵਿਕਾਸ ਵਿਚ ਇਜ਼ਾਫਾ ਹੋਇਆ ਅਤੇ ਸ਼ਾਸਨ ਵਿਚ ਸਹਿਯੋਗੀ ਭਾਵਨਾ ਦਾ ਸੰਚਾਰ ਹੋਇਆ। ਕੇਂਦਰ ਅਤੇ ਸੂਬਿਆਂ ਦਰਮਿਆਨ ਆਪਸੀ ਸਤਿਕਾਰ ਦਾ ਮਾਹੌਲ ਬਣਨ ਨਾਲ ਚਹੁੰ-ਤਰਫਾ ਲਾਭ ਹੋਇਆ।



ਬਹਰਹਾਲ, ਭਾਰਤੀ ਫੈਡਰਲਿਜ਼ਮ ਮੁੜ ਖਤਰੇ ਦੀ ਜ਼ੱਦ ਵਿਚ ਆ ਗਿਆ ਹੈ। 2014 ਤੋਂ ਬਾਅਦ ਸਾਢੇ ਸੱਤ ਸਾਲਾਂ ਦੌਰਾਨ ਧਾਰਾ 356 ਦਾ ਅੱਠ ਵਾਰ ਇਸਤੇਮਾਲ ਕੀਤਾ ਗਿਆ ਜਾਂ ਕਹਿ ਲਓ ਸਾਲ ਵਿਚ ਇਕ ਵਾਰ। ਸਿਰਫ ਇਸੇ ਪੱਖ ਨੂੰ ਦੇਖ ਕੇ ਜਾਪੇਗਾ ਕਿ ਮੋਦੀ ਸੂਬਿਆਂ ਦੇ ਅਧਿਕਾਰਾਂ ਦਾ ਇੰਦਰਾ ਗਾਂਧੀ ਨਾਲੋਂ ਜ਼ਿਆਦਾ ਆਦਰ ਕਰਦੇ ਹਨ ਪਰ ਕੁਝ ਹੋਰਨਾਂ ਪੱਖਾਂ ਤੋਂ ਦੇਖਿਆਂ ਪਤਾ ਲੱਗਦਾ ਹੈ ਕਿ ਉਨ੍ਹਾਂ ਆਪਣੇ ਤੋਂ ਪਹਿਲੇ ਕਿਸੇ ਵੀ ਪ੍ਰਧਾਨ ਮੰਤਰੀ ਨਾਲੋਂ ਕਿਤੇ ਵੱਧ ਭਾਰਤੀ ਫੈਡਰਲਿਜ਼ਮ ਨੂੰ ਸੱਟ ਮਾਰੀ ਹੈ ਤੇ ਇਸ ਦੀ ਹੇਠੀ ਕੀਤੀ ਹੈ। ਆਓ, ਇਸ ਦੀ ਗਿਣਤੀ ਮਿਣਤੀ ਕਰੀਏ: ਪਹਿਲਾ, ਜਿਨ੍ਹਾਂ ਸੂਬਿਆਂ ਨਾਲ ਸਲਾਹ ਮਸ਼ਵਰਾ ਕੀਤੇ ਬਗ਼ੈਰ ਹੀ ਅਹਿਮ ਨੀਤੀਆਂ ਘੜੀਆਂ ਜਾਂਦੀਆਂ ਅਤੇ ਅਹਿਮ ਕਾਨੂੰਨ ਪਾਸ ਕਰਵਾ ਲਏ ਜਾਂਦੇ ਹਨ ਹਾਲਾਂਕਿ ਇਨ੍ਹਾਂ 'ਤੇ ਅਮਲ ਸੂਬਿਆਂ ਨੇ ਹੀ ਕਰਨਾ ਹੁੰਦਾ ਹੈ। ਬੇਸ਼ੱਕ ਇਸ ਦੀ ਸਭ ਤੋਂ ਬੱਜਰ ਮਿਸਾਲ ਹੈ ਖੇਤੀਬਾੜੀ ਕਾਨੂੰਨ (ਜੋ ਹੁਣ ਰੱਦ ਕੀਤੇ ਜਾ ਚੁੱਕੇ ਹਨ) ਜਦੋਂਕਿ ਸਿੱਖਿਆ, ਸਹਿਕਾਰਤਾ, ਬੈਂਕਿੰਗ ਆਦਿ ਜਿਹੇ ਪ੍ਰਮੁੱਖ ਵਿਸ਼ਿਆਂ ਨਾਲ ਸੰਬੰਧਤ ਨੀਤੀਆਂ ਤੇ ਕਾਨੂੰਨ ਵੀ ਸੂਬਿਆਂ ਤੋਂ ਸਲਾਹ ਲਏ ਬਗ਼ੈਰ ਥੋਪ ਦਿੱਤੇ ਜਾਂਦੇ ਹਨ।

ਦੂਜਾ, ਹਾਲਾਂਕਿ ਅਮਨ ਕਾਨੂੰਨ ਸੂਬਿਆਂ ਦਾ ਵਿਸ਼ਾ ਹੈ ਪਰ ਕੇਂਦਰ ਸਰਕਾਰ ਨੇ ਸੂਬਿਆਂ ਵੱਲੋਂ ਆਪਣੇ ਅਧਿਕਾਰ ਖੇਤਰ ਵਰਤਣ ਦੀ ਸਮੱਰਥਾ ਤੇ ਖ਼ੁਦਮੁਖਤਾਰੀ ਦੀ ਕਦਰ ਘਟਾਈ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਸਿਆਸੀ ਅਸਹਿਮਤੀ ਰੱਖਣ ਵਾਲਿਆਂ ਦੀ ਆਵਾਜ਼ ਬੰਦ ਕਰਾਉਣ ਲਈ ਯੂ.ਏ.ਪੀ.ਏ. ਦੀ ਅੰਨ੍ਹੇਵਾਹ ਵਰਤੋਂ ਕੀਤੀ ਗਈ ਹੈ ਅਤੇ ਕੌਮੀ ਜਾਂਚ ਏਜੰਸੀ ਨੂੰ ਇਕ ਤੋਂ ਬਾਅਦ ਇਕ ਸੂਬੇ ਅੰਦਰ ਭੇਜੇ ਜਾਣ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਡੰਡਕਾਰੀ ਸ਼ਕਤੀਆਂ ਆਪਣੇ ਹੱਥਾਂ ਵਿਚ ਕੇਂਦਰਤ ਕਰਨ ਲਈ ਕਿਸ ਕਦਰ ਤੁਲੀ ਹੋਈ ਹੈ।

ਕੋਵਿਡ ਮਹਾਮਾਰੀ ਨੇ ਸੂਬਿਆਂ ਨਾਲ ਸਲਾਹ ਮਸ਼ਵਰਾ ਕਰ ਕੇ ਦੇਸ਼ ਨੂੰ ਇਕਜੁੱਟ ਹੋਣ ਦਾ ਬਹੁਤ ਵੱਡਾ ਮੌਕਾ ਦਿੱਤਾ ਸੀ ਪਰ ਕੇਂਦਰੀ ਸਰਕਾਰ ਨੇ ਪਹਿਲੇ ਦਿਨ ਤੋਂ ਇਕਪਾਸੜ ਕਾਰਵਾਈ ਵਿੱਢ ਦਿੱਤੀ। ਇਸ ਨੇ ਕੋਵਿਡ ਨੂੰ ਮਹਾਮਾਰੀ ਐਲਾਨਣ ਲਈ ਉਦੋਂ ਤੱਕ ਇੰਤਜ਼ਾਰ ਕੀਤਾ ਜਦੋਂ ਤੱਕ ਮੱਧ ਪ੍ਰਦੇਸ਼ ਵਿਚ ਕਾਂਗਰਸ ਦੀ ਥਾਂ ਭਾਜਪਾ ਦੀ ਸਰਕਾਰ ਸਥਾਪਤ ਨਾ ਕਰ ਦਿੱਤੀ ਗਈ। ਉਸ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਆਪਣੀ ਕੈਬਨਿਟ ਅਤੇ ਸੂਬਿਆਂ ਨਾਲ ਸਲਾਹ ਮਸ਼ਵਰਾ ਕੀਤੇ ਬਗ਼ੈਰ ਹੀ ਚਾਰ ਘੰਟਿਆਂ ਦੇ ਨੋਟਿਸ 'ਤੇ ਦੇਸ਼ਵਿਆਪੀ ਲੌਕਡਾਊਨ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਇਹੀ ਨਹੀਂ, ਸੂਬਿਆਂ ਨਾਲ ਸਲਾਹ ਕਰੇ ਬਗ਼ੈਰ ਕੌਮੀ ਆਪਦਾ ਪ੍ਰਬੰਧਨ ਕਾਨੂੰਨ (ਐਨ.ਡੀ.ਐਮ.ਏ.) ਵੀ ਲਾਗੂ ਕਰ ਦਿੱਤਾ ਗਿਆ। ਹਾਲਾਂਕਿ ਸਰਕਾਰ ਕੋਵਿਡ 'ਤੇ ਜਿੱਤ ਦਰਜ ਕਰਨ ਦੀਆਂ ਸ਼ੇਖੀਆਂ ਮਾਰ ਰਹੀ ਹੈ ਪਰ ਦੋ ਸਾਲ ਲੰਘਣ ਦੇ ਬਾਅਦ ਵੀ ਐਨ.ਡੀ.ਐਮ.ਏ. ਲਾਗੂ ਹੈ। ਇਹ ਕਾਨੂੰਨ ਕੇਂਦਰ ਨੂੰ ਲੋਕਾਂ ਤੇ ਹੋਰਨਾਂ ਵਸਤਾਂ ਦੀ ਆਮਦੋ-ਰਫਤ 'ਤੇ ਨਿਗਰਾਨੀ ਰੱਖਣ ਦੇ ਵਸੀਹ ਅਖਤਿਆਰ ਦਿੰਦਾ ਹੈ ਜਿਸ ਕਰਕੇ ਇਹ ਕਾਨੂੰਨ ਅਜੇ ਹੋਰ ਲੰਮਾ ਚੱਲ ਸਕਦਾ ਹੈ। ਹਾਲਾਂਕਿ ਐਨ.ਡੀ.ਐਮ.ਏ. ਕੁਝ ਖਾਸ ਹਾਲਤਾਂ ਨਾਲ ਸਮਾਂਬੱਧ ਢੰਗ ਨਾਲ ਸਿੱਝਣ ਲਈ ਬਣਾਇਆ ਗਿਆ ਸੀ ਪਰ ਇਹ ਕਾਨੂੰਨ ਸੂਬਿਆਂ ਦੇ ਅਧਿਕਾਰਾਂ 'ਤੇ ਕੇਂਦਰ ਸਰਕਾਰ ਦੇ ਦਾਬੇ ਨੂੰ ਸਖਤ ਕਰਨ ਦਾ ਔਜ਼ਾਰ ਬਣ ਕੇ ਰਹਿ ਗਿਆ।

ਤੀਜਾ, ਕੇਂਦਰ ਸਰਕਾਰ ਨੇ ਵਿਰੋਧੀ ਪਾਰਟੀਆਂ ਤੇ ਸੂਬਾਈ ਸਰਕਾਰਾਂ ਨੂੰ ਕਮਜ਼ੋਰ ਕਰਨ ਤੇ ਦਬਕਾਉਣ ਲਈ ਸੀ.ਬੀ.ਆਈ. ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਜਿਹੀਆਂ ਜਾਂਚ ਏਜੰਸੀਆਂ ਦਾ ਇਸਤੇਮਾਲ ਕੀਤਾ ਹੈ। ਕੁਝ ਸਮਾਂ ਪਹਿਲਾਂ ਸੋਸ਼ਲ ਮੀਡੀਆ 'ਤੇ ਇਕ ਮੀਮ ਵਾਇਰਲ ਹੋ ਰਿਹਾ ਸੀ ਕਿ ਹੋਰ ਪਾਰਟੀਆਂ 'ਚੋਂ ਕੋਈ ਵੀ ਨੇਤਾ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਜਾਂਦਾ ਹੈ ਤਾਂ ਉਸ ਦਾ 'ਗੰਗਾ ਇਸ਼ਨਾਨ' ਹੋ ਜਾਂਦਾ ਹੈ, ਭਾਵ ਉਸ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਸਾਰੇ ਦੋਸ਼ ਸਾਫ ਹੋ ਜਾਂਦੇ ਹਨ।

ਚੌਥਾ, ਕੇਂਦਰ ਸਰਕਾਰ ਆਪਣੇ ਵਿਰੋਧੀ ਸੂਬਾਈ ਸਰਕਾਰਾਂ 'ਤੇ ਹਮਲੇ ਕਰਨ ਦੀ ਖ਼ੁਣਸ ਜ਼ਿਆਦਾ ਜਾਪਦੀ ਹੈ ਕਿ ਇਹ ਭਾਰਤੀ ਪੁਲਿਸ ਸੇਵਾ ਆਈ.ਪੀ.ਐਸ. ਅਤੇ ਭਾਰਤੀ ਪ੍ਰਸ਼ਾਸਕੀ ਸੇਵਾ ਆਈ.ਏ.ਐਸ. ਦੇ ਅਫਸਰਾਂ ਦਾ ਵਫਾਦਾਰੀ ਟੈਸਟ ਲੈਣਾ ਚਾਹੁੰਦੀ ਹੈ। ਆਧੁਨਿਕ ਆਈ.ਏ.ਐਸ. ਤੇ ਆਈ.ਪੀ.ਐਸ. ਦੇ ਨਿਰਮਾਤਾ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਵੱਲਭਭਾਈ ਪਟੇਲ ਦੀਆਂ ਨਜ਼ਰਾਂ ਵਿਚ ਇਹ ਅਫਸਰ ਕੇਂਦਰ ਤੇ ਸੂਬਿਆਂ ਦਰਮਿਆਨ ਕਾਰਗਰ, ਕੁਸ਼ਲ ਤੇ ਅਹਿਮ ਪੁਲ ਹੁੰਦੇ ਸਨ। ਪਟੇਲ ਦੇ ਸੰਕਲਪ ਮੁਤਾਬਿਕ ਉਹ ਕਿਸੇ ਸਿਆਸਤਦਾਨ ਦੀ ਹਿਰਸ ਨੂੰ ਪੂਰਾ ਕਰਨ ਦੀ ਬਜਾਏ ਹਮੇਸ਼ਾ ਸੰਵਿਧਾਨ ਨੂੰ ਧਿਆਨ ਵਿਚ ਰੱਖ ਕੇ ਫੈਸਲੇ ਲੈਂਦੇ ਸਨ। ਦੂਜੇ ਪਾਸੇ ਅਜੋਕੇ ਸਮਿਆਂ ਵਿਚ ਪੱਛਮੀ ਬੰਗਾਲ ਤੇ ਮਹਾਰਾਸ਼ਟਰ ਜਿਹੇ ਗੈਰ-ਭਾਜਪਾ ਸ਼ਾਸਨ ਵਾਲੇ ਪ੍ਰਮੁੱਖ ਸੂਬਿਆਂ ਦੇ ਅਫਸਰਾਂ 'ਤੇ ਕੇਂਦਰ ਦੇ ਸ਼ਾਸਕਾਂ ਨਾਲ ਵਫਾਦਾਰੀ ਨਿਭਾਉਣ ਦਾ ਦਬਾਅ ਪਾਇਆ ਜਾ ਰਿਹਾ ਹੈ। ਸਰਕਾਰੀ ਅਫਸਰਾਂ ਪ੍ਰਤੀ ਇਹ ਵਿਗੜਿਆ ਹੋਇਆ ਨਜ਼ਰੀਆ ਕੇਂਦਰ-ਰਾਜ ਸੰਬੰਧਾਂ ਅਤੇ ਸੰਵਿਧਾਨਕ ਸ਼ਾਸਨ ਦੇ ਸੰਕਲਪ ਦੇ ਉਲਟ ਹੈ।

ਕੇਂਦਰੀ ਹਕੂਮਤ ਨੇ ਵਿਰੋਧੀ ਧਿਰ ਦੀਆਂ ਸੂਬਾਈ ਸਰਕਾਰਾਂ ਨੂੰ ਕਮਜ਼ੋਰ ਕਰਨ ਲਈ ਰਾਜਪਾਲ ਦੇ ਅਹੁਦੇ ਦੀ ਵੀ ਦੁਰਵਰਤੋਂ ਕੀਤੀ ਹੈ। ਪੱਛਮੀ ਬੰਗਾਲ ਤੇ ਮਹਾਰਾਸ਼ਟਰ ਇਸ ਦੀਆਂ ਉਦਾਹਰਨਾਂ ਹਨ।

ਪੰਜਵਾਂ, ਪ੍ਰਧਾਨ ਮੰਤਰੀ ਦੀ ਸ਼ਖਸੀ ਪੂਜਾ ਤੇ ਮਹਿਮਾ ਮੰਡਨ ਲਈ ਜਿਵੇਂ ਸੰਸਥਾਗਤ ਊਰਜਾ ਖਰਚ ਕੀਤੀ ਜਾਂਦੀ ਹੈ, ਉਸ ਨਾਲ ਵੀ ਭਾਰਤ ਦੇ ਸੰਘੀ ਗਣਰਾਜ ਦੇ ਖਿਆਲ ਨੂੰ ਸੱਟ ਵੱਜਦੀ ਹੈ। ਪ੍ਰਧਾਨ ਮੰਤਰੀ ਦੁਆਲੇ ਇਸ ਸ਼ਖਸੀ ਉਭਾਰ ਦਾ ਸੂਬਿਆਂ ਦੀ ਮਾਲੀ ਹਾਲਤ 'ਤੇ ਬਹੁਤ ਬੁਰਾ ਅਸਰ ਪਿਆ ਹੈ। ਇਸ ਸੰਬੰਧ ਵਿਚ ਪੀ.ਐਮ. ਕੇਅਰਜ਼ ਫੰਡ ਵੱਲ ਝਾਤ ਮਾਰੋ ਜਿਸ ਵਿਚ ਜਨਤਕ ਜਵਾਬਦੇਹੀ ਦੀ ਪੂਰੀ ਤਰ੍ਹਾਂ ਘਾਟ ਹੈ। ਇਹ ਫੰਡ ਸੰਘੀ ਅਸੂਲਾਂ ਦੇ ਖਿਲਾਫ ਹੈ। ਅਹਿਮ ਗੱਲ ਇਹ ਹੈ ਕਿ ਇਸ ਫੰਡ ਲਈ ਦਿੱਤੇ ਕੰਪਨੀਆਂ ਦੇ ਚੰਦੇ ਨੂੰ 'ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ' ਤਹਿਤ ਟੈਕਸ ਰਿਆਇਤਾਂ ਦੇ ਰੂਪ ਵਿਚ ਲਿਆ ਜਾਂਦਾ ਹੈ ਪਰ ਸੂਬਿਆਂ ਵਿਚ ਮੁੱਖ ਮੰਤਰੀ ਰਾਹਤ ਕੋਸ਼ ਵਿਚ ਕੰਪਨੀਆਂ ਵੱਲੋਂ ਦਿੱਤੇ ਜਾਂਦੇ ਚੰਦੇ ਨੂੰ ਇਹ ਰਿਆਇਤ ਨਹੀਂ ਦਿੱਤੀ ਜਾਂਦੀ।

ਅਖੀਰ 'ਚ ਆਖ ਸਕਦੇ ਹਾਂ ਕਿ ਸ੍ਰੀ ਮੋਦੀ ਨੇ ਧਾਰਾ 356 ਦੀ ਵਰਤੋਂ ਸ੍ਰੀਮਤੀ ਇੰਦਰਾ ਗਾਂਧੀ ਨਾਲੋਂ ਘੱਟ ਕੀਤੀ ਹੈ ਪਰ ਇਕ ਸੂਬੇ ਨੂੰ ਤੋੜ ਕੇ ਉਸ ਨੂੰ ਕੇਂਦਰ ਸ਼ਾਸਿਤ ਇਕਾਈਆਂ ਵਿਚ ਤਬਦੀਲ ਕਰਨ ਦਾ ਸਿਹਰਾ ਸ੍ਰੀ ਮੋਦੀ ਦੇ ਸਿਰ ਹੀ ਬੱਝਦਾ ਹੈ। ਗੋਆ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮਣੀਪੁਰ, ਤ੍ਰਿਪੁਰਾ ਤੇ ਹਿਮਾਚਲ ਕੇਂਦਰ ਸ਼ਾਸਿਤ ਪ੍ਰਦੇਸ਼ ਸਨ ਜਿਨ੍ਹਾਂ ਨੂੰ ਸੂਬਿਆਂ ਦਾ ਦਰਜਾ ਦਿੱਤਾ ਗਿਆ ਸੀ। ਜੰਮੂ ਕਸ਼ਮੀਰ ਨਾਲ ਜੱਗੋਂ ਤੇਰਵੀਂ ਹੋਈ ਜਿਸ ਨੂੰ ਉੱਥੋਂ ਦੇ ਰਾਜਪਾਲ ਜ਼ਰੀਏ ਇਕ ਸੂਬੇ ਤੋਂ ਕੇਂਦਰ ਸ਼ਾਸਿਤ ਇਕਾਈਆਂ ਵਿਚ ਤਬਦੀਲ ਕਰ ਦਿੱਤਾ ਗਿਆ। ਇਹ ਇਕਮਾਤਰ ਕਦਮ ਹੀ ਫੈਡਰਲ ਅਸੂਲ 'ਤੇ ਸਭ ਤੋਂ ਘਾਤਕ ਹਮਲਾ ਸਾਬਿਤ ਹੁੰਦਾ ਹੈ।

ਜੰਮੂ ਕਸ਼ਮੀਰ ਤੋਂ ਬਾਹਰ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ ਧਾਰਾ 356 ਦੀ ਵਰਤੋਂ ਘੱਟ ਕੀਤੀ ਹੈ, ਜੇ ਕੀਤੀ ਹੈ ਤਾਂ ਬਹੁਤ ਸੂਖਮ ਪਰ ਕਾਫੀ ਸਫਲ ਰੂਪ ਵਿਚ ਕੀਤੀ ਹੈ। ਮੀਡੀਆ ਨੂੰ ਆਪਣੇ ਨਾਲ ਰਲਾ ਕੇ, ਜਿਵੇਂ ਸਾਡੀਆਂ ਬਿਹਤਰੀਨ ਸਰਕਾਰੀ ਯੂਨੀਵਰਸਿਟੀਆਂ ਵਿਚ ਨਿਘਾਰ ਲਿਆਂਦਾ ਗਿਆ ਹੈ, ਹਥਿਆਰਬੰਦ ਬਲਾਂ ਦਾ ਸਿਆਸੀਕਰਨ ਕੀਤਾ ਗਿਆ ਅਤੇ ਬਹੁਗਿਣਤੀਵਾਦੀ ਰਹੁਰੀਤਾਂ ਦਾ ਮਹਿਮਾਗਾਨ ਕਰ ਕੇ ਜਿਵੇਂ ਸਾਡੇ ਗਣਰਾਜ ਦੇ ਸੰਘੀ ਢਾਂਚੇ 'ਤੇ ਬਹੁਤਰਫੀ ਹਮਲਾ ਕੀਤਾ ਗਿਆ, 'ਨਿਊ ਇੰਡੀਆ' ਦੀਆਂ ਬਹੁ-ਪ੍ਰਚਾਰੀਆਂ ਪ੍ਰਾਪਤੀਆਂ ਵਿਚ ਅਹਿਮ ਪ੍ਰਾਪਤੀ ਇਹ ਵੀ ਸ਼ਾਮਲ ਹੈ।

# ਜੰਗ ਦੀ ਮਾਰ ਅਤੇ ਆਮ ਲੋਕ

ਜੰਗ ਕਦੇ ਵੀ ਖ਼ੁਸ਼ ਖ਼ਬਰ ਨਹੀਂ ਹੁੰਦੀ ਤੇ ਨਾ ਹੀ ਤੇਲ ਕੀਮਤਾਂ ਵਿਚ ਵਾਧਾ, ਖਾਸਕਰ ਅਜਿਹੇ ਅਰਥਚਾਰੇ ਲਈ ਸ਼ੁਭ ਗਿਣਿਆ ਜਾਂਦਾ ਹੈ ਜੋ ਆਪਣੀਆਂ ਲੋੜਾਂ ਦਾ ਕਰੀਬ 85 ਫ਼ੀਸਦ ਤੇਲ ਦਰਾਮਦ ਕਰਦਾ ਹੈ। ਸੱਤ ਸਾਲਾਂ ਬਾਅਦ ਜਦੋਂ ਕੱਚੇ ਤੇਲ ਦੀਆਂ ਕੀਮਤਾਂ ਫ਼ੀ ਬੈਰਲ 100 ਡਾਲਰ ਤੋਂ ਪਾਰ ਜਾਣ ਦੀ ਤਿਆਰੀ ਕਰ ਰਹੀਆਂ ਹਨ ਤਾਂ ਤੇਲ ਕੀਮਤਾਂ ਦਾ ਝਟਕਾ ਵੀ ਲੱਗੇਗਾ। ਇਸ ਦੇ ਨਾਲ ਹੀ ਗੈਸ ਦੀਆਂ ਕੀਮਤਾਂ ਵੀ ਵਧ ਜਾਣਗੀਆਂ ਕਿਉਂਕਿ ਦੇਸ਼ ਅੰਦਰ ਵਰਤੀ ਜਾਂਦੀ ਕੁੱਲ ਗੈਸ ਦਾ

**ਟੀ.ਐਨ. ਨੈਨਾਨ**

ਅੱਧਾ ਹਿੱਸਾ ਬਾਹਰੋਂ ਮੰਗਵਾਇਆ ਜਾਂਦਾ ਹੈ। ਕੋਲਾ ਵੀ ਇਸੇ ਰਾਹ ਤੇ ਜਾਣ ਵਾਲਾ ਹੈ ਤੇ ਭਾਰਤ ਕੋਲੇ ਦਾ ਵੀ ਤੀਜਾ ਸਭ ਤੋਂ ਵੱਡਾ ਦਰਾਮਦਕਾਰ ਬਣ ਗਿਆ ਹੈ। ਨਵੰਬਰ ਤੋਂ ਲੈ ਕੇ ਹੁਣ ਤੱਕ ਡੀਜ਼ਲ ਦੀਆਂ ਕੀਮਤਾਂ ਜਿਉਂ ਦੀ ਤਿਉਂ ਚੱਲ ਰਹੀਆਂ ਹਨ ਜਦਕਿ ਪਿਛਲੇ ਦੋ ਮਹੀਨਿਆਂ ਦੌਰਾਨ ਕੱਚੇ ਤੇਲ ਦੀਆਂ ਕੀਮਤਾਂ ਵਿਚ 25 ਫੀਸਦ ਵਾਧਾ ਹੋ ਚੁੱਕਿਆ ਹੈ ਅਤੇ ਵਿਧਾਨ ਸਭਾ ਦੀਆਂ ਚੋਣਾਂ ਲਈ ਵੋਟਾਂ ਦਾ ਕੰਮ ਮੁਕਣ ਤੋਂ ਬਾਅਦ ਮਾਰਚ ਦੇ ਅੱਧ ਤੱਕ ਤੇਲ ਦੀਆਂ ਪ੍ਰਚੂਨ ਕੀਮਤਾਂ ਖਪਤਕਾਰਾਂ ਨੂੰ ਝਟਕਾ ਦੇ ਸਕਦੀਆਂ ਹਨ। ਰਸੋਈ ਗੈਸ ਦੀਆਂ ਕੀਮਤਾਂ ਵੀ ਚੜ੍ਹ ਸਕਦੀਆਂ ਹਨ।

ਪ੍ਰਚੂਨ ਕੀਮਤਾਂ ਵਿਚ ਵਾਧਾ ਰੋਕਣ ਅਤੇ ਪੈਟਰੋਲ ਪੰਪਾਂ ਉੱਤੇ ਖਪਤਕਾਰਾਂ ਦੀਆਂ ਖਰਵੀਆਂ ਗੱਲਾਂ ਬੰਦ ਕਰਵਾਉਣ ਲਈ ਸਰਕਾਰ ਨੂੰ ਤੇਲ ਤੇ ਵਧਾਇਆ ਹੋਇਆ ਟੈਕਸ ਵਾਪਸ ਲੈਣਾ ਪਵੇਗਾ ਜੋ ਇਸ ਨੇ ਉਦੋਂ ਲਾਇਆ ਸੀ ਜਦੋਂ 2014 ਵਿਚ ਆਪਣੀ ਸਿਖਰ ਛੂਹਣ ਤੋਂ ਬਾਅਦ ਤੇਲ ਕੀਮਤਾਂ ਘਟ ਰਹੀਆਂ ਸਨ। ਇਸ ਨਾਲ ਮਾਲੀਏ ਵਿਚ ਕਮੀ ਆਵੇਗੀ ਪਰ ਅਗਲੇ ਸਾਲ ਦੇ ਬਜਟ ਵਿਚ ਅਜਿਹਾ ਪ੍ਰਬੰਧ ਮੌਜੂਦ ਹੈ ਜੋ ਇਸ ਘਾਟੇ ਦੀ ਭਰਪਾਈ ਕਰ ਸਕਦਾ ਹੈ। ਪਿਛਲੇ ਕਈ ਸਾਲਾਂ ਤੋਂ ਖਪਤਕਾਰਾਂ ਨੂੰ ਸ਼ਿਕਾਇਤ ਰਹੀ ਹੈ ਕਿ ਆਲਮੀ ਤੇਲ ਕੀਮਤਾਂ ਵਿਚ ਕਮੀ ਦਾ ਲਾਭ ਉਨ੍ਹਾਂ ਨੂੰ ਨਹੀਂ ਦਿੱਤਾ ਗਿਆ। ਜੇ ਹੁਣ ਪ੍ਰਚੂਨ ਤੇਲ ਕੀਮਤਾਂ ਨਹੀਂ ਵਧਣ ਦਿੱਤੀਆਂ ਜਾਂਦੀਆਂ ਤਾਂ ਉਨ੍ਹਾਂ ਨੂੰ ਇਸ ਦੀ ਸਮਝਦਾਰੀ ਦਾ ਅਹਿਸਾਸ ਹੋ ਜਾਵੇਗਾ ਕਿ ਜੇ ਪ੍ਰਚੂਨ ਕੀਮਤਾਂ ਜਿਉਂ ਦੀ ਤਿਉਂ ਰੱਖੀਆਂ ਜਾਂਦੀਆਂ ਹਨ ਅਤੇ ਮਾਲੀਏ ਨੂੰ ਸੱਟ ਵੱਜ ਸਕਦੀ ਹੈ। ਚੰਗੇ ਸਾਲਾਂ ਵਿਚ ਢਾਸਰਾ ਤਿਆਰ ਕਰਨਾ ਅਤੇ ਔਖੇ ਵੇਲਿਆਂ ਵਿਚ ਰਾਹਤ ਦੇਣਾ ਆਮ ਤੌਰ ਤੇ ਵਧੀਆ ਕੰਮ ਗਿਣਿਆ ਜਾਂਦਾ ਹੈ।

ਹਾਲਾਂਕਿ ਇਸ ਹਾਲਾਤ ਦੇ ਸਿੱਟੇ ਬਹੁਤ ਜ਼ਿਆਦਾ ਵਿਆਪਕ ਹੋ ਸਕਦੇ ਹਨ। ਸਨਅਤਾਂ ਲਈ ਹਰ ਤਰ੍ਹਾਂ ਦੇ ਕੱਚੇ ਮਾਲ ਦੀਆਂ ਕੀਮਤਾਂ ਵਧ ਸਕਦੀਆਂ ਹਨ ਅਤੇ ਬਿਜਲੀ ਪੈਦਾ ਕਰਨ ਵਾਲੀਆਂ ਕੰਪਨੀਆ ਲਈ ਤੇਲ ਦੀਆਂ ਲਾਗਤਾਂ ਵਧ ਜਾਣਗੀਆਂ। ਕੰਪਨੀਆਂ ਇਸ ਦਾ ਕਿੰਨਾ ਕੁ ਹਿੱਸਾ ਖਪਤਕਾਰਾਂ ਦੇ ਸਿਰ ਪਾਉਂਦੀਆਂ ਹਨ, ਇਹ ਬਾਜ਼ਾਰ ਦੀ ਗਤੀਸ਼ੀਲਤਾ ਤੇ ਨਿਰਭਰ ਕਰਦਾ ਹੈ ਜਦਕਿ ਬਿਜਲੀ ਦੀ ਵੰਡ ਕਰਨ ਵਾਲੀਆਂ ਕੰਪਨੀਆਂ (ਜੋ ਆਮ ਤੌਰ ਤੇ ਸੂਬਾਈ ਸਰਕਾਰਾਂ ਦੀ ਮਾਲਕੀ ਹੇਠ ਹਨ) ਰਵਾਇਤੀ ਤੌਰ ਤੇ ਸਬਸਿਡੀ ਵਾਲਾ ਰਾਹ ਅਖਤਿਆਰ ਕਰਨ ਨੂੰ ਤਰਜੀਹ ਦਿੰਦੀਆਂ ਹਨ। ਦਰਅਸਲ, ਹਾਲੀਆ ਵਿਧਾਨ ਸਭਾ ਚੋਣਾਂ ਦੀ ਪ੍ਰਚਾਰ ਮੁਹਿੰਮ ਦੌਰਾਨ ਮੁਫਤ ਬਿਜਲੀ ਦੇਣ ਦਾ ਮੁੱਦਾ ਕਾਫੀ ਉਭਾਰਿਆ ਜਾਂਦਾ ਰਿਹਾ ਹੈ ਪਰ ਬਿਜਲੀ ਤੇ ਪਹਿਲਾਂ ਹੀ ਔਸਤਨ 25 ਫੀਸਦ ਸਬਸਿਡੀ ਦਿੱਤੀ ਜਾ ਰਹੀ ਹੈ ਜਿਸ ਕਰ ਕੇ ਬਿਜਲੀ ਦਰਾਂ ਵਿਚ ਕੁਝ ਹੱਦ ਤੱਕ ਵਾਧੇ ਨੂੰ ਟਾਲਿਆ ਨਹੀਂ ਜਾ ਸਕਦਾ।

ਇਹੋ ਜਿਹੇ ਹਾਲਾਤ ਵਿਚ ਅਗਲੇ ਵਿੱਤੀ ਵਰ੍ਹੇ ਦੌਰਾਨ ਬਜਟ ਦੇ ਮੂਲ ਅੰਕੜਿਆਂ ਮੁਤਾਬਕ ਮਹਿੰਗਾਈ ਦਰ 3 ਫੀਸਦ ਦੇ ਅੰਕੜੇ ਤੱਕ ਸੀਮਤ ਰੱਖਣ ਦੇ ਆਸਾਰ ਘੱਟ ਜਾਪਦੇ ਹਨ। ਇਸ ਕਰ ਕੇ ਰਿਜ਼ਰਵ ਬੈਂਕ ਨੇ ਅਜੇ ਤੱਕ ਇਸ ਵਿਸ਼ਵਾਸ ਦੇ ਆਸਰੇ ਵਿਆਜ ਦਰਾਂ ਪ੍ਰਤੀ ਨਰਮ ਰੁਖ ਅਖਤਿਆਰ ਕੀਤਾ ਹੋਇਆ ਸੀ ਕਿ ਮਹਿੰਗਾਈ ਦਰ ਵਿਚ ਜਲਦੀ ਹੀ ਕਮੀ ਆ ਜਾਵੇਗੀ ਪਰ ਹੁਣ ਉਸ ਨੂੰ ਆਪਣਾ ਪੈਂਤੜਾ ਬਦਲਣਾ ਪੈ ਸਕਦਾ ਹੈ। ਵਿਆਜ ਦਰਾਂ ਵਿਚ ਮਾਮੂਲੀ ਫੇਰ-ਬਦਲ ਨਾਲ ਘੱਟੋ-ਘੱਟ ਨੇੜ ਭਵਿੱਖ ਵਿਚ ਵਿਆਪਕ ਅਰਥਚਾਰੇ ਤੇ ਵੱਡਾ ਅਸਰ ਨਹੀਂ ਪਵੇਗਾ ਪਰ ਕਰਜ਼ਦਾਰਾਂ (ਸਰਕਾਰ ਸਮੇਤ) ਅਤੇ ਕਰਜ਼ਦਾਤਿਆਂ ਦੋਵਾਂ ਨੂੰ ਆਪੋ-ਆਪਣਾ ਹਿਸਾਬ ਕਿਤਾਬ ਨਵੇਂ ਸਿਰਿਓਂ ਵਿਉਂਤਣ ਦਾ ਸੰਕੇਤ ਜ਼ਰੂਰ ਮਿਲ ਜਾਵੇਗਾ। ਇਸ ਸਭ ਕਾਸੇ ਨਾਲ ਮਹੀਨਾ ਪਹਿਲਾਂ ਬਜਟ ਪੇਸ਼ ਕਰਨ ਮੌਕੇ ਜੋ ਨਜ਼ਰੀਆ ਉਭਾਰਿਆ ਗਿਆ ਸੀ, ਉਸ ਵਿਚ ਥੋੜ੍ਹੀ ਹੋਰ ਕਠਿਨਾਈ ਆ ਜਾਵੇਗੀ।

ਅਹਿਮ ਗੱਲ ਇਹ ਹੈ ਕਿ ਅਰਥਚਾਰਾ ਕਮਜ਼ੋਰ ਹਾਲਤ ਵਿਚ ਨਹੀਂ ਹੈ। 2012-13 ਦੇ ਮੁਕਾਬਲੇ ਜਦੋਂ ਭਾਰਤ ਅਤੇ ਕੁਝ ਹੋਰਨਾਂ ਦੇਸ਼ਾਂ ਮੁਤੱਲਕ ਇਹ ਫਿਕਰਾ ਵਰਤਿਆ ਜਾਂਦਾ ਸੀ, ਜਦਕਿ ਵਪਾਰ ਘਾਟੇ ਅਤੇ ਵਿਦੇਸ਼ੀ ਮੁਦਰਾ ਭੰਡਾਰਾਂ ਦੇ ਲਿਹਾਜ਼ ਤੋਂ ਸਾਡੀ ਹਾਲਤ ਕਾਫੀ ਸੁਖਾਵੀਂ ਜਾਪਦੀ ਹੈ। ਕੀ ਇਸ ਦਾ ਮਤਲਬ ਇਹ ਹੈ ਕਿ ਖਪਤਕਾਰ ਹੁਣ ਆਪਣੀ ਖੁੱਡ ਵਿਚੋਂ ਬਾਹਰ ਆਉਣ ਵਿਚ ਹੋਰ ਜ਼ਿਆਦਾ ਲੰਮਾ ਸਮਾਂ ਲੈਣਗੇ, ਵਿਕਾਸ ਦਰ ਸਾਵੀਂ ਪੈ ਜਾਵੇਗੀ ਅਤੇ ਮਹਾਮਾਰੀ ਦੇ ਅਸਰ ਤੋਂ ਉਭਰਨ ਦਾ ਅਮਲ ਹੋਰ ਜ਼ਿਆਦਾ ਲੰਮਾ ਖਿੱਚ ਜਾਵੇਗਾ। ਇਹ ਅਜਿਹੀ ਹਾਲਤ ਹੈ ਜਿਸ ਵਿਚ ਕੋਈ ਵੀ ਬਹੁਤਾ ਕੁਝ ਨਹੀਂ ਕਰ ਸਕਦਾ; ਤੇਲ ਕੀਮਤਾਂ ਦੇ ਝਟਕੇ ਨਾਲ ਹਰ ਵਾਰ ਅਰਥਚਾਰੇ ਤੇ ਮਾਰ ਪੈਂਦੀ ਹੀ ਹੈ ਪਰ ਜੇ ਇਕ ਵਾਰ ਫਿਰ ਤੁਲਨਾ ਕੀਤੀ ਜਾਵੇ ਤਾਂ ਬੀਤੇ ਅਰਸੇ ਦੇ ਮੁਕਾਬਲੇ ਇਸ ਸਮੇਂ ਚਿੰਤਾ ਕਰਨ ਦੀ ਬਹੁਤੀ ਲੋੜ ਨਹੀਂ ਹੈ। ਜੇ ਮਹਿੰਗਾਈ ਦਰ ਨਾਲ ਮੇਲ ਕੇ ਅੱਜ ਫ਼ੀ ਬੈਰਲ ਕੱਚਾ ਤੇਲ 100 ਡਾਲਰ ਹੋ ਗਿਆ ਹੈ ਤਾਂ ਇਹ 2013-14 ਵਾਲੀ ਤੇਲ ਕੀਮਤ ਦੇ ਬਰਾਬਰ ਨਹੀਂ ਹੈ।

ਇਹ ਵੀ ਸਵਾਲ ਹੈ ਕਿ ਤੇਲ ਕੀਮਤਾਂ ਕਿੰਨੀ ਦੇਰ ਉਤਾਹ ਚੜ੍ਹੀਆਂ ਰਹਿੰਦੀਆਂ ਹਨ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵਲੋਂ ਦਿੱਤੇ ਜਾ ਰਹੇ ਸਖਤ ਬਿਆਨਾਂ ਦੇ ਮੱਦੇਨਜ਼ਰ ਰੂਸ ਤੇ ਪੱਛਮੀ ਦੇਸ਼ਾਂ ਵਲੋਂ ਲਗਾਈਆਂ ਪਾਬੰਦੀਆਂ ਨਾਲ ਊਰਜਾ ਖੇਤਰ ਦੀ ਹਾਲਤ ਸਪੱਸ਼ਟ ਹੋ ਗਈ ਹੈ। ਯੂਰਪ ਆਪਣੀਆਂ ਲੋੜਾਂ ਦਾ ਇਕ ਚੁਥਾਈ ਤੇਲ ਅਤੇ ਇਕ ਤਿਹਾਈ ਗੈਸ ਰੂਸ ਤੋਂ ਖਰੀਦਦਾ ਹੈ ਅਤੇ ਅੰਧ ਮਹਾਸਾਗਰ ਦੇ ਦੋਵੇਂ ਬੰਨ੍ਹੇ ਦੀਆਂ ਸਰਕਾਰਾਂ ਪਾਬੰਦੀਆਂ ਕਰ ਕੇ ਹੋਣ ਵਾਲੀ ਊਰਜਾ ਦੇ ਮੋੜਵੇਂ ਝਟਕੇ ਦਾ ਖਮਿਆਜ਼ਾ ਭੁਗਤਣਾ ਨਹੀਂ ਚਾਹੁੰਦੀਆਂ। ਇਸ ਸਿਲਸਿਲੇ ਵਿਚ ਰੂਸ ਉੱਚੀਆਂ ਊਰਜਾ ਕੀਮਤਾਂ ਤੇ ਆਪਣੀਆਂ ਬਰਾਮਦਾਂ ਜਾਰੀ ਰੱਖੇਗਾ ਪਰ ਭਾਰਤ ਜਿਹੇ ਦਰਾਮਦਕਾਰ ਮੁਲਕਾਂ ਨੂੰ ਇਸ ਦਾ ਸਾਹਮਣਾ ਕਰਨ ਲਈ ਤਿਆਰੀ ਕਰਨੀ ਪਵੇਗੀ।


# ਵਰਤੋਂ ਕੰਪਿਊਟਰ ਦੀ

## ਟੇਬਲ-2

**ਲੇਅ-ਆਊਟ:** ਇਸ ਕਮਾਂਡ ਟੈਬ ਵਿਚ ਸੱਤ; ਟੇਬਲ, ਡਰਾਅ, ਰੋਅਜ਼ ਐਂਡ ਕਾਲਮਜ਼, ਮਰਜ, ਸੈੱਲ ਸਾਈਜ਼, ਅਲਾਈਨਮੈਂਟ ਤੇ ਡੈਟਾ ਕਮਾਂਡ ਸੈੱਟ ਹਨ ਅਤੇ ਜਿਨ੍ਹਾਂ ਵਿਚ ਉਸ ਗਰੁੱਪ ਦੀਆਂ ਹੋਰ ਕਮਾਂਡਾਂ ਹਨ। ਤਿੰਨ ਅਤੇ ਪੰਜ ਕਮਾਂਡ ਸੈੱਟ ਵਿਚ ਡਾਇਲੌਗ ਬੌਕਸ ਲਾਂਚਿੰਗ ਐਰੋ ਵੀ ਹਨ।

ਕਿਰਪਾਲ ਸਿੰਘ ਪੰਨੂੰ
ਫੋਨ: 365-994-8850,
ਡਾ. ਰਾਜਵਿੰਦਰ ਸਿੰਘ
ਫੋਨ: 94633-27683

**ਕਾਲਮਾਂ ਦੀ ਗਿਣਤੀ ਵੱਧ-ਘੱਟ ਕਰਨਾ:** ਟੇਬਲ ਬਣਾ ਲੈਣ ਪਿਛੋਂ ਕਿਸੇ ਸਮੇਂ ਵੀ ਉਸ ਦੇ ਕਾਲਮਾਂ ਦੀ ਗਿਣਤੀ ਵੱਧ ਘੱਟ ਕਰਨ ਦੀ ਲੋੜ ਪੈ ਸਕਦੀ ਹੈ। ਕਮਾਂਡ ਪਾਥ ਇਸ ਪ੍ਰਕਾਰ ਹੈ; 'ਟੇਬਲ ਟੂਲਜ਼ ਸਬੰਧਤ ਟੈਬ' ਵਿਚ ਲੇਅਆਊਟ ਸੱਤ ਕਮਾਂਡ ਸੈਟਾਂ ਵਿਚੋਂ ਤੀਸਰੇ 'ਰੋਅਜ਼ ਐਂਡ ਕਾਲਮਜ਼' (ਵੱਡੀ ਤਸਵੀਰ ਨੰਬਰ 1) ਵਿਚ ਗਰੇਅ ਤੀਰਾਂ ਵਾਲੀਆਂ ਚਾਰ ਕਮਾਂਡਾਂ ਹਨ; ਇਨਸਰਟ ਅਬੱਵ, ਬੀਲੋਅ, ਲੈਫਟ ਅਤੇ ਰਾਈਟ। ਪਹਿਲੀਆਂ ਦੋ ਕਮਾਂਡਾਂ ਵਿਚ ਟੇਬਲ ਵਿਚ ਸਿਲੈਕਟ ਕੀਤੀਆਂ ਖੱਬੇ ਤੋਂ ਸੱਜੇ ਲਾਈਨਾਂ, ਰੋਅਜ਼ ਨੂੰ ਪਰਗਟ ਕਰਦੀਆਂ ਹਨ ਅਤੇ ਬਾਕੀ ਦੀਆਂ ਦੋ ਲਾਈਨਾਂ ਉਪਰ ਤੋਂ ਥੱਲੇ ਨੂੰ, ਕਾਲਮਾਂ ਨੂੰ ਦਰਸਾਉਂਦੀਆਂ ਹਨ। ਇਸੇ ਤਰ੍ਹਾਂ ਨਾਲ ਇਨ੍ਹਾਂ ਨਾਲ ਲੱਗੇ ਗਰੇਅ ਤੀਰ ਪੈਣ ਵਾਲੀ ਨਵੀਂ ਰੋਅ ਕਰਸਰ ਵਾਲੀ ਰੋਅ ਤੋਂ ਉਪਰ ਜਾਂ ਥੱਲੇ ਪਵੇ, ਅਤੇ ਨਵਾਂ ਪੈਣ ਵਾਲਾ ਕਾਲਮ ਕਰਸਰ ਵਾਲੇ ਕਾਲਮ ਤੋਂ ਖੱਬੇ ਜਾਂ ਸੱਜੇ ਪਵੇ, ਦੀ ਸੇਧ ਦਿੰਦੇ ਹਨ। ਜਿਸ ਕਮਾਂਡ ਨੂੰ ਵੀ ਕਲਿੱਕ ਕੀਤਾ ਜਾਂਦਾ ਹੈ ਉਹੋ ਹੀ ਪੈ ਜਾਂਦੀ ਹੈ।




**ਡੀਲੀਟ ਕਰਨਾ:** ਤਸਵੀਰ 1 ਦੇ ਖੱਬੇ ਪਾਸੇ ਡਿਲੀਟ ਦੀ ਕਮਾਂਡ ਹੈ। ਉਸ ਹੇਠਲੇ ਤੀਰ ਨੂੰ ਕਲਿੱਕ ਕਰਨ ਨਾਲ ਉਸਦੇ ਖੱਬੇ ਪਾਸੇ (ਤਸਵੀਰ 2 ਵਾਲੀ) ਵਿੰਡੋ ਖੁੱਲ੍ਹ ਜਾਇਗੀ, ਜਿਸ ਵਿਚ ਡਿਲੀਟ ਸੈਲਜ਼, ਕਾਲਮਜ਼, ਰੋਅਜ਼ ਅਤੇ ਟੇਬਲ ਦੀਆਂ ਕਮਾਂਡਾਂ ਹਨ। ਜਿਸ ਨੂੰ ਕਲਿੱਕ ਕੀਤਾ ਜਾਇਗਾ, ਕਰਸਰ ਵਾਲਾ ਓਹੀ ਮੂਲ ਤੱਤ ਡਿਲੀਟ ਹੋ ਜਾਇਗਾ।

**ਇੱਕ ਤੋਂ ਵੱਧ ...:** ਕਿਸੇ ਵੇਲੇ ਲੋੜ ਇਹ ਵੀ ਹੋ ਸਕਦੀ ਹੈ ਕਿ ਇੱਕ ਤੋਂ ਵੱਧ ਕਾਲਮਾਂ ਜਾਂ ਰੋਆਂ ਨੂੰ ਪਾਉਣਾ ਜਾਂ ਹਟਾਉਣਾ ਹੋਵੇ। ਇਸ ਕਾਰਵਾਈ ਦਾ ਵਰਣਨ ਕਰਨ ਤੋਂ ਪਹਿਲਾਂ 'ਕਰਸਰ' ਸਬੰਧੀ ਜਾਣਕਾਰੀ ਸਾਂਝੀ ਕਰ ਲੈਣੀ ਜ਼ਰੂਰੀ ਹੈ। ਕ) ਜੋ ਵੀ ਕਮਾਂਡ ਦਿੱਤੀ ਜਾਂਦੀ ਹੈ ਉਹ ਕਰਸਰ ਵਾਲੀ ਥਾਂ ਉਤੇ ਲਾਗੂ ਹੁੰਦੀ ਹੈ। ਖ) ਕਰਸਰ ਇੱਕ ਖੜ੍ਹੀ ਲਕੀਰ ਹੈ, ਜੋ ਇੱਕ ਇਕੱਲਾ ਕਰੈਕਟਰ ਹੈ। ਗ) ਕਰਸਰ ਲਕੀਰ ਤੋਂ ਫੈਲ ਕੇ, ਦੋ ਚਾਰ ਕਰੈਕਟਰ ਕੀ, ਸਾਰੇ ਡਾਕੂਮੈਂਟ ਉਤੇ ਛਾ ਸਕਦਾ ਹੈ। ਸਿਲੈਕਟ ਕੀਤਾ ਹੋਇਆ ਸਾਰਾ ਭਾਗ 'ਕਰਸਰ' ਦਾ ਹੀ ਵਧਿਆ ਹੋਇਆ ਰੂਪ ਹੁੰਦਾ ਹੈ। ਸੋ ਜੇ ਇੱਕ ਤੋਂ ਵੱਧ ਕਾਲਮ ਜਾਂ ਰੋਆਂ ਪਾਉਣੀਆਂ ਹੋਣ, ਪਹਿਲੋਂ ਉਤਨੀ ਗਿਣਤੀ ਦੇ ਕਾਲਮ ਜਾਂ ਰੋਆਂ ਸਿਲੈਕਟ ਕਰ ਲੈਣੀਆਂ ਹੋਣਗੀਆਂ। ਫਿਰ ਕਮਾਂਡ ਮਿਲਣ ਉਤੇ ਉਤਨੇ ਕਾਲਮ ਅਤੇ ਰੋਆਂ ਹੋਰ ਪੈ ਜਾਣਗੀਆਂ। ਇਵੇਂ ਹੀ ਸਿਲੈਕਟ ਕਰਕੇ ਇੱਕ ਤੋਂ ਵੱਧ ਕਾਲਮ ਜਾਂ ਰੋਆਂ ਡਿਲੀਟ ਕੀਤੀਆਂ ਜਾ ਸਕਦੀਆਂ ਹਨ।

ਜੇ ਲੋੜ ਅਨੁਸਾਰ ਕਾਲਮਾਂ ਜਾਂ ਰੋਆਂ ਦੀ ਗਿਣਤੀ ਨਾ ਹੋਵੇ ਤਾਂ ਵਾਰ-ਵਾਰ ਕਮਾਂਡ ਦੇ ਕੇ ਆਪਣੀ ਲੋੜ ਪੂਰੀ ਕਰ ਲਈ ਜਾਂਦੀ ਹੈ। **ਕਮਾਲ ਦੀ ਕਮਾਂਡ** ਇਹ ਵੀ ਹੈ ਕਿ ਜੇ ਸੂਚੀ ਬਣਾਉਂਦਿਆਂ ਰੋਆਂ ਦੀ ਗਿਣਤੀ ਖਤਮ ਹੋ ਜਾਵੇ ਤਾਂ ਕਰਸਰ ਦੇ ਅਖੀਰਲੇ ਸੈੱਲ ਵਿਚ ਜਾਣ ਉਤੇ 'ਟੈਬ ਕੀਅ' ਦੱਬਣ ਨਾਲ ਟੇਬਲ ਦੇ ਅੰਤ ਉਤੇ ਇੱਕ ਹੋਰ ਨਵੀਂ ਰੋਅ ਪੈ ਜਾਵੇਗੀ। ਇਸੇ ਤਰ੍ਹਾਂ ਹੋਰ ਅੱਗੇ ਹੋਰ ਅੱਗੇ ਅਨੰਤ ਰੋਆਂ ਪਾ ਸਕਦੇ ਹੋ। ਪਰ ਇਸ ਵਿਧੀ ਨਾਲ ਹੋਰ ਕਾਲਮ ਨਹੀਂ ਪਾਇਆ ਜਾ ਸਕਦਾ।

ਜਿਵੇਂ ਕਿ ਪਹਿਲੋਂ ਦੱਸਿਆ ਜਾ ਚੁੱਕਾ ਹੈ ਕਿ ਟੇਬਲ ਵਿਚ ਜੇ ਕਰਸਰ ਅਗਲੇ ਘਰ ਵਿਚ ਲੈ ਕੇ ਜਾਣਾ ਹੋਵੇ ਤਾਂ 'ਟੈਬ ਕੀਅ' ਨੂੰ ਖੱਬੀ ਚੀਚੀ ਨਾਲ ਇੱਕ ਵਾਰ ਦਬਾਓ ਅਤੇ ਜੇ ਕਰਸਰ ਨੂੰ ਇੱਕ ਸੈੱਲ ਪਿੱਛੇ ਮੋੜਨਾ ਹੋਵੇ ਤਾਂ ਸੱਜੀ ਚੀਚੀ ਨਾਲ ਸੱਜੀ ਸ਼ਿਫਟ ਕੀਅ ਦੱਬੀ ਰੱਖ ਕੇ ਖੱਬੀ ਚੀਚੀ ਨਾਲ 'ਟੈਬ ਕੀਅ' ਦਬਾਓ। ਜੇ ਸੈੱਲ ਦੇ ਵਿਚ ਹੀ 'ਟੈਬ ਕਮਾਂਡ' ਦੇਣੀ ਹੋਵੇ ਤਾਂ 'ਕੰਟਰੋਲ + ਟੈਬ ਕੀਅ' ਦਬਾਓ ਟੈਬ ਪੈ ਜਾਇਗੀ। ਮੋਟੇ ਤੌਰ ਉਤੇ ਇੱਕ ਟੈਬ ਕੀਅ ਪੰਜ ਸਪੇਸਾਂ ਜਿਤਨੀ ਥਾਂ ਕਵਰ ਕਰਦੀ ਹੈ।

**ਸੈੱਲ ਦਾ ਘੱਟ ਵੱਧ ਕਰਨਾ:** ਜਦੋਂ ਸੈੱਲ ਨੂੰ ਡਿਲੀਟ ਕਰਨਾ ਹੋਵੇ ਤਾਂ ਸਬੰਧਤ ਸੈੱਲ ਵਿਚ ਕਰਸਰ ਲੈ ਜਾਵੋ। ਡੀਲੀਟ ਸੈੱਲ ਦੀ ਕਮਾਂਡ ਤਸਵੀਰ 3 ਵਰਗੀ ਡਿਲੀਟ ਸੈੱਲ ਵਾਲੀ ਵਿੰਡੋ ਖੁੱਲ੍ਹ ਜਾਇਗੀ। ਸੈੱਲ ਨੂੰ ਕਿਸ ਪਾਸੇ ਸ਼ਿਫਟ ਕਰਨਾ ਹੈ ਕਲਿੱਕ ਕਰਕੇ, ਓਕੇ ਕਰਨ ਨਾਲ ਕਮਾਂਡ ਲਾਗੂ ਹੋ ਜਾਇਗੀ। ਜੇ ਸੈੱਲ ਇਨਸਰਟ ਕਰਨਾ ਹੋਵੇ ਤਾਂ ਤਸਵੀਰ 1 ਦੇ ਸੱਜੇ ਹੇਠਲੇ ਕੋਨੇ ਵਿਚ ਬਣੇ ਨਿੱਕੇ ਜਿਹੇ ਡਾਇਲੌਗ ਬੌਕਸ ਡਰੌਪ ਡਾਊਨ ਲਾਂਚਿੰਗ ਐਰੋ ਨੂੰ ਦਬਾਉਣ ਨਾਲ ਤਸਵੀਰ 3 ਵਾਲੀ 'ਇਨਸਰਟ ਸੈੱਲ' ਦੀ ਵਿੰਡੋ ਖੁੱਲ੍ਹ ਜਾਇਗੀ ਤੇ ਆਪਣੀ ਲੋੜ ਅਨੁਸਾਰ ਕਮਾਂਡ ਦਿਓ।

*(ਚੱਲਦਾ ...)*

# ਸੰਪਾਦਨ ਕਲਾ ਦੇ ਸੰਦਰਭ ਵਿਚ 'ਪਰਵਾਸੀ ਕਲਮਾਂ' ਦਾ ਅਧਿਐਨ

ਕੁਝ ਲੇਖਕਾਂ ਦੀਆਂ ਰਚਨਾਵਾਂ ਨੂੰ ਇਕ ਤਰਤੀਬ ਦੇ ਕੇ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕਰਨਾ ਸੰਪਾਦਨ ਦੇ ਖੇਤਰ ਵਿਚ ਆਉਂਦਾ ਹੈ। ਇਹ ਕੋਈ ਸਹਿਜ ਜਾਂ ਆਮ ਜਿਹੀ ਪ੍ਰਕਿਰਿਆ ਨਾ ਹੋ ਕੇ ਇਕ ਗੁੰਝਲਦਾਰ ਕਾਰਜ ਹੈ। ਇਹ ਅਸਲ ਵਿਚ 'ਅਨੇਕਤਾ' ਵਿਚੋਂ 'ਏਕਤਾ' ਪੈਦਾ ਕਰਨ ਦੀ ਕਲਾ ਹੈ। ਪੁਸਤਕ ਨੂੰ ਸੰਪਾਦਿਤ ਕਰਨ ਤੋਂ ਪਹਿਲਾਂ ਸੰਪਾਦਕ ਦੇ ਸਾਹਮਣੇ ਸਪੱਸ਼ਟ ਉਦੇਸ਼ ਹੋਣਾ ਚਾਹੀਦਾ ਹੈ ਕਿ ਉਹ ਸੰਬੰਧਤ ਪੁਸਤਕ ਕਿਸ ਮੰਤਵ ਨੂੰ ਲੈ ਕੇ ਤਿਆਰ ਕਰ ਰਿਹਾ ਹੈ। ਪੁਸਤਕ ਵਿਚ ਸਾਹਿਤ ਦੀ ਕਿਸੇ ਇਕ ਵੰਨਗੀ ਜਿਵੇਂ ਕਹਾਣੀ, ਕਵਿਤਾ, ਨਾਟਕ, ਇਕਾਂਗੀ, ਲੇਖ, ਆਮ ਵਾਕਫੀਅਤ ਆਦਿ ਦੀ ਚੋਣ ਕੀਤੀ ਜਾ ਸਕਦੀ ਹੈ। ਅਜਿਹੀ ਚੋਣ ਕਿਸੇ ਇਕ ਸਾਹਿਤਕਾਰ ਦੀਆਂ ਇਕੋ ਵਿਧਾ ਦੀਆਂ ਰਚਨਾਵਾਂ ਦੀ ਵੀ ਹੋ ਸਕਦੀ ਹੈ ਜਾਂ ਇਕ ਤੋਂ ਜ਼ਿਆਦਾ ਸਾਹਿਤਕਾਰਾਂ ਦੀਆਂ ਰਚਨਾਵਾਂ ਦੀ ਵੀ।



ਡਾ. ਰਸ਼ਪਾਲ ਸਿੰਘ
ਫੋਨ: 98159-67673

ਦੇਖਣ ਵਾਲੀ ਗੱਲ ਅਸਲ ਵਿਚ ਇਹ ਹੁੰਦੀ ਹੈ ਕਿ ਕੀ ਸੰਪਾਦਕ ਕਿਸੇ ਇਕ ਕਹਾਣੀਕਾਰ, ਕਵੀ, ਨਾਟਕਕਾਰ ਜਾਂ ਵਾਰਤਕਕਾਰ ਦੀਆਂ ਪ੍ਰਤੀਨਿਧ ਰਚਨਾਵਾਂ ਦਾ ਸੰਗ੍ਰਿਹ ਤਿਆਰ ਕਰ ਰਿਹਾ ਹੈ ਤਾਂ ਜੋ ਪਾਠਕ ਉਸ ਸਾਹਿਤਕਾਰ ਦੀਆਂ ਕੁਝ ਪ੍ਰਮੁੱਖ ਰਚਨਾਵਾਂ ਨੂੰ ਇਕ ਕਿਤਾਬ ਵਿਚੋਂ ਹੀ ਪੜ੍ਹ ਲੈਣ। ਜੇ ਸੰਪਾਦਕ ਕਈ ਕਹਾਣੀਕਾਰਾਂ ਦੀਆਂ ਕਹਾਣੀਆਂ ਜਾਂ ਹੋਰ ਸਾਹਿਤਕ ਰੂਪਾਂ ਨੂੰ ਇਕ ਥਾਂ ਇਕੱਠੀਆਂ ਕਰ ਰਿਹਾ ਹੈ ਤਾਂ ਕੀ ਉਹ ਵਿਸ਼ੇਸ਼ ਸਮੇਂ, ਕਿਸੇ ਖਾਸ ਪ੍ਰਭਾਵ ਅਧੀਨ ਲਿਖੀਆਂ ਰਚਨਾਵਾਂ ਨੂੰ ਪੇਸ਼ ਕਰਨਾ ਚਾਹੁੰਦਾ ਹੈ ਜਾਂ ਸੰਬੰਧਤ ਸਾਹਿਤਕ ਵਿਧਾ ਦੇ ਵੱਖੋ-ਵੱਖ ਪੜਾਵਾਂ ਦੀਆਂ ਖਾਸ ਰਚਨਾਵਾਂ ਦਾ ਸੰਗ੍ਰਹਿ ਤਿਆਰ ਕਰ ਰਿਹਾ ਹੈ। ਇਸ ਤੋਂ ਇਲਾਵਾ ਸਕੂਲ ਅਤੇ ਕਾਲਜ ਦੇ ਪਾਠਕ੍ਰਮ ਨੂੰ ਮੁੱਖ ਰੱਖ ਕੇ ਵੀ ਵਿਦਿਆਰਥੀਆਂ ਲਈ ਪੁਸਤਕਾਂ ਦੀ ਸੰਪਾਦਨਾ ਹੁੰਦੀ ਹੈ।

ਰਵਿੰਦਰ ਸਿੰਘ ਸੋਢੀ ਵੱਲੋਂ ਸੰਪਾਦਕ ਕੀਤੀ ਵਿਚਾਰ ਅਧੀਨ ਪੁਸਤਕ 'ਪਰਵਾਸੀ ਕਲਮਾਂ' ਉਪਰੋਕਤ ਵੰਨਗੀਆਂ ਤੋਂ ਵੱਖਰੀ ਹੈ। ਉਸਨੇ ਇਕ ਪੁਸਤਕ ਵਿਚ ਹੀ ਕਹਾਣੀਆਂ, ਵਾਰਤਕ ਅਤੇ ਕਾਵਿ ਰਚਨਾਵਾਂ ਨੂੰ ਸ਼ਾਮਲ ਕੀਤਾ ਹੈ। ਇਹ ਸਾਰੀਆਂ ਰਚਨਾਵਾਂ ਪਰਵਾਸੀ ਲੇਖਕਾਂ ਦੀਆਂ ਹਨ।

'ਪਰਵਾਸੀ ਕਲਮਾਂ' ਪੁਸਤਕ ਵਿਚ ਵੀਹ ਲੇਖਕਾਂ ਦੀਆਂ ਲਿਖਤਾਂ ਦਰਜ ਹਨ। ਏਨੇ ਲੇਖਕਾਂ ਦੀਆਂ ਪ੍ਰਤੀਨਿਧ ਰਚਨਾਵਾਂ ਦੀ ਚੋਣ ਕਰਨੀ ਕੋਈ ਸੌਖਾ ਕਾਰਜ ਨਹੀਂ। ਸੰਪਾਦਕ ਨੂੰ ਵੀ ਵੱਖ-ਵੱਖ ਰਚਨਾਵਾਂ ਦੇ ਸਾਹਿਤਕ ਮਿਆਰ ਦੇ ਨਾਲ-ਨਾਲ ਇਹ ਵੀ ਧਿਆਨ ਵਿਚ ਰੱਖਣਾ ਪੈਂਦਾ ਹੈ ਕਿ ਕਹਾਣੀਆਂ, ਵਾਰਤਕ ਅਤੇ ਕਵਿਤਾ ਵਿਚ ਬਰਾਬਰ ਦਾ ਸਮਤੋਲ ਬਣਾ ਕੇ ਰੱਖਿਆ ਜਾਵੇ। ਇਸ ਪੱਖੋਂ ਵਿਚਾਰ ਅਧੀਨ ਪੁਸਤਕ ਦੇ ਸੰਪਾਦਕ ਨੇ ਬੜੀ ਸੂਝ-ਬੂਝ ਨਾਲ ਆਪਣਾ ਕੰਮ ਕੀਤਾ ਹੈ। ਸੱਤ ਕਹਾਣੀਕਾਰਾਂ ਦੀਆਂ ਤੇਰਾਂ ਕਹਾਣੀਆਂ, ਪੰਜ ਵਾਰਤਕਕਾਰਾਂ ਦੇ ਬਾਰਾਂ ਲੇਖ ਅਤੇ ਅੱਠ ਕਵੀਆਂ ਦੀਆਂ 38 ਕਵਿਤਾਵਾਂ ਦੀ ਚੋਣ ਕੀਤੀ ਹੈ।




ਜਦੋਂ ਅਸੀਂ ਇਸ ਪੁਸਤਕ ਵਿਚ ਦਰਜ ਸਾਹਿਤਕ ਕਿਰਤਾਂ ਦੇ ਗੁਣਾਤਮਕ ਪੱਖ 'ਤੇ ਵਿਚਾਰ ਕਰਦੇ ਹਾਂ ਤਾਂ ਵੀ ਸੰਪਾਦਕ ਦੀ ਪੜਚੋਲਵੀਂ ਨਜ਼ਰ ਦਾ ਪਤਾ ਲੱਗਦਾ ਹੈ। ਐਸ. ਸਾਕੀ ਪੰਜਾਬੀ ਵਿਚ ਸਭ ਤੋਂ ਵੱਧ ਕਹਾਣੀਆਂ ਲਿਖਣ ਵਾਲੇ ਕਹਾਣੀਕਾਰ ਹੋਏ ਹਨ। ਉਨ੍ਹਾਂ ਦੀਆਂ ਕਹਾਣੀਆਂ ਵਿਚ ਸਾਡੇ ਚੁਗਿਰਦੇ ਦਾ ਚਿਤਰਨ ਬਾ-ਖੂਬੀ ਕੀਤਾ ਹੁੰਦਾ ਹੈ। ਜਿਵੇਂ ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਦੇ ਨਾਵਲਾਂ ਨੂੰ ਸਾਡੇ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ, ਉਸੇ ਤਰ੍ਹਾਂ ਸਾਕੀ ਦੀਆਂ ਕਹਾਣੀਆਂ ਵੀ ਸਾਡੇ ਸਮਾਜਿਕ ਵਰਤਾਰਿਆਂ ਦੀ ਹੂ-ਬ-ਹੂ ਤਰਜਮਾਨੀ ਕਰਦੀਆਂ ਹਨ। ਉਨ੍ਹਾਂ ਦੀ ਕਹਾਣੀ 'ਬਲਦੇ ਸਿਵੇ' ਇਕ ਵੱਖਰੀ ਕਿਸਮ ਦੀ ਕਹਾਣੀ ਹੈ, ਜਿਸ ਦੇ ਪਾਤਰ ਜਿਉਂਦੇ-ਜਾਗਦੇ ਇਨਸਾਨ ਨਹੀਂ ਸਗੋਂ ਦੋ ਮੁਰਦੇ ਹਨ-ਇਕ ਬਹੁਤ ਅਮੀਰ ਅਤੇ ਦੂਜਾ ਅਤਿ ਦਰਜੇ ਦਾ ਗਰੀਬ। ਇਨ੍ਹਾਂ ਦੋਹਾਂ ਦੇ ਸਿਵੇ ਨਾਲ-ਨਾਲ ਹੀ ਬਲ ਰਹੇ ਹਨ। ਦੋਹਾਂ ਦੀਆਂ ਗੱਲਾਂ ਤੋਂ ਅਮੀਰਾਂ ਦੀ ਦਿਖਾਵੇ ਵਾਲੀ ਖੋਖਲੀ ਜ਼ਿੰਦਗੀ ਨੂੰ ਪੇਸ਼ ਕੀਤਾ ਗਿਆ ਹੈ ਅਤੇ ਨਾਲ ਹੀ ਗਰੀਬਾਂ ਦੀ ਮੁਸ਼ਕਿਲ ਨਾਲ ਦਿਨ ਕਟੀ ਵਾਲੀ ਜ਼ਿੰਦਗੀ ਨੂੰ ਰੂਪਮਾਨ ਕੀਤਾ ਹੈ। ਐਸ. ਸਾਕੀ ਦੀ ਹੀ ਕਹਾਣੀ 'ਸ਼ੇਰਾ' ਵਿਚ ਪਸ਼ੂ-ਪੰਛੀਆਂ ਅਤੇ ਉਨ੍ਹਾਂ ਦੀਆਂ ਮਨੁੱਖਾਂ ਸੰਬੰਧੀ ਭਾਵਨਾਵਾਂ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਅਵਤਾਰ ਸਿੰਘ ਸੰਘਾ ਦੀ ਕਹਾਣੀ 'ਰੈਂਬੋ' ਵਿਚ ਵੀ ਘਰੇਲੂ ਕੁੱਤੇ ਦੀ ਪਸੰਦ, ਨਾ-ਪਸੰਦ ਦਾ ਕਲਾਮਈ ਢੰਗ ਨਾਲ ਚਿਤਰਨ ਕੀਤਾ ਹੈ। ਸੰਘਾ ਦੀ ਇਕ ਹੋਰ ਕਹਾਣੀ 'ਬੱਚੇ ਤਾਂ ਓਦਰੇ ਪਏ ਨੇ' ਵਿਚ ਲੇਖਕ ਨੇ ਸਾਡੇ ਦੇਸ਼ ਵਾਸੀਆਂ ਵੱਲੋਂ ਵਿਦੇਸ਼ ਪਹੁੰਚ ਕੇ ਵੀ ਜੁਗਾੜ ਲਾਉਣ ਦੀ ਰੁਚੀ ਨੂੰ ਸਫਲਤਾਪੂਰਵਕ ਬਿਆਨਿਆ ਹੈ। ਬਲਵੰਤ ਸਿੰਘ ਗਿੱਲ ਦੀਆਂ ਦੋਵੇਂ ਕਹਾਣੀਆਂ-ਗਰੀਬ ਦੀ ਹੱਟੀ ਅਤੇ ਪੁੱਤ ਪਰਦੇਸੀ ਪ੍ਰਭਾਵਿਤ ਕਰਦੀਆਂ ਹਨ। 'ਗਰੀਬ ਦੀ ਹੱਟੀ' ਵਿਚ ਲੇਖਕ ਨੇ ਦੇਸ਼ ਵਿਚ ਰਹਿ ਕੇ ਮਿਹਨਤ ਕਰ, ਸਫਲਤਾ ਦੀ ਪੌੜੀ ਚੜ੍ਹਦੇ ਨੌਜਵਾਨ ਦੀ ਕਹਾਣੀ ਦਰਸਾਈ ਅਤੇ 'ਪੁੱਤ ਪਰਦੇਸੀ' ਵਿਚ ਆਪਣਾ ਭਵਿੱਖ ਸੁਧਾਰਨ ਦੀ ਆਸ ਨਾਲ ਗਏ ਨੌਜਵਾਨ ਦੀ ਕਸ਼ਮਕਸ਼ ਨੂੰ ਚਿਤਰਿਆ ਹੈ। ਨਿਰਮਲ ਸਿੰਘ ਕੰਧਾਲਵੀ ਦੀ ਕਹਾਣੀ 'ਕਰਕ ਕਲੇਜੇ ਮਾਹਿ' ਵਿਚ ਜਮਦੂਤਾਂ ਨੂੰ ਮੁੱਖ ਪਾਤਰ ਬਣਾ ਕੇ ਮਾਂ ਬੋਲੀ ਤੋਂ ਦੂਰ ਹੋਣ ਵਾਲੇ ਲੋਕਾਂ 'ਤੇ ਵਿਅੰਗ ਕੀਤਾ ਹੈ। ਜਸਬੀਰ ਸਿੰਘ ਆਹਲੂਵਾਲੀਆ ਦੀ ਕਹਾਣੀ 'ਮੈਂ ਤੇ ਮਿਸਿਜ਼ ਸੰਧੂ' ਰਾਹੀਂ ਆਦਮੀ ਅਤੇ ਔਰਤ (ਜਿਨ੍ਹਾਂ ਦੋਹਾਂ ਦੇ ਜੀਵਨ ਸਾਥੀ ਵਿਛੜ ਚੁੱਕੇ ਹਨ) ਦੇ ਆਪਸੀ ਰਿਸ਼ਤਿਆਂ ਦਾ ਭਾਵਪੂਰਨ ਪ੍ਰਗਟਾਅ ਹੈ। ਚਰਨਜੀਤ ਸਿੰਘ ਮਿਨਹਾਸ ਭਾਵੇਂ ਨਵਾਂ ਕਹਾਣੀਕਾਰ ਹੈ, ਪਰ ਉਸਦੀ ਕਹਾਣੀ 'ਪਰਛਾਵੇਂ', ਬਿੰਦੂ ਅਤੇ ਆਕਾਰ' ਇਕ ਨਿਵੇਕਲੀ ਕਹਾਣੀ ਹੈ। ਇਹ ਐਬਸਰਡ ਕਹਾਣੀ ਦੀ ਸ਼੍ਰੇਣੀ ਵਿਚ ਵੀ ਆਉਂਦੀ ਹੈ ਅਤੇ ਚੇਤਨ ਪ੍ਰਵਾਹ ਵਿਚ ਵੀ। ਇਹ ਕਹਾਣੀਕਾਰ ਆਪਣੇ ਵਿਚ ਨਵੀਆਂ ਸੰਭਾਵਨਾਵਾਂ ਲਈ ਬੈਠਾ ਹੈ। ਸਮੁੱਚੇ ਰੂਪ ਵਿਚ ਕਹਾਣੀ ਭਾਗ ਰੌਚਕ ਹੈ।

ਵਾਰਤਕ ਵਾਲੇ ਹਿੱਸੇ ਵਿਚ ਰਿਸ਼ੀ ਗੁਲਾਟੀ ਦਾ 'ਆਕਰਸ਼ਣ ਦੇ ਸਿਧਾਂਤ' ਸੰਬੰਧੀ ਲੇਖ ਨਵੇਂ ਵਿਸ਼ੇ 'ਤੇ ਹੈ ਅਤੇ ਜਾਣਕਾਰੀ ਭਰਪੂਰ ਹੈ। ਪੰਜਾਬੀ ਵਿਚ ਅਜਿਹੇ ਵਿਸ਼ਿਆਂ 'ਤੇ ਲਿਖੇ ਲੇਖਾਂ ਦੀ ਬਹੁਤ ਲੋੜ ਹੈ। ਡਾ. ਦਵਿੰਦਰ ਸਿੰਘ ਜੀਤਲਾ ਨੇ ਆਪਣੇ ਸਾਹਿਤਕ ਸਫਰ ਦਾ ਮੁਲਾਂਕਣ ਆਪ ਹੀ ਕੀਤਾ ਹੈ। ਇਹ ਲੇਖ ਨਿਰਸੰਦੇਹ ਵਧੀਆ ਲੇਖ ਹੈ। ਮਿੰਟੂ ਬਰਾੜ ਦੀ ਸ਼ੈਲੀ ਦਿਲਚਸਪ ਅਤੇ ਮੌਲਿਕ ਹੈ। ਉਸ ਕੋਲ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਦੀ ਕਲਾ ਹੈ। ਉਸਦੇ ਦੋਵੇਂ ਲੇਖ ਹੀ ਰੌਚਕ ਅਤੇ ਤੱਥਾਂ 'ਤੇ ਆਧਾਰਿਤ ਹਨ। ਪਰਮਿੰਦਰ ਸਿੰਘ ਪਾਪਾਟੋਏਟੋਏ ਦੇ ਚਾਰ ਲੇਖਾਂ ਵਿਚ ਵਿਦੇਸ਼ੀ ਧਰਤੀ 'ਤੇ ਰਹਿ ਰਹੇ ਪੰਜਾਬੀਆਂ ਦੇ ਵੱਖੋ-ਵੱਖ ਪਹਿਲੂਆਂ ਨੂੰ ਪੇਸ਼ ਕੀਤਾ ਹੈ। ਸੰਪਾਦਕ ਨੇ ਹਰਕੀਰਤ ਸਿੰਘ ਸੰਧਰ ਦੀ ਕਾਫੀ ਟੇਬਲ ਬੁੱਕ 'ਜਦੋਂ ਤੁਰੇ ਸੀ' ਵਿਚੋਂ ਚਾਰ ਦਿਲਚਸਪ ਲੇਖਾਂ ਦੀ ਚੋਣ ਕੀਤੀ ਹੈ। ਸੰਧਰ ਨੇ ਆਸਟ੍ਰੇਲੀਆ ਅਤੇ ਭਾਰਤ ਦੇ ਪੁਰਾਣੇ ਸੰਬੰਧਾਂ ਦੀ ਗੱਲ ਕੀਤੀ ਹੈ ਜੋ ਡੂੰਘੀ ਖੋਜ 'ਤੇ ਨਿਰਧਾਰਿਤ ਹੈ। ਪੰਜਾਬੀ ਪਾਠਕਾਂ ਲਈ ਅਜਿਹੀ ਜਾਣਕਾਰੀ ਨਵੀਂ ਹੈ।

ਕਵਿਤਾਵਾਂ ਵਾਲੇ ਪੰਨਿਆਂ 'ਤੇ ਵੀ ਹਰ ਵਰਗ ਦੇ ਪਾਠਕਾਂ ਦੀ ਸਾਹਿਤਕ ਭੁੱਖ ਤ੍ਰਿਪਤ ਕਰਨ ਵਾਲੀਆਂ ਕਵਿਤਾਵਾਂ ਦਰਜ ਹਨ। ਜੁਗਿੰਦਰ ਸਿੰਘ ਬਿੰਦ ਦਾ ਪਹਿਲਾ ਹੀ ਗੀਤ ਜੇ ਕੋਈ ਵਧੀਆ ਗਾਇਕ ਗਾਵੇ ਤਾਂ ਪ੍ਰਸਿੱਧ ਹੋ ਸਕਣ ਦੀ ਸਮਰੱਥਾ ਰੱਖਦਾ ਹੈ। ਕੰਵਲ ਸਿੱਧੂ ਦੀਆਂ ਸਾਰੀਆਂ ਹੀ ਕਵਿਤਾਵਾਂ ਸਤਰੰਗੀ ਪੀਂਘ ਦਾ ਨਜ਼ਾਰਾ ਦੇਣ ਵਾਲੀਆਂ ਹਨ। ਮੇਰੀ ਕਵਿਤਾ, ਅਧੂਰੀ ਕਵਿਤਾ, ਅਜੀਬ ਸ਼ੈਅ ਵਰਗੀਆਂ ਉਚ ਪਾਏ ਦੀਆਂ ਕਵਿਤਾਵਾਂ ਹਨ। ਹਰਜਿੰਦਰ ਸਿੰਘ ਗੁਲਪੁਰ ਦੀਆਂ ਗ਼ਜ਼ਲਾਂ ਦੀ ਇਹ ਖੂਬੀ ਹੈ ਕਿ ਉਨ੍ਹਾਂ ਵਿਚ ਬੜੀ ਬੇਬਾਕੀ ਨਾਲ ਵਿਚਾਰ ਪ੍ਰਗਟਾਏ ਗਏ ਹਨ। ਉਸ ਦੀਆਂ ਦੋ ਵਿਅੰਗਮਈ ਨਿੱਕੀਆਂ ਕਵਿਤਾਵਾਂ 'ਪਾਣੀ' ਅਤੇ 'ਰੁੱਖ' ਵਿਚਲਾ ਵਿਅੰਗ ਬਹੁਤ ਤੀਬਰ ਹੈ। ਰੂਪ ਦਵਿੰਦਰ ਕੌਰ ਦੀਆਂ ਕਵਿਤਾਵਾਂ ਦੀ ਲੈਅ, ਵਿਚਾਰਾਂ ਦਾ ਆਪ ਮੁਹਾਰਾ ਵੇਗ ਪਾਠਕਾਂ ਨੂੰ ਟੁੰਬਣ ਵਾਲਾ ਹੈ। ਉਸਦੀ ਕਵਿਤਾ 'ਅਗਨੀ ਪ੍ਰੀਖਿਆ' ਦੀਆਂ ਆਖਰੀ ਸਤਰਾਂ—ਕਿਉਂਕਿ/ਵਕਤ ਬਦਲਿਆ ਹੈ/ਰਾਮ ਨਹੀਂ, ਝੰਜੋੜਦੀਆਂ ਹਨ। ਰਮਿੰਦਰ ਵਾਲੀਆ ਵੀ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਕਾਵਿ ਰਚਨਾ ਕਰ ਰਹੀ ਹੈ। ਉਸ ਕੋਲ ਕਹਿਣ ਲਈ ਬਹੁਤ ਕੁਝ ਹੈ ਅਤੇ ਕਹਿਣ ਦਾ ਢੰਗ ਵੀ ਹੈ। ਪੁਸਤਕ ਦੇ ਸੰਪਾਦਕ ਨੇ ਆਪਣੀਆਂ ਗ਼ਜ਼ਲਾਂ, ਗੀਤ ਅਤੇ ਕਵਿਤਾਵਾਂ ਸਭ ਤੋਂ ਅਖੀਰ ਵਿਚ ਦਰਜ ਕਰ ਕੇ ਇਕ ਸੁਹਿਰਦ ਸੰਪਾਦਕ ਦਾ ਫਰਜ਼ ਨਿਭਾਇਆ ਹੈ। 'ਕੈਦ ਕਰੋ, ਕੈਦ ਕਰੋ' ਇਕ ਅਜਿਹੀ ਕਵਿਤਾ ਹੈ ਜਿਸ ਵਿਚ ਕਵੀ ਨੇ ਸਾਡੇ ਦੇਸ਼ ਦੇ ਮੌਜੂਦਾ ਨਿਜ਼ਾਮ ਦੀ ਸੌੜੀ ਸੋਚ ਨੂੰ ਕਾਵਿਕ ਅੰਦਾਜ਼ ਵਿਚ ਪੇਸ਼ ਕੀਤਾ ਹੈ। ਉਸਦਾ ਗੀਤ 'ਮਰਜਾਣੀਆਂ' ਔਰਤ ਦੇ ਹਾਲਾਤ ਦੀ ਸਹੀ ਤਰਜਮਾਨੀ ਕਰਦਾ ਹੈ। ਇਹ ਗੀਤ ਵੀ ਕਿਸੇ ਚੰਗੇ ਗਾਇਕ ਦੇ ਗਾਉਣ ਵਾਲਾ ਹੈ। ਉਸ ਦੀਆਂ ਗ਼ਜ਼ਲਾਂ ਦਾ ਵੀ ਆਪਣਾ ਹੀ ਰੰਗ ਹੈ।

ਇਸ ਪੁਸਤਕ ਵਿਚ ਸ਼ਾਮਲ ਕੀਤੇ ਸਾਰੇ ਹੀ ਲੇਖਕਾਂ ਦੇ ਜੀਵਨ ਅਤੇ ਸਾਹਿਤਕ ਪ੍ਰਾਪਤੀਆਂ ਸੰਬੰਧੀ ਜਾਣਕਾਰੀ ਦੀ ਸ਼ੈਲੀ ਕਾਬਲ-ਏ-ਤਾਰੀਫ ਅਤੇ ਦਿਲਚਸਪ ਹੈ। ਅਜਿਹੀ ਜਾਣਕਾਰੀ ਵਿਚੋਂ ਵੀ ਕਹਾਣੀ ਵਰਗਾ ਰਸ ਪ੍ਰਾਪਤ ਹੁੰਦਾ ਹੈ।

ਪੁਸਤਕ ਦੇ ਮੁੱਖ ਬੰਦ ਵਿਚ ਰਵਿੰਦਰ ਸਿੰਘ ਸੋਢੀ ਨੇ 'ਪਰਵਾਸ' ਸ਼ਬਦ ਦੀ ਸੰਖੇਪ ਵਿਆਖਿਆ ਕਰਦੇ ਹੋਏ ਪੰਜਾਬੀਆਂ ਦੇ ਪਰਵਾਸ ਕਰਨ ਦੇ ਪਿਛੋਕੜ ਦੀ ਗੱਲ ਵੀ ਕੀਤੀ ਹੈ; ਵਿਦੇਸ਼ਾਂ ਵਿਚ ਮਿਹਨਤ ਸਦਕਾ ਪੱਕੇ ਪੈਰੀਂ ਹੋਣ ਦਾ ਜ਼ਿਕਰ ਵੀ ਕੀਤਾ ਹੈ; ਪਰਵਾਸੀਆਂ ਵਿਚ ਸਾਹਿਤ ਰਚਨਾ ਵੱਲ ਪ੍ਰੇਰਿਤ ਹੋਣ ਅਤੇ ਆਪਣੀਆਂ ਸਾਹਿਤਕ ਲਿਖਤਾਂ ਨੂੰ ਪੁਸਤਕ ਰੂਪ ਦੇਣ ਦੀ ਚਾਹਤ ਨੂੰ ਵੀ ਬਿਆਨਿਆ ਹੈ। ਇਸਦੇ ਨਾਲ ਹੀ ਸੰਪਾਦਕ ਨੇ ਵਿਸ਼ਵ ਸਾਹਿਤ ਕਾਨਫਰੰਸਾਂ ਦੇ ਰੌਲੇ-ਗੌਲੇ ਵਿਚ ਪਰਵਾਸੀ ਲੇਖਕਾਂ ਦੀ ਮੂਲ ਸਮੱਸਿਆ-ਉਨ੍ਹਾਂ ਨੂੰ ਆਪਣੀਆਂ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਵੇਲੇ ਆਉਂਦੀਆਂ ਮੁਸ਼ਕਲਾਂ ਨੂੰ ਨਜ਼ਰਅੰਦਾਜ਼ ਕਰਨ ਦੀ ਗੱਲ ਵੀ ਕੀਤੀ ਹੈ। ਭੂਮਿਕਾ ਪੜ੍ਹ ਕੇ ਵੀ ਸੰਪਾਦਕ ਦੀ ਪਰਵਾਸੀ ਪੰਜਾਬੀ ਸਾਹਿਤ ਸੰਬੰਧੀ ਪ੍ਰਪੱਕ ਸੋਚ ਦਾ ਪਤਾ ਲਗਦਾ ਹੈ।

ਪ੍ਰੀਤ ਪਬਲੀਕੇਸ਼ਨ ਨਾਭਾ ਵੱਲੋਂ ਪ੍ਰਕਾਸ਼ਤ ਇਸ ਪੁਸਤਕ ਦੀ ਦਿੱਖ ਪ੍ਰਭਾਵਿਤ ਕਰਦੀ ਹੈ। ਇਹ ਪੁਸਤਕ ਪਰਵਾਸੀ ਪੰਜਾਬੀ ਸਾਹਿਤ ਦਾ ਪ੍ਰਤੀਨਿਧ ਸੰਗ੍ਰਹਿ ਕਿਹਾ ਜਾ ਸਕਦਾ ਹੈ ਅਤੇ ਸੰਪਾਦਨ ਕਲਾ ਦੇ ਪੱਖੋਂ ਵਧੀਆ ਉਪਰਾਲਾ ਹੈ।

# 'ਨਾਗਮਣੀ' ਅਤੇ ਅੰਮ੍ਰਿਤਾ ਦੀ ਕਹਾਣੀ



ਅੰਮ੍ਰਿਤਾ ਪ੍ਰੀਤਮ ਨੂੰ ਇਹ ਲੋਕ ਤੱਜਿਆਂ 16 ਵਰ੍ਹੇ ਹੋ ਗਏ ਹਨ ਤੇ ਉਸ ਦੀ ਅਦਬੀ ਜਾਈ 'ਨਾਗਮਣੀ ਨੂੰ ਪ੍ਰਕਾਸ਼ਨ ਤੋਂ ਵਿਰਵੇ ਹੋਇਆਂ ਸਾਢੇ ਉੱਨੀ ਵਰ੍ਹੇ ਪਰ ਅੱਜ ਵੀ ਇਨ੍ਹਾਂ ਦੋਹਾਂ ਦਾ ਖਿਆਲ, ਬਿੰਬ, ਪਾਠਕਾਂ, ਪ੍ਰਸ਼ੰਸਕਾਂ, ਆਲੋਚਕਾਂ ਦੇ ਹਾਫਿਜ਼ੇ ਵਿਚ ਸੱਜਰਾ ਹੈ। ਕਾਰਨ, ਦੋਵੇਂ ਹੀ ਇਸ ਸੰਸਾਰ ਦੀਆਂ ਅਲੋਕਾਰ ਘਟਨਾਵਾਂ ਸਨ ਜੋ ਜੀਵੰਤ ਮਿੱਥ ਵਿਚ ਰੂਪਾਂਤਰਿਤ ਹੋ ਗਈਆਂ। 'ਨਾਗਮਣੀ' ਜਿਹਾ ਨਿਆਰਾ ਰਸਾਲਾ ਅੰਮ੍ਰਿਤਾ ਪ੍ਰੀਤਮ ਵਰਗੀ ਅਨੂਠੀ ਸ਼ਖਸੀਅਤ ਵਲੋਂ ਹੀ ਹੋਂਦ ਵਿਚ ਆ ਸਕਦਾ ਸੀ। ਅੰਮ੍ਰਿਤਾ ਨੇ ਜਦ ਹੱਥ 'ਚ ਕਾਨੀ ਫੜੀ ਤਾਂ ਉਸ ਵੇਲੇ ਇਕ ਤਾਂ ਉਹ ਉਮਰ ਕੱਚੀ ਵਰੇਸ ਸੀ; ਦੂਜੇ, ਪਿਤਾ ਵੱਲੋਂ ਪਰੰਪਰਕ, ਧਾਰਮਿਕ ਪਰਛਾਵਿਆਂ ਦੀ ਵਲਗਣ 'ਚ ਸੀ। ਸੋ, ਉਸ ਦੀਆਂ ਉਸ ਵੇਲੇ ਦੀਆਂ ਰਚਨਾਵਾਂ ਕੁਝ ਕੱਚ-ਘਰੜ, ਧਾਰਮਿਕ, ਪਰੰਪਰਕ, ਰੁਮਾਂਟਿਕ ਸ਼ਬਦਾਂ ਅਤੇ ਵੱਥ ਨਾਲ ਪ੍ਰੋਤੀਆਂ ਹੁੰਦੀਆਂ। ਅਉਧ ਹੰਢਾ ਕੇ ਉਸ ਦੀ ਲਿਖਤ ਵਿਚ ਪਕਿਆਈ ਆਉਂਦੀ ਗਈ। ਉਸ ਨੂੰ ਆਪਣੀਆਂ ਪਹਿਲੀਆਂ ਲਿਖਤਾਂ ਬਹੁਤ ਓਪਰੀਆਂ ਅਤੇ ਗੈਰ-ਅੰਮ੍ਰਿਤਾ ਜਾਪਣ ਲੱਗੀਆਂ ਤੇ ਉਸ ਨੇ ਆਪਣੇ ਅੱਧਿਉਂ ਵੱਧ ਰਚਨਾ-ਸੰਸਾਰ ਤੋਂ ਆਪਣਾ ਨਾਂ ਖਾਰਜ ਕਰ ਲਿਆ।

**ਅਮੀਆ ਕੁੰਵਰ**
**ਫੋਨ: +91-84470-75572**

ਪੰਜਾਬੀ ਅਕਾਦਮੀ ਦਿੱਲੀ ਦੇ ਰਸਾਲੇ 'ਸਮਦਰਸ਼ੀ' (ਅਪਰੈਲ-ਜੂਨ 1987) ਦੇ ਕਾਲਮ 'ਮੇਰੀ ਪਹਿਲੀ ਕਿਤਾਬ' ਵਿਚ ਉਹ ਸਪਸ਼ਟ ਤੌਰ 'ਤੇ ਉਲੀਕਦੀ ਹੈ ਕਿ "ਮੇਰੀ ਪਹਿਲੀ ਕਿਤਾਬ 'ਠੰਢੀਆਂ ਕਿਰਨਾਂ' 1935 ਵਿਚ ਪ੍ਰਕਾਸ਼ਿਤ ਹੋਈ (ਉਸ ਵੇਲੇ ਉਹ ਮਹਿਜ਼ ਸੋਲਾਂ ਵਰ੍ਹਿਆਂ ਦੀ ਸੀ)। ਮੇਰੀ ਨਜ਼ਰ ਵਿਚ ਮੇਰੀ ਪਹਿਲੀ ਕਿਤਾਬ ਬਿਲਕੁਲ ਬਚਗਾਨਾ ਜਿਹੀ ਤੁਕਬੰਦੀ ਦਾ ਸੰਗ੍ਰਹਿ ਸੀ ਜੋ ਛਪਣਾ ਨਹੀਂ ਸੀ ਚਾਹੀਦਾ। ਹਕੀਕਤ ਇਹ ਹੈ ਕਿ ਪਹਿਲੇ ਪੰਜ ਕਾਵਿ-ਸੰਗ੍ਰਹਿ ਇਹੋ ਜਿਹੇ ਹਨ ਜਿਨ੍ਹਾਂ ਦੇ ਉਸ ਕਾਲ ਵਿਚ ਛਪਣ ਦੀ ਰੀਝ ਮੇਰੀ ਬੜੀ ਅੰਞਾਣੀ ਰੀਝ ਸੀ।"

ਜਦ ਅੰਮ੍ਰਿਤਾ ਨੇ ਮੈਗਜ਼ੀਨ ਕੱਢਣ ਦਾ ਖਿਆਲ ਕੀਤਾ, ਉਦੋਂ ਉਹ 48ਵੇਂ ਦੇ ਨੇੜੇ ਢੁੱਕ ਰਹੀ ਸੀ। ਆਰਜ਼ਾਂ ਪੱਖੋਂ ਤਾਂ ਉਹ ਪਰਿਪੱਕ ਹੋਈ ਈ; ਦੂਜੇ, ਹਾਦਸਿਆਂ ਤੇ ਅਨੁਭਵਾਂ ਨੇ ਉਸ ਦੀ ਜ਼ਿਹਨੀ ਜ਼ਮੀਨ ਨੂੰ ਇੰਨਾ ਜ਼ਰਖੇਜ਼ ਕਰ ਦਿੱਤਾ ਜਿਸ ਨਾਲ ਉਸ ਦੀ ਲਿਖਤ, ਸੁਭਾਅ, ਸ਼ਖਸੀਅਤ ਵਿਚ ਇੰਨੀ ਪਕਿਆਈ ਆ ਗਈ ਸੀ ਕਿ 'ਨਾਗਮਣੀ' ਨੂੰ ਉਸ ਨੇ ਆਪਣੇ ਦਿਲ-ਦਿਮਾਗ ਦੇ ਹਾਣ ਦਾ ਰੱਖਿਆ ਅਤੇ ਪੂਰੀ ਉਮਰ ਆਪਣੀਆਂ ਸੋਚਾਂ, ਪਸੰਦ, ਅਸੂਲਾਂ 'ਤੇ ਚੱਲਦਿਆਂ ਇਸ ਦਾ ਮਿਆਰ ਕਾਇਮ ਰੱਖਿਆ।

'ਨਾਗਮਣੀ' ਆਪਣੇ ਪਹਿਲੇ ਅੰਕ ਤੋਂ ਹੀ ਅਦਬੀ ਜਗਤ ਵਿਚ ਨਾ ਕੇਵਲ ਮਕਬੂਲ ਹੋਈ ਸਗੋਂ ਇਸ ਵਿਚ ਛਪਣਾ ਕਿਸੇ ਲੇਖਕ ਦੇ ਵਧੀਆ ਲੇਖਕ ਹੋਣ ਦਾ ਪ੍ਰਮਾਣ-ਪੱਤਰ ਹੋ ਗਿਆ। ਕਹਾਣੀਕਾਰ ਪ੍ਰੇਮ ਗੋਰਖੀ, ਕੇ. ਐਲ. ਗਰਗ ਦਾ ਕਹਿਣਾ ਹੈ ਕਿ "ਅੰਮ੍ਰਿਤਾ ਜੀ ਅਤੇ ਨਾਗਮਣੀ ਦਾ ਸਾਥ ਨਾ ਮਿਲਦਾ ਤਾਂ ਅਸੀਂ ਇਹੋ ਜਿਹੇ ਲੇਖਕ ਨਹੀਂ ਸੀ ਹੋਣਾ ਜਿਹੋ ਜਿਹੇ ਬਣ ਗਏ ਹਾਂ।" ਮੁਖਤਿਆਰ ਸਿੰਘ ਦਾ ਵੀ ਇਹੀ ਕਹਿਣਾ ਹੈ ਕਿ "ਮੈਨੂੰ ਅੰਮ੍ਰਿਤਾ ਪ੍ਰੀਤਮ ਨੇ ਕਹਾਣੀਕਾਰ ਬਣਾਇਆ। 1976-77 ਵਰ੍ਹੇ ਦੇ ਮੁਢਲੇ ਸਾਹਿਤਿਕ ਸਫਰ ਦੇ ਸ਼ੁਰੂ ਹੋਣ ਵਾਲੇ ਸਮੇਂ ਵੱਲ ਝਾਤੀ ਮਾਰਦਿਆਂ ਨਾਗਮਣੀ ਤੇ ਅੰਮ੍ਰਿਤਾ ਪ੍ਰੀਤਮ ਦੀ ਯਾਦ ਕਦੇ ਵੀ ਨਹੀਂ ਭੁਲਾਈ ਜਾ ਸਕਦੀ।" ਇੰਜ ਹੀ ਇਸ ਲੇਖ ਦੀ ਲੇਖਕਾ ਸਮੇਤ ਬਲਦੇਵ ਸਿੰਘ ਸੜਕਨਾਮਾ, ਕਿਰਪਾਲ ਕਜ਼ਾਕ, ਸਤੀ ਰੰਧਾਵਾ, ਵਿਸ਼ਾਲ ਆਦਿ ਦੇ ਨਾਵਾਂ ਦੀ ਲੰਮੀ ਫਹਿਰਿਸਤ ਗਿਣਾਈ ਜਾ ਸਕਦੀ ਹੈ।

ਮਈ 1966 ਦੇ ਪਲੇਠੇ ਅੰਕ ਤੋਂ ਲੈ ਕੇ ਦਸੰਬਰ 1978 ਤੱਕ ਪ੍ਰਚਲਿਤ ਰਵਾਇਤ ਵਾਂਗ ਸੰਪਾਦਕ ਵਾਲੀ ਥਾਂ 'ਤੇ ਅੰਮ੍ਰਿਤਾ ਪ੍ਰੀਤਮ ਦਾ ਨਾਂ ਹੁੰਦਾ ਅਤੇ ਉਸ ਤੋਂ ਹੇਠਾਂ ਚਿੱਤਰਕਾਰ ਇਮਰੋਜ਼ ਲਿਖਿਆ ਹੁੰਦਾ ਪਰ ਜਨਵਰੀ 1969 ਤੋਂ ਇੱਕ ਨਿਆਰਾ ਰੂਪਾਂਤਰਨ ਵਾਪਰਿਆ, ਸੰਪਾਦਕ ਤੇ ਚਿੱਤਰਕਾਰ ਇੱਕਮਿਕ ਹੋ ਗਏ ਅਤੇ ਉਸ ਅੰਕ ਤੋਂ ਲੈ ਕੇ ਅਖੀਰਲੇ ਅੰਕ ਤੱਕ 'ਨਾਗਮਣੀ' ਦੇ ਪਹਿਲੇ ਜਾਂ ਕਦੇ ਆਖਰੀ ਪੰਨੇ ਉੱਤੇ ਸੰਪਾਦਕ ਵਾਲੀ ਥਾਂ 'ਤੇ ਲਿਖਿਆ ਹੁੰਦਾ, ਕਾਮੇ: ਅੰਮ੍ਰਿਤਾ ਇਮਰੋਜ਼।

'ਨਾਗਮਣੀ' ਮੈਗਜ਼ੀਨ ਦੀ ਸੰਪਾਦਨਾ ਕਰਦਿਆਂ ਅੰਮ੍ਰਿਤਾ ਪ੍ਰੀਤਮ ਨੇ ਕਈ ਨਵੀਆਂ ਪਿਰਤਾਂ ਪਾਈਆਂ। ਮੈਗਜ਼ੀਨ ਲਈ ਸਾਦਾ ਜਿਹੇ, ਰਫ ਕਾਗਜ਼ ਦਾ ਇਸਤੇਮਾਲ ਕੀਤਾ ਜਾਂਦਾ। ਇਕ ਵੇਰ ਕਿਸੇ ਨੇ ਮਜ਼ਾਕ ਵੀ ਕੀਤਾ- ਇਹ ਕਿਹੋ ਜਿਹਾ ਕਾਗਜ਼ ਇਸਤੇਮਾਲ ਕਰਦੇ ਹੋ ਜਿਸ ਦੇ ਕੋਈ ਦੁਕਾਨਦਾਰ ਲਿਫਾਫੇ ਵੀ ਨਹੀਂ ਬਣਾ ਸਕਦਾ। ਇਮਰੋਜ਼ ਜੀ ਦਾ ਜਵਾਬ ਸੀ, ਇਹੀ ਇਕੋ-ਇਕ ਅਜਿਹਾ ਮੈਗਜ਼ੀਨ ਹੈ ਜਿਸ ਦੇ ਪੰਨਿਆਂ ਦੇ ਲਿਫਾਫੇ ਨਹੀਂ ਬਣਦੇ। ਸਰਵਰਕ ਤੇ ਪਿੱਠਵਰਕ ਦਾ ਰੰਗ ਸਮੇਂ-ਸਮੇਂ 'ਤੇ ਬਦਲਦਾ ਰਿਹਾ- ਭੂਰਾ, ਮਟਿਆਲਾ, ਸਲੇਟੀ, ਪੀਲਾ, ਨੀਲਾ, ਜੋਗੀਆ ਤੇ ਖਾਕੀ ਪਰ ਉਸ ਦੀ ਸਾਧਾਰਨ ਦਿੱਖ ਉਵੇਂ ਹੀ ਬਰਕਰਾਰ ਰਹੀ। ਇਹੀ ਉਸ ਦੀ ਖਾਸੀਅਤ ਵੀ ਬਣੀ। ਗਿਣਤੀ ਪੱਖੋਂ ਸਿਰਫ ਅਠਾਈ ਤੋਂ ਚਾਲੀ ਪੰਨਿਆਂ 'ਚ ਸਾਹਿਤਕ ਸਮੱਗਰੀ ਬੀੜੀ ਹੋਈ ਪਰ ਪੜ੍ਹਦਿਆਂ ਹੀ ਭੁੱਖ ਲਹਿ ਜਾਂਦੀ। ਸੰਜਮੀ ਸ਼ਬਦਾਵਲੀ, ਬੇਲੋੜਾ ਵਿਸਥਾਰ ਨਹੀਂ। ਕਾਗਜ਼ ਦੀ ਕੁਵਰਤੋਂ ਨਹੀਂ, ਸਰਵਰਕ ਤੇ ਪਿੱਠਵਰਕ ਉੱਤੇ ਵੀ ਰਚਨਾਵਾਂ ਹੁੰਦੀਆਂ।

ਪਹਿਲੀ ਤੇ ਆਖਰੀ ਵਾਰ ਇਹ ਹੋਇਆ ਕਿ ਕਿਸੇ ਮੈਗਜ਼ੀਨ ਦੀ ਸੰਪਾਦਕ ਵਾਲੀ ਥਾਂ ਉੱਤੇ 'ਕਾਮੇ' ਸ਼ਬਦ ਦੀ ਵਰਤੋਂ ਹੋਈ। ਕਾਮੇ ਸਾਹਵੇਂ ਦੁਬਿੰਦੀ (:) ਪਾ ਕੇ ਅੰਮ੍ਰਿਤਾ ਇਮਰੋਜ਼ ਲਿਖਿਆ ਗਿਆ। ਇਉਂ ਸੰਪਾਦਕ ਵਾਲੀ ਆਫਰੀ ਸੱਤਾ ਤੋਂ ਗੁਰੇਜ਼ ਕਰ, ਹਉਂ ਨੂੰ ਤਿਆਗ ਖੁਦ ਨੂੰ ਨਿਰੋਲ ਕਾਮੇ ਮੰਨਣਾ ਬਹੁਤ ਹਲੀਮੀ ਭਰੀ ਪਹਿਲ ਸੀ। ਮਈ 1966 ਤੋਂ ਲੈ ਕੇ ਅਪਰੈਲ 2002 ਤਕ ਪੂਰੇ ਛੱਤੀ (36) ਸਾਲ ਉਹ ਸ਼ੌਕੀਆ ਮਜ਼ਦੂਰੀ ਕਰਦੇ ਰਹੇ। ਰਚਨਾਵਾਂ ਦੀ ਚੋਣ ਅੰਮ੍ਰਿਤਾ ਕਰਦੀ। ਇਸ ਵਿਚ ਵੱਡਾ ਛੋਟਾ ਲੇਖਕ ਨਾ ਦੇਖ, ਰਚਨਾਵਾਂ ਦਾ ਮਿਆਰ ਦੇਖਿਆ ਜਾਂਦਾ। ਸ਼ੁਰੂਆਤੀ ਦੌਰ ਵਿਚ ਲਗਪਗ 25 ਵਰ੍ਹੇ ਤਕ ਪੁਰਾਣੀ ਸਬਜ਼ੀ ਮੰਡੀ (ਆਜ਼ਾਦਪੁਰ) ਦੀਆਂ ਭੀੜੀਆਂ ਗਲੀਆਂ 'ਚੋਂ ਲੰਘ ਕੇ ਸਰਦਾਰ ਬਲਵੰਤ ਸਿੰਘ ਦੇ ਛਾਪੇਖਾਨੇ ਦੇ ਸਟੂਲ 'ਤੇ ਬੈਠ ਕੇ ਰਚਨਾਵਾਂ ਦੇ ਪਰੂਫ ਪੜ੍ਹਦੇ, ਸੋਧਦੇ। ਉਦੋਂ ਆਫਸੈੱਟ ਪ੍ਰਿੰਟਿੰਗ ਮਸ਼ੀਨਾਂ ਅਜੇ ਆਈਆਂ ਨਹੀਂ ਸਨ। ਲੈਟਰ ਪ੍ਰੈੱਸ ਦਾ ਜ਼ਮਾਨਾ ਸੀ। ਕਈ ਵੇਰ ਫਾਈਨਲ 'ਚੈੱਕ ਹੋਣ ਮਗਰੋਂ ਸਾਰੀ ਮੈਗਜ਼ੀਨ ਤਿਆਰ ਹੋ ਜਾਂਦੀ, ਪ੍ਰੈੱਸ ਵਿਚ ਛਪਾਈ ਲਈ ਜਾਣ ਲਗਦੀ ਤਾਂ ਅਚਾਨਕ ਕੋਈ ਅਜਿਹੀ ਰਚਨਾ ਆ ਜਾਂਦੀ ਜੋ ਉਨ੍ਹਾਂ ਨੂੰ ਇੰਨੀ ਪਸੰਦ ਆਉਂਦੀ ਤੇ ਉਨ੍ਹਾਂ ਦੇ ਦਿਲ 'ਚ ਆਉਂਦਾ ਕਿ ਢਿੱਲ ਨਾ ਕਰ, ਹਾਲ ਦੀ ਮੈਗਜ਼ੀਨ ਵਿਚ ਹੀ ਛਪੇ। ਪਾਠਕਾਂ ਨੂੰ ਪੜ੍ਹਨ ਲਈ ਤੁਰੰਤ ਮਿਲੇ ਤਾਂ ਉਹ ਕਾਰ ਕੱਢਦੇ-ਰਾਤੀਂ-ਬਰਾਤੀਂ ਪ੍ਰੈਸ ਖੁਲ੍ਹਵਾਂਦੇ ਤੇ ਇਕ-ਅੱਧ ਰਚਨਾ ਅਗਲੀ ਵਾਰੀ ਪਾਉਣ ਨੂੰ ਕਹਿ, ਉਸ ਦੀ ਗੋਲੀ ਬਾਹਰ ਕਢਾ ਕੇ, ਹੱਥ ਵਾਲੀ ਰਚਨਾ ਦੇ ਪਰੂਫ ਤਿਆਰ ਕਰਨ ਨੂੰ ਕਹਿ ਆਉਂਦੇ। ਇਸ ਸੰਦਰਭ ਵਿਚ ਕਿਰਪਾਲ ਕਜ਼ਾਕ ਦੇ ਚੇਤਿਆਂ 'ਚੋਂ ਕਸ਼ੀਦ ਕੀਤੀ ਘਟਨਾ ਹੁੰਗਾਰਾ ਭਰਦੀ ਹੈ।

ਇਕ ਵਾਰ ਕਿਰਪਾਲ ਕਜ਼ਾਕ ਦਿੱਲੀ ਗਏ। ਜ਼ਾਹਿਰਾ ਗੱਲ ਹੈ, ਅੰਮ੍ਰਿਤਾ ਨੂੰ ਮਿਲ ਕੇ ਹੀ ਆਉਣਾ ਸੀ। 'ਨਾਗਮਣੀ' ਵਿਚ ਛਪਣ ਲਈ ਪ੍ਰੇਮ ਗੋਰਖੀ ਨੇ ਉਨ੍ਹਾਂ ਹੱਥ ਆਪਣੀ ਕਹਾਣੀ ਭਿਜਵਾਈ। ਕਜ਼ਾਕ ਜੀ ਬਹੁਤ ਹੱਸ ਕੇ ਇਹ ਬਿਰਤਾਂਤ ਸੁਣਾਇਆ ਕਰਦੇ ਹਨ ਕਿ ਉਹ ਆਪਣੀ ਕਹਾਣੀ ਵੀ ਨਾਲ ਲੈ ਗਏ ਸਨ। ਅੰਮ੍ਰਿਤਾ ਨੂੰ ਮਿਲੇ ਤੇ ਕਹਿਣ ਲੱਗੇ, "ਦੀਦੀ ਕਹਾਣੀ ਮੈਂ ਮਿਹਨਤ ਨਾਲ ਲਿਖੀ ਹੈ। ਆਸ ਹੈ, ਪਸੰਦ ਆਵੇਗੀ। ਨਾਲ ਗੋਰਖੀ ਦੀ ਵੀ ਹੈ। ਦੇਖ ਲੈਣਾ ਜੇ ਛਪਣ ਲਾਇਕ ਹੋਈ ਤਾਂ ਛਾਪ ਲੈਣਾ। ਦੇਰ ਰਾਤ ਗੱਲਾਂ ਕਰਦੇ ਰਹੇ। ਅਗਲੀ ਸਵੇਰ ਪਰਤਣ ਲੱਗੇ ਤਾਂ ਕਜ਼ਾਕ ਨੇ ਅੰਮ੍ਰਿਤਾ ਜੀ ਨੂੰ ਕਿਹਾ, "ਗੋਰਖੀ ਨੂੰ ਛਪਣ ਜਾਂ ਨਾ ਛਪਣ ਬਾਰੇ ਖਤ ਲਿਖ ਦੇਣਾ।" ਅੰਮ੍ਰਿਤਾ ਨੇ ਹੱਸਦੇ ਹੋਇਆਂ ਇਮਰੋਜ਼ ਨੂੰ ਕਿਹਾ "ਇਮੂ ਦੱਸ ਇਹਨੂੰ।" ਇਮਰੋਜ਼ ਹੁਰਾਂ ਦੱਸਿਆ, "ਕਜ਼ਾਕ ਪਿਆਰੇ, ਤੇਰੇ ਸੌਣ ਲਈ ਜਾਣ ਮਗਰੋਂ ਅੰਮ੍ਰਿਤਾ ਨੇ ਦੋਵੇਂ ਕਹਾਣੀਆਂ ਪੜ੍ਹੀਆਂ। ਗੋਰਖੀ ਦੀ ਕਹਾਣੀ ਇੰਨੀ ਚੰਗੀ ਲੱਗੀ, ਉਸੇ ਵੇਲੇ ਮੈਥੋਂ ਕਾਰ ਕਢਵਾਈ, ਜਮਨਾ ਪਾਰ 'ਲੋਕ ਪ੍ਰਿੰਟਰ' (ਸ. ਬਲਵੰਤ ਸਿੰਘ ਮਗਰੋਂ ਨਾਗਮਣੀ ਇਥੋਂ ਛਪਣ ਲਗ ਪਈ ਸੀ) ਵਾਲੇ ਨੂੰ 'ਨਾਗਮਣੀ' ਦੇ ਫਾਈਨਲ ਅੰਕ ਵਿਚੋਂ ਆਪਣੇ ਇਕ ਲੰਮੇ ਲੇਖ ਦੀਆਂ ਗੇਲੀਆਂ ਕਢਾ ਕੇ ਗੋਰਖੀ ਦੀ ਕਹਾਣੀ ਛਪਣ ਲਈ ਦੇ ਕੇ ਆਈ। ਮੈਂ ਕਿਹਾ ਵੀ, ਮਾਜਾ ਕਹਾਣੀ ਅਗਲੇ ਮਹੀਨੇ ਛਪ ਜਾਂਦੀ। ਕਹਿਣ ਲਗੀ, ਨਹੀਂ ਮੈਂ ਇਤਨੀ ਚੰਗੀ ਕਹਾਣੀ ਤੋਂ 'ਨਾਗਮਣੀ' ਦੇ ਪਾਠਕਾਂ ਨੂੰ ਇਕ ਮਹੀਨਾ ਵਿਰਵਾ ਨਹੀਂ ਸਾਂ ਰੱਖ ਸਕਦੀ।

ਜਦੋਂ ਮੈਂ (ਅਮੀਆ ਕੁੰਵਰ) 'ਦਸ ਕਦਮ' ਕਾਲਮ ਲਈ ਆਪਣਾ ਲੇਖ ਦੇ ਕੇ ਆਈ ਸਾਂ, ਉਦੋਂ ਇੰਨੀ ਤਮੀਜ਼ ਜਾਂ ਸਮਝ ਵੀ ਨਹੀਂ ਸੀ ਕਿ ਪੰਨੇ ਦੇ ਇਕ ਪਾਸੇ ਲਿਖਣਾ ਹੁੰਦੈ। ਰਫ ਜਿਹੇ ਕਾਗ਼ਜ਼ਾਂ 'ਤੇ ਲਿਖ ਕੇ ਦੇ ਆਈ। ਘੰਟੇ ਮਗਰੋਂ ਹੀ ਉਨ੍ਹਾਂ ਦਾ ਫੋਨ ਆ ਗਿਆ, "ਕਮਾਲ ਕੀਤਾ ਈ। ਲੇਖ ਲੰਮਾ ਹੈ। ਦੋ ਰਚਨਾਵਾਂ ਨਿਕਾਲ ਕੇ ਤੇਰਾ ਲੇਖ ਪਾ ਰਹੀ ਆਂ।"

ਰਚਨਾਵਾਂ ਮੁਤਾਬਕ ਇਮਰੋਜ਼ ਸਕੈੱਚ ਤਿਆਰ ਕਰਦੇ। ਲੇਖਕਾਂ ਦੇ ਰੇਖਾ-ਚਿੱਤਰ ਬਣਾਉਂਦੇ। ਪਾਠਕਾਂ ਦੀਆਂ ਚਿੱਠੀਆਂ ਦੇ ਜਵਾਬ ਕਦੇ ਇਮਰੋਜ਼, ਕਦੇ ਅੰਮ੍ਰਿਤਾ ਹੁਰੀਂ ਦਿੰਦੇ। ਇਹ ਸਵਾਲ ਜਵਾਬ ਬਹੁਤ ਢੁਕਵੇਂ, ਵਾਜਬ ਅਤੇ ਦਿਲਚਸਪ ਹੁੰਦੇ। ਪਰਚਾ ਛਪਣ ਮਗਰੋਂ ਦੋਵੇਂ ਜੀਅ (ਅੰਮ੍ਰਿਤਾ-ਇਮਰੋਜ਼) ਆਪਣੇ ਹੱਥੀਂ ਉਨ੍ਹਾਂ 'ਤੇ ਵਾਜਬ ਟਿਕਟਾਂ ਲਾਉਂਦੇ, ਤੇ ਜਿਹੜੇ ਮੈਗਜ਼ੀਨ ਦਾ ਚੰਦਾ ਦੇ ਕੇ ਮੈਂਬਰ ਬਣੇ ਹੋਏ ਸਨ, ਉਨ੍ਹਾਂ ਦਾ ਸਿਰਨਾਵਾਂ ਲਿਖਦੇ ਤੇ ਪੋਸਟ ਆਫਿਸ ਜਾ ਕੇ ਪੋਸਟ ਕਰਦੇ। ਇਉਂ ਉਹ ਪੂਰੀ ਤਰ੍ਹਾਂ ਕਾਮੇ ਹੋਣ ਦਾ ਫਰਜ਼ ਨਿਭਾ ਰਹੇ ਸਨ। ਸੰਪਾਦਕੀ ਹਉਮੈ ਦਾ ਤਾਂ ਸਵਾਲ ਹੀ ਨਹੀਂ ਸੀ ਹੁੰਦਾ। ਕਿਸੇ ਦੀ ਰਚਨਾ ਮਿਲਣ 'ਤੇ ਪੜ੍ਹਦੇ ਅਤੇ ਝੱਟ ਦੇਣੀ ਛਾਪਣ ਨਾ ਛਾਪਣ ਦਾ ਫੈਸਲਾ ਕਰ ਲੇਖਕ ਨੂੰ ਆਪਣੀ ਹੱਥੀਂ ਪੋਸਟ ਕਾਰਡ 'ਤੇ ਦੋ ਸਤਰਾਂ ਲਿਖ ਕੇ ਭੇਜਦੇ। ਅੱਜ ਵੀ ਕਿੰਨੇ ਲੋਕਾਂ ਨੇ ਉਨ੍ਹਾਂ ਦੀ ਹੱਥ-ਲਿਖਤ ਦੇ ਪੋਸਟ ਕਾਰਡ ਸਾਂਭ ਕੇ ਰੱਖੇ ਹੋਏ ਹਨ-ਜਸਬੀਰ ਭੁੱਲਰ, ਕਿਰਪਾਲ ਕਜ਼ਾਕ, ਅਮਰਜੀਤ ਕੌਂਕੇ, ਵਿਸ਼ਾਲ, ਪਾਲ ਕੌਰ, ਪ੍ਰੇਮ ਗੋਰਖੀ, ਮੁਖਤਿਆਰ ਸਿੰਘ ਆਦਿ; ਇੰਨਾ ਹੀ ਨਹੀਂ, ਜੇਕਰ ਉਨ੍ਹਾਂ ਦੇ ਕਿਸੇ ਪਸੰਦੀਦਾ ਲੇਖਕ ਦੀ 'ਨਾਗਮਣੀ' ਵਿਚ ਲੰਮੀ ਗੈਰ-ਹਾਜ਼ਰੀ ਹੁੰਦੀ ਤਾਂ ਵਿਰਾਗੇ ਹੋਏ, ਉਸ ਨੂੰ ਹਲੂਣਾ ਦਿੰਦੇ ਕਿ ਉਹ ਛੇਤੀ ਆਪਣੀ ਰਚਨਾ 'ਨਾਗਮਣੀ' ਲਈ ਭੇਜੇ। ਇਸ ਤਰ੍ਹਾਂ ਦਾ ਇਕ ਖਤ ਕਿਰਪਾਲ ਕਜ਼ਾਕ ਨੂੰ ਆਇਆ, ਜਦ ਉਹ ਕਾਫੀ ਸਮਾਂ ਨਾਗਮਣੀ ਲਈ ਰਚਨਾ ਨਹੀਂ ਭੇਜ ਸਕਿਆ- 'ਪਿਆਰੇ ਕਜ਼ਾਕ, ਇਤਨਾ ਲੰਮਾ ਸਮਾਂ ਗੈਰ-ਹਾਜ਼ਰ ਰਹਿਣ ਦਾ ਕਾਰਨ? ਤੈਨੂੰ ਤੇ ਤੇਰੀ ਕਹਾਣੀ ਨੂੰ 'ਨਾਗਮਣੀ' ਤੇ ਅਸੀਂ ਸ਼ਿੱਦਤ ਨਾਲ ਉਡੀਕ ਰਹੇ ਹਾਂ।'

ਚੰਗੀ ਰਚਨਾ 'ਨਾਗਮਣੀ' ਵਿਚ ਛਾਪਣ ਦੀ ਤਲਬ ਤੇ ਬਿਹਬਲਤਾ ਉਨ੍ਹਾਂ ਨੂੰ ਹਮੇਸ਼ਾ ਰਹਿੰਦੀ ਸੀ। ਲਿਖਣ ਵਾਲਾ ਦੋਸਤ ਹੈ ਜਾਂ ਨਿੰਦਕ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਸੀ। ਸਾਹਿਤ ਜਗਤ ਵਿਚ ਇਹ ਕਥਾ ਬਹੁਤ ਪ੍ਰਚਲਿਤ ਹੈ। ਅਜਮੇਰ ਔਲਖ ਅਤੇ ਕੁਝ ਹੋਰ ਲੇਖਕਾਂ ਦੇ ਸੰਪਾਦਕੀ ਬੋਰਡ ਦੀ ਨਿਗਰਾਨੀ ਵਿਚ ਇਕ ਪਰਚਾ ਨਿਕਲਣਾ ਸ਼ੁਰੂ ਹੋਇਆ- 'ਨਾਗ ਨਿਵਾਸ'। ਉਸ ਦੇ ਕੁਝ ਅੰਕਾਂ ਵਿਚ ਅੰਮ੍ਰਿਤਾ ਬਾਰੇ ਮਾੜੇ ਸ਼ਬਦਾਂ ਵਿਚ ਜ਼ਿਕਰ ਕੀਤਾ ਗਿਆ। ਫਿਰ ਉਹ ਪਰਚਾ ਕੁਝ ਸਮਾਂ ਨਿਕਲਣ ਮਗਰੋਂ ਬੰਦ ਹੋ ਗਿਆ। ਹੁਣ ਔਲਖ ਨੂੰ ਆਪਣੀ ਕਹਾਣੀ 'ਨਾਗਮਣੀ' ਵਿਚ ਭੇਜਣ ਦਾ ਖਿਆਲ ਆਇਆ। ਉਸ ਨੇ ਔਲਖ ਫਰਮਾਹੀ ਦੇ ਨਾਂ ਹੇਠ 'ਨਾਗਮਣੀ' ਨੂੰ ਕਹਾਣੀ ਭੇਜੀ ਤੇ ਉਹ ਛਪ ਗਈ। ਕਿਰਪਾਲ ਕਜ਼ਾਕ, ਪ੍ਰੇਮ ਗੋਰਖੀ ਤੇ ਕੁਝ ਹੋਰ ਲੇਖਕਾਂ ਨੇ ਅੰਮ੍ਰਿਤਾ ਅੱਗੇ ਆਪਣਾ ਇਤਰਾਜ਼ ਤੇ ਰੋਸ ਦਰਸਾਇਆ ਕਿ ਜੋ ਤੁਹਾਡੇ ਬਾਰੇ ਇੰਨਾ ਮਾੜਾ ਲਿਖਦਾ ਰਿਹਾ, ਨਾਂ ਬਦਲ ਕੇ ਉਸ ਨੇ ਕਹਾਣੀ ਭੇਜੀ ਤੇ ਤੁਸੀਂ ਛਾਪ ਦਿੱਤੀ। ਕਜ਼ਾਕ ਨੂੰ ਅੰਮ੍ਰਿਤਾ ਦਾ ਜੋ ਮੋੜਵਾਂ ਖਤ ਆਇਆ, ਉਸ ਦੀ ਸੰਪਾਦਕੀ ਲਿਆਕਤ ਦੇ ਸਦਕੇ ਜਾਣ ਨੂੰ ਚਿਤ ਕਰਦੈ- "ਪਿਆਰੇ ਕਜ਼ਾਕ, ਜੋ ਤੂੰ ਲਿਖਿਆ ਮੇਰੀ ਜਾਣਕਾਰੀ ਵਿਚ ਨਹੀਂ ਸੀ। ਹੁੰਦਾ, ਤਦ ਵੀ ਫਰਕ ਨਹੀਂ ਸੀ ਪੈਣਾ, ਕਿਉਂਕਿ ਮੈਂ 'ਨਾਗ ਨਿਵਾਸ' ਵਾਲੇ ਔਲਖ ਨੂੰ ਜਾਣਦੀ ਹੀ ਨਹੀਂ, ਮੈਂ ਅਲਖ ਫਰਮਾਹੀ ਵਾਲੇ ਨੂੰ ਜਾਣਦੀ ਹਾਂ ਜੋ ਮੇਰਾ ਤੇ 'ਨਾਗਮਣੀ' ਦਾ ਚਹੇਤਾ ਲੇਖਕ ਹੈ।"

'ਨਾਗਮਣੀ' ਅਤੇ ਉਸ ਦੇ ਪਾਠਕਾਂ ਲਈ ਚੰਗੀ ਰਚਨਾ ਦੀ ਤਲਬ ਇੰਨੀ ਤੀਖਣ ਸੀ ਕਿ ਉਨ੍ਹਾਂ ਲਈ ਲੇਖਕ ਦਾ ਨਾਂ, ਕੱਦ ਕੋਈ ਮਾਇਨੇ ਨਹੀਂ ਰੱਖਦਾ ਸੀ। ਜਦ ਅਮਰਜੀਤ ਕੌਂਕੇ ਨੇ ਪਹਿਲੀ ਵਾਰ ਆਪਣੀ ਨਜ਼ਮ 'ਨਾਗਮਣੀ' ਵਿਚ ਛਪਣ ਲਈ ਭੇਜੀ ਤੇ ਨਾਲ ਹੀ ਲਿਖਿਆ ਕਿ ਜੇ ਇਹ 'ਨਾਗਮਣੀ' ਦੇ ਯੋਗ ਹੋਵੇ ਤਾਂ ਛਾਪ ਦੇਣਾ। ਅੰਮ੍ਰਿਤਾ ਦਾ ਜਵਾਬੀ ਖਤ ਮਿਲਿਆ- "ਪਿਆਰ ਅਮਰਜੀਤ, ਰਚਨਾ ਮਿਆਰੀ ਹੋਵੇ, ਭਾਵੇਂ ਇਸ ਵਿਚ ਮਸ਼ਹੂਰੀ ਦਾ ਲਕਬ ਨਾ ਹੋਵੇ। ਤੇਰੀ ਨਜ਼ਮ ਛਾਪ ਰਹੀ ਹਾਂ।" ਗੁਰਬਚਨ ਸਿੰਘ ਭੁੱਲਰ ਦਾ ਕਹਿਣਾ ਹੈ ਕਿ 'ਨਾਗਮਣੀ' ਦੇ ਅਹਾਤੇ ਵਿਚ ਆਏ ਲੇਖਕਾਂ ਨੇ ਪੰਜਾਬ ਵਿਚ ਆਪਣੀ ਆਪਣੀ ਥਾਂ ਅੰਮ੍ਰਿਤਾ ਤੇ 'ਨਾਗਮਣੀ' ਦੀਆਂ ਚੌਕੀਆਂ ਸਥਾਪਤ ਕਰ ਲਈਆਂ। 'ਨਾਗਮਣੀ' ਦਾ ਆਪਣਾ ਜਲੌਅ ਸੀ। ਉਸ ਵਿਚ ਛਪਣਾ, ਖਾਸ ਕਰਕੇ ਨਵੇਂ ਲੇਖਕਾਂ ਲਈ ਬੜੇ ਮਾਣ ਦੀ ਗੱਲ ਸੀ। ਉਹ ਆਪਣੀ ਰਚਨਾ ਵਾਲਾ ਅੰਕ ਤਮਗੇ ਵਾਂਗ ਚੁੱਕੀ ਫਿਰਦੇ।

ਇਸ ਵਰਤਾਰੇ ਦਾ 'ਵਿਰੋਧ-ਵਿਕਾਸੀ' ਪ੍ਰਤੀਕਰਮ ਵੀ ਹੋਇਆ। ਕਿਸੇ ਕਾਰਨ ਪਾਸੇ ਰਹਿ ਗਏ ਲੇਖਕ 'ਨਾਗਮਣੀ' ਨੂੰ ਅਸ਼ਲੀਲ ਤੇ ਪਿਛਲਖੁਰੀ ਰਸਾਲਾ ਕਹਿਣ ਲੱਗੇ। ਅਸਲ ਕਾਰਨ ਅੰਮ੍ਰਿਤਾ ਤਕ ਪਹੁੰਚ ਦਾ ਕੋਈ ਵਸੀਲਾ, ਬਹਾਨਾ ਜਾਂ ਸਬੱਬ ਨਾ ਮਿਲਣਾ ਹੁੰਦਾ ਸੀ। ਮਿਸਾਲ ਵਜੋਂ ਬਰਨਾਲਾ ਦੇ ਕੁਝ ਲੇਖਕ ਸਮਾਜਕ ਕਦਰਾਂ-ਕੀਮਤਾਂ ਦੇ ਕੁਝ ਬਹੁਤ ਹੀ ਰਖਵਾਲੇ ਬਣ ਗਏ। ਉਨ੍ਹਾਂ ਨੇ ਅੰਮ੍ਰਿਤਾ ਵਿਰੋਧੀ ਜਲੂਸ ਕੱਢਿਆ ਤੇ ਛੱਤਾ ਖੂਹ ਚੌਕ ਵਿਚ 'ਨਾਗਮਣੀ' ਦੇ ਪਰਚੇ ਫੂਕੇ। 'ਨਾਗਮਣੀ' ਰਾਹੀਂ ਪਾਠਕਾਂ ਨੂੰ ਕਿਵੇਂ ਕੁਝ ਨਵਾਂ ਦਿੱਤਾ ਜਾਏ, ਹਮੇਸ਼ਾ ਇਹੀ ਖਿਆਲ ਅੰਮ੍ਰਿਤਾ ਦੇ ਮਨ ਵਿਚ ਰਹਿੰਦਾ। ਇਸੇ ਸੋਚ ਨੇ ਕਈ ਕਾਲਮਾਂ ਨੂੰ ਜਨਮ ਦਿੱਤਾ ਜੋ ਲੇਖਕਾਂ ਦੇ ਲਿਖਣ ਦੀ ਪ੍ਰੇਰਨਾ ਬਣੇ-ਜ਼ਿਕਰੇ ਯਾਰ, ਉਹ ਘੜੀ ਉਹ ਘਟਨਾ, ਮੇਰਾ ਕਮਰਾ, ਦਸ ਕਦਮ, ਜੰਗ ਜਾਰੀ ਹੈ, ਕਾਲੇ ਤਿਲੀਅਰ, ਸ਼ੌਕ ਸੁਰਾਹੀ, ਅੱਖਰ ਬੋਲਦੇ ਹਨ, ਇਕ ਖਤ ਤੇਰੇ ਨਾਂ, ਪਹਿਲਾ ਚੇਤਰ, ਕੰਧਾਂ ਦੇ ਕੰਨ-ਕੰਧਾਂ ਦੇ ਬੁੱਲ੍ਹ, ਮੈਂ ਤੇ ਮੈਂ, ਦੇਖ ਕਬੀਰਾ ਰੋਇਆ, ਦੇਖ ਕਬੀਰਾ ਹੱਸਿਆ, ਮੇਰੀ ਪਹਿਲੀ ਉਦਾਸੀ, ਸੁਣ ਵੇ ਵਿਹੜੇ ਵਾਲਿਓ, ਸਿਰੁ ਧਰਿ ਤਲੀ ਗਲੀ ਮੇਰੀ ਆਉ, ਸੱਤ ਸਵਾਲ, ਪੰਜ ਬਾਰੀਆਂ, ਇਕ ਸਵਾਲ ਆਦਿ। 'ਧੁਣੀ' ਦੀ ਅੱਗ ਸਕਦੇ ਸਾਈਂ ਲੋਕ (ਇਮਰੋਜ਼), ਬਰਕਤੇ (ਅੰਮ੍ਰਿਤਾ ਪ੍ਰੀਤਮ) ਅਤੇ ਦਿੰਦੀ ਸ਼ਾਹ (ਦੇਵਿੰਦਰ) ਸਮਾਜ ਦੇ ਭਖਦੇ ਮਸਲਿਆਂ ਉੱਤੇ ਸਵਾਲ ਖੜ੍ਹੇ ਕਰਦੇ।

ਅੰਮ੍ਰਿਤਾ ਪ੍ਰੀਤਮ ਨੇ 'ਨਾਗਮਣੀ' ਲਈ ਕੁਝ ਹੋਰ ਵੀ ਫੈਸਲੇ ਲਏ ਸਨ। ਮਸਲਨ- ਮੈਗਜ਼ੀਨ ਵਿਚ ਨਾ ਇਸ਼ਤਿਹਾਰਾਂ ਨੂੰ ਥਾਂ ਦਿੱਤੀ ਜਾਵੇਗੀ ਅਤੇ ਨਾ ਕਿਸੇ ਤਰ੍ਹਾਂ ਦੀ ਪੁਸਤਕ ਸਮੀਖਿਆ ਨੂੰ ਪਰ ਉਨ੍ਹਾਂ ਨੇ ਇਹ ਅਸੂਲ ਤੋੜਿਆ ਫਰਵਰੀ 2001 ਦੇ ਅੰਕ ਵਿਚ ਮੇਰੇ ਕਾਵਿ-ਸੰਗ੍ਰਹਿ 'ਛਿਣਾਂ ਦੀ ਗਾਥਾ' 'ਤੇ ਮੇਰੀ ਦੋਸਤ ਡਾ. ਬੇਅੰਤ ਕੌਰ ਦੇ ਲਿਖੇ ਲੰਮੇ ਸਮੀਖਿਆ ਪੱਤਰ ਨੂੰ ਛਾਪ ਕੇ। ਹਾਲਾਂਕਿ ਉਹ ਸੀ ਅਕਾਦਮਿਕ ਜਿਹਾ-'ਅਮੀਆ ਕੁੰਵਰ ਦਾ ਕਾਵਿ-ਸੰਗ੍ਰਹਿ 'ਛਿਣਾਂ ਦੀ ਗਾਥਾ' ਨਾਰੀਵਾਦੀ ਦ੍ਰਿਸ਼ਟੀਕੋਣ ਤੋਂ"। ਇਹ ਮੈਂ ਉਨ੍ਹਾਂ ਦੇ ਕਹਿਣ 'ਤੇ ਪੜ੍ਹਨ ਲਈ ਦਿੱਤਾ ਸੀ ਜੋ ਉਨ੍ਹਾਂ ਆਉਂਦੇ ਅੰਕ ਵਿਚ ਹੀ ਸ਼ਾਇਆ ਕਰ ਦਿੱਤਾ। ਦਰਅਸਲ ਇਸ ਪਿੱਛੇ ਇਕ ਵਜ੍ਹਾ ਸੀ, ਮੇਰੇ ਇਸ ਪਲੇਠੇ ਕਾਵਿ-ਸੰਗ੍ਰਹਿ ਦੀ ਉਨ੍ਹਾਂ ਭੂਮਿਕਾ ਲਿਖਣੀ ਸੀ ਪਰ ਉਦੋਂ ਉਨ੍ਹਾਂ ਦੀ ਤਬੀਅਤ ਕਾਫੀ ਨਾਸਾਜ਼ ਸੀ। ਸੋ ਕਿਤਾਬ ਦੇ ਪਿੱਠ-ਵਰਕ ਲਈ ਚਾਰ ਸਤਰਾਂ ਲਿਖ ਕੇ ਡਾ. ਮੋਹਨਜੀਤ ਦੇ ਜ਼ਿੰਮੇ ਭੂਮਿਕਾ ਲਿਖਣਾ ਲਾ ਦਿੱਤਾ। ਉਹ ਆਪਣੇ ਦੋਸਤਾਂ, ਲੇਖਕਾਂ, ਨਾਗਮਣੀ-ਪਾਠਕਾਂ ਲਈ ਇਹ ਉਚੇਚ ਆਪਣੇ ਫਰਜ਼ ਦਾ ਹਿੱਸਾ ਸਮਝਦੇ ਸਨ। 'ਨਾਗਮਣੀ' ਰਾਹੀਂ ਜਿਥੇ ਉਨ੍ਹਾਂ ਨੇ ਨਵੇਂ ਲੇਖਕਾਂ ਨੂੰ ਸਥਾਪਤ ਕੀਤਾ, ਉਥੇ ਕਈਆਂ ਦਾ ਨਾਂ-ਕਰਨ ਕਰ ਕਲਮੀ ਨਾਂ ਦਿੱਤੇ ਜੋ ਉਨ੍ਹਾਂ ਦੀ ਸਥਾਈ ਵੱਲੋਂ ਪਛਾਣ ਬਣ ਗਏ। ਸਤੀਸ਼ ਕੁਮਾਰ ਕਪਿਲ ਦਾ ਸਤੀ ਕੁਮਾਰ, ਰਤਨ ਕੌਰ ਦਾ ਰਤਨੀਵ, ਸਤਵੰਤ ਕੌਰ ਦਾ ਸਤੀ ਰੰਧਾਵਾ, ਇੰਦਰਜੀਤ ਦਾ ਇਮਰੋਜ਼, ਕਿਰਪਾਲ ਸਿੰਘ ਅਵਾਰਾ ਦਾ ਕਿਰਪਾਲ ਕਜ਼ਾਕ,

*(ਬਾਕੀ ਅਗਲੇ ਸਫੇ 'ਤੇ)*



*ਅੰਮ੍ਰਿਤਾ ਦੇ ਪਰਚੇ 'ਨਾਗਮਣੀ' ਦੀ ਇਕ ਝਲਕ।*

*ਅੰਮ੍ਰਿਤਾ ਪ੍ਰੀਤਮ ਨੇ 'ਨਾਗਮਣੀ' ਲਈ ਕੁਝ ਹੋਰ ਵੀ ਫੈਸਲੇ ਲਏ ਸਨ। ਮਸਲਨ-ਮੈਗਜ਼ੀਨ ਵਿਚ ਨਾ ਇਸ਼ਤਿਹਾਰਾਂ ਨੂੰ ਥਾਂ ਦਿੱਤੀ ਜਾਵੇਗੀ ਅਤੇ ਨਾ ਕਿਸੇ ਤਰ੍ਹਾਂ ਦੀ ਪੁਸਤਕ ਸਮੀਖਿਆ ਨੂੰ ਪਰ ਉਨ੍ਹਾਂ ਨੇ ਇਹ ਅਸੂਲ ਤੋੜਿਆ ਫਰਵਰੀ 2001 ਦੇ ਅੰਕ ਵਿਚ ਮੇਰੇ ਕਾਵਿ-ਸੰਗ੍ਰਹਿ 'ਛਿਣਾਂ ਦੀ ਗਾਥਾ' 'ਤੇ ਮੇਰੀ ਦੋਸਤ ਡਾ. ਬੇਅੰਤ ਕੌਰ ਦੇ ਲਿਖੇ ਲੰਮੇ ਸਮੀਖਿਆ ਪੱਤਰ ਨੂੰ ਛਾਪ ਕੇ। ਹਾਲਾਂਕਿ ਉਹ ਸੀ ਅਕਾਦਮਿਕ ਜਿਹਾ-'ਅਮੀਆ ਕੁੰਵਰ ਦਾ ਕਾਵਿ-ਸੰਗ੍ਰਹਿ 'ਛਿਣਾਂ ਦੀ ਗਾਥਾ' ਨਾਰੀਵਾਦੀ ਦ੍ਰਿਸ਼ਟੀਕੋਣ ਤੋਂ'। ਇਹ ਮੈਂ ਉਨ੍ਹਾਂ ਦੇ ਕਹਿਣ 'ਤੇ ਪੜ੍ਹਨ ਲਈ ਦਿੱਤਾ ਸੀ ਜੋ ਉਨ੍ਹਾਂ ਆਉਂਦੇ ਅੰਕ ਵਿਚ ਹੀ ਸ਼ਾਇਆ ਕਰ ਦਿੱਤਾ। ਦਰਅਸਲ ਇਸ ਪਿੱਛੇ ਇਕ ਵਜ੍ਹਾ ਸੀ, ਮੇਰੇ ਇਸ ਪਲੇਠੇ ਕਾਵਿ-ਸੰਗ੍ਰਹਿ ਦੀ ਉਨ੍ਹਾਂ ਭੂਮਿਕਾ ਲਿਖਣੀ ਸੀ ਪਰ ਉਦੋਂ ਉਨ੍ਹਾਂ ਦੀ ਤਬੀਅਤ ਕਾਫੀ ਨਾਸਾਜ਼ ਸੀ। ਸੋ ਕਿਤਾਬ ਦੇ ਪਿੱਠ-ਵਰਕ ਲਈ ਚਾਰ ਸਤਰਾਂ ਲਿਖ ਕੇ ਡਾ. ਮੋਹਨਜੀਤ ਦੇ ਜ਼ਿੰਮੇ ਭੂਮਿਕਾ ਲਿਖਣਾ ਲਾ ਦਿੱਤਾ। ਉਹ ਆਪਣੇ ਦੋਸਤਾਂ, ਲੇਖਕਾਂ, ਨਾਗਮਣੀ-ਪਾਠਕਾਂ ਲਈ ਇਹ ਉਚੇਚ ਆਪਣੇ ਫਰਜ਼ ਦਾ ਹਿੱਸਾ ਸਮਝਦੇ ਸਨ।*

ਪ੍ਰੇਮ ਨਿਮਾਣਾ ਦਾ ਪ੍ਰੇਮ ਗੋਰਖੀ ਅਤੇ ਅਮਰਜੀਤ ਕੌਰ ਦਾ ਅਮੀਆ ਕੁੰਵਰ ਕਰ 'ਨਾਗਮਣੀ' ਵਿਚ ਉਨ੍ਹਾਂ ਦੀਆਂ ਰਚਨਾਵਾਂ ਛਾਪੀਆਂ ਤੇ ਹਮੇਸ਼ਾ ਲਈ ਪੰਜਾਬੀ ਅਦਬ ਵਿਚ ਵੱਖਰਾ ਮੁਕਾਮ ਬਣਾ ਦਿੱਤਾ।

ਆਮ ਮੈਗਜ਼ੀਨ ਦੇ ਸੰਪਾਦਕ ਇਸ ਜ਼ਿੰਮੇਵਾਰੀ ਤੋਂ ਖੁਦ ਨੂੰ ਬਰੀ ਰੱਖਦੇ ਹਨ ਕਿ ਮੈਗਜ਼ੀਨ ਵਿਚਲੀਆਂ ਰਚਨਾਵਾਂ ਦੇ ਕਿਸੇ ਵਿਵਾਦ ਲਈ ਉਹ ਜ਼ਿੰਮੇਵਾਰ ਨਹੀਂ, ਇਸ ਦਾ ਜ਼ਿੰਮੇਵਾਰ ਲੇਖਕ ਹੀ ਹੋਏਗਾ ਪਰ ਅੰਮ੍ਰਿਤਾ ਜੀ ਆਪਣੀ ਮੈਗਜ਼ੀਨ ਵਿਚਲੇ ਗਲਤ-ਸਹੀ ਛਪਣ ਦੀ ਪੂਰੀ ਜ਼ਿੰਮੇਵਾਰੀ ਆਪਣੇ 'ਤੇ ਲੈਂਦੇ ਸਨ। ਕਹਿੰਦੇ ਸਨ, ਅਸੀਂ ਰਚਨਾਵਾਂ ਪੜ੍ਹ ਕੇ ਛਾਪਦੇ ਹਾਂ। ਉਸ ਨਾਲ ਸਹਿਮਤ ਹੁੰਦੇ ਹਾਂ, ਤਾਂ ਹੀ ਤਾਂ ਆਪਣੀ ਮੈਗਜ਼ੀਨ ਵਿਚ ਥਾਂ ਦਿੰਦੇ ਹਾਂ। ਨਾਗਮਣੀ ਦੀ ਸੰਪਾਦਨਾ ਦੌਰਾਨ ਉਨ੍ਹਾਂ ਨੇ ਇਕ ਹੋਰ ਮੈਗਜ਼ੀਨ ਦੀ ਸੰਪਾਦਨਾ ਵੀ ਕੁਝ ਸਾਲ ਕੀਤੀ। ਪੰਜਾਬੀ ਅਕਾਦਮੀ, ਦਿੱਲੀ ਵੱਲੋਂ ਪ੍ਰਕਾਸ਼ਿਤ ਹੁੰਦੇ ਤ੍ਰੈਮਾਸਿਕ ਰਸਾਲੇ 'ਸਮਦਰਸ਼ੀ' ਦਾ 1986 ਤੋਂ 1991 ਤਕ ਪੰਜ ਵਰ੍ਹੇ ਸੰਪਾਦਨ ਕੀਤਾ। ਇਸ ਮੈਗਜ਼ੀਨ ਦੇ ਸੰਪਾਦਕੀ ਬੋਰਡ ਵਿਚ ਡਾ. ਹਰਿਭਜਨ ਸਿੰਘ, ਮਹਿੰਦਰ ਸਿੰਘ ਜੋਸ਼ੀ, ਕਰਤਾਰ ਸਿੰਘ ਦੁੱਗਲ ਵਰਗੇ ਵੱਡੇ ਲੇਖਕ ਸਨ। 'ਨਾਗਮਣੀ' ਦਾ ਪ੍ਰਤੱਖ ਪ੍ਰਭਾਵ ਇਸ ਮੈਗਜ਼ੀਨ 'ਤੇ ਇੰਨਾ ਜ਼ਿਆਦਾ ਨਜ਼ਰ ਆਉਂਦਾ ਸੀ ਕਿ ਲੋਕ 'ਸਮਦਰਸ਼ੀ' ਨੂੰ 'ਨਾਗਮਣੀ' ਦਾ ਡੀਲਕਸ ਮੈਗਜ਼ੀਨ ਕਹਿਣ ਲੱਗੇ। ਇਸ ਮੈਗਜ਼ੀਨ 'ਚ ਵੀ ਅੰਮ੍ਰਿਤਾ ਨੇ ਸਾਡੇ ਨਵੇਂ ਸ਼ਾਇਰ, ਸਾਡੇ ਨਵੇਂ ਕਲਾਕਾਰ ਦੇ ਸਿਰਲੇਖ ਹੇਠਾਂ ਨਵੇਂ ਲੇਖਕਾਂ, ਕਲਾਕਾਰਾਂ ਨੂੰ ਛਾਪਿਆ। ਕਈ ਕਾਲਮ ਸ਼ੁਰੂ ਕੀਤਾ- ਆਪਣੇ ਸਨਮੁਖ, ਦਸਤਾਵੇਜ਼, ਮਹਿਮਾਨ ਰਚਨਾ, ਸੱਜਣ ਮੈਂਡੇ ਰਾਂਗਲੇ, ਗੱਲ ਦਰਿਆਓਂ ਪਾਰ ਦੀ, ਇਕ ਬੈਠਕ, ਸੱਤ ਕਵਿਤਾਵਾਂ ਆਦਿ। ਸੰਪਾਦਕੀ ਨੂੰ ਵੀ ਉਸ ਨੇ ਵੱਖਰੀ ਤਰ੍ਹਾਂ ਦਾ ਸਿਰਲੇਖ ਦਿੱਤਾ- ਆਪਣੇ ਖਿਲਾਫ, ਪਰ ਇਹ ਸਰਕਾਰੀ ਪਰਚਾ ਸੀ ਜੋ ਅੰਮ੍ਰਿਤਾ ਦੇ ਜ਼ਿਹਨੀ ਕੱਦ ਦੇ ਮੇਚ ਨਹੀਂ ਆ ਰਿਹਾ ਸੀ, ਸੋ ਪੰਜ ਸਾਲਾਂ ਮਗਰੋਂ ਡਾ. ਸੁਤਿੰਦਰ ਸਿੰਘ ਨੂਰ ਇਸ ਦੇ ਮੁੱਖ ਸੰਪਾਦਕ ਵਜੋਂ ਆਪਣੀਆਂ ਸੇਵਾਵਾਂ ਨਿਭਾਉਣ ਲੱਗੇ।

ਅੰਮ੍ਰਿਤਾ ਨੇ ਤਾਂ ਜ਼ਿੰਦਗੀ ਵੀ ਆਪਣੀ ਮਰਜ਼ੀ ਨਾਲ ਜੀਵੀ ਤੇ ਸੰਪਾਦਕੀ ਵੀ ਆਪਣੀ ਮਨ-ਮਰਜ਼ੀ ਅਨੁਸਾਰ ਕੀਤੀ। ਅੰਮ੍ਰਿਤਾ ਪ੍ਰੀਤਮ ਨੇ 'ਨਾਗਮਣੀ' ਰਾਹੀਂ ਕੁਝ ਹੋਰ ਵੀ ਨਵੀਆਂ ਪਿਰਤਾਂ ਪਾਈਆਂ। ਹਰ ਮਹੀਨੇ ਮੈਗਜ਼ੀਨ ਪ੍ਰਕਾਸ਼ਿਤ ਹੋਣ ਮਗਰੋਂ 'ਨਾਗਮਣੀ ਸ਼ਾਮ' ਮਨਾਈ ਜਾਂਦੀ। ਇਹ ਗੈਰ-ਰਸਮੀ ਇਕੱਠ ਅੰਮ੍ਰਿਤਾ ਪ੍ਰੀਤਮ ਦੇ ਘਰ ਹੀ ਹੁੰਦਾ ਜਿਥੇ ਨਾਗਮਣੀ 'ਚ ਛਪੀਆਂ ਰਚਨਾਵਾਂ ਉੱਤੇ ਚਰਚਾ ਹੁੰਦੀ, ਸੁਝਾਅ ਦਿੱਤੇ ਜਾਂਦੇ, ਉਥੇ ਲੇਖਕਾਂ ਨੂੰ ਆਪਣੀਆਂ ਰਚਨਾਵਾਂ ਪੜ੍ਹਨ ਦਾ ਮੌਕਾ ਦਿੱਤਾ ਜਾਂਦਾ। ਜੋ ਉਨ੍ਹਾਂ ਵਿਚੋਂ ਕੋਈ ਰਚਨਾ ਅੰਮ੍ਰਿਤਾ ਪ੍ਰੀਤਮ ਹੁਰਾਂ ਨੂੰ ਪਸੰਦ ਆਉਂਦੀ ਤਾਂ ਉਹ 'ਨਾਗਮਣੀ' ਲਈ ਲੈ ਲੈਂਦੇ। ਇਉਂ ਜਿੱਥੇ ਨਾਗਮਣੀ ਨੂੰ ਛਾਪਣ ਦੀ ਸਮੱਗਰੀ ਮਿਲਦੀ, ਉਥੇ ਲੇਖਕਾਂ ਨੂੰ ਵੀ ਹੌਸਲਾ ਤੇ ਪ੍ਰੇਰਨਾ ਮਿਲਦੀ। ਉਹ ਹੋਰ ਵਧੀਆ ਲਿਖਣ ਵੱਲ ਰੁਚਿਤ ਹੁੰਦੇ।

ਅੰਮ੍ਰਿਤਾ ਪ੍ਰੀਤਮ ਨੇ 'ਨਾਗਮਣੀ ਦਾ ਸੰਪਾਦਨ ਕਰਦਿਆਂ, ਇਕ ਹਰ ਨਵੀਂ ਰਵਾਇਤ ਸ਼ੁਰੂ ਕੀਤੀ ਜਿਸ ਨਾਲ ਲੇਖਕਾਂ ਨੂੰ ਚੰਗਾ ਲਿਖਣ ਦਾ ਹੋਰ ਵੱਧ ਉਤਸ਼ਾਹ ਮਿਲਿਆ। ਅਪਰੈਲ 1983 ਵਿਚ ਨਾਗਮਣੀ ਨੇ 'ਨਾਗਮਣੀ ਲਾਇਬ੍ਰੇਰੀ' ਦੀ ਛੋਟੀ ਜਿਹੀ ਰਵਾਇਤ ਸ਼ੁਰੂ ਕੀਤੀ ਕਿ ਨਾਗਮਣੀ ਆਪਣੀ ਹਰ ਵਰ੍ਹੇਗੰਢ 'ਤੇ (ਹਰ ਮਈ ਮਹੀਨੇ ਵਿਚ) ਪੰਜ ਸੌ ਇਕ ਰੁਪਏ ਦੀ ਪੇਸ਼ਕਸ਼ ਨਾਲ, ਆਪਣੇ ਕਿਸੇ ਚੰਗੇ ਲੇਖਕ ਦੀ ਲਾਇਬ੍ਰੇਰੀ ਵੱਡੀ ਕਰਨਾ ਚਾਹੇਗੀ। ਹਰ ਸਾਲ ਕਿਰਪਾਲ ਕਜ਼ਾਕ, ਦੇਵਿੰਦਰ, ਕੇ.ਐਲ. ਗਰਗ, ਜਸਬੀਰ ਭੁੱਲਰ ਆਦਿ ਕਿਸੇ ਨਾ ਕਿਸੇ ਨਾਗਮਣੀ ਲੇਖਕ ਨੂੰ ਇਸ ਇਨਾਮ ਨਾਲ ਨਵਾਜਿਆ ਗਿਆ। ਇਸ ਦੀ ਤਿੰਨ ਮੈਂਬਰੀ ਕਮੇਟੀ ਵਿਚ ਅੰਮ੍ਰਿਤਾ, ਇਮਰੋਜ਼ ਤੇ ਸੁਰਿੰਦਰ ਸ਼ਰਮਾ ਸਨ।

ਚੰਗੇ ਲੇਖਕਾਂ ਨੂੰ 'ਨਾਗਮਣੀ' ਨਾਲ ਜੋੜਨ ਲਈ ਅੰਮ੍ਰਿਤਾ ਪ੍ਰੀਤਮ ਨੇ ਇਕ ਹੋਰ ਵਧੀਆ ਉਚੇਚ ਕੀਤਾ। ਉਹ ਲੇਖਕਾਂ ਨੂੰ ਸਿਰਫ ਸੰਪਾਦਕ-ਲੇਖਕ ਦੇ ਰਿਸ਼ਤੇ ਤਕ ਮਹਿਦੂਦ ਨਹੀਂ ਰੱਖਦੇ ਸਨ ਸਗੋਂ ਉਨ੍ਹਾਂ ਨਾਲ ਪਰਿਵਾਰਕ ਸੰਬੰਧ ਕਾਇਮ ਕਰ ਲੈਂਦੇ। ਉਨ੍ਹਾਂ ਦੇ ਦੁੱਖ ਸੁੱਖ ਦਾ ਖਿਆਲ ਕਰਦੇ। ਕੋਈ ਔਖ ਹੁੰਦੀ, ਉਸ ਨੂੰ ਦੂਰ ਕਰਨ ਦਾ ਉਪਰਾਲਾ ਕਰਦੇ। 1982 ਵਿਚ ਕਲਕੱਤਾ ਹੋਏ ਇਕ ਸਮਾਰੋਹ ਵਿਚ ਪ੍ਰਬੰਧਕਾਂ ਵੱਲੋਂ ਫਾਈਵ ਸਟਾਰ ਹੋਟਲ ਵਿਚ ਠਹਿਰਾਉਣ ਦੇ ਬਾਵਜੂਦ ਅੰਮ੍ਰਿਤਾ/ਇਮਰੋਜ਼ ਨੇ ਹੋਟਲ ਦਾ ਵਧੀਆ ਖਾਣਾ ਤਿਆਗ ਕੇ ਕਲਕੱਤਾ ਦੇ ਕਿਸੇ ਇਲਾਕੇ ਦੀਆਂ ਭੀੜੀਆਂ ਗਲੀਆਂ 'ਚੋਂ ਲੰਘ ਬਲਦੇਵ ਸਿੰਘ ਸੜਕਨਾਮਾ ਦੇ ਘਰ ਜਾ ਕੇ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਨਾ ਆਨੰਦ ਮਾਣਿਆ। ਕੇਵਲ ਸੂਦ, ਰਮੇਸ਼ ਬਖਸ਼ੀ, ਸਤੀ ਰੰਧਾਵਾ, ਅਮੀਆ ਕੁੰਵਰ ਦੀ ਲੋੜ ਵੇਲੇ ਉਹ ਉਨ੍ਹਾਂ ਦੇ ਘਰ ਆਪਣੀ ਸਿਹਤ-ਨਾਸਾਜ਼ੀ ਵਿਚ ਵੀ ਪਹੁੰਚੇ।

ਅੰਮ੍ਰਿਤਾ ਜੀ ਦੀ ਲਗਾਤਾਰ ਡਿੱਗਦੀ ਸਿਹਤ ਵੇਖ ਨਾਗਮਣੀ ਦਾ ਇਕ ਪਾਠਕ ਤੌਖਲੇ ਨਾਲ ਭਰ ਗਿਆ। 'ਨਾਗਮਣੀ' ਦੇ ਖਤਾਂ ਵਾਲੀ ਥਾਂ ਉੱਤੇ ਅਪਰੈਲ 1999 ਵਿਚ ਉਸ ਦਾ ਖਤ ਉਲੀਕਿਆ ਮਿਲਦਾ ਹੈ- 'ਨਾਗਮਣੀਂ ਪੜ੍ਹ ਕੇ ਪਹਿਲੋਂ ਹੱਸਿਆ, ਫੇਰ ਰੋਇਆ। ਹੱਸਿਆ ਇਸ ਲਈ ਕਿ ਪੱਤਰਕਾਰੀ ਨੂੰ ਇਸ ਪਾਏ 'ਤੇ ਲੈ ਜਾਣ ਵਾਲੀ ਸਾਡੇ ਕੋਲ 'ਨਾਗਮਣੀ' ਹੈ, ਤੇ ਰੋਇਆ ਇਸ ਲਈ ਕਿ ਕੱਲ੍ਹ ਨੂੰ 'ਨਾਗਮਣੀ' ਤੋਂ ਬਾਅਦ ਕੀ ਹੋਵੇਗਾ? - 'ਨਾਗਮਣੀ' ਦੇ ਰੰਗ ਵਿਚ ਰੱਤਾ ਇਕ ਪਾਠਕ!

ਆਖਰ ਉਹ ਦਿਨ ਆ ਹੀ ਗਿਆ, ਜਦ ਅੰਮ੍ਰਿਤਾ ਨੂੰ ਲੱਗਿਆ ਕਿ ਹੁਣ 'ਨਾਗਮਣੀ' ਦੀ ਸੰਪਾਦਨਾ ਉਸ ਦੇ ਵਿਚੋਂ ਬਾਹਰ ਹੋ ਗਈ ਹੈ ਤਾਂ ਉਸ ਨੇ ਇਹ ਫੈਸਲਾ ਕਰਨ ਵਿਚ ਢਿੱਲ ਨਾ ਲਈ ਕਿ 'ਨਾਗਮਣੀ' ਦੀ ਉਮਰ ਪੁੱਗ ਗਈ ਜੋ 36 ਵਰ੍ਹੇ ਅਰੁਕ ਪ੍ਰਕਾਸ਼ਿਤ ਹੋ ਪਾਠਕਾਂ ਤੱਕ ਪੁੱਜਦੀ ਰਹੀ। ਇਹ ਅੰਮ੍ਰਿਤਾ ਦੇ ਸੁਪਨਿਆਂ ਦੀ ਤਾਬੀਰ ਸੀ। ਸੋਚ ਦਾ ਹੁੰਗਾਰਾ ਸੀ। ਵਿਚਾਰਾਂ ਦੀ ਤਰਜਮਾਨੀ ਸੀ। ਆਪਣੇ ਜ਼ਮੀਰ ਨਾਲ ਵਾਅਦਾ ਸੀ ਜੋ ਤੋੜ ਤੀਕ ਨਿਭਾਇਆ ਪਰ ਇਹ ਨਿਰੋਲ ਨਿੱਜੀ, ਆਪਣੀਆਂ ਸ਼ਰਤਾਂ, ਅਸੂਲਾਂ ਉੱਤੇ ਟਿਕਿਆ ਉਪਰਾਲਾ ਸੀ। ਇਹੀ ਕਾਰਨ ਹੈ ਕਿ ਅੰਮ੍ਰਿਤਾ ਦੇ ਸਿਹਤ ਤੋਂ ਅਸਮਰੱਥ ਹੋਣ 'ਤੇ, ਇਹ ਰਸਾਲਾ ਕਿਸੇ ਦੂਜੇ ਦੇ ਹੱਥਾਂ ਵਿਚ ਨਹੀਂ ਪਹੁੰਚਿਆ। ਨਾ ਪੀੜ੍ਹੀ ਦਰ ਪੀੜ੍ਹੀ ਹਸਤਾਂਤਰਿਤ ਹੋਇਆ। ਨਾ ਵਿਕਿਆ। ਨਾ ਕਿਸੇ ਸੰਸਥਾ ਦੇ ਅਧੀਨ ਹੋਇਆ।

'ਨਾਗਮਣੀ' ਦਾ ਅੰਤਲਾ ਅੰਕ ਅਪਰੈਲ 2002 ਸੀ। ਰਸਾਲੇ ਨੂੰ ਬੰਦ ਕਰਨ ਦੇ ਕਾਰਨਾਂ ਨੂੰ ਦੱਸਣ ਜਾਂ ਸਪਸ਼ਟੀਕਰਨ ਲਈ ਵਾਧੂ ਪੰਨੇ ਨਹੀਂ ਜ਼ਾਇਆ ਕੀਤੇ ਗਏ। ਅੰਤਲੇ ਅੰਕ ਵਿਚ ਵੀ ਰਚਨਾਵਾਂ ਨੂੰ ਪਹਿਲ ਦਿੱਤੀ ਗਈ। ਸਰਵਰਕ ਦੀ ਸਭ ਤੋਂ ਉੱਤਲੀ ਥਾਂ 'ਤੇ ਜਿਥੇ ਲਿਖਿਆ ਹੁੰਦਾ ਸੀ- ਕਾਮੇ: ਅੰਮ੍ਰਿਤਾ-ਇਮਰੋਜ਼, ਉਥੇ ਸਿਰਫ ਇੰਨਾ ਹੀ ਲਿਖਿਆ ਮਿਲਿਆ- ਕਾਮੇ ਅਲਵਿਦਾ ਆਖਦੇ ਹਨ। ਤੇ ਫਿਰ ਪੰਨਾ-13 ਦੇ ਹੇਠਾਂ ਬਚੀ ਹੋਈ ਥੋੜ੍ਹੀ ਜਿਹੀ ਥਾਂ 'ਤੇ ਇੰਨਾ ਹੀ ਲਿਖਿਆ ਸੀ-

ਅਲਵਿਦਾ ਐ ਕਾਫਲੇ ਵਾਲੋ

ਨਾਗਮਣੀ ਦਾ ਇਹ ਅੰਕ ਆਖਰੀ ਅੰਕ ਹੋਵੇਗਾ

ਕਿਉਂਕਿ ਮੇਰੀ ਸਿਹਤ ਮੇਰੇ ਮਨ ਦਾ ਸਾਥ ਨਹੀਂ ਦੇ ਰਹੀ -ਅੰਮ੍ਰਿਤਾ

ਪੋਸਟ ਸਕ੍ਰਿਪਟ

'ਨਾਗਮਣੀ' ਦੇ ਬੰਦ ਕਰਨ ਨਾਲ ਹੀ ਅੰਮ੍ਰਿਤਾ ਆਪਣੇ ਸੰਪਾਦਕੀ ਧਰਮ ਤੋਂ ਮੁਕਤ ਨਹੀਂ ਹੋਈ। ਨਵੰਬਰ 2001 ਵਿਚ ਮੈਂ ਰਿਫਰੈਸ਼ਰ ਕੋਰਸ ਕਰਨ ਕੁਰੂਕਸ਼ੇਤਰ ਯੂਨੀਵਰਸਿਟੀ ਗਈ ਸਾਂ। ਉਥੇ ਮੇਰੇ ਨਾਲ ਕੋਰਸ ਕਰਦੀਆਂ ਕੁਝ ਸਾਥਣਾਂ ਨੇ ਮੇਰੇ ਹੱਥੀਂ 'ਨਾਗਮਣੀ' ਦੀ ਇਕ ਸਾਲ ਦੀ ਭੇਟਾ ਭੇਜੀ ਸੀ। 'ਨਾਗਮਣੀ' ਦੇ ਪੰਜ ਅੰਕ ਹੀ ਉਨ੍ਹਾਂ ਨੂੰ ਮਿਲ ਸਕੇ। ਅੰਮ੍ਰਿਤਾ ਜੀ ਨੇ ਮੈਨੂੰ ਬਿਠਾ ਕੇ, ਉਨ੍ਹਾਂ ਦਾ ਹਿਸਾਬ ਕਰ ਬਚਦੀ ਰਕਮ ਉਨ੍ਹਾਂ ਨੂੰ ਭਿਜਵਾ ਦਿੱਤੀ। ਪਟਿਆਲੇ ਵਾਲੇ ਸੁਰਿੰਦਰ ਸ਼ਰਮਾ ਦੱਸਦੇ ਹਨ ਕਿ ਮੈਨੂੰ ਇਹੋ ਜਿਹਾ ਅਨੁਭਵ ਸਿਰਫ ਦੋ ਵਾਰ ਹੋਇਆ ਹੈ। ਇੱਕ 'ਰੀਡਰਜ਼ ਡਾਇਜੈਸਟ' ਦੇ ਬੰਦ ਹੋਣ 'ਤੇ ਮੇਰੀ ਬਕਾਇਆ ਰਕਮ ਮਿਲੀ। ਦੂਜੇ 'ਨਾਗਮਣੀ' ਬੰਦ ਹੋਣ 'ਤੇ ਅੰਮ੍ਰਿਤਾ ਜੀ ਦਾ ਖਤ ਆਇਆ, "ਇਹ ਤੁਹਾਡੀ ਬਕਾਇਆ ਰਕਮ ਹੈ (ਸ਼ਾਇਦ 36.50 ਰੁਪਏ), ਕਬੂਲ ਕਰਨਾ। ਸ਼ੁਕਰੀਆ।" -ਅੰਮ੍ਰਿਤਾ

ਇੰਨਾ ਹੀ ਨਹੀਂ, ਤਾਰਨ ਗੁਜਰਾਲ ਲਿਖਦੇ ਹਨ ਕਿ ਇਕ ਵਾਰ 'ਨਾਗਮਣੀ' ਨਾ ਮਿਲਣ ਉੱਤੇ ਮੈਂ ਅੰਮ੍ਰਿਤਾ ਜੀ ਨਾਲ ਉਲਝ ਪਈ ਕਿ ਤੁਸੀਂ ਜਿੰਨੇ ਪੈਸੇ ਲੈਣੇ ਨੇ, ਲੈ ਲਵੋ, ਪਰ ਰੱਬ ਵਾਸਤੇ 'ਨਾਗਮਣੀ ਨਾ ਰੋਕਿਆ ਕਰੋ!

ਇਮਰੋਜ਼ ਜੀ ਕਹਿਣ ਲੱਗੇ ਕਿ ਲਾਈਫ ਮੈਂਬਰਸ਼ਿਪ ਲੈ ਲਵੋ। ਮੈਂ ਤਿਆਰ ਹੋ ਗਈ ਪਰ ਅੰਮ੍ਰਿਤਾ ਨੇ ਰੋਕ ਲਿਆ, ਨਹੀਂ-ਨਹੀਂ, ਹੁਣ ਨਹੀਂ, ਪਤਾ ਨਹੀਂ ਕਿੰਨੀ ਕੁ ਮੇਰੀ ਜ਼ਿੰਦਗੀ ਹੈ, ਤੇ ਕਿੰਨੀ ਕੁ ਇਹ ਚੱਲ ਸਕਦੀ ਹੈ, ਐਵੇਂ ਵਾਧੂ ਪੈਸੇ ਮੈਂ ਨਹੀਂ ਲੈ ਸਕਦੀ, ਤੁਸੀਂ ਜਿਹੜੇ ਅੰਕ ਇਹਦੇ ਬਾਕੀ ਨੇ, ਇਸ ਨੂੰ ਦੇ ਦਿਉ।

ਇਉਂ ਅੰਮ੍ਰਿਤਾ ਨੇ ਕਿਸੇ ਦਾ ਕੋਈ ਵੀ ਬਕਾਇਆ ਆਪਣੇ ਖਾਤੇ 'ਚ ਨਹੀਂ ਰੱਖਿਆ। ਨਹੀਂ ਤਾਂ ਕਿੰਨੇ ਹੀ ਸੰਪਾਦਕ ਇਸ ਫਰਜ਼ ਤੋਂ ਕੋਰੇ ਹੁੰਦੇ ਹਨ। ਮਹੀਨਿਆਂ ਬੱਧੀ ਲੇਖਕਾਂ ਦੀਆਂ ਰਚਨਾਵਾਂ ਉਨ੍ਹਾਂ ਦੀ ਮੇਜ਼ 'ਤੇ ਪਈਆਂ ਸੜਦੀਆਂ ਰਹਿੰਦੀਆਂ ਨੇ। ਉਹ ਨਾ ਵਾਪਸ ਭਿਜਵਾਂਦੇ ਹਨ, ਨਾ ਛਾਪਦੇ ਹਨ। ਖਤ ਲਿਖਣਾ ਤਾਂ ਦੂਰ ਦੀ ਗੱਲ। ਇੱਕਾ-ਦੁੱਕਾ ਅੰਕ ਭੇਜਣ ਮਗਰੋਂ ਕਈ ਤਾਂ ਮੈਗਜ਼ੀਨ ਵੀ ਭੇਜਣਾ ਬੰਦ ਕਰ ਦਿੰਦੇ ਹਨ। ਆਪਣੇ ਇਨ੍ਹਾਂ ਹੀ ਮੀਰੀ ਗੁਣਾਂ ਕਰਕੇ ਅੰਮ੍ਰਿਤਾ ਤੇ ਨਾਗਮਣੀ ਚਿਰਜੀਵੀ ਹੋ ਗਏ।





'ਨਾਗਮਣੀ' ਦੇ ਕਾਮੇ ਅੰਮ੍ਰਿਤਾ ਤੇ ਇਮਰੋਜ਼ ਅਤੇ (ਸੱਜੇ) ਇਮਰੋਜ਼ ਦਾ ਬਣਾਇਆ ਇਕ ਸਕੈੱਚ।

# ਮਾਪਿਆਂ ਦੇ ਘਰ ਨਿੰਮ ਨਿਸ਼ਾਨੀ...



**ਸ਼ਵਿੰਦਰ ਕੌਰ**
ਫੋਨ: +91-76260-63596

ਕੁਦਰਤ ਦੀਆਂ ਬਖਸ਼ੀਆਂ ਅਮੁੱਲ ਦਾਤਾਂ 'ਚੋਂ ਸਭ ਤੋਂ ਵੱਡਾ ਸਥਾਨ ਰੁੱਖਾਂ ਦਾ ਹੈ। ਗੂੜ੍ਹੀਆਂ ਠੰਢੀਆਂ ਛਾਵਾਂ ਅਤੇ ਹਵਾਵਾਂ ਬਖਸ਼ਦੇ ਰੁੱਖ ਸਾਡੇ ਜੀਵਨ ਦਾਤੇ ਹਨ। ਮਨੁੱਖੀ ਜੀਵਨ ਲਈ ਲੋੜੀਂਦੀ ਆਕਸੀਜਨ ਰੁੱਖ ਹੀ ਪੈਦਾ ਕਰਦੇ ਹਨ। ਸਾਡੇ ਵਾਤਾਵਰਨ ਨੂੰ ਸ਼ੁੱਧ ਕਰਦੇ ਰੁੱਖ ਮੀਂਹ ਅਤੇ ਮੌਸਮ ਦਾ ਸੰਤੁਲਨ ਵੀ ਬਣਾਈ ਰੱਖਦੇ ਹਨ। ਸਾਡੇ ਪੁਰਖੇ ਰੁੱਖਾਂ ਨੂੰ ਖਾਸ ਕਰਕੇ ਤ੍ਰਿਵੈਣੀ ਨੂੰ ਲਾਉਣਾ ਵੱਡਾ ਪੁੰਨ ਦਾ ਕੰਮ ਮੰਨਦੇ ਸਨ। ਤ੍ਰਿਵੈਣੀ ਤਿੰਨ ਰੁੱਖਾਂ ਦੇ ਸੁਮੇਲ- ਪਿੱਪਲ, ਬੋਹੜ ਅਤੇ ਨਿੰਮ ਨੂੰ ਆਖਿਆ ਜਾਂਦਾ ਹੈ।

ਸਾਡੇ ਮਿਥਿਹਾਸ ਮੁਤਾਬਕ ਦੁਨੀਆ ਨੂੰ ਸਾਜਣ ਵਾਲੇ ਤਿੰਨ ਦੇਵਤੇ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਮੰਨੇ ਜਾਂਦੇ ਹਨ। ਪਿੱਪਲ, ਬੋਹੜ ਅਤੇ ਨਿੰਮ ਨੂੰ ਵੀ ਤਿੰਨਾਂ ਦੇ ਰੂਪ ਵਿਚ ਮੰਨਿਆ ਜਾਂਦਾ ਹੈ। ਬਨਸਪਤੀ ਦੀ ਰਾਣੀ ਨਿੰਮ ਨੂੰ ਐਨੀ ਮਹਾਨਤਾ ਇਸ ਦੇ ਮਨੁੱਖਤਾ ਲਈ ਬਹੁਤ ਗੁਣਕਾਰੀ ਹੋਣ ਕਰਕੇ ਦਿੱਤੀ ਗਈ ਹੈ।

ਸਾਡੇ ਪੁਰਖਿਆਂ ਤੇ ਪੁਰਾਤਨ ਗ੍ਰੰਥਾਂ ਮੁਤਾਬਕ ਨਿੰਮ ਦੀ ਵਰਤੋਂ ਆਯੁਰਵੈਦਿਕ ਦਵਾਈਆਂ ਵਿਚ ਵੱਡੀ ਮਾਤਰਾ ਵਿਚ ਕੀਤੀ ਜਾਂਦੀ ਸੀ। ਮੈਡੀਕਲ ਸਾਇੰਸ ਵਿਚ ਵੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਇਲਾਜ ਕਰਨ ਲਈ ਨਿੰਮ ਤੋਂ ਬਣਾਈਆਂ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਹਰ ਹਿੱਸੇ ਜਿਵੇਂ ਪੱਤੇ, ਛਿਲਕਾ, ਟਾਹਣੀਆਂ, ਜੜ੍ਹ, ਫਲ ਅਤੇ ਫੁੱਲਾਂ ਦੇ ਅੰਦਰ ਦਵਾਈਆਂ ਦੀ ਭਰਮਾਰ ਹੈ। ਸਦੀਆਂ ਤੋਂ ਬੱਚੇ ਦੇ ਜਨਮ ਤੋਂ ਬਾਅਦ ਗੇਟ ਅੱਗੇ ਨਿੰਮ ਨੂੰ ਬੰਨ੍ਹਣ ਦੀ ਪਰੰਪਰਾ ਚੱਲੀ ਆ ਰਹੀ ਹੈ। ਜੋ ਨਵੇਂ ਜਨਮੇ ਬੱਚੇ ਦੇ ਬਿਮਾਰੀਆਂ ਦੇ ਟਾਕਰੇ ਵਜੋਂ ਬੰਨ੍ਹੀ ਜਾਂਦੀ ਹੈ।

ਕੀਟਾਣੂਨਾਸ਼ਕ ਹੋਣ ਕਰਕੇ ਇਸ ਦੀ ਵਰਤੋਂ ਸਾਬਣ ਵਿਚ ਕੀਤੀ ਜਾਂਦੀ ਹੈ। ਨਿੰਮ ਦੀਆਂ ਪੱਤੀਆਂ ਦੰਦ ਰੋਗਾਂ ਅਤੇ ਪੇਟ ਦੇ ਇਨਫੈਕਸ਼ਨ ਨਾਲ ਲੜਨ 'ਚ ਕਾਫੀ ਅਸਰਦਾਰ ਹਨ। ਇਸੇ ਲਈ ਇਸ ਦੀ ਵਰਤੋਂ ਭਾਰਤ ਅਤੇ ਅਫਰੀਕਾ ਵਿਚ ਸਾਲਾਂ ਤੋਂ ਟੂਥ ਪੇਸਟ ਵਿਚ ਹੁੰਦੀ ਆ ਰਹੀ ਹੈ। ਇਸ ਦੀ ਦਾਤਣ ਕਰਨ ਨਾਲ ਦੰਦਾਂ ਦੇ ਰੋਗ ਖਤਮ ਹੋ ਜਾਂਦੇ ਹਨ। ਖੰਘ ਅਤੇ ਗਲੇ ਦੀ ਖਾਰਸ਼ ਤੋਂ ਛੁਟਕਾਰਾ ਮਿਲਦਾ ਹੈ। ਫੰਗਲ ਇਨਫੈਕਸ਼ਨ ਅਤੇ ਚਮੜੀ ਦੇ ਇਨਫੈਕਸ਼ਨ ਤੋਂ ਬਚਾਉਂਦੀ ਹੈ। ਖਾਰਸ਼ ਦੇ ਇਲਾਜ ਵਿਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੀਆਂ ਪੱਤੀਆਂ ਤੋਂ ਤਿਆਰ ਅਰਕ ਘਰੇਲੂ ਬਗੀਚੀ ਅਤੇ ਫਸਲਾਂ 'ਤੇ ਕੀੜੇ ਮਾਰਨ ਲਈ ਵਰਤਿਆ ਜਾਂਦਾ ਹੈ। ਇਸ ਦੀਆਂ ਪੱਤੀਆਂ ਨੂੰ ਕੱਪੜੇ ਵਿਚ ਲਪੇਟ ਕੇ ਕਣਕ ਅਤੇ ਕੱਪੜਿਆਂ ਵਿਚ ਫੰਗਸ ਅਤੇ ਕੀਟਾਂ ਤੋਂ ਬਚਾਅ ਲਈ ਰੱਖਿਆ ਜਾਂਦਾ ਹੈ। ਅੱਜਕੱਲ੍ਹ ਤਾਂ ਫਸਲਾਂ 'ਚ ਪਾਉਣ ਲਈ ਨਿੰਮ ਵਾਲੀ ਯੂਰੀਆ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਨਾਲ ਯੂਰੀਆ ਦੀ ਗੁਣਵੱਤਾ ਵਿਚ ਵਾਧਾ ਹੁੰਦਾ ਹੈ ਅਤੇ ਫਸਲਾਂ 'ਤੇ ਯੂਰੀਆ ਦਾ ਨੁਕਸਾਨ ਕੰਟਰੋਲ ਹੁੰਦਾ ਹੈ।

ਇਸ ਵਿਚ ਪਾਇਆ ਜਾਣ ਵਾਲਾ ਐਂਟੀ-ਵਾਇਰਸ ਗੁਣ ਵਾਇਰਸ ਰੋਗਾਂ ਨਾਲ ਲੜਨ ਵਿਚ ਕਾਰਗਰ ਹੈ। ਇਸ ਦੀ ਚੇਚਕ ਦੇ ਇਲਾਜ ਵਿਚ ਕਾਫੀ ਵਰਤੋਂ ਕੀਤੀ ਜਾਂਦੀ ਹੈ। ਚੇਚਕ ਦਾ ਇਲਾਜ ਕਰਨ ਅਤੇ ਅੱਗੇ ਵਧਣ ਤੋਂ ਰੋਕਣ ਲਈ ਇਹ ਸਭ ਤੋਂ ਬਿਹਤਰੀਨ ਦਵਾਈ ਹੈ। ਨਿੰਮ ਐਚ.ਆਈ.ਵੀ. ਨਾਲ ਪੀੜਤ ਮਰੀਜ਼ਾਂ ਦੀ ਪ੍ਰਤੀਰੋਧਕ ਸਮਰੱਥਾ ਵਿਚ ਵਾਧਾ ਕਰਦੀ ਹੈ। ਨਾਲ ਹੀ ਐਚ.ਆਈ.ਵੀ. ਦੇ ਇਲਾਜ 'ਚ ਮਲਟੀ ਡਰੱਗ ਦਾ ਕੰਮ ਕਰਦੀ ਹੈ।



'ਨਿੰਮ ਦਾ ਘੜਾ ਦੇ ਘੋਟਣਾ' ਦੀ ਫਰਮਾਇਸ਼ ਕਿਸੇ ਸੁਘੜ ਸੁਆਣੀ ਨੇ ਸੱਸ ਨੂੰ ਕੁੱਟਣ ਲਈ ਨਹੀਂ ਕੀਤੀ ਸਗੋਂ ਇਸ ਦੇ ਗੁਣਾਂ ਨੂੰ ਤੱਕ ਕੇ ਕੀਤੀ ਹੋਣੀ ਹੈ। ਨਿੰਮ ਦਾ ਬਣਿਆ ਘੋਟਣਾ ਜਦੋਂ ਕੂੰਡੇ ਦੇ ਰੋੜਾਂ ਨਾਲ ਘਸਦਾ ਹੈ ਤਾਂ ਨਿੰਮ ਦੇ ਗੁਣ ਪੀਸੀ ਜਾ ਰਹੀ ਵਸਤੂ ਵਿਚ ਆ ਜਾਂਦੇ ਹਨ। ਜੋ ਸਾਡੇ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਸਹਾਈ ਹੁੰਦੇ ਹਨ।

ਨਿੰਮ ਦੇ ਪੱਤਿਆਂ ਨੂੰ ਉਬਾਲ ਕੇ ਜਦੋਂ ਇਸ ਪਾਣੀ ਦੀ ਸਪਰੇਅ ਕਿਸਾਨਾਂ ਨੇ ਫਸਲਾਂ 'ਤੇ ਕੀਤੀ ਤਾਂ ਇਹ ਸੁੰਡੀ ਤੇ ਕੀੜੇ ਮਾਰਨ ਵਿਚ ਸਹਾਈ ਸਿੱਧ ਹੋਈ। ਇਹ ਦੇਖ ਕੇ ਕੀੜੇਮਾਰ ਦਵਾਈਆਂ ਤਿਆਰ ਕਰਨ ਵਾਲੀਆਂ ਕੰਪਨੀਆਂ ਨੇ ਨਿੰਮ ਵਾਲੀਆਂ ਦਵਾਈਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਜੋ ਅੱਜ ਕੱਲ੍ਹ ਵੱਡੀ ਤਦਾਦ ਵਿਚ ਵਿਕ ਰਹੀਆਂ ਹਨ।

ਵਾਤਾਵਰਨ ਵਿਚ ਆ ਰਿਹਾ ਵਿਗਾੜ ਮਨੁੱਖਤਾ ਲਈ ਬਹੁਤ ਨੁਕਸਾਨਦਾਇਕ ਹੈ ਪਰ ਨਿੰਮ, ਡੇਕ ਦੇ ਰੁੱਖ ਸਭ ਤੋਂ ਵੱਧ ਆਕਸੀਜਨ ਪੈਦਾ ਕਰਦੇ ਹਨ, ਜੋ ਜ਼ਹਿਰੀਲੇ ਵਾਤਾਵਰਨ ਨੂੰ ਸਾਫ ਕਰਦਾ ਹੈ, ਜੋ ਸਰੀਰਕ ਤੰਦਰੁਸਤੀ ਲਈ ਬਹੁਤ ਗੁਣਕਾਰੀ ਹੈ।

ਨਿੰਮ ਦੀ ਲੱਕੜ ਤੋਂ ਬਣੇ ਸੰਦੂਕ ਨੂੰ ਕਿਸੇ ਤਰ੍ਹਾਂ ਦੇ ਕੀਟ ਲੱਗਣ ਦਾ ਡਰ ਨਹੀਂ ਰਹਿੰਦਾ। ਨਿੰਮ ਦਾ ਦਰੱਖਤ ਬਹੁਤ ਕਿਸਮ ਦੇ ਕੀੜਿਆਂ ਨੂੰ ਕੰਟਰੋਲ ਕਰਨ ਦੇ ਸਮਰੱਥ ਹੁੰਦਾ ਹੈ। ਇਸ ਲਈ ਤਾਂ ਨਿੰਮ ਦੇ ਸੰਦੂਕ ਦੀ ਮਹਿਮਾ ਕੀਤੀ ਜਾਂਦੀ ਹੈ:

ਨਿੰਮ ਦੇ ਸੰਦੂਕ ਵਾਲੀਏ
ਕਿਹੜੇ ਪਿੰਡ ਮੁਕਲਾਵੇ ਜਾਣਾ

ਸਾਡੇ ਪੁਰਖੇ ਨਿੰਮ ਦੇ ਗੁਣਾਂ ਤੋਂ ਵਾਕਿਫ ਹੋਣ ਕਰ ਕੇ ਇਸ ਨੂੰ ਖੇਤਾਂ, ਘਰਾਂ ਅਤੇ ਸਾਂਝੀਆਂ ਥਾਵਾਂ 'ਤੇ ਲਾਉਂਦੇ ਸਨ। ਘਰ ਦੀ ਨਿਸ਼ਾਨੀ ਵਜੋਂ ਵੀ ਮੁਟਿਆਰ ਨਿੰਮ ਦਾ ਜ਼ਿਕਰ ਕਰ ਕੇ ਦੱਸਦੀ ਸੀ:

ਮਾਪਿਆਂ ਦੇ ਘਰ ਨਿੰਮ ਨਿਸ਼ਾਨੀ,
ਸਹੁਰਿਆਂ ਦੇ ਘਰ ਡੇਕ।
ਰੁੱਖਾਂ ਬਾਂਝ ਨਾ ਰਹਿਣੀ ਜ਼ਿੰਦਗੀ,
ਦੂਰ ਦੀ ਸੋਚ ਕੇ ਵੇਖ।

ਠੰਢੀਆਂ ਹਵਾਵਾਂ ਅਤੇ ਛਾਵਾਂ ਬਖਸ਼ਦੇ ਰੁੱਖ ਸਾਡੇ ਜੀਵਨ ਦਾਤੇ ਹਨ। ਵਾਤਾਵਰਨ ਨੂੰ ਸ਼ੁੱਧ ਕਰਦੇ ਰੁੱਖ, ਮੀਂਹ ਅਤੇ ਮੌਸਮ ਦਾ ਸੰਤੁਲਨ ਬਣਾਈ ਰੱਖਦੇ ਹਨ। ਇਹ ਸਾਡੀ ਤਣਾਅ ਭਰੀ ਜ਼ਿੰਦਗੀ ਨੂੰ ਸਾਵਾਂ ਰੱਖਣ ਵਿਚ ਬੜਾ ਯੋਗਦਾਨ ਪਾਉਂਦੇ ਹਨ। ਜਦੋਂ ਹਰੀਆਂ ਕਚਨਾਰ ਟਾਹਣੀਆਂ ਆਪਣਾ ਨਵਾਂ ਨਕੋਰ ਹੁਸਨ ਲੈ ਕੇ ਹਾਜ਼ਰ ਹੁੰਦੀਆਂ ਹਨ ਤਾਂ ਸਾਡੀ ਰੂਹ ਉਨ੍ਹਾਂ ਨੂੰ ਤੱਕ ਕੇ ਨਸ਼ਿਆ ਜਾਂਦੀ ਹੈ। ਇਨ੍ਹਾਂ ਦਾ ਪੱਤਾ ਜਦੋਂ ਹਲਕੀ ਜਿਹੀ ਪੌਣ ਦਾ ਹੁੰਗਾਰਾ ਭਰਦਾ ਹੈ ਤਾਂ ਇਨ੍ਹਾਂ ਦੀ ਸਰਸਰਾਹਟ ਦਾ ਆਨੰਦਮਈ ਸੰਗੀਤ ਸੁਣਦਿਆਂ ਸਦਾ ਮਨ ਤਰੋਤਾਜ਼ਾ ਹੋ ਜਾਂਦਾ ਹੈ।

ਆਓ! ਆਪਾਂ ਆਪਣਾ ਦ੍ਰਿਸ਼ਟੀਕੋਣ ਬਦਲੀਏ। ਨਵੇਂ ਰੁੱਖ ਲਗਾਈਏ। ਨਿੰਮ ਵਰਗੇ ਗੁਣਕਾਰੀ ਰੁੱਖ ਜੋ ਅੱਜਕੱਲ੍ਹ ਖੁਦ ਹੀ ਬਿਮਾਰੀਆਂ ਦੀ ਜਕੜ ਵਿਚ ਹਨ। ਇਨ੍ਹਾਂ ਨੂੰ ਸਾਂਭਣ ਵਿਚ ਯੋਗਦਾਨ ਪਾਈਏ। ਸਾਫ ਹਵਾ ਰੱਖਣ ਤੇ ਪ੍ਰਦੂਸ਼ਣ ਘਟਾਉਣ ਵਿਚ ਆਪਣਾ ਹਿੱਸਾ ਪਾਈਏ।

ਕਹਾਣੀ

# ਵੇਲਾ-ਕੁਵੇਲਾ

***ਦੀਪ ਦਵਿੰਦਰ ਸਿੰਘ ਦੀ ਕਹਾਣੀ 'ਵੇਲਾ-ਕੁਵੇਲਾ' ਲੋਕ-ਮਨ ਦੀ ਵੇਦਨਾ ਹੈ। ਇਸ ਵਿਚ ਬੀਤੇ ਵਕਤਾਂ ਦੀਆਂ ਵਧੀਕੀਆਂ ਦੇ ਵੇਰਵੇ ਇਸ ਢੰਗ ਨਾਲ ਪਰੋਏ ਗਏ ਹਨ ਕਿ ਪਾਠਕ-ਮਨ ਕਹਾਣੀ ਦੇ ਅੰਤ 'ਤੇ ਮੁੱਖ ਪਾਤਰ ਦੀ ਔਲਾਦ ਵਾਂਗ ਖੁਦ ਨੂੰ ਇਕ ਖਾਸ ਬੋਝ ਤੋਂ ਮੁਕਤ ਹੋਇਆ ਮਹਿਸੂਸ ਕਰਦਾ ਹੈ। ਇਹੀ ਅਸਲ ਵਿਚ ਮਨੁੱਖ ਦੇ ਮਨੁੱਖ ਬਣੇ ਰਹਿਣ ਦੀ ਕਥਾ ਹੈ।***

ਬਾਪੂ ਨੂੰ ਕਈ ਵਰ੍ਹਿਆਂ ਬਾਅਦ ਏਨਾ ਸ਼ਾਂਤ ਤੇ ਅੱਖਾਂ ਮੀਟੀ ਪਏ ਵੇਖਿਆ ਹੈ, ਨਹੀਂ ਤਾਂ ਉਸ ਦੀਆਂ ਚਿੱਟੀਆਂ-ਚਿੱਟੀਆਂ ਅੱਖਾਂ ਵਿਚਲੇ ਸੁਰਖ਼ ਬਲੌਰਾਂ ਵਰਗੇ ਡੇਲੇ ਸੁੱਤੇ ਪਏ ਦੇ ਵੀ ਨੱਚਦੇ ਜਿਹੇ ਦਿਖਾਈ ਦੇਂਦੇ ਸਨ। ਭਾਵੇਂ ਉਹ ਮੰਜੇ 'ਤੇ ਲੱਤਾਂ ਲਮਕਾ ਕੇ ਬੈਠਾ ਹੁੰਦਾ ਜਾਂ ਫਿਰ ਕੰਧਾਂ ਨੂੰ ਟੋਹ-ਟੋਹ ਕੇ ਵਿਹੜੇ ਵਿਚ ਤੁਰਿਆ ਫਿਰਦਾ, ਉਹਦੀਆਂ ਅੱਖਾਂ ਇੱਕੋ ਮੁਦਰਾ ਵਿਚ ਹਰਕਤ ਕਰਦੀਆਂ ਰਹਿੰਦੀਆਂ। ਅੱਜ ਸਵੇਰੇ ਹੀ ਉਸਦੇ ਆਖਰੀ ਸਾਹ ਦੀ ਹਲਕੀ ਜਿਹੀ ਫੂਕ ਬਾਹਰ ਨਿਕਲੀ ਸੀ। ਉਸ ਦੀਆਂ ਮੁੱਛਾਂ ਦੇ ਵਿਰਲੇ-ਟਾਵੇਂ ਦੁੱਧ-ਚਿੱਟੇ ਵਾਲ ਥੋੜ੍ਹੇ ਕੁ ਉਪਰ ਨੂੰ ਉਠੇ ਤੇ ਉਹ ਸਹਿਜ ਹੋ ਗਿਆ। ਪਿਛਲੇ ਕਈ ਵਰ੍ਹਿਆਂ ਤੋਂ ਖੁੱਲ੍ਹੀਆਂ ਜੋਤਹੀਣ ਅੱਖਾਂ ਨੇ ਆਪਣਾ ਪੰਧ ਸਮੇਟ ਕੇ ਪਲਕਾਂ ਦੇ ਬੂਹੇ ਢੋ ਲਏ ਸਨ। ਪਿੰਡ ਦੀ ਲਹਿੰਦੀ ਗੁੱਠੇ ਛੱਪੜ-ਕੰਢੇ ਸ਼ਾਮਲਾਟੀ ਕੁਤਰ 'ਚ ਬਣੇ ਕੰਮੀਆਂ ਦੇ ਸ਼ਮਸ਼ਾਨਘਾਟ ਵਿਚ ਬਾਪੂ ਲੱਕੜਾਂ 'ਚ ਚਿਣਿਆ ਪਿਆ ਹੈ। ਸਿਰਫ਼ ਮੂੰਹ 'ਤੇ ਲੱਕੜਾਂ ਰੱਖਣੀਆਂ ਬਾਕੀ ਨੇ। ਕੈਰੋਂ ਵਾਲੀ ਭੂਆ ਦੀ ਉਡੀਕ ਹੋ ਰਹੀ ਹੈ। ਅੱਧਾ ਪਿੰਡ ਸ਼ਮਸ਼ਾਨਘਾਟ 'ਚ ਜੁੜਿਆ

ਦੀਪ ਦਵਿੰਦਰ ਸਿੰਘ
ਫੋਨ: 98721-65707

ਖੜ੍ਹਾ ਹੈ। ਕੁਝ ਬਾਪੂ ਦੀ ਪੀੜ੍ਹੀ ਦੇ ਹਨ, ਕੁਝ ਮੇਰੀ ਉਮਰ ਦੇ ਤੇ ਕੁਝ ਅਗਾਂਹ ਮੇਰੇ ਮੁੰਡੇ ਦੇ ਹਾਣੀ। ਚਿਖਾ ਦੇ ਆਸ-ਪਾਸ ਖੜ੍ਹੇ ਨਿੱਕੀਆਂ-ਨਿੱਕੀਆਂ ਗੱਲਾਂ ਕਰ ਰਹੇ ਹਨ। ਬਾਪੂ ਦੀ ਕਾਰੀਗਰੀ ਦੀਆਂ ਗੱਲਾਂ। ਉਹਦੇ ਜਵਾਨੀ ਵੇਲੇ ਦੇ ਕਿੱਸੇ।

ਜਿਨ੍ਹਾਂ ਦੀਆਂ ਆਵਾਜ਼ਾਂ ਮੇਰੀ ਕੰਨੀਂ ਪੈਂਦੀਆਂ ਹਨ। 'ਭਈ ਬੜਾ ਵਖ਼ਤ ਵੇਖਿਆ ਭਾਊ ਚੈਂਚਲ ਸਿਹੁੰ ਨੇ। ਦੀਦਿਆਂ ਤੋਂ ਬਿਨਾਂ ਪੰਡ ਬਣ ਕੇ ਬੈਠੇ ਰਹਿਣਾ ਬੜੀ ਸਜ਼ਾ ਐ ਬੰਦੇ ਲਈ।'

'ਸ਼ਾਬਾਸ਼ੇ ਮੰਗੇ ਤੇ ਇਹਦੇ ਟੱਬਰ ਦੇ, ਕਿਤੇ ਮਜਾਲ ਚੈਂਚਲ ਸਿਹੁੰ ਦੀ ਸਾਂਭ ਸੰਭਾਲ ਦੀ ਕੋਈ ਕਸਰ ਛੱਡੀ ਹੋਵੇ।'

ਸੋਚਦਾ ਹਾਂ ਕਿ ਮੇਰੇ ਤੋਂ ਵੱਧ ਬਾਪੂ ਬਾਰੇ ਕੌਣ ਜਾਣਦਾ ਹੈ। ਮੈਂ ਤਾਂ ਨਿੱਕੇ ਹੁੰਦਿਆਂ ਇਹਦੇ ਕੰਧਾੜੇ ਚੜ੍ਹ ਕੇ ਝੂਟੇ ਲਏ ਸਨ। ਇਸੇ ਕੋਲੋਂ ਉਚੇ-ਨੀਵੇਂ ਥਾਵਾਂ 'ਤੇ ਚੜ੍ਹ ਕੇ ਇੱਟਾਂ ਲਾਉਣੀਆਂ ਵੀ ਸਿੱਖੀਆਂ। ਪਿਛਲੇ ਵੀਹਾਂ ਵਰ੍ਹਿਆਂ ਤੋਂ ਹੱਥ ਫੜ ਕੇ ਬਾਹਰ ਅੰਦਰ ਵੀ ਲਿਜਾਂਦਾ ਰਿਹਾ ਤੇ ਡੋਲੂ ਵਿਚਲੇ ਪਾਣੀ ਨੂੰ ਇਹਦੀ ਪਿੱਠ ਪਿੱਛੇ ਪਾ ਕੇ ਇਹਦੇ ਜੰਗਲ ਪਾਣੀ ਵਾਲੇ ਹੱਥ ਵੀ ਧਵਾਉਂਦਾ ਰਿਹਾ।

'ਅੱਖਾਂ ਨਾਲ ਹੀ ਜਹਾਂ ਵਸਦੈ ਬੰਦੇ ਦਾ।' ਮੇਰੀ ਸੁਰਤੀ ਲੰਬੜਦਾਰ ਵੱਲ ਮੁੜਦੀ ਹੈ। ਬਾਪੂ ਦਾ ਟੋਹ-ਟੋਹ ਕੇ ਪੈਰ ਪੁੱਟਣ ਦਾ ਲੰਮਾ ਪੈਂਡਾ ਮੇਰੇ ਅੰਤਰ ਮਨ ਵਿਚੋਂ ਗੁਜ਼ਰਦਾ ਹੈ। ਉਸ ਨਾਲ ਕੰਮ 'ਤੇ ਪਏ ਨੂੰ ਤਿੰਨ-ਚਾਰ ਵਰ੍ਹੇ ਹੀ ਹੋਏ ਸਨ, ਜਦੋਂ ਉਸ ਦੀਆਂ ਅੱਖਾਂ ਦੀ ਜੋਤ ਹਮੇਸ਼ਾ ਲਈ ਜਾਂਦੀ ਰਹੀ। ਉਸ ਸਮੇਂ ਬਾਪੂ ਦੀ ਕਾਰੀਗਰੀ ਉਹਦੇ ਸਿਰ ਚੜ੍ਹ ਬੋਲਦੀ ਸੀ। ਉਹਦੇ ਖੱਬੇ ਹੱਥ ਨਾਲ ਚਲਦੀ ਕਾਂਡੀ ਦਾ ਲਾਗੇ-ਚਾਗੇ ਚਹੁੰ ਪਿੰਡਾਂ ਵਿਚ ਕੋਈ ਮੁਕਾਬਲਾ ਨਹੀਂ ਸੀ। ਮਗਰ ਲੱਗੇ ਦਿਹਾੜੀਦਾਰ ਭੱਜ-ਭੱਜ ਕੰਮ ਕਰਦੇ। ਜੁਗਤ ਨਾਲ ਇੱਟਾਂ ਜੁੜਦੀਆਂ। ਕੰਧਾਂ ਉਸਰਦੀਆਂ, ਛੱਤਾਂ ਪੈਂਦੀਆਂ, ਘਰ ਬਣਦੇ। ਬਾਪੂ ਦਾ ਆਪਣੇ ਹੱਥੀਂ ਬਣਾਏ ਘਰਾਂ ਨਾਲ ਖਾਸ ਮੋਹ ਹੁੰਦਾ ਸੀ।

ਉਨ੍ਹਾਂ ਦਿਨਾਂ 'ਚ ਹੀ ਤਾਂ ਰਸਤੇ 'ਚ ਆਉਂਦਿਆਂ-ਜਾਂਦਿਆਂ ਵਗਦੀਆਂ ਖੁਸ਼ਕ ਹਵਾਵਾਂ ਨਾਲ ਕਣਕ ਦੇ ਕਸੀਰ ਉਡ ਕੇ ਉਸ ਦੀਆਂ ਅੱਖਾਂ ਵਿਚ ਪੈ ਗਏ, ਜਿਸ ਦੀ ਰੜਕ ਕਈ ਦਿਨ ਪੈਂਦੀ ਰਹੀ। ਅੱਖਾਂ ਸੁੱਜ ਗਈਆਂ ਤੇ ਡੇਲੇ ਲਾਲ ਸੁਰਖ਼ ਹੋ ਗਏ ਸਨ। ਉਹ ਦਿਨ ਵਿਚ ਕਈ ਵਾਰੀ ਪਾਣੀ ਦੇ ਛਿੱਟੇ ਮਾਰਦਾ ਤੇ ਉਸੇ ਹਾਲ ਆਪਣੇ ਕੰਮ ਨੂੰ ਵੀ ਜੁਟਿਆ ਰਹਿੰਦਾ। ਪਾਣੀ ਦੇ ਛਿੱਟਿਆਂ ਨਾਲ ਉਹ ਨੂੰ ਦੋ ਕੁ ਘੜੀਆਂ ਚੈਨ ਆਉਂਦਾ ਪਰ ਬਾਅਦ ਵਿਚ ਉਹ ਰੜਕ ਨਾਲ ਉਸੇ ਤਰ੍ਹਾਂ ਤਰਲੋ-ਮੱਛੀ ਹੋਣ ਲੱਗਦਾ।

ਉਸ ਦਿਨ ਵੀ ਸਰਪੰਚਾਂ ਦੀ ਹਵੇਲੀ ਵਿਚ ਦੋ ਘੜੀਆਂ ਸਾਹ ਲੈਣ ਲਈ ਬੈਠੇ ਸਾਂ ਜਦੋਂ ਦੋ ਲੰਮੇ ਚੋਲਿਆਂ ਵਾਲੇ ਜੋਗੀ ਮੋਢੇ 'ਤੇ ਵਹਿੰਗੀ ਲਮਕਾਈ ਉਨ੍ਹਾਂ ਦੇ ਕੋਲ ਆਣ ਬੈਠੇ।

ਬਾਪੂ ਨੂੰ ਮੁੜ-ਮੁੜ ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰਦਿਆਂ ਵੇਖ ਜੋਗੀਆਂ ਨੇ ਉਨ੍ਹਾਂ ਵੱਲੋਂ ਤਿਆਰ ਕੀਤਾ ਕੋਈ ਸੁਰਮਾ ਪਾਉਣ ਦੀ ਸਲਾਹ ਦਿੱਤੀ। ਜੱਕੋ-ਤੱਕੀ 'ਚ ਬਾਪੂ ਉਨ੍ਹਾਂ ਅੱਗੇ ਪੈਰਾਂ ਭਾਰ ਜਾ ਬੈਠਾ। ਉਨ੍ਹਾਂ ਵਿਚੋਂ ਇੱਕ ਨੇ ਮੈਲੀ ਜਿਹੀ ਡੱਬੀ ਵਿਚੋਂ ਸੁਆਹ ਵਰਗਾ ਕੋਈ ਪਾਊਡਰ ਕੱਢਿਆ ਤੇ ਸੁਰਮਚੂ ਨਾਲ ਬਾਪੂ ਦੀਆਂ ਦੋਹਾਂ ਅੱਖਾਂ ਵਿਚ ਪਾ ਦਿੱਤਾ। ਸੁਰਮਾ ਉਹਦੀਆਂ ਅੱਖਾਂ ਵਿਚ ਠੰਢ ਪਾਉਣ ਦੀ ਥਾਂ ਮਿਰਚਾਂ ਵਾਂਗ ਲੜਿਆ ਲੱਗਦਾ ਸੀ। ਜੋਗੀ ਦੋ ਕੁ ਰੱਤੀਆਂ ਦੀ ਪੁੜੀ ਬਣਾ ਕੇ ਬਾਪੂ ਦੀ ਤਲੀ ਉਤੇ ਰੱਖ ਕੇ ਘੰਟੇ-ਘੰਟੇ ਬਾਅਦ ਪਾਉਣ ਦੀ ਸਲਾਹ ਦੇ ਕੇ ਚਲਦੇ ਬਣੇ। ਲਗਾਤਾਰ ਸੁਰਮਾ ਪਾਉਣ ਨਾਲ ਰੜਕ ਦਾ ਤਾਂ ਭਾਵੇਂ ਫਰਕ ਪੈ ਗਿਆ, ਪਰ ਅੱਖਾਂ ਅੱਗੇ ਹਲਕਾ ਜਿਹਾ ਧੁੰਦਲਕਾ ਪਸਰਦਾ ਅੰਤ ਅੱਖਾਂ ਵਿਚਲੀ ਲੋਅ ਨੂੰ ਸਦਾ ਲਈ ਲੈ ਬੈਠਾ।

ਜਿੱਥੇ ਕਿਸੇ ਦੱਸ ਪਈ ਉਥੇ ਹੀ ਵਿਖਾਇਆ, ਪਰ ਬਾਪੂ ਦੀਆਂ ਅੱਖਾਂ ਦੀ ਜੋਤ ਵਾਪਸ ਨਹੀਂ ਸੀ ਪਰਤੀ। ਕਿੰਨਾ ਬੇਚੈਨ ਰਹਿਣ ਲੱਗਾ ਸੀ ਬਾਪੂ ਉਨ੍ਹਾਂ ਦਿਨਾਂ ਵਿਚ। ਉਹ ਵੇਲੇ ਸਿਰ ਹੀ ਉਠ ਬੈਠਦਾ। ਸਿਰਹਾਣੇ ਪਈ ਪੱਗ ਨੂੰ ਸਲੀਕੇ ਨਾਲ ਵਲੇਟਣ ਦੀ ਕੋਸ਼ਿਸ਼ ਕਰਦਾ। ਫਿਰ ਹੌਲੀ ਹੌਲੀ ਕੰਧ ਨਾਲ ਟੰਗੇ ਸ਼ੀਸ਼ੇ ਮੂਹਰੇ ਜਾ ਖਲੋਂਦਾ।

ਧੁੰਦਲੇ ਜਿਹੇ ਸ਼ੀਸ਼ੇ ਵਿਚ ਅੱਖਾਂ ਮੀਚ-ਮੀਚ ਵਲੇਟੀ ਪੱਗ ਦੇ ਪੇਚਾਂ ਨੂੰ ਜਾਚਣ ਦੀ ਕੋਸ਼ਿਸ਼ ਕਰਦਾ ਤੇ ਫਿਰ ਨਿੰਮੋਝੂਣਾ ਜਿਹਾ ਹੋ ਪਰ੍ਹਾਂ ਜਾ ਬਹਿੰਦਾ। ਕਦੀ ਵੱਡੇ ਸੁਫ਼ੇ ਦੀ ਗੁੱਠੇ ਪਈ ਔਜ਼ਾਰਾਂ ਵਾਲੀ ਪੇਟੀ ਖੋਲ੍ਹ ਕੇ ਬੈਠ ਜਾਂਦਾ। ਇਕੱਲੇ ਇਕੱਲੇ ਔਜ਼ਾਰ ਨੂੰ ਹੱਥ ਫੇਰ-ਫੇਰ ਕੇ ਵੇਖਦਾ। ਉਨ੍ਹਾਂ ਨੂੰ ਝਾੜਦਾ-ਪੂੰਝਦਾ ਤੇ ਮੁੜ ਥਾਂ ਸਿਰ ਕਰਦਿਆਂ ਉਂਗਲਾਂ 'ਤੇ ਉਨ੍ਹਾਂ ਦੀ ਗਿਣਤੀ ਕਰਦਾ।

ਉਹ ਕਈ ਵਾਰ ਜ਼ਿਦ ਕਰ ਕੇ ਮੇਰੇ ਨਾਲ ਕੰਮ 'ਤੇ ਚਲੇ ਜਾਂਦਾ। ਟੋਹ-ਟੋਹ ਕੇ ਲੱਗ ਗਈ ਚਿਣਾਈ ਦੇ ਵਾਰ ਗਿਣਦਾ। ਹੱਥ ਫੇਰ ਫੇਰ ਕੇ ਚਿਣੀਆਂ ਇੱਟਾਂ ਦੀ ਸਫ਼ਾਈ ਜਾਚਦਾ। ਵਾਰ-ਵਾਰ ਹੱਥ ਛੋਹਲਾ ਮਾਰਨ ਦੀ ਤਕੀਦ ਕਰਦਾ ਰਹਿੰਦਾ।

ਅਸਮਾਨ ਵੱਲ ਝਾਕਦਿਆਂ ਲਹਿੰਦੇ ਵਲ ਸਰਕਦੇ ਜਾ ਰਹੇ ਸੂਰਜ ਵੱਲ ਮੇਰਾ ਧਿਆਨ ਜਾਂਦਾ ਹੈ। ਰਿਸ਼ਤੇਦਾਰਾਂ ਨੂੰ ਵਾਪਸ ਮੁੜਨ ਦੀ ਕਾਹਲੀ ਵੀ ਹੈ। ਖੜ੍ਹੇ ਲੋਕ ਵੱਡੀ ਸੜਕ ਤੋਂ ਪਿੰਡ ਨੂੰ ਮੁੜਦੇ ਪਹੇ ਵੱਲ ਮੁੜ ਮੁੜ ਝਾਕਦੇ ਹਨ। ਭੂਆ ਦੇ ਪੁੱਤ ਨੂੰ ਫ਼ੋਨ ਕਰਕੇ ਕਈ ਵਾਰੀ ਪੁੱਛ ਲਿਆ। ਪਿੰਡ ਦੇ ਉਪਰਲੇ ਪਾਸੇ ਪਹੁੰਚਣ ਦਾ ਪਤਾ ਚਲਿਆ ਹੈ ਉਨ੍ਹਾਂ ਦਾ।

'ਕੋਈ ਨਾ ਪਹੁੰਚ ਗਏ ਹੁਣ ਤਾਂ। ਉਡੀਕ ਹੀ ਲੈਣਾ ਚਾਹੀਦਾ ਭਾਈ।' ਕੋਈ ਬਜ਼ੁਰਗ ਬੋਲਿਆ। 'ਦੋ ਘੜੀਆਂ ਦੀ ਖੇਡ ਐ। ਜਾਂਦੀ ਵਾਰ ਦਾ ਮੂੰਹ ਵੇਖ ਲੈਣਗੇ। ਫਿਰ ਤਾਂ ਬੰਦਾ ਸੁਪਨਾ ਹੀ ਹੋ ਜਾਂਦੈ।'

ਪਰ ਬੰਦਾ ਕੁਝ ਕਰਕੇ ਮਰਿਆ ਹੋਵੇ ਥੋੜ੍ਹੇ ਕੀਤਿਆਂ ਕਿੱਥੇ ਭੁੱਲਦਾ ਲੋਕਾਂ ਨੂੰ? ਭਾ ਚੈਂਚਲ ਸਿਹੁੰ, ਵੱਡੇ ਰੌਲਿਆਂ 'ਚ ਪਿੰਡ ਦਾ ਬੰਨ੍ਹ ਬਣ ਕੇ ਖਲੋਤਾ ਸੀ। ਲਾਗਲੇ ਪਿੰਡਾਂ 'ਚ ਭਾਵੇਂ ਗੜ੍ਹ ਸੀ ਮੁਸਲਮਾਨਾਂ ਦਾ ਪਰ ਕੀ ਮਜਾਲ ਪਿੰਡ ਵੱਲ ਕਿਸੇ ਨੇ ਅੱਖ ਚੁੱਕ ਕੇ ਵੇਖਣ ਦੀ ਵੀ ਹਿੰਮਤ ਕੀਤੀ ਹੋਵੇ। ਕੱਟ-ਵੱਢ ਕਰਨ ਨੂੰ ਮੁੰਡਿਆਂ ਦੀ ਢਾਹਣੀ 'ਚ ਸਭ ਤੋਂ ਮੂਹਰੇ ਹੋ ਕੇ ਤੁਰਿਆ ਸੀ। ਜਿਸ ਪਾਸੇ ਨੂੰ ਵੀ ਆਪਣੀ ਟੋਲੀ ਲੈ ਕੇ ਮੂੰਹ ਕੀਤਾ, ਝਾੜਜਾਂ ਪੁਆ ਦਿੱਤੀਆਂ। ਭਜਨ ਸਿਹੁੰ ਲੁਹਾਰ ਉਸ ਵੇਲੇ ਨੂੰ ਯਾਦ ਕਰਦਾ ਦੱਸ ਰਿਹਾ ਸੀ। ਉਹ ਬਾਪੂ ਦਾ ਹਾਣੀ ਵੀ ਸੀ ਤੇ ਜੋਟੀਦਾਰ ਵੀ।

'ਭਾ ਜੀ, ਮਾਮਾ ਜ਼ਿਆਦਾ ਢਿੱਲਾ ਮੱਠਾ ਹੋ ਗਿਆ ਸੀ? ਤੁਸੀਂ ਕਿਤੇ ਫੋਨ-ਫਾਨ ਕਰ ਦਿੰਦੇ ਤਾਂ ਮਿਲ ਜਾਂਦੇ ਅਸੀਂ।' ਭੂਆ ਦੇ ਪੁੱਤ ਨੇ ਆਉਂਦਿਆਂ ਹੀ ਮੇਰੇ ਸੱਜੇ ਮੋਢੇ 'ਤੇ ਹੱਥ ਰੱਖਦਿਆਂ ਪੁੱਛਿਆ। ਮਾਮੂਲੀ ਹੂੰ-ਹਾਂ ਤੋਂ ਬਿਨਾਂ ਬਹੁਤਾ ਜਵਾਬ ਨਹੀਂ ਅਹੁੜਦਾ ਮੈਨੂੰ। ਪਰ ਦਿਹਾੜੀ ਪਹਿਲਾਂ ਦੇ ਹੋਏ ਹਾਲ ਦਾ ਚੇਤਾ ਆਉਂਦਿਆਂ ਹੀ ਰੂਹ ਕੰਬਦੀ ਹੈ। ਨਾ ਚਾਹੁੰਦਿਆਂ ਵੀ ਇਕ ਇਕ ਸੀਨ ਮੇਰੇ ਅੱਗਿਓਂ ਦੀ ਗੁਜ਼ਰਦਾ ਹੈ। ਉਸ ਦਿਨ ਹਾਲੇ ਗੁਰਦੁਆਰੇ ਬਾਬਾ ਨਹੀਂ ਸੀ ਬੋਲਿਆ ਜਦੋਂ ਬਾਪੂ ਦੀ ਉਚੀ ਵੱਜੀ ਚੀਖ ਨਾਲ ਘਰ ਦੇ ਜੀਅ ਅੱਭੜਵਾਹੇ ਉਠ ਖਲੋਤੇ ਸਨ। ਕੰਧ ਨਾਲ ਢੋਹ ਲਾ ਕੇ ਬੈਠੇ ਬਾਪੂ ਨੂੰ ਮੈਂ ਗਹੁ ਨਾਲ ਵੇਖਿਆ। ਉਸ ਦਾ ਮੱਥਾ ਤ੍ਰੇਲੋ-ਤ੍ਰੇਲੀ ਹੋਇਆ ਪਿਆ ਸੀ। ਅੱਖਾਂ ਵਿਚੋਂ ਪਾਣੀ ਆਪ ਮੁਹਾਰੇ ਵਗੀ ਜਾਂਦਾ ਸੀ। ਉਹ ਡੌਰ-ਭੌਰ ਜਿਹਾ ਹੋਇਆ ਆਸੇ ਪਾਸੇ ਡੇਲੇ ਫੇਰਦਾ ਇਉਂ ਲੱਗਦਾ ਸੀ, ਜਿਵੇਂ ਗੂੜ੍ਹੇ ਹਨੇਰੇ ਵਿਚ ਕਿਸੇ ਨੂੰ ਸਿਆਣ ਰਿਹਾ ਹੋਵੇ। ਮੈਂ ਉਸ ਨੂੰ ਸਹਿਜ ਨਾਲ ਲਿਟਾਉਣ ਦੀ ਕੋਸ਼ਿਸ਼ ਕੀਤੀ ਤਾਂ ਅੱਗਿਓਂ ਉਚੀ-ਉਚੀ ਡਾਡਾਂ ਮਾਰਨ ਲੱਗ ਪਿਆ, 'ਛੱਡੋ ਓਏ ਮੈਨੂੰ। ਕਾਹਤੋਂ ਮੇਰੇ ਹੱਥ ਪੈਰ ਬੰਨ੍ਹ ਰਹੇ ਜੇ। ਓਏ ਪਾਣੀ ਵਿਚ ਗੋਤੇ ਨਾ ਦਿਓ ਓਏ। ਮੇਰਾ ਸਾਹ ਨਹੀਂ ਜੇ ਨਿਕਲਦਾ।'

ਫਿਰ ਅਵਾਜ਼ਾਂ ਮਾਰ ਘਰ ਸਿਰ 'ਤੇ ਚੁੱਕ ਲਿਆ, 'ਮੰਗਿਆ, ਓ ਮੰਗਿਆ, ਹਈਸ਼ੋਂ ਡਾਂਗ ਫੜ ਸੰਮਾਂ ਵਾਲੀ। ਬੋਲਦ ਆਉਂਦਾ ਈ ਭੂਤਰਿਆ ਇਕ, ਇਹਦੇ ਸਿੰਗ ਵੇਖ ਕਿਵੇਂ ਤਿੱਖੇ ਐ, ਨੇਜ਼ਿਆਂ ਵਰਗੇ। ਲੱਗਦੈ ਮੇਰੇ ਢਿੱਡ 'ਚ ਖੋਭੂਗਾ ਇਹ ਤੇ ਕੱਢ ਦੇਏਗਾ ਆਂਦਰ-ਪੇਟਾ ਬਾਹਰ ਮੇਰਾ। ਪੁੱਤ ਮੰਗਿਆ। ਵੇਖ ਓਧਰ, ਕਿੱਦਾਂ ਵਿਹੜੇ 'ਚ ਖੌਰੂ ਪਾ ਰਿਹਾ ਸਾਨ੍ਹ ਚੌਂਕੇ ਦੇ ਓਟੇ ਨੂੰ ਕਿਵੇਂ ਢੁੱਡਾਂ ਮਾਰਦੇ ਹਟ-ਹਟ ਕੇ। ਅਗਾਂਹ ਹੋ, ਸਿੰਗ ਭੰਨ ਇਹਦੇ। ਨਹੀਂ ਤਾਂ ਢੱਠ ਜਾਊਗਾ ਚੁੱਲਾ-ਚੌਕਾ ਤੇ ਭਾਂਡੇ ਮੂਧੇ ਵੱਜ ਜਾਣੇ ਜੇ।'

ਉਸ ਵੇਲੇ ਡਰ ਅਤੇ ਖ਼ੌਫ਼ ਦਾ ਸੰਘਣਾ ਪਰਛਾਵਾਂ ਸਾਰਿਆਂ ਦੇ ਚਿਹਰੇ ਤੋਂ ਸਾਫ਼ ਪੜ੍ਹਿਆ ਜਾ ਸਕਦਾ ਸੀ। ਮੇਰੀ ਘਰਵਾਲੀ ਨੇ ਸਰੋਵਰ ਵਿਚੋਂ ਲਿਆਂਦੇ ਜਲ ਦਾ ਛਿੱਟਾ ਘਰ ਵਿਚ ਦਿੱਤਾ ਤੇ ਦੋ ਘੁੱਟ ਬਾਪੂ ਦੇ ਮੂੰਹ ਵਿਚ ਵੀ ਪਾਉਣ ਦੀ ਕੋਸ਼ਿਸ਼ ਕੀਤੀ। ਆਪਣੀ ਜ਼ਬਾਨੀ ਤੇ ਡਿੱਗੇ ਅੱਧੇ ਕੁ ਚਿਮਚੇ ਪਾਣੀ ਨੂੰ ਉਸਨੇ ਮੂੰਹ ਮੀਚ ਕੇ ਸੰਘੋਂ ਹੇਠਾਂ ਸੁੱਟਿਆ। ਫਿਰ ਤਰਲੋ-ਮੱਛੀ ਹੁੰਦੇ ਨੇ ਕੰਬਦੇ ਹੱਥਾਂ ਨਾਲ ਪਾਣੀ ਪਾਉਂਦੀ ਮੇਰੀ ਪਤਨੀ ਦੇ ਪੋਟਿਆਂ ਨੂੰ ਫੜਿਆ ਤੇ ਟੁੱਟਦੇ ਜਿਹੇ ਬੋਲਾਂ ਵਿਚ ਕਿਹਾ, 'ਪੁੱਤ ਗੁਰਮੀਤ ਕੁਰੇ, ਆਹ ਕਾਲੇ ਰੰਗ ਦੇ ਝੁੰਗਲਮਾਟੇ ਜਿਹੇ 'ਚ ਕੌਣ ਜ਼ਨਾਨੀਆਂ ਖੜ੍ਹੀਆਂ ਨੇ ਬਾਹਰ? ਇਨ੍ਹਾਂ ਦੇ ਮੂੰਹ ਸਿਰ ਕਿਉਂ ਨਹੀਂ ਦਿਸਦੇ? ਇਹ ਤਾਂ ਕੋਈ ਕਲਜੋਗਣਾਂ ਲੱਗਦੀਆਂ ਨੇ ਲਹੂ ਪੀਣੀਆਂ। ਵਸਦੇ ਘਰਾਂ 'ਚ ਤਾਂ ਇਨ੍ਹਾਂ ਦਾ ਪਰਛਾਵਾਂ ਵੀ ਮਾੜਾ। ਉਜਾੜਾ ਭਾਲਦੀਆਂ ਇਹ।'

'ਕੋਈ ਨਹੀਂ ਐ ਬਾਪੂ ਜੀ। ਐਵੇਂ ਡਰੀ ਜਾਂਦੇ ਓ।' ਗੁਰਮੀਤ ਨੇ ਦਿਲਾਸਾ ਦਿੱਤਾ।

ਗਲੀ-ਗੁਆਂਢ ਵਿਚੋਂ ਜਿਹਨੇ ਸੁਣਿਆ, ਪਤਾ ਲੈਣ ਆਇਆ। ਕਿਸੇ ਮੰਜੀ ਦੀ ਹੀਂਹ ਲਾਗੇ ਥੋੜ੍ਹਾ ਝੁਕਦਿਆਂ ਪੁੱਛਿਆ, 'ਕਿਵੇਂ ਭਈ ਚੈਂਚਲ ਸਿਹਾਂ, ਕੀ ਹਾਲ ਐ? ਸਿਆਣਦੈਂ ਮੈਨੂੰ?' ਤਾਂ ਬਾਪੂ ਬੋਲਦਾ, 'ਹੋਰ ਤੂੰ ਮੈਨੂੰ ਭੁੱਲਿਆਂ, ਖੋਰਿਆਂ ਦੀ ਪੱਤੀ ਵਾਲਾ ਫੱਜਾ ਤੇਲੀ। ਜਿਹਦੀ ਬਾਂਹ ਵੱਢੀ ਸੀ ਇੱਕੋ ਟਪ ਨਾਲ। ਪਰ੍ਹਾਂ ਹਟਵਾਂ ਹੋ ਕੇ ਖਲੋ ਉਏ। ਤੇਰੇ ਜ਼ਖ਼ਮਾਂ 'ਚੋਂ ਖ਼ੂਨ ਡਿੱਗਦੈ ਮੇਰੇ ਲੀੜਿਆਂ 'ਤੇ।'

ਕਿਸੇ ਨੂੰ ਮਿਹਰਦੀਨ ਤੇ ਕਿਸੇ ਨੂੰ ਫ਼ਜ਼ਲਦੀਨ। ਕੋਈ ਅਰਾਈਆਂ ਦੀ ਨੂੰਹ ਜੈਨਬ ਤੇ ਕੋਈ ਸਯਦਾਂ ਦੀ ਜਵਾਂ ਕੁੜੀ ਜਨਤੇ।

ਸਿਆਣੀ ਉਮਰ ਦੀ ਇਕ ਜ਼ਨਾਨੀ ਆਖਿਆ, 'ਗੁਰਮੀਤ ਕੁਰੇ, ਬਾਪੂ ਜੀ ਦੀ ਤਾਂ ਸੁਰਤੀ ਟੁੱਟ ਗਈ ਏਸ ਜਹਾਂ ਨਾਲੋਂ। ਇਹ ਤਾਂ ਹੁਣ ਅਗਲਿਆਂ ਨਾਲ ਗੱਲਾਂ ਕਰਦਾ ਈ। ਐਂ ਕਰ, ਬਾਪੂ ਜੀ ਦੇ ਹੱਥ ਲੁਆ ਕੇ ਦਾਣੇ ਛੱਜ 'ਚ ਪਾ ਤੇ ਸਿਰਹਾਣੇ ਰੱਖ ਇਨ੍ਹਾਂ ਦੇ। ਦਾਨ-ਪੁੰਨ ਕੀਤਿਆਂ ਇਨ੍ਹਾਂ ਦਾ ਅਗਲਾ ਰਾਹ ਸੁਖਾਲਾ ਹੋ ਜੂ।' ਦੂਜੀ ਨੇ ਦੋਵੇਂ ਹੱਥ ਜੋੜ ਕੇ ਅਸਮਾਨ ਵੱਲ ਮੂੰਹ ਕਰਦਿਆਂ ਕਿਹਾ, 'ਆਹ ਵੇਲੇ ਦਾ ਨਹੀਂ ਪਤਾ ਕਿਹੋ ਜਿਹਾ ਆਉਣੈ। ਇਸ ਬਿਖੜੇ ਰਾਹ 'ਤੇ ਤਾਂ ਆਪਣੀ ਜਾਨ 'ਤੇ ਹੀ ਝੱਲਣਾ ਪੈਣਾ ਸਭ ਕੁਝ।'

ਵਿਹੜੇ ਵਿਚ ਖਲੋਤੇ ਆਦਮੀ ਵੀ ਇਹੋ ਜਿਹੀਆਂ ਹੀ ਗੱਲਾਂ ਕਰਦੇ ਸੁਣਾਈ ਦਿੱਤੇ। ਇਕ ਆਖਿਆ, 'ਬਜ਼ੁਰਗ ਜ਼ਿਆਦਾ ਹੋਣ ਕਰਕੇ ਅਪਲ-ਟਪਲੀਆਂ ਮਾਰਦਾ ਤਾਇਆ।'



ਦੂਜਾ ਬੋਲਿਆ, 'ਪਿਛਲੇ ਦਿਨੀਂ ਚਾਚੇ ਨੂੰ ਪੀਲੀਆ ਹੋ ਗਿਆ ਸੀ। ਲੱਗਦਾ ਦਿਮਾਗ ਨੂੰ ਅਸਰ ਹੋ ਗਿਆ, ਤਾਹੀਓਂ ਆਏ-ਗਏ ਦੀ ਸੋਝੀ ਨਹੀਂ ਰਹੀ।' ਤੀਜੇ ਨੇ ਆਪਣੀ ਅਕਲ ਝਾੜੀ, 'ਪੀਲੀਆ ਸੁਆਹ ਚੜ੍ਹਿਆ, ਜਿਨ੍ਹਾਂ ਨੂੰ ਵੱਢਿਆ-ਟੁੱਕਿਆ ਤੇ ਅਣਿਆਈ ਮੌਤੇ ਮਾਰਿਆ, ਉਹੋ ਆਪਣਾ ਲੇਖਾ ਮੰਗ ਰਹੇ ਐ ਸਿਰਹਾਣੇ ਖਲੋ ਕੇ।'

'ਲਹਿਣਾ ਦੇਣਾ ਤਾਂ ਭਾਈ ਬੰਦੇ ਨੂੰ ਦੇਣਾ ਹੀ ਪੈਣਾ ਇਕ ਦਿਨ।' ਚੌਥੇ ਗੱਲ ਮੁਕਾਈ।

ਮੈਨੂੰ ਯਾਦ ਆਇਆ, ਜਦੋਂ ਬਾਪੂ ਲੈਅ ਵਿਚ ਆਇਆ ਉਨ੍ਹਾਂ ਦਿਨਾਂ ਦੀਆਂ ਗੱਲਾਂ ਦੱਸਦਾ ਹੁੰਦਾ ਤਾਂ ਉਹਦੀਆਂ ਗੱਲ੍ਹਾਂ ਦਾ ਰੰਗ ਭਖ-ਭਖ ਜਾਂਦਾ ਸੀ। ਉਹ ਕੀਤੀ ਮਾਰ-ਧਾੜ ਦੀ ਕਹਾਣੀ ਸ਼ੁਰੂ ਕਰਦਾ ਤੇ ਮੁਕਾ ਕੇ ਹਟਦਾ। 'ਬਈ ਜਦੋਂ ਸਾਨੂੰ ਇੱਧਰ ਪਤਾ ਲੱਗਿਆ ਕਿ ਉਧਰ ਸਾਡੀਆਂ ਤੀਵੀਆਂ ਨੰਗੀਆਂ ਕਰਕੇ ਸੜਕਾਂ 'ਤੇ ਜਲੂਸ ਕੱਢੇ ਐ। ਅਸੀਂ ਸੋਚਿਆ ਕਿ ਉਧਰਲਿਆਂ ਸਾਡੀਆਂ ਧੀਆਂ ਭੈਣਾਂ ਦਾ ਇਹ ਹਾਲ ਕੀਤਾ, ਇਹ ਸਾਡੇ ਕੀ ਲੱਗਦੇ ਐ? ਉਂਝ ਵੀ ਨੌ ਗਜੇ ਪੀਰ ਦੇ ਮੇਲੇ 'ਚ ਉਨ੍ਹਾਂ ਦੀਆਂ ਜ਼ਨਾਨੀਆਂ ਵੇਖੀਦੀਆਂ ਸੀ, ਤਾਂ ਧਰਮ ਨਾਲ ਮੂੰਹ 'ਚ ਪਾਣੀ ਆ ਜਾਂਦਾ ਸੀ। ਫਿਰਦੀਆਂ ਬਹਿਸ਼ਤ ਦੀਆਂ ਹੂਰਾਂ ਲੱਗਦੀਆਂ।

ਬਾਪੂ ਨੂੰ ਇਹ ਦੱਸਦਿਆਂ ਨਾ ਤਾਂ ਆਪਣੀ ਉਮਰ ਦਾ ਧਿਆਨ ਹੁੰਦਾ ਅਤੇ ਨਾ ਹੀ ਘਰ ਦੇ ਬਾਕੀ ਜੀਆਂ ਦੀ ਕੋਈ ਪਰਵਾਹ। ਉਹਦੇ ਚਿਹਰੇ 'ਤੇ ਬੇਪਛਾਣੀ ਜਿਹੀ ਰੌਣਕ ਫੈਲਦੀ। ਤੇਜ਼ੀ ਨਾਲ ਘੁੰਮਦੇ ਅੱਖਾਂ ਦੇ ਸੁਰਖ਼ ਡੇਲੇ ਥੋੜ੍ਹਾ ਸਥਿਰ ਹੋਣ ਲੱਗਦੇ। ਉਹ ਸੁਣਨ ਵਾਲੇ ਦਾ ਹੁੰਗਾਰਾ ਉਡੀਕੇ ਬਿਨਾ ਹੀ ਆਪਣੀ ਗੱਲ ਜਾਰੀ ਰੱਖਦਾ, 'ਲੌਂਢੇ ਕੁ ਵੇਲੇ ਘੇਰਾ ਘੱਤ ਕੇ ਉਸ ਪਿੰਡ 'ਚ ਵੜੇ ਸਾਂ। ਇਕੱਲੇ-ਇਕੱਲੇ ਨੂੰ ਧੂਹ ਕੇ ਘਰਾਂ 'ਚੋਂ ਲਿਆਂਦਾ ਅਸੀਂ। ਨਾ ਕੋਈ ਬੁੱਢਾ ਵੇਖਿਆ ਤੇ ਨਾ ਹੀ ਕੋਈ ਛੋਟੇ ਬੱਚੇ ਦਾ ਲਿਹਾਜ਼ ਕੀਤਾ। ਜਿਹੜਾ ਵੀ ਅੱਗੇ ਆਇਆ, ਪਾਰ। ਪੂਰੀ ਦਹਿਸ਼ਤ ਮੱਚ ਗਈ ਪਿੰਡ ਦੀਆਂ ਗਲੀਆਂ 'ਚ। ਲਹੂ -ਲੁਹਾਨ ਹੋ ਗਈ ਸੀ ਉਸ ਦਿਨ ਪਿੰਡ ਦੀ ਜੂਹ। ਚਿੱਟੇ ਦਿਨ ਉਲੂ ਬੋਲਣ ਲੱਗ ਪਏ ਸੀ। ਭਰੀ ਜਿਹੜੇ ਉਥੇ ਵੱਢੇ-ਟੁੱਕੇ, ਉਨ੍ਹਾਂ ਜਿਉਂਦੇ-ਮੋਇਆਂ ਨੂੰ ਗੱਡਿਆਂ ਉਤੇ ਸੁੱਟਿਆ। ਪਿੰਡ ਦੇ ਨਾਲ ਵਗਦੇ ਦਰਿਆ ਦੇ ਪੁਲ 'ਤੇ ਜਾ ਖਲਿਹਾਰਿਆ ਗੱਡਿਆਂ ਨੂੰ। ਜਦੋਂ ਅਸੀਂ ਖਲੋ ਕੇ ਪਿੱਛੇ ਝਾਤੀ ਮਾਰੀ ਤਾਂ ਵੀਹ-ਪੰਝੀ ਜ਼ਨਾਨੀਆਂ ਸਿਰ ਸੁੱਟੀ ਤੁਰੀਆਂ ਆਉਣ, ਚੁੱਪ ਚੁਪੀਤੀਆਂ। ਅਸੀਂ ਸੋਚਿਆ, ਪਹਿਲਾਂ ਗੱਡਿਆਂ ਤੇ ਲੱਦਿਆਂ ਨੂੰ ਕਿਸੇ ਬੰਨੇ ਲਾ ਲਈਏ। ਫਿਰ ਜਿਸ ਨੂੰ ਜਿਹੜੀ ਚਾਹੀਦੀ ਹੋਵੇਗੀ ਲੈ ਜਾਏਗਾ। ਬੱਸ ਫਿਰ ਕੀ ਸੀ, ਹੋ ਗਏ ਸ਼ੁਰੂ। ਦੋ-ਦੋ ਜਣੇ ਇੱਕ ਨੂੰ ਫੜਦੇ ਤੇ ਭੁਆਂ ਕੇ ਹੇਠ ਵਗਦੇ ਦਰਿਆ 'ਚ ਮਾਰਦੇ ਤੇ ਕਹਿੰਦੇ ਚਲੋ ਨਿਕਲੋ, ਆਪਣੇ ਦੇਸ਼ 'ਚ ਵੇਲੇ ਸਿਰ। ਆਪਣਿਆਂ 'ਚ ਰਲੋ ਜਾ ਕੇ। ਹਟਵੀਆਂ ਖਲੋਤੀਆਂ ਜ਼ਨਾਨੀਆਂ ਇਸ ਸਾਰੇ ਦ੍ਰਿਸ਼ ਨੂੰ ਵਿਹੰਦੀਆਂ ਰਹੀਆਂ, ਚੁੱਪ ਚਾਪ। ਉਪਰ ਲਏ ਲੀੜਿਆਂ 'ਚ ਵਲ੍ਹੇਟੇ ਮੂੰਹ ਸਿਰ ਨਾਲ ਕਿਸੇ ਇੱਕ ਜਣੀ ਦਾ ਵੀ ਹਉਕਾ ਨਹੀਂ ਸੁਣਿਆ ਅਸੀਂ। ਸੂਰਜ ਝਾੜੀਆਂ ਤੇ ਰੁੱਖਾਂ ਦੇ ਝੁੰਡ 'ਚ ਛਿਪਦਾ ਜਾ ਰਿਹਾ ਸੀ। ਗੱਡਿਆਂ ਅੱਗੇ ਜੁੜੇ ਬਲਦਾਂ ਦੇ ਖੁਰਾਂ ਨਾਲ ਕੱਚੇ ਪਹੇ ਤੋਂ ਧੂੜ ਮਿੱਟੀ ਉਡ-ਉਡ ਕੇ ਸਾਡੇ ਸਿਰਾਂ 'ਚ ਪੈ ਰਹੀ ਸੀ। ਗਲ ਪਾਏ ਲੀੜੇ ਥਾਂ-ਥਾਂ ਤੋਂ ਲਹੂ ਨਾਲ ਰੰਗੇ ਪਏ ਸਨ। ਇਕ ਵੱਡੇ ਮੋਰਚੇ ਦੀ ਫਤਿਹ ਨਾਲ ਸਾਡਾ ਚਾਅ ਸਾਂਭਿਆ ਨਹੀਂ ਸੀ ਜਾਂਦਾ।

'ਇੱਕ ਗੁੱਠੇ ਮੁਰਗੀਆਂ ਵਾਂਗ ਦੜ ਕੇ ਖਲੋਤੀਆਂ ਜ਼ਨਾਨੀਆਂ ਵੱਲ ਵੇਖਦਿਆਂ ਹੀ ਦਿਮਾਗ 'ਚੋਂ ਇਕ ਤਰੰਗ ਜਿਹੀ ਉਠੀ, ਜਿਹੜੀ ਹਿੱਕ ਨੂੰ ਚੀਰਦੀ ਖਲਬਲੀ ਜਿਹੀ ਮਚਾ ਕੇ ਪੈਰਾਂ ਵੱਲ ਦੌੜੀ। ਸਾਡੇ ਪੈਰ ਭੋਏਂ 'ਤੇ ਨਹੀਂ ਸਨ ਟਿਕ ਰਹੇ।' ਬਾਪੂ ਸ਼ਬਦ ਜਾਲ ਬੁਣ-ਬੁਣ ਕੇ ਐਸੀ ਕਸੀਦਾਕਾਰੀ ਕਰਦਾ ਕਿ ਸੁਣਨ ਵਾਲੇ ਦੀ ਉਤਸੁਕਤਾ ਵਧਦੀ ਜਾਂਦੀ। ਬਗੈਰ ਕੋਈ ਹਿਲਜੁਲ ਕੀਤਿਆਂ ਅਗਲਾ ਕੰਨ ਲਾ ਕੇ ਉਸਦੀ ਗੱਲ ਸੁਣਦਾ।

ਉਹ ਆਪਣੀ ਗੱਲ ਜਾਰੀ ਰੱਖਦਿਆਂ ਦੱਸਦਾ, 'ਗੱਡਿਆਂ ਤੋਂ ਵਿਹਲੇ ਹੋ ਕੇ ਸਾਡਾ ਸਾਰਿਆਂ ਦਾ ਧਿਆਨ ਲਹਿੰਦੇ ਵੱਲ ਖਲੋਤੀਆਂ ਜ਼ਨਾਨੀਆਂ ਵੱਲ ਸੀ। ਉਨ੍ਹਾਂ ਦੇ ਤੇ ਸਾਡੇ ਵਿਚਾਲੇ ਐਵੇਂ ਦਸ-ਬਾਰਾਂ ਕਦਮਾਂ ਦੀ ਵਿੱਥ ਸੀ। ਇਕ-ਦੂਜੀ ਨਾਲ ਜੁੜ ਕੇ ਖੜ੍ਹੀਆਂ ਵਿਚ ਥੋੜ੍ਹੀ ਹਿਲਜੁਲ ਹੋਈ। ਇਉਂ ਲੱਗਦਾ ਸੀ ਕਿ ਉਨ੍ਹਾਂ ਨੂੰ ਮਨਾਉਣ ਲਈ ਕੋਈ ਬਹੁਤੀ ਮਿਹਨਤ ਨਹੀਂ ਕਰਨੀ ਪਏਗੀ। ਸਾਡੇ ਮੂਹਰੇ ਆਪੇ ਹੀ ਆਪਣਾ-ਆਪ ਪੇਸ਼ ਕਰ ਦੇਣਗੀਆਂ। ਅੱਗੇ ਪਿੱਛੇ ਤਾਂ ਇਨ੍ਹਾਂ ਦਾ ਰਿਹਾ ਕੋਈ ਨਹੀਂ ਸੀ, ਜਾਣਾ ਕਿੱਥੇ ਸੀ ਇਨ੍ਹਾਂ? ਆਪਣਾ ਪਿੰਡ ਤਾਂ ਛੱਡੋ, ਦੂਰ ਦੂਰ ਰਿਸ਼ਤੇਦਾਰੀ ਵਿਚ ਵੀ ਕੋਈ ਜ਼ਨਾਨੀ ਵਿਹੂਣਾ ਨਹੀਂ ਰਹਿਣ ਦੇਣਾ।'

'ਫਿਰ?' ਸੁਣਨ ਵਾਲੇ ਬਾਪੂ ਕੋਲੋਂ ਅਗਲੀ ਗੱਲ ਜਲਦੀ ਸੁਣਨ ਲਈ ਹੋਰ ਉਤਾਵਲੇ ਹੋ ਜਾਂਦੇ।

ਬਾਪੂ ਸੁਣਨ ਵਾਲੇ ਦੇ ਕੰਨ ਰਸ ਦਾ ਪੂਰਾ ਧਿਆਨ ਰੱਖਦਿਆਂ ਆਪਣੀ ਲੜੀ ਟੁੱਟਣ ਨਾ ਦਿੰਦਾ। ਦੱਸਦਾ, 'ਭਈ ਮਿੱਤਰੋ, ਜ਼ਨਾਨੀਆਂ ਹਿੱਲੀਆਂ ਫਿਰ ਹੌਲੀ ਹੌਲੀ। ਪਤਾ ਨਹੀਂ ਕਿੰਨੀਆਂ ਕੁ ਡਰੀਆਂ ਤੇ ਸਹਿਮੀਆਂ ਹੋਣਗੀਆਂ ਉਹ ਕਿ ਉਨ੍ਹਾਂ ਦੇ ਪੈਰਾਂ ਦਾ ਖੜਾਕ ਵੀ ਨਹੀਂ ਸੀ ਸੁਣਾਈ ਦਿੱਤਾ ਕਿਧਰੇ। ਇਕ ਦੂਜੀ ਦੇ ਅੱਗੇ ਪਿੱਛੇ ਹੀ ਖਿਸਕਦੀਆਂ-ਖਿਸਕਦੀਆਂ ਉਹ ਪੁਲ ਦੀ ਪਾਰਲੀ ਬਾਹੀ ਨੂੰ ਸਰਕੀਆਂ, ਜਿੱਧਰ ਪਾਣੀ ਦੀ ਠੋਕਰ ਵੱਜਦੀ ਸੀ। ਸਾਡੇ 'ਚੋਂ ਹੀ ਕਿਸੇ ਨੇ ਦੋ ਕੁ ਪੈਰ ਉਨ੍ਹਾਂ ਵੱਲ ਪੁੱਟੇ ਤੇ ਹੌਲੀ ਜਿਹੀ ਬੋਲਿਆ, 'ਘਬਰਾਓ ਨਾ, ਕੁਝ ਨਹੀਂ ਕਹਿੰਦੇ ਤੁਹਾਨੂੰ। ਬਹੁਤਾ ਨਾ ਹੇਰਵਾ ਕਰੋ। ਸਰਦਾਰਨੀਆਂ ਬਣ ਕੇ ਘਰ-ਬਾਹਰ ਸੰਭਾਲਿਓ। ਭੁੱਲ ਜਾਓ ਉਨ੍ਹਾਂ ਨੂੰ। ਗਏ ਨਹੀਂ ਮੁੜਦੇ ਹੁੰਦੇ ਕਦੀ।'

ਉਨ੍ਹਾਂ ਦੀਆਂ ਪਿਛਾੜੀਆਂ ਸਾਡੇ ਵੱਲ ਸਨ। ਉਹ ਪੁਲ ਦੇ ਹੇਠੋਂ ਗੁਜ਼ਰਦੇ ਪਾਣੀ ਨੂੰ ਨੀਝ ਲਾ ਕੇ ਝਾਕ ਰਹੀਆਂ ਇਵੇਂ ਲੱਗਦੀਆਂ ਸਨ, ਜਿਵੇਂ ਡੂੰਘੇ ਵਹਿਣ 'ਚ ਰੁੜ੍ਹ ਗਿਆਂ ਦਾ ਕੋਈ ਖੁਰਾ-ਖੋਜ ਲੱਭ ਰਹੀਆਂ ਹੋਣ।

'ਸਾਰੇ ਸਾਹ ਰੋਕ ਕੇ ਉਨ੍ਹਾਂ ਦੀ ਨਿੱਕੀ ਨਿੱਕੀ ਹਰਕਤ ਨੂੰ ਵੇਖਦੇ ਸੋਚ ਰਹੇ ਸਾਂ ਕਿ ਹੁਣੇ ਇਹ ਆਪਣੇ ਚਿਹਰੇ ਸਾਡੇ ਵੱਲ ਭਵਾਉਣਗੀਆਂ। ਸਾਰੇ ਹਥਿਆਰ ਸੁੱਟ ਦੇਣਗੀਆਂ ਤੇ ਆਪਣੇ-ਆਪ ਨੂੰ ਸਾਡੇ ਹਵਾਲੇ ਕਰ ਦੇਣਗੀਆਂ।'

ਫਿਰ ਬਾਪੂ ਗੱਲ ਦੱਸਦਾ-ਦੱਸਦਾ ਥੋੜ੍ਹਾ ਕੁ ਰੁਕਦਾ। ਉਦਾਸੀ ਦੀ ਇਕ ਲਹਿਰ ਉਹਦੇ ਚਿਹਰੇ 'ਤੇ ਪਸਰਦੀ ਤੇ ਉਹ ਡਾਢੇ ਅਫਸੋਸ ਜਿਹੇ 'ਚ ਸਿਰ ਮਾਰਦਾ! 'ਉਨ੍ਹਾਂ ਧੀ ਜਾਵ੍ਹੀਆਂ ਕਿਤੇ ਉਂਗਲ ਲਾਉਣ ਦਾ ਵੀ ਮੌਕਾ ਨਾ ਦਿੱਤਾ ਸਾਨੂੰ। ਵਿਹੰਦਿਆਂ-ਵਿਹੰਦਿਆਂ ਹੀ ਗੜੰਮ-ਗੜੰਮ

*(ਬਾਕੀ ਸਫਾ 29 'ਤੇ)*

# ਔਰਤਾਂ ਦੀਆਂ ਸਥਿਤੀਆਂ ਨਾਲ ਸੰਬੰਧਤ 15 ਫਿਲਮਾਂ

**ਅੰਤਰਾਸ਼ਟਰੀ ਮਹਿਲਾ ਦਿਵਸ 'ਤੇ ਵਿਸ਼ੇਸ਼**

8 ਮਾਰਚ ਦਾ ਦਿਨ ਸੰਸਾਰ ਭਰ ਵਿਚ ਅੰਤਰਰਾਸ਼ਟਰੀ ਮਹਿਲਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਯਾਦ ਕਰਦਿਆਂ ਹਿੰਦੀ, ਪੰਜਾਬੀ, ਬੰਗਾਲੀ ਅਤੇ ਅੰਗਰੇਜ਼ੀ ਦੀਆਂ ਉਨ੍ਹਾਂ ਕੁਝ ਫਿਲਮਾਂ ਦੀ ਸੂਚੀ ਪੇਸ਼ ਹੈ ਜੋ ਔਰਤਾਂ ਨਾਲ ਸੰਬੰਧਤ ਕਿਸੇ ਨਾ ਕਿਸੇ ਮਸਲੇ ਦੀ ਗੱਲ ਕਰਦੀਆਂ ਹਨ।

ਪਿਛਲੇ ਡੇਢ-ਦੋ ਦਹਾਕਿਆਂ ਦੌਰਾਨ ਤਕਨਾਲੋਜੀ ਵਿਚ ਹੋਈਆਂ ਤਬਦੀਲੀਆਂ ਕਾਰਨ ਇਨ੍ਹਾਂ ਵਿਚੋਂ ਬਹੁਤੀਆਂ ਫਿਲਮਾਂ ਆਨਲਾਈਨ ਜਾਂ ਹੋਰ ਢੰਗਾਂ ਨਾਲ ਸੌਖਿਆਂ ਹੀ ਦੇਖੀਆਂ ਜਾ ਸਕਦੀਆਂ ਹਨ। ਤੁਸੀਂ ਇਨ੍ਹਾਂ ਫਿਲਮਾਂ ਨੂੰ ਇਕੱਲੇ ਜਾਂ ਇਨ੍ਹਾਂ ਫਿਲਮਾਂ ਨੂੰ ਦੂਜਿਆਂ ਦੇ ਨਾਲ ਇਕੱਠੇ ਦੇਖ ਕੇ ਆਪਣੇ ਸੰਗੀ-ਸਾਥੀਆਂ ਨਾਲ ਸਾਂਝ ਪੈਦਾ ਕਰਨ ਦੇ ਮੌਕੇ ਪੈਦੇ ਕਰ ਸਕਦੇ ਹੋ। ਸਭਿਆਚਾਰਕ ਕਾਰਕੁਨ ਬਦਲਵਾਂ ਸਭਿਆਚਾਰ ਉਸਾਰਨ ਦੇ ਆਪਣੇ ਕਾਰਜ ਵਿਚ ਇਨ੍ਹਾਂ ਫਿਲਮਾਂ ਨੂੰ ਮਹੱਤਵਪੂਰਨ ਸੰਦ ਵਜੋਂ ਵਰਤ ਸਕਦੇ ਹਨ।

ਸੁਖਵੰਤ ਹੁੰਦਲ

ਜ਼ਰੂਰੀ ਨਹੀਂ ਕਿ ਇਨ੍ਹਾਂ ਫਿਲਮਾਂ ਵਿਚ ਪੇਸ਼ ਕੀਤੇ ਗਏ ਸਾਰੇ ਵਿਚਾਰ ਤੁਹਾਨੂੰ ਠੀਕ ਲੱਗਣ। ਹੋ ਸਕਦਾ ਹੈ ਕਿ ਕੋਈ ਇਕ ਫਿਲਮ ਦੇਖ ਕੇ ਤੁਹਾਨੂੰ ਲੱਗੇ ਕਿ ਫਿਲਮ ਵਿਚ ਔਰਤਾਂ ਦੀ ਸਥਿਤੀ ਦਾ ਕੀਤਾ ਗਿਆ ਵਿਸ਼ਲੇਸ਼ਣ ਸਹੀ ਨਹੀਂ। ਇਸ ਕਾਰਨ ਫਿਲਮ ਨੂੰ ਮੁੱਢੋਂ-ਸੁੱਢੋਂ ਰੱਦ ਕਰਨ ਦੀ ਥਾਂ ਆਪਣੀ ਅਸਹਿਮਤੀ ਨੂੰ ਦਲੀਲ ਨਾਲ ਪੇਸ਼ ਕਰ ਕੇ ਅਜਿਹੇ ਮੌਕਿਆਂ ਨੂੰ ਹੋਰ ਸਿੱਖਣ/ਸਿਖਾਉਣ ਦੇ ਮੌਕਿਆਂ ਵਿਚ ਬਦਲਿਆ ਜਾ ਸਕਦਾ ਹੈ। ਲਿਸਟ ਹਾਜ਼ਰ ਹੈ।

**ਦੁਨੀਆ ਨਾ ਮਾਨੇ (ਹਿੰਦੀ, 1937)**

ਵੀ. ਸ਼ਾਂਤਾਰਾਮ ਦੇ ਨਿਰਦੇਸ਼ਨ ਵਿਚ ਪ੍ਰਭਾਤ ਸਟੂਡੀਓਜ਼ ਵਲੋਂ ਬਣਾਈ ਗਈ ਫਿਲਮ 'ਦੁਨੀਆ ਨਾ ਮਾਨੇ' ਨੌਜਵਾਨ ਔਰਤਾਂ ਦੇ ਬੁੱਢਿਆਂ ਨਾਲ ਜ਼ਬਰਦਸਤੀ ਕੀਤੇ ਜਾਂਦੇ ਵਿਆਹਾਂ ਦੇ ਮਸਲੇ ਨਾਲ ਸੰਬੰਧਤ ਹੈ। ਇਸ ਵਿਚ ਇਕ ਨੌਜਵਾਨ ਕੁੜੀ ਨਿਰਮਲਾ ਦਾ ਵਿਆਹ ਇਕ ਬੁੱਢੇ ਵਕੀਲ ਨਾਲ ਤੈਅ ਹੋ ਜਾਂਦਾ ਹੈ। ਨਿਰਮਲਾ ਨੂੰ ਇਸ ਗੱਲ ਦਾ ਗਿਆਨ ਨਹੀਂ ਹੁੰਦਾ। ਜਦੋਂ ਵਿਆਹ ਸਮੇਂ ਉਹ ਆਪਣੇ ਬੁੱਢੇ ਪਤੀ ਨੂੰ ਦੇਖਦੀ ਹੈ ਤਾਂ ਉਹ ਉਸ ਦੇ ਗਲ ਵਿਚ ਵਰਮਾਲਾ ਪਾਉਣ ਤੋਂ ਰੁਕ ਜਾਂਦੀ ਹੈ, ਪਰ ਉਸ ਦੇ ਹੱਥੋਂ ਬੁੱਢੇ ਦੇ ਗਲ ਵਿਚ ਵਰਮਾਲਾ ਮੱਲੋ-ਮੱਲੀ ਪਵਾ ਦਿੱਤੀ ਜਾਂਦੀ ਹੈ। ਨਿਰਮਲਾ ਇਸ ਵਿਆਹ ਨੂੰ ਸਵੀਕਾਰ ਨਹੀਂ ਕਰਦੀ। ਜਦੋਂ ਉਸ ਨੂੰ ਰਵਾਇਤ ਅਤੇ ਰੀਤੀ ਰਿਵਾਜ਼ਾਂ ਦਾ ਵਾਸਤਾ ਪਾ ਕੇ ਸ਼ਰਮ ਕਰਨ ਲਈ ਕਿਹਾ ਜਾਂਦਾ ਹੈ ਤਾਂ ਉਹ ਜੁਆਬ ਦਿੰਦੀ ਹੈ, 'ਆਪਣੀ ਉਮਰ ਕਾ ਖਿਆਲ ਨਾ ਕਰਤੇ ਹੂਏ ਜਿਨਕੀ ਮੈਂ ਬੇਟੀ ਨਜ਼ਰ ਆਤੀ ਹੂੰ, ਮੁਝ ਸੇ ਸ਼ਾਦੀ ਕਰਤੇ ਹੂਏ ਇਨਹੋਂ ਨੇ ਸ਼ਰਮ ਕੀ ਥੀ? ਬੜੇ ਬੂੜੋਂ ਨੇ ਅਪਨੀ ਸ਼ਰਮ ਛੋੜ ਦੀ ਔਰ ਮੁਝੇ ਸ਼ਰਮ ਕਰਨੇ ਕੇ ਲੀਏ ਕਹਿਤੇ ਹੋ।' ਫਿਰ ਉਸ ਨੂੰ ਇਹ ਯਾਦ ਕਰਾਇਆ ਜਾਂਦਾ ਹੈ ਕਿ 'ਯਾਦ ਰੱਖ ਅਬ ਤੂ ਆਜ਼ਾਦ ਨਹੀਂ ਕਿਸੀ ਕੀ ਔਰਤ ਹੈ।' ਇਸ ਦੇ ਜੁਆਬ ਵਿਚ ਉਹ ਕਹਿੰਦੀ ਹੈ, 'ਹਾਂ ਔਰਤ ਹੂੰ, ਔਰਤ ਹੂੰ, ਔਰ ਔਰਤ ਹੂੰ ਇਸ ਲਈ ਆਪ ਮੇਰਾ ਸਫਾਈ ਸੇ ਗਲਾ ਕਾਟ ਸਕੇ।' ਇਹ ਡਾਇਲਾਗ ਬਹੁਤ ਹੀ ਸਾਫ ਅਤੇ ਥੋੜ੍ਹੇ ਸ਼ਬਦਾਂ ਵਿਚ ਹਿੰਦੁਸਤਾਨੀ ਸਮਾਜ ਵਿਚ ਔਰਤ ਦੀ ਸਥਿਤੀ ਬਿਆਨ ਕਰ ਦਿੰਦਾ ਹੈ।

ਫਿਲਮ ਦੇ ਅਖੀਰ 'ਤੇ ਨਿਰਮਲਾ ਦੇ ਬੁੱਢੇ ਪਤੀ ਨੂੰ ਨਿਰਮਲਾ ਨਾਲ ਹੋਈ ਵਧੀਕੀ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਖੁਦਕੁਸ਼ੀ ਕਰ ਲੈਂਦਾ ਹੈ ਤਾਂ ਕਿ ਨਿਰਮਲਾ ਲਈ ਆਪਣੀ ਮਨਮਰਜ਼ੀ ਦਾ ਵਿਆਹ ਕਰਵਾਉਣ ਲਈ ਰਸਤਾ ਪੱਧਰਾ ਹੋ ਸਕੇ। ਪਰ ਇਸ ਨਾਲ ਵੀ ਨਿਰਮਲਾ ਦੀ ਸਮੱਸਿਆ ਖਤਮ ਨਹੀਂ ਹੁੰਦੀ। ਹੁਣ ਉਸ ਦੇ ਸਾਹਮਣੇ ਵਿਧਵਾ ਵਿਆਹ ਦੀ ਸਮੱਸਿਆ ਆ ਜਾਂਦੀ ਹੈ ਕਿਉਂਕਿ ਉਸ ਸਮੇਂ ਹਿੰਦੂ ਸਮਾਜ ਵਿਚ ਵਿਧਵਾ ਵਿਆਹ ਦੀ ਇਜਾਜ਼ਤ ਨਹੀਂ ਸੀ। ਇਸ ਤਰ੍ਹਾਂ ਫਿਲਮ ਵਿਚ ਸਮਾਜ ਵਿਚ ਔਰਤ ਦੀ ਤ੍ਰਾਸਦੀ ਦੇ ਵੱਖ ਵੱਖ ਪੱਖਾਂ ਨੂੰ ਉਭਾਰਨ ਦਾ ਯਤਨ ਕੀਤਾ ਗਿਆ ਹੈ।

ਫਿਲਮ ਇਤਿਹਾਸਕਾਰਾਂ ਅਨੁਸਾਰ ਇਸ ਫਿਲਮ ਦੀ ਸਪੱਸ਼ਟ ਅਤੇ ਸਿੱਧੀ ਪੇਸ਼ਕਾਰੀ ਨੇ ਦਰਸ਼ਕਾਂ ਉਤੇ ਕਾਫੀ ਅਸਰ ਪਾਇਆ ਸੀ ਅਤੇ ਫਿਲਮ ਬਾਅਦ ਦੇ ਸਾਲਾਂ ਦੌਰਾਨ ਵਾਰ ਵਾਰ ਦਿਖਾਈ ਜਾਂਦੀ ਰਹੀ ਸੀ।

ਮੁੱਖ ਕਲਾਕਾਰ: ਸ਼ਾਂਤਾ ਆਪਟੇ, ਕੇਸ਼ਵਰਾਓ ਦੱਤੇ, ਵਿਮਲਾ ਵਸ਼ਿਸ਼ਟ, ਸ਼ਕੁੰਤਲਾ ਪ੍ਰਾਂਜਪਾਈ ਆਦਿ।

**ਸਾਰਾ ਆਕਾਸ਼ (ਹਿੰਦੀ, 1969)**

ਰਾਜਿੰਦਰ ਯਾਦਵ ਦੇ ਨਾਵਲ 'ਤੇ ਆਧਾਰਤ ਇਹ ਫਿਲਮ ਇਕ ਨਵੇਂ ਵਿਆਹੇ ਜੋੜੇ ਦੀ ਅਣਬਣ 'ਤੇ ਕੇਂਦਰਿਤ ਹੈ। ਫਿਲਮ ਦਰਸਾਉਂਦੀ ਹੈ ਕਿ ਮਾਪਿਆਂ ਵਲੋਂ ਨੌਜਵਾਨਾਂ ਦੇ ਵਿਆਹਾਂ ਵਿਚ ਕੀਤੀ ਜ਼ਬਰਦਸਤੀ ਕਿਸ ਤਰ੍ਹਾਂ ਉਨ੍ਹਾਂ ਵਿਚਕਾਰ ਕਲੇਸ਼ ਦਾ ਕਾਰਨ ਬਣਦੀ ਹੈ ਅਤੇ ਇਸ ਕਲੇਸ਼ ਵਿਚ ਸਭ ਤੋਂ ਵੱਧ ਦੁੱਖ ਸਹਿਣ ਵਾਲੀ ਧਿਰ ਔਰਤ ਹੁੰਦੀ ਹੈ। ਫਿਲਮ ਦੀ ਖੂਬਸੂਰਤੀ ਇਹ ਹੈ ਕਿ ਇਸ ਵਿਚ ਕਿਸੇ ਇਕ ਵਿਅਕਤੀ ਨੂੰ ਕਸੂਰਵਾਰ ਠਹਿਰਾਉਣ ਦੀ ਥਾਂ ਪਿੱਤਰਸੱਤਾ ਵਾਲੇ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ।

ਬਾਸੂ ਚੈਟਰਜੀ ਵੱਲੋਂ ਨਿਰਦੇਸ਼ਿਤ ਇਸ ਫਿਲਮ ਦੇ ਕਲਾਕਾਰ ਸਨ: ਰਾਕੇਸ਼ ਪਾਂਡੇ, ਮਧੂ ਚੱਕਰਵਰਤੀ, ਨੰਦੀਤਾ ਠਾਕੁਰ, ਏ.ਕੇ. ਹੰਗਲ, ਦੀਨਾ ਪਾਠਕ, ਮਨੀ ਕੌਲ, ਤਾਰਲਾ ਮਹਿਤਾ, ਸ਼ੈਲੀ ਸ਼ੈਲੇਂਦਰ, ਜਲਾਲ ਆਗਾ ਅਤੇ ਆਰਤੀ ਬੋਲ।

**ਅੰਕੁਰ (ਹਿੰਦੀ , 1974)**

ਨਿਰਦੇਸ਼ਕ ਸ਼ਿਆਮ ਬੈਨੇਗਲ ਦੀ ਇਹ ਫਿਲਮ ਜਗੀਰਦਾਰੀ ਪ੍ਰਬੰਧ ਵਿਚ ਗਰੀਬਾਂ, ਨੀਵੀਂ ਜਾਤ ਵਾਲਿਆਂ ਅਤੇ ਔਰਤਾਂ ਦੇ ਸ਼ੋਸ਼ਣ ਦੀ ਕਹਾਣੀ ਪੇਸ਼ ਕਰਦੀ ਹੈ। ਪਿੰਡ ਦੇ ਗੈਰਹਾਜ਼ਰ ਜਗੀਰਦਾਰ ਦਾ ਸ਼ਹਿਰ 'ਚ ਪੜ੍ਹਿਆ ਲਿਖਿਆ ਮੁੰਡਾ ਸੂਰਯਾ ਪੜ੍ਹਾਈ ਖਤਮ ਕਰ ਕੇ ਆਪਣੀ ਜ਼ਮੀਨ ਦੀ ਦੇਖਭਾਲ ਕਰਨ ਲਈ ਪਿੰਡ ਆਉਂਦਾ ਹੈ। ਇੱਥੇ ਘੁਮਾਰ ਜਾਤ ਦੀ ਲਕਸ਼ਮੀ ਅਤੇ ਉਸ ਦਾ ਗੂੰਗਾ ਅਤੇ ਬੋਲਾ ਘਰਵਾਲਾ ਕਿਸ਼ਤੀਆ ਉਸ ਦੇ ਖੇਤਾਂ ਅਤੇ ਘਰ ਨੂੰ ਸੰਭਾਲਣ ਦਾ ਕੰਮ ਕਰਦੇ ਹਨ। ਸੂਰਯਾ ਜਿਸ ਢੰਗ ਨਾਲ ਲਕਸ਼ਮੀ ਅਤੇ ਕਿਸ਼ਤੀਆ ਨਾਲ ਵਰਤਾਅ ਕਰਦਾ ਹੈ, ਉਸ ਤੋਂ ਜਗੀਰਦਾਰੀ ਲੁੱਟ ਦੀਆਂ ਵੱਖ ਵੱਖ ਪਰਤਾਂ ਉਜਾਗਰ ਹੁੰਦੀਆਂ ਹਨ। ਫਿਲਮ ਵਿਚ ਇਸ ਲੁੱਟ ਵਿਰੁੱਧ ਕੋਈ ਸਿੱਧਾ ਸੰਘਰਸ਼ ਨਹੀਂ ਦਿਖਾਇਆ ਗਿਆ। ਸਿਰਫ ਫਿਲਮ ਦੇ ਅੰਤ 'ਤੇ ਇਕ ਬੱਚਾ ਜਗੀਰਦਾਰ ਦੇ ਘਰ ਦੀ ਸ਼ੀਸ਼ੇ ਦੀ ਬਾਰੀ 'ਤੇ ਇਕ ਪੱਥਰ ਮਾਰਦਾ ਹੈ ਅਤੇ ਸਕਰੀਨ ਲਾਲ ਹੋ ਜਾਂਦਾ ਹੈ। ਇਸ ਸੰਕੇਤਕ ਢੰਗ ਨਾਲ ਨਿਰਦੇਸ਼ਕ ਦਰਸ਼ਕਾਂ ਨੂੰ ਜਗੀਰਦਾਰੀ ਪ੍ਰਬੰਧ ਦੀ ਬੇਇਨਸਾਫੀ ਵਿਰੁੱਧ ਲੜਨ ਦਾ ਸੁਨੇਹਾ ਦਿੰਦਾ ਹੈ। ਪਰ ਕਈ ਆਲੋਚਕਾਂ ਦਾ ਮੱਤ ਹੈ ਕਿ ਫਿਲਮ ਵਿਚ ਦਿਖਾਇਆ ਗਿਆ ਇਹ ਵਿਰੋਧ ਬਹੁਤ ਹੀ ਨਿਗੂਣਾ ਅਤੇ ਕਮਜ਼ੋਰ ਹੈ।

ਕਲਾਕਾਰ: ਸ਼ਬਾਨਾ ਆਜ਼ਮੀ, ਅਨੰਤ ਨਾਗ, ਸਾਧੂ ਮੇਹਰ ਅਤੇ ਪ੍ਰਿਆ ਤੇਂਦੁਲਕਰ।

**ਏਕ ਦਿਨ ਪ੍ਰਤੀਦਿਨ (ਬੰਗਾਲੀ, 1979)**

ਮ੍ਰਿਣਾਲ ਸੇਨ ਵਲੋਂ ਨਿਰਦੇਸ਼ਿਤ ਫਿਲਮ 'ਏਕ ਦਿਨ ਪ੍ਰਤੀਦਿਨ' ਇਕ ਨੌਜਵਾਨ, ਅਣਵਿਆਹੀ ਅਤੇ ਘਰ ਤੋਂ ਬਾਹਰ ਕੰਮ ਕਰਨ ਵਾਲੀ ਕੁੜੀ ਦੀ ਕਹਾਣੀ ਹੈ ਜਿਸ ਦੀ ਕਮਾਈ ਛੇ ਜੀਆਂ ਦੇ ਨਿਮਨ ਮੱਧਵਰਗੀ ਪਰਿਵਾਰ ਦੇ ਗੁਜ਼ਾਰੇ ਦਾ ਮੁੱਖ ਸਾਧਨ ਹੈ। ਇਕ ਦਿਨ ਇਹ ਕੁੜੀ ਸ਼ਾਮ ਨੂੰ ਮਿੱਥੇ ਸਮੇਂ 'ਤੇ ਕੰਮ ਤੋਂ ਵਾਪਸ ਨਹੀਂ ਆਉਂਦੀ। ਨਤੀਜੇ ਵਜੋਂ ਪਰਿਵਾਰ ਜਿਸ ਤਰ੍ਹਾਂ ਦੀ ਚਿੰਤਾ ਅਤੇ ਸੋਚ-ਵਿਚਾਰ ਵਿਚੋਂ ਦੀ ਗੁਜ਼ਰਦਾ ਹੈ, ਉਹ ਇਸ ਫਿਲਮ ਦਾ ਵਿਸ਼ਾ ਹੈ। ਪਰਿਵਾਰ ਨੂੰ ਇਕ ਪਾਸੇ ਉਸ ਦੀ ਸੁਰੱਖਿਆ ਦਾ ਫਿਕਰ ਹੈ ਅਤੇ ਦੂਸਰੇ ਪਾਸੇ ਇਸ ਗੱਲ ਦਾ ਫਿਕਰ ਹੈ ਕਿ ਜੇ ਆਂਢ-ਗੁਆਂਢ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ ਉਨ੍ਹਾਂ ਦੀ ਨੌਜਵਾਨ ਕੁੜੀ ਕੰਮ ਤੋਂ ਵਾਪਸ ਘਰ ਨਹੀਂ ਆਈ ਤਾਂ ਉਹ ਕੀ ਕਹਿਣਗੇ। ਬੜੀ ਹੀ ਸਰਲ ਕਹਾਣੀ ਵਾਲੀ ਇਸ ਫਿਲਮ ਵਿਚ ਸੇਨ ਨੇ ਇਕ ਮਰਦ ਪ੍ਰਧਾਨ ਸਮਾਜ ਦੇ ਔਰਤਾਂ ਬਾਰੇ ਵਿਚਾਰਾਂ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਪੇਸ਼ ਕੀਤਾ ਹੈ। ਫਿਲਮ ਤੋਂ ਪਤਾ ਚੱਲਦਾ ਹੈ ਕਿ ਬੇਸ਼ੱਕ ਇਹ ਕੁੜੀ ਇਕ ਹੱਦ ਤਕ ਆਰਥਿਕ ਪੱਖੋਂ ਤਾਂ ਆਜ਼ਾਦ ਹੈ, ਪਰ ਸਮਾਜਕ ਪੱਖੋਂ ਆਜ਼ਾਦ ਨਹੀਂ।

ਇਹ ਫਿਲਮ ਲੋਕਾਂ ਵਲੋਂ ਕਾਫੀ ਸਲਾਹੀ ਗਈ। ਦੂਸਰੇ ਪਾਸੇ ਕੁਝ ਹੋਰ ਲੋਕਾਂ ਨੂੰ ਲੱਗਾ ਕਿ ਮ੍ਰਿਣਾਲ ਸੇਨ ਹੁਣ ਨਰਮ ਪੈ ਗਿਆ ਹੈ ਅਤੇ ਇਸ ਤਰ੍ਹਾਂ ਦੀਆਂ ਫਿਲਮਾਂ ਬਣਾ ਕੇ ਉਹ ਸਿਆਸਤ ਬਾਰੇ ਫਿਲਮਾਂ ਬਣਾਉਣ ਤੋਂ ਪਾਸਾ ਵੱਟ ਰਿਹਾ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਉਸ ਦੀ ਇਸ ਫਿਲਮ ਵਿਚ ਕੋਈ ਸੁਨੇਹਾ ਨਹੀਂ। ਇਸ ਤਰ੍ਹਾਂ ਦੀ ਆਲੋਚਨਾ ਦੇ ਜੁਆਬ ਸੇਨ ਨੇ ਕਿਹਾ, 'ਮੈਂ ਅਜਿਹੀਆਂ ਫਿਲਮਾਂ ਬਣਾਈਆਂ ਹਨ ਜਿਨ੍ਹਾਂ ਦਾ ਸਿਆਸੀ ਸਥਿਤੀ ਨਾਲ ਸੰਬੰਧ ਹੈ ਅਤੇ ਉਨ੍ਹਾਂ ਵਿਚ ਸਿਆਸੀ ਪਾਤਰ ਹਨ, ਪਰ ਮੈਂ ਅਜਿਹੀਆਂ ਫਿਲਮਾਂ ਵੀ ਬਣਾਈਆਂ ਹਨ ਜਿਨ੍ਹਾਂ ਦੀ ਸਿੱਧੇ ਤੌਰ 'ਤੇ ਕੋਈ ਸਿਆਸੀ ਪ੍ਰਸੰਗਤਾ ਨਹੀਂ ਹੈ। ਪਰ ਉਨ੍ਹਾਂ ਸਾਰੀਆਂ ਵਿਚ ਮੈਂ ਹਮੇਸ਼ਾਂ ਇਕ ਸਮਾਜਿਕ, ਸਿਆਸੀ ਅਤੇ ਆਰਥਿਕ ਨਜ਼ਰੀਆ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਮੈਂ ਕਿਸੇ ਮਰਦ ਅਤੇ ਔਰਤ ਦੇ ਰਿਸ਼ਤੇ ਬਾਰੇ ਫਿਲਮ ਬਣਾਉਂਦਾ ਹਾਂ ਤਾਂ ਮੈਂ ਉਸ ਰਿਸ਼ਤੇ ਨੂੰ ਵੱਡੇ ਸੰਦਰਭ ਵਿਚ ਸਮਝਣ ਦਾ ਯਤਨ ਕਰਦਾ ਹਾਂ। 'ਏਕ ਦਿਨ ਪ੍ਰਤੀਦਿਨ' ਵਿਚ ਭਾਵੇਂ ਕਿ ਕੈਮਰਾ ਘਰ ਤੋਂ ਬਾਹਰ ਬਹੁਤ ਘੱਟ ਜਾਂਦਾ ਹੈ, ਫਿਰ ਵੀ ਫਿਲਮ ਵਿਚ ਉਨ੍ਹਾਂ ਸਮਾਜਿਕ, ਸਿਆਸੀ ਅਤੇ ਸਦਾਚਾਰਕ ਬੰਦਸ਼ਾਂ ਬਾਰੇ ਗੱਲ ਕੀਤੀ ਗਈ ਹੈ ਜੋ ਸਾਡੇ ਸਮਾਜਿਕ ਵਰਤਾਅ ਅਤੇ ਸਾਡੀ ਰੋਜ਼ਾਨਾ ਜ਼ਿੰਦਗੀ 'ਤੇ ਅਸਰ ਕਰਦੀਆਂ ਹਨ।'

ਕਲਾਕਾਰ: ਸਤਿਆ ਬੈਨਰਜੀ, ਗੀਤਾ ਸੇਨ, ਸਰੀਲਾ ਮਜੂਮਦਾਰ, ਮਮਤਾ ਸ਼ੰਕਰ, ਤਪਨ ਦਾਸ ਅਤੇ ਮਮਤਾ ਭੱਟਾਚਾਰੀਆ

**ਅਰਥ (ਹਿੰਦੀ, 1982)**

ਨਿਰਦੇਸ਼ਕ ਮਹੇਸ਼ ਭੱਟ ਦੀ ਸ਼ਹਿਰੀ ਮੱਧਵਰਗ ਦੇ ਜੀਵਨ 'ਤੇ ਆਧਾਰਤ ਇਹ ਫਿਲਮ ਵਿਆਹ ਦੀ ਸੰਸਥਾ ਵਿਚ ਬੱਝੇ ਮਰਦ ਅਤੇ ਔਰਤ ਦੇ ਨਾਬਰਾਬਰ ਸੰਬੰਧਾਂ ਨੂੰ ਦੇਖਣ ਦਾ ਯਤਨ ਕਰਦੀ ਹੈ।

ਕਲਾਕਾਰ: ਸ਼ਬਾਨਾ ਆਜ਼ਮੀ, ਸਮਿਤਾ ਪਾਟਿਲ, ਕੁਲਭੂਸ਼ਨ ਖਰਬੰਦਾ, ਰਾਜ ਕਿਰਨ ਅਤੇ ਰੋਹਨੀ ਹਤੰਗੜੀ।

**ਕਮਲਾ (ਹਿੰਦੀ, 1985)**

ਨਿਰਦੇਸ਼ਕ ਜਗਮੋਹਨ ਮੂੰਧੜਾ ਵਲੋਂ ਨਿਰਦੇਸ਼ਤ ਫਿਲਮ 'ਕਮਲਾ' ਦੇ ਸ਼ੁਰੂ ਵਿਚ ਦਿੱਲੀ ਦੀ ਇਕ ਅੰਗਰੇਜ਼ੀ ਅਖਬਾਰ ਦਾ ਸਟਾਰ ਰਿਪੋਰਟਰ ਜੈ ਸਿੰਘ ਯਾਦਵ ਮੱਧ ਪ੍ਰਦੇਸ਼ ਦੇ ਪੇਂਡੂ ਇਲਾਕੇ ਵਿਚੋਂ ਇਕ ਗਰੀਬ ਔਰਤ ਕਮਲਾ ਨੂੰ ਖ੍ਰੀਦ ਕੇ ਦਿੱਲੀ ਲਿਆਉਂਦਾ ਹੈ। ਉਸ ਦੀ ਯੋਜਨਾ ਕਮਲਾ ਨੂੰ ਇਕ ਸਬੂਤ ਵਜੋਂ ਪ੍ਰੈਸ ਕਾਨਫਰੰਸ ਵਿਚ ਪੇਸ਼ ਕਰਨ ਦੀ ਹੈ ਤਾਂ ਕਿ ਉਹ ਭਾਰਤ ਵਿਚ ਔਰਤਾਂ ਦੇ ਵਪਾਰ ਦੇ ਇਸ 'ਘਿਣਾਉਣੇ' ਵਰਤਾਰੇ ਨੂੰ ਇਕ ਧਮਾਕੇ ਭਰਪੂਰ ਢੰਗ ਨਾਲ ਨੰਗਾ ਕਰ ਸਕੇ।

ਉਸ ਵਲੋਂ ਕੀਤਾ ਗਿਆ ਇਹ ਯਤਨ ਭਾਰਤ ਦੇ ਗਰੀਬ ਇਲਾਕਿਆਂ ਵਿਚੋਂ ਕੀਤੀ ਜਾਂਦੀ ਔਰਤਾਂ ਦੀ ਖ੍ਰੀਦੋ-ਫਰੋਖਤ ਨੂੰ ਨੰਗਾ ਕਰਨ ਦੇ ਨਾਲ ਨਾਲ ਭਾਰਤੀ ਸਮਾਜ ਵਿਚ ਪਿੱਤਰਸੱਤਾ ਦੇ ਦਾਬੇ ਹੇਠ ਰਹਿ ਰਹੀਆਂ ਭਾਰਤੀ ਔਰਤਾਂ ਦੇ ਸ਼ੋਸ਼ਣ ਨੂੰ ਨੰਗਾ ਕਰ ਦਿੰਦਾ ਹੈ। ਦਰਸ਼ਕ ਜਦੋਂ ਇਸ ਸਟਾਰ ਰਿਪੋਰਟਰ ਜੈ ਸਿੰਘ ਯਾਦਵ ਦੇ ਘਰ ਵਿਚ ਉਸ ਦੀ ਪਤਨੀ ਦੇ ਜੀਵਨ ਨੂੰ ਦੇਖਦਾ ਹੈ ਤਾਂ ਉਸ ਨੂੰ ਇਹ ਸਮਝਣ ਵਿਚ ਦੇਰ ਨਹੀਂ ਲਗਦੀ ਕਿ ਯਾਦਵ ਦੀ ਪਤਨੀ ਦੀ ਸਥਿਤੀ ਕਿਸੇ ਵੀ ਤਰ੍ਹਾਂ ਕਮਲਾ ਦੀ ਸਥਿਤੀ ਤੋਂ ਵੱਖਰੀ ਨਹੀਂ ਹੈ।

ਭਾਰਤੀ ਸਮਾਜ ਵਿਚ ਔਰਤਾਂ ਦੀ ਸਥਿਤੀ ਦੇ ਸੱਚ ਨੂੰ ਉਜਾਗਰ ਕਰਨ ਦੇ ਨਾਲ ਨਾਲ ਇਹ ਫਿਲਮ ਸਨਸਨੀਖੇਜ਼ ਅਤੇ ਧਮਾਕੇਦਾਰ ਖਬਰਾਂ 'ਤੇ ਕੇਂਦਰਿਤ ਪੱਤਰਕਾਰੀ ਦੀ ਕਾਰਜ ਪ੍ਰਣਾਲੀ ਅਤੇ ਭੂਮਿਕਾ ਉਤੇ ਵੀ ਕਈ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਫਿਲਮ ਦੇਖਦਿਆਂ ਦਰਸ਼ਕ ਦੇ ਮਨ ਵਿਚ ਇਹ ਸਵਾਲ ਵਾਰ-ਵਾਰ ਉਠਦਾ ਹੈ ਕਿ ਆਪਣੇ ਪਾਠਕਾਂ ਦੀ ਗਿਣਤੀ ਵਧਾਉਣ ਲਈ ਅਨੂਠੇ ਸਮਾਚਾਰਾਂ (ਸਕੂਪਾਂ) ਅਤੇ ਸਕੈਂਡਲਾਂ ਦਾ ਸਹਾਰਾ ਲੈਣ ਵਾਲੀ ਪੱਤਰਕਾਰੀ, ਕੀ ਪਾਠਕਾਂ ਨੂੰ ਆਪਣੀਆਂ ਸਥਿਤੀਆਂ ਦੀ ਅਸਲੀਅਤ ਸਮਝਣ ਲਈ ਜਾਗਰੂਕ ਕਰ ਸਕਦੀ ਹੈ?

ਅੰਤ ਵਿਚ ਜਿੱਥੇ ਕਮਲਾ ਸਮਾਜ ਵਿਚ ਔਰਤ ਦੀ ਸਥਿਤੀ ਅਤੇ ਪੱਤਰਕਾਰੀ ਦੀ ਭੂਮਿਕਾ ਨੂੰ ਸਮਝਣ ਵਿਚ ਇਕ ਮਹੱਤਵਪੂਰਨ ਰੋਲ ਨਿਭਾਉਂਦੀ ਹੈ, ਉੱਥੇ ਦਰਸ਼ਕਾਂ ਨੂੰ ਇਹ ਸੁਨੇਹਾ ਵੀ ਦਿੰਦੀ ਹੈ ਕਿ ਸਮਾਜ ਵਿਚ ਵੱਖ ਵੱਖ ਪੱਧਰਾਂ 'ਤੇ ਹੋ ਰਹੇ ਸ਼ੋਸ਼ਣ ਇਕ ਦੂਸਰੇ ਨਾਲ ਸੰਬੰਧਤ ਹੁੰਦੇ ਹਨ। ਕਿਸੇ ਵੀ ਇਕ ਪੱਧਰ 'ਤੇ ਹੋ ਰਹੇ ਸ਼ੋਸ਼ਣ ਨੂੰ ਖਤਮ ਕਰਨ ਲਈ ਜ਼ਰੂਰੀ ਹੈ, ਅਸੀਂ ਸਾਰੇ ਸ਼ੋਸ਼ਣਾਂ ਦੇ ਤਾਣੇ-ਬਾਣੇ ਨੂੰ ਸਮਝੀਏ ਅਤੇ ਉਨ੍ਹਾਂ ਵਿਰੁੱਧ ਸਾਂਝੀ ਲੜਾਈ ਲੜੀਏ।

ਮੁੱਖ ਕਲਾਕਾਰ: ਮਾਰਕ ਜ਼ੁਬੇਰ, ਦੀਪਤੀ ਨਵਲ ਅਤੇ ਸ਼ਬਾਨਾ ਆਜ਼ਮੀ।

**ਮਿਰਚ ਮਸਾਲਾ (ਹਿੰਦੀ, 1987)**

ਕੇਤਨ ਮਹਿਤਾ ਦੀ ਨਿਰਦੇਸ਼ਨਾ ਵਿਚ ਬਣੀ ਫਿਲਮ 'ਮਿਰਚ ਮਸਾਲਾ' ਦਾ ਔਰਤਾਂ ਦੀਆਂ ਸਮੱਸਿਆਵਾਂ ਬਾਰੇ ਬਣੀਆਂ ਫਿਲਮਾਂ ਵਿਚ ਮਹੱਤਵਪੂਰਨ ਸਥਾਨ ਹੈ। ਫਿਲਮ ਦੀ ਕਹਾਣੀ ਸਮਾਜ ਵਿਚ ਔਰਤ ਦੇ ਦਮਨ ਅਤੇ ਇਸ ਦਮਨ ਵਿਰੁੱਧ ਔਰਤਾਂ ਵੱਲੋਂ ਇਕੱਠੀਆਂ ਹੋ ਕੇ ਲੜਨ ਦੀ ਸ਼ਕਤੀਸ਼ਾਲੀ ਕਹਾਣੀ ਹੈ। ਸਮਾਜ ਵਿਚ ਪਿੱਤਰਸੱਤਾ, ਜਮਾਤ ਅਤੇ ਜਾਤ ਕਿਸ ਤਰ੍ਹਾਂ ਮਿਲ ਕੇ ਔਰਤਾਂ ਦੇ ਦਮਨ ਦਾ ਕਾਰਨ ਬਣਦੀਆਂ ਹਨ, ਇਸ ਗੱਲ ਨੂੰ ਫਿਲਮ ਵਿਚ ਬਹੁਤ ਬਾਰੀਕੀ ਅਤੇ ਸਪੱਸ਼ਟਤਾ ਨਾਲ ਦਿਖਾਇਆ ਗਿਆ ਹੈ। ਫਿਲਮ ਦੇ ਅੰਤ 'ਤੇ ਆਪਣੇ ਤਰ੍ਹਾਂ-ਤਰ੍ਹਾਂ ਦੇ ਡਰਾਂ 'ਤੇ ਕਾਬੂ ਪਾ, ਮਰਦਾਂ ਦੀ ਕਿਸੇ ਤਰ੍ਹਾਂ ਦੀ ਵੀ ਮਦਦ ਤੋਂ ਬਿਨਾਂ, ਔਰਤਾਂ ਇਕੱਠੀਆਂ ਹੋ ਕੇ ਜਿਸ ਤਰ੍ਹਾਂ ਜ਼ਾਲਮ ਨੂੰ ਠੋਕਵਾਂ ਜਵਾਬ ਦਿੰਦੀਆਂ ਹਨ, ਉਹ ਹਰ ਤਰ੍ਹਾਂ ਦੇ ਜ਼ੁਲਮ ਵਿਰੁੱਧ ਲੜਨ ਵਾਲਿਆਂ ਲਈ ਪ੍ਰੇਰਨਾ ਸ੍ਰੋਤ ਬਣ ਜਾਂਦਾ ਹੈ। ਦਰਸ਼ਕ ਨੂੰ ਸੁਨੇਹਾ ਮਿਲਦਾ ਹੈ ਕਿ ਇਕੱਠੇ ਹੋ ਕੇ ਅਤੇ ਆਪਣੇ ਆਪ 'ਤੇ ਵਿਸ਼ਵਾਸ ਰੱਖ ਕੇ ਲੜੀ ਗਈ ਲੜਾਈ ਵਿਚ ਜਿੱਤ ਲੜਨ ਵਾਲਿਆਂ ਦੀ ਹੀ ਹੁੰਦੀ ਹੈ, ਬੇਸ਼ੱਕ ਉਨ੍ਹਾਂ ਸਾਹਮਣੇ ਕਿੰਨੀਆਂ ਵੀ ਵੱਡੀਆਂ ਚੁਣੌਤੀਆਂ ਹੋਣ। ਆਜ਼ਾਦੀ ਤੋਂ ਪਹਿਲਾਂ ਦੇ ਹਿੰਦੁਸਤਾਨ ਦੀਆਂ ਸਥਿਤੀਆਂ ਬਾਰੇ ਬਣਾਈ ਗਈ ਇਹ ਫਿਲਮ ਹਿੰਦੁਸਤਾਨ ਦੀਆਂ ਅਜੋਕੀਆਂ ਸਥਿਤੀਆਂ ਵਿਚ ਵੀ ਉਨੀ ਹੀ ਪ੍ਰਸੰਗਕ ਹੈ ਜਿੰਨੀ ਪਹਿਲਾਂ ਸੀ।

ਮੁੱਖ ਕਲਾਕਾਰ: ਨਸੀਰੂਦੀਨ ਸ਼ਾਹ, ਸਮਿਤਾ ਪਾਟਿਲ, ਓਮ ਪੁਰੀ, ਸੁਰੇਸ਼ ਓਬਰਾਇ, ਦੀਪਤੀ ਨਵਲ, ਦੀਨਾ ਪਾਠਕ, ਮੋਹਨ ਗੋਖਲੇ ਅਤੇ ਪਰੇਸ਼ ਰਾਵਲ।

**ਰਿਹਾਈ (ਹਿੰਦੀ, 1988)**

ਰੋਜ਼ੀ ਰੋਟੀ ਦੀ ਭਾਲ ਵਿਚ ਆਪਣੇ ਪਰਿਵਾਰ ਤੋਂ ਲੰਮਾ ਸਮਾਂ ਦੂਰ ਰਹਿ ਰਹੇ ਇਕ ਮਰਦ ਵਲੋਂ ਕਿਸੇ ਹੋਰ ਔਰਤ ਨਾਲ ਸੰਬੰਧ ਬਣਾਉਣ ਨੂੰ ਸਮਾਜ ਵਿਚ ਜੇ ਠੀਕ ਨਹੀਂ ਸਮਝਿਆ ਜਾਂਦਾ ਤਾਂ ਸੁਭਾਵਕ ਜ਼ਰੂਰ ਸਮਝਿਆ ਜਾਂਦਾ ਹੈ। ਜੇ ਉਸ ਦੀ ਔਰਤ ਨੂੰ ਇਸ ਬਾਰੇ ਪਤਾ ਲੱਗ ਜਾਵੇ ਤਾਂ ਉਸ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਇਸ ਨੂੰ ਅਣਗੌਲਿਆ ਕਰ ਦੇਵੇ। ਸਮਝਿਆ ਜਾਂਦਾ ਹੈ ਕਿ ਮਰਦ ਤੋਂ ਇਹ ਸਭ ਕੁਝ ਉਸ ਦੀ ਇਕੱਲਤਾ ਭਰੀਆਂ ਹਾਲਤਾਂ ਨੇ ਕਰਵਾਇਆ ਹੈ, ਇਸ ਵਿਚ ਉਸ ਦਾ ਕੋਈ ਵੱਡਾ ਦੋਸ਼ ਨਹੀਂ। ਦੂਸਰੇ ਪਾਸੇ ਜੇ ਮਰਦ ਦੀ ਲੰਮੀ ਗੈਰਹਾਜ਼ਰੀ ਦੌਰਾਨ ਉਸ ਦੀ ਔਰਤ ਦਾ ਸੰਬੰਧ ਕਿਸੇ ਹੋਰ ਨਾਲ ਬਣ ਜਾਵੇ ਤਾਂ ਇਸ ਨੂੰ ਨਾ-ਬਖਸ਼ਣਯੋਗ ਅਪਰਾਧ ਸਮਝਿਆ ਜਾਂਦਾ ਹੈ। ਔਰਤ ਨੂੰ ਬਦਚਲਨ ਸਮਝਿਆ ਜਾਂਦਾ ਹੈ ਅਤੇ ਮਰਦ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਸ ਨੂੰ ਛੱਡ ਦੇਵੇ।

ਅਰੁਣਾ ਰਾਜੇ ਵਲੋਂ ਨਿਰਦੇਸ਼ਤ ਇਸ ਫਿਲਮ ਵਿਚ ਇਸ ਮਸਲੇ ਬਾਰੇ ਸਮਾਜ ਦੇ ਦੋਹਰੇ ਕਿਰਦਾਰ ਦੇ ਦੰਭ ਨੂੰ ਬਹੁਤ ਹੀ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਫਿਲਮ ਦੇ ਅਖੀਰ ਵਿਚ ਜਦੋਂ ਪਿੰਡ ਦੀ ਪੰਚਾਇਤ ਵਿਚ ਔਰਤਾਂ ਇਕੱਠੀਆਂ ਹੋ ਕੇ ਇਸ ਮਸਲੇ ਬਾਰੇ ਸਾਂਝਾ ਸਟੈਂਡ ਲੈਂਦੀਆਂ ਹਨ ਤਾਂ ਮਰਦਾਂ ਕੋਲ ਪੰਚਾਇਤ ਵਿਚੇ ਛੱਡ ਕੇ ਨੱਠ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿੰਦਾ। ਇਸ ਤਰ੍ਹਾਂ ਇਹ ਫਿਲਮ ਸਮਾਜ ਵਿਚਲੀ ਮਰਦਪ੍ਰਧਾਨਤਾ 'ਤੇ ਕਰਾਰੀ ਸੱਟ ਮਾਰਦੀ ਹੈ।

ਮੁੱਖ ਕਲਾਕਾਰ: ਹੇਮਾ ਮਾਲਿਨੀ, ਵਿਨੋਦ ਖੰਨਾ, ਨਸੀਰੁਦੀਨ ਸ਼ਾਹ, ਰੀਮਾ ਲਗੂ, ਨੀਨਾ ਗੁਪਤਾ, ਪੱਲਵੀ ਜੋਸ਼ੀ, ਮੋਹਨ ਆਗਾਸ਼ੇ, ਅਛੂਤ ਪੋਤਦਾਰ।

**ਬੈਂਡਿਟ ਕੁਈਨ (ਹਿੰਦੀ, 1995)**

ਸ਼ੇਖਰ ਕਪੂਰ ਵਲੋਂ ਨਿਰਦੇਸ਼ਿਤ ਫਿਲਮ 'ਬੈਂਡਿਟ ਕੁਈਨ' ਮਸ਼ਹੂਰ ਡਕੈਤ ਫੂਲਨ ਦੇਵੀ ਦੀ ਜ਼ਿੰਦਗੀ 'ਤੇ ਆਧਾਰਤ ਹੈ। ਫਿਲਮ ਦਿਖਾਉਂਦੀ ਹੈ ਕਿ ਅਖੌਤੀ ਨੀਵੀਂ ਜਾਤ ਨਾਲ ਸੰਬੰਧਤ ਫੂਲਨ ਦੇਵੀ ਨੂੰ ਬਚਪਨ ਤੋਂ ਹੀ ਕਿਸ ਤਰ੍ਹਾਂ ਜਾਤ-ਪਾਤ ਅਤੇ ਮਰਦ-ਪ੍ਰਧਾਨਤਾ ਦੇ ਜਬਰ ਦਾ ਸ਼ਿਕਾਰ ਹੋਣਾ ਪਿਆ ਸੀ। ਫਿਲਮ ਇਕ ਪਾਸੇ ਜਾਤ-ਪਾਤ ਅਤੇ ਮਰਦ-ਪ੍ਰਧਾਨਤਾ 'ਤੇ ਟਿਕੇ ਸਮਾਜ ਦੀ ਕਰੂਰਤਾ ਨੂੰ ਨੰਗਾ ਕਰਦੀ ਹੈ, ਦੂਸਰੇ ਪਾਸੇ ਫੂਲਨ ਦੇਵੀ ਵਲੋਂ ਇਸ ਕਰੂਰਤਾ ਵਿਰੁੱਧ ਹੌਸਲੇ ਅਤੇ ਦ੍ਰਿੜਤਾ ਨਾਲ ਲੜੀ ਲੜਾਈ ਨੂੰ ਵੀ ਉਜਾਗਰ ਕਰਦੀ ਹੈ। ਫਿਲਮ ਦੇਖਣ ਬਾਅਦ ਦਰਸ਼ਕ ਫੂਲਨ ਦੇਵੀ ਵਲੋਂ ਵਿਅਕਤੀਗਤ ਹਿੰਸਾ ਅਪਨਾਉਣ ਦੇ ਰਸਤੇ ਨਾਲ ਸਹਿਮਤ ਹੋਣ ਜਾਂ ਨਾ, ਇਸ ਗੱਲ ਨਾਲ ਜ਼ਰੂਰ ਸਹਿਮਤ ਹੋਣਗੇ ਕਿ ਕਿਸੇ ਸਮਾਜ ਵਲੋਂ ਅਪਣਾਈ ਗਈ ਢਾਂਚਾਗਤ ਹਿੰਸਾ ਅਤੇ ਵਹਿਸ਼ਤ ਉਸ ਹੀ ਤਰ੍ਹਾਂ ਦੀ ਹਿੰਸਾ ਅਤੇ ਵਹਿਸ਼ਤ ਪੈਦਾ ਕਰਨ ਵਿਚ ਵੱਡਾ ਰੋਲ ਨਿਭਾਉਂਦੀ ਹੈ।

ਕਲਾਕਾਰ: ਸੀਮਾ ਬਿਸਵਾਸ, ਨਿਰਮਲ ਪਾਂਡੇ, ਆਦਿੱਤਿਆ ਸ੍ਰੀਵਾਸਤਵ, ਰਾਮ ਚਰਨ ਨਿਰਮਾਲਕਰ, ਸਾਵਿੱਤਰੀ ਰਾਇਕਵਾਰਸ, ਗਜਰਾਜ ਰਾਓ, ਸੌਰਭ ਸ਼ੁਕਲਾ, ਮਨੋਜ ਬਾਜਪਾਈ, ਰਘੁਬੀਰ ਯਾਦਵ, ਆਦਿ।

**ਸੰਸ਼ੋਧਨ (ਹਿੰਦੀ, 1996)**

ਗੋਬਿੰਦ ਨਿਹਾਲਨੀ ਵਲੋਂ ਨਿਰਦੇਸ਼ਤ ਇਹ ਫਿਲਮ ਪਿੰਡ ਦੀਆਂ ਪੰਚਾਇਤਾਂ ਵਿਚ ਔਰਤਾਂ ਦੀਆਂ ਸੀਟਾਂ ਰਾਖਵੀਆਂ ਕਰਨ ਦੇ ਮਸਲੇ ਨੂੰ ਸੰਬੋਧਿਤ ਹੈ। ਜਿਵੇਂ ਅਸੀਂ ਜਾਣਦੇ ਹੀ ਹਾਂ ਕਿ ਆਮ ਤੌਰ 'ਤੇ ਔਰਤਾਂ ਲਈ ਰਾਖਵੀਆਂ ਸੀਟਾਂ 'ਤੇ ਬੇਸ਼ੱਕ ਇਲੈਕਸ਼ਨ ਔਰਤਾਂ ਲੜਦੀਆਂ ਹਨ ਪਰ ਅਸਲੀਅਤ ਵਿਚ ਉਨ੍ਹਾਂ ਦੇ ਅਹੁਦੇ ਦੀ ਤਾਕਤ ਉਨ੍ਹਾਂ ਦੇ ਮਰਦਾਂ ਦੇ ਹੱਥ ਹੀ ਰਹਿੰਦੀ ਹੈ। ਇਸ ਤਰ੍ਹਾਂ ਦੀ ਇਲੈਕਸ਼ਨ ਜਿੱਤ ਕੇ ਜਦੋਂ ਕੋਈ ਔਰਤ ਆਪਣੇ ਆਪ ਫੈਸਲੇ ਕਰਨ ਲੱਗ ਪਏ ਤਾਂ ਕੀ ਹੁੰਦਾ ਹੈ? ਸੰਸ਼ੋਧਨ ਇਸ ਸਵਾਲ ਦਾ ਜੁਆਬ ਦੱਸਣ ਦੀ ਕੋਸ਼ਿਸ਼ ਕਰਦੀ ਹੈ।

ਕਲਾਕਾਰ: ਮਨੋਜ ਬਾਜਪਾਈ, ਵਾਨਿਆ ਜੋਸ਼ੀ, ਆਸ਼ੂਤੋਸ਼ ਰਾਣਾ, ਕਿਸ਼ੋਰ ਕਦਮ, ਲਲਿਤ ਪਰੀਮੂ ਅਤੇ ਵਿਨਿਤ ਕੁਮਾਰ।

**ਚਾਂਦਨੀ ਬਾਰ (ਹਿੰਦੀ, 2001)**

(ਬਾਕੀ ਸਫਾ 28 'ਤੇ)




ਫਿਲਮ 'ਸਾਰਾ ਆਕਾਸ਼', 'ਬੈਂਡਿਟ ਕੁਈਨ' ਅਤੇ 'ਖਾਮੋਸ਼ ਪਾਣੀ' ਦੇ ਪੋਸਟਰ।

# ਪੰਜਾਬੀ ਮਾਂ-ਬੋਲੀ ਅਤੇ ਗੁਰਮੁਖੀ ਲਿਪੀ ਵਿਰੁਧ ਸਾਜ਼ਿਸ਼ ਕਿਵੇਂ ਹੋਈ?

**ਪ੍ਰੋ. ਹਰਦੇਵ ਸਿੰਘ ਵਿਰਕ**
**ਸਰੀ (ਕੈਨੇਡਾ)**

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਸਰਕਾਰੀ ਭਾਸ਼ਾ ਪੰਜਾਬੀ ਨਹੀਂ ਸੀ ਬਲਕਿ ਫਾਰਸੀ ਵਰਤੀ ਜਾਂਦੀ ਸੀ। ਦਫਤਰੀ ਕੰਮ ਲਈ ਫਾਰਸੀ ਲਾਗੂ ਸੀ ਪਰ ਬੋਲਚਾਲ ਦੀ ਭਾਸ਼ਾ ਪੰਜਾਬੀ ਸੀ। ਪੰਜਾਬੀ ਪੜ੍ਹਾਉਣ ਦਾ ਕੰਮ ਧਰਮਸ਼ਾਲਾ ਅਤੇ ਪਾਠਸ਼ਾਲਾ ਵਿਚ ਹੁੰਦਾ ਸੀ। ਅਰਬੀ, ਫਾਰਸੀ ਦੀ ਪੜ੍ਹਾਈ ਮਦਰਸੇ ਵਿਚ ਹੁੰਦੀ ਸੀ। ਹਿੰਦੀ ਅਤੇ ਸੰਸਕ੍ਰਿਤ ਦੀ ਪੜ੍ਹਾਈ ਦਾ ਵੀ ਪ੍ਰਬੰਧ ਚਾਟਸਾਲ ਜਾਂ ਪਾਠਸ਼ਾਲਾ ਵਿਚ ਕੀਤਾ ਜਾਂਦਾ ਸੀ। ਪੱਛਮੀ ਵਿਗਿਆਨ ਅਤੇ ਅੰਗਰੇਜ਼ੀ ਪੜ੍ਹਾਉਣ ਦਾ ਕੋਈ ਪ੍ਰਬੰਧ ਨਹੀਂ ਸੀ।

ਜਦੋਂ 1849 ਵਿਚ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ ਗਿਆ ਤਾਂ ਅੰਗਰੇਜ਼ ਸਰਕਾਰ ਨੇ ਵਿਦਿਅਕ ਪਾਲਸੀ ਤਿਆਰ ਕੀਤੀ ਜਿਸ ਅਧੀਨ ਸਕੂਲੀ ਸਿਖਿਆ ਲਈ ਉਰਦੂ ਨੂੰ ਮਾਧਿਅਮ ਬਣਾਇਆ ਗਿਆ। 1851-52 ਦੀ ਸਰਕਾਰੀ ਰਿਪੋਰਟ ਵਿਚ ਦੱਸਿਆ ਗਿਆ ਹੈ, "ਪੰਜਾਬੀ ਭਾਸ਼ਾ ਦੀ ਵਰਤੋਂ ਖਤਮ ਹੋ ਰਹੀ ਹੈ ਅਤੇ ਇਹ ਸੂਬੇ ਦੀ ਉਪ-ਬੋਲੀ ਬਣ ਕੇ ਗਵਾਰ ਭਾਸ਼ਾ ਹੀ ਰਹਿ ਜਾਵੇਗੀ ਜਦਕਿ ਉਰਦੂ ਅਮੀਰ ਅਤੇ ਮੱਧ ਵਰਗ ਦੇ ਲੋਕਾਂ ਵਿਚ ਪ੍ਰਵਾਨ ਚੜ੍ਹ ਰਹੀ ਹੈ।" ਪੰਜਾਬੀ ਭਾਸ਼ਾ ਨਾਲ ਮਤਰੇਈ ਮਾਂ ਵਾਲਾ ਸਲੂਕ ਬੇਗਾਨਿਆਂ ਨੇ ਨਹੀਂ ਬਲਕਿ ਉਸ ਦੇ ਆਪਣੇ ਸਪੂਤਾਂ ਨੇ ਹੀ ਕੀਤਾ। ਅੰਗਰੇਜ਼ੀ ਸਰਕਾਰ ਨੇ ਆਪਣੀ ਵਿਦਿਅਕ ਪਾਲਸੀ ਦਾ ਪੁਨਰ ਮੁਲਾਂਕਣ ਕਰਨ ਲਈ 1880 ਵਿਚ ਉਚ ਪੱਧਰੀ ਕਮਿਸ਼ਨ ਕਾਇਮ ਕੀਤਾ ਜਿਸ ਦਾ ਮੁੱਦਾ ਸੀ ਕਿ ਹਰ ਸੂਬੇ ਵਿਚ ਸਿੱਖਿਆ ਦਾ ਮਾਧਿਅਮ ਨਿਰਧਾਰਤ ਕੀਤਾ ਜਾਵੇ। ਇਸ ਕਮਿਸ਼ਨ ਦਾ ਚੇਅਰਮੈਨ ਸਰ ਵਿਲੀਅਮ ਹੰਟਰ ਸੀ ਜਿਸ ਕਰਕੇ ਇਸ ਨੂੰ 'ਹੰਟਰ ਕਮਿਸ਼ਨ' ਕਿਹਾ ਜਾਂਦਾ ਹੈ।

1882 ਦੇ ਸ਼ੁਰੂ ਵਿਚ ਹੰਟਰ ਕਮਿਸ਼ਨ ਲਾਹੌਰ ਪਹੁੰਚ ਗਿਆ ਅਤੇ ਨੌਂ ਮਹੀਨੇ ਲਗਾਤਾਰ ਬੈਠਕਾਂ ਕਰ ਕੇ ਪੰਜਾਬ ਦੇ ਵਿਦਿਅਕ ਢਾਂਚੇ ਬਾਰੇ ਵਿਚਾਰਾਂ ਕੀਤੀਆਂ। ਪੰਜਾਬ ਵਿਚ ਇਕ ਹਜ਼ਾਰ ਦੇ ਕਰੀਬ ਪ੍ਰਾਇਮਰੀ ਅਤੇ ਹਾਈ ਸਕੂਲ ਸਨ, ਪੱਛਮੀ ਵਿਦਿਆ ਦੀ ਪੜ੍ਹਾਈ ਲਈ ਅੱਧੀ ਦਰਜਨ ਕਾਲਜ ਕਾਇਮ ਹੋ ਚੁੱਕੇ ਸਨ ਅਤੇ 1882 ਵਿਚ ਪੰਜਾਬ ਯੂਨੀਵਰਸਿਟੀ ਹੋਂਦ ਵਿਚ ਆਈ। ਇਸ ਕਮਿਸ਼ਨ ਸਾਹਮਣੇ ਸਾਰੇ ਵਿਦਿਅਕ ਅਦਾਰਿਆਂ ਦੇ ਮੁਖੀ, ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕ, ਸਰਕਾਰੀ ਅਫਸਰ ਅਤੇ ਹਰ ਫਿਰਕੇ ਦੇ ਮੁਹਤਬਰ ਸ਼ਖਸ ਸੱਦੇ ਗਏ। ਕਮਿਸ਼ਨ ਦੇ ਮੈਂਬਰਾਂ ਨੂੰ ਪਤਾ ਸੀ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਹੀ ਬੋਲੀ ਜਾਂਦੀ ਹੈ ਅਤੇ ਲੋਕ ਇਸ ਦੇ ਹੱਕ ਵਿਚ ਭੁਗਤਣਗੇ ਪਰ ਹੋਇਆ ਇਸ ਦੇ ਬਿਲਕੁਲ ਉਲਟ। ਸਰਕਾਰੀ ਅਫਸਰਾਂ ਨੇ ਉਰਦੂ ਦੇ ਹੱਕ ਵਿਚ ਗਵਾਹੀ ਦਿੱਤੀ ਕਿਉਂਕਿ ਉਨ੍ਹਾਂ ਦੀ ਟ੍ਰੇਨਿੰਗ ਅੰਗਰੇਜ਼ੀ ਅਤੇ ਉਰਦੂ ਵਿਚ ਹੋਈ ਸੀ ਜੋ ਬਾਕੀ ਸੂਬਿਆਂ ਤੋਂ ਲਿਆਂਦੇ ਗਏ ਸਨ।

ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਫਿਰਕਾਪ੍ਰਸਤੀ ਤੋਂ ਉਪਰ ਉਠ ਚੁੱਕਾ ਸੀ। ਅੰਗਰੇਜ਼ਾਂ ਦੀ ਆਮਦ ਦੀ ਦੇਰ ਸੀ ਕਿ ਪੰਜਾਬ ਫਿਰਕਾਪ੍ਰਸਤੀ ਵਿਚ ਉਲਝ ਗਿਆ। ਹੋ ਸਕਦਾ ਹੈ, ਇਹ ਅੰਗਰੇਜ਼ਾਂ ਦੀ ਕੂਟਨੀਤੀ ਦਾ ਸਿੱਟਾ ਹੋਵੇ ਪਰ ਇਸ ਦਾ ਮਾਰੂ ਪ੍ਰਭਾਵ ਪੰਜਾਬੀ ਭਾਸ਼ਾ ਅਤੇ ਗੁਰਮੁਖ ਲਿਪੀ ਉਪਰ ਪੈਣਾ ਸੁਭਾਵਿਕ ਸੀ। ਕਮਿਸ਼ਨ ਸਾਹਮਣੇ ਪੰਜਾਬ ਦੇ ਲੋਕ ਪੰਜਾਬੀ ਬਣ ਕੇ ਪੇਸ਼ ਨਹੀ ਹੋਏ ਸਗੋਂ ਪੰਜਾਬੀ ਦਾ ਵਿਰੋਧ ਪੰਜਾਬ ਦੇ ਹਿੰਦੂਆਂ ਵਲੋਂ ਹੋਇਆ। ਹਰ ਸ਼ਹਿਰ ਵਿਚ ਪੰਜਾਬੀ ਭਾਸ਼ਾ ਦੇ ਵਿਰੋਧ ਲਈ ਕਮੇਟੀਆਂ ਬਣਾਈਆਂ ਗਈਆਂ। ਪੰਜਾਹ ਹਜ਼ਾਰ ਤੋਂ ਵੱਧ ਲੋਕਾਂ ਦੇ ਦਸਤਖਤ ਕਰਵਾ ਕੇ ਕਮਿਸ਼ਨ ਨੂੰ ਮੈਮੋਰੈਂਡਮ ਪੇਸ਼ ਕੀਤਾ ਗਿਆ ਕਿ ਪੰਜਾਬ ਦੇ ਸਕੂਲਾਂ ਵਿਚ ਸਿੱਖਿਆ ਦਾ ਮਾਧਿਅਮ ਪੰਜਾਬੀ ਅਤੇ ਉਰਦੂ ਦੀ ਬਜਾਇ ਹਿੰਦੀ ਭਾਸ਼ਾ ਹੋਣੀ ਚਾਹੀਦੀ ਹੈ। ਇਸ ਮੁਹਿੰਮ ਵਿਚ ਸਭ ਤੋਂ ਮੋਹਰੀ ਜ਼ਿਲ੍ਹੇ ਦਿੱਲੀ, ਅੰਮ੍ਰਿਤਸਰ, ਰੋਹਤਕ ਅਤੇ ਲੁਧਿਆਣਾ ਸਨ। ਦਿੱਲੀ ਉਦੋਂ ਪੰਜਾਬ ਵਿਚ ਹੀ ਸ਼ਾਮਲ ਸੀ।

ਹਿੰਦੀ ਦੇ ਹੱਕ ਵਿਚ ਭੁਗਤੇ ਹਿੰਦੂਆਂ ਦੀ ਦਲੀਲ ਬਹੁਤ ਹੀ ਹਾਸੋਹੀਣੀ ਸੀ। ਉਹ ਲਿਖਦੇ ਹਨ: "ਪੰਜਾਬ ਵਿਚ ਬੋਲੀਆਂ ਜਾਂਦੀਆਂ ਉਪ-ਭਾਸ਼ਾਵਾਂ ਦੀ ਮਾਂ ਤਾਂ ਹਿੰਦੀ ਭਾਸ਼ਾ ਹੀ ਹੈ ਪਰ ਪੰਜਾਬ ਸੂਬੇ ਵਿਚ ਵਰਤੇ ਜਾਣ ਕਰਕੇ ਇਨ੍ਹਾਂ ਨੂੰ ਪੰਜਾਬੀ ਦਾ ਨਾਂ ਦਿੱਤਾ ਗਿਆ ਹੈ ਜੋ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ।" ਹਿੰਦੀ ਦੇ ਪੈਰੋਕਾਰਾਂ ਨੇ ਨਾ ਸਿਰਫ ਪੰਜਾਬੀ ਭਾਸ਼ਾ ਨੂੰ ਨਕਾਰਿਆ ਬਲਕਿ ਇਸ ਲਈ ਵਰਤੀ ਜਾਂਦੀ ਗੁਰਮੁਖੀ ਲਿਪੀ ਨੂੰ ਵੀ ਬੁਰੀ ਤਰ੍ਹਾਂ ਭੰਡਿਆ। ਉਨ੍ਹਾਂ ਦੀ ਦਲੀਲ ਸੀ, "ਪੰਜਾਬੀ ਦਾ ਆਪਣਾ ਕੋਈ ਸਾਹਿਤ ਨਹੀ ਜਿਸ ਨੂੰ ਪੰਜਾਬੀ ਭਾਸ਼ਾ ਦਾ ਸਾਹਿਤ ਕਿਹਾ ਜਾਂਦਾ ਹੈ। ਉਹ ਕੇਵਲ ਕੁਝ ਹਿੰਦੀ ਪੁਸਤਕਾਂ ਹੀ ਹਨ ਜੋ ਗੁਰਮੁਖੀ ਲਿਪੀ ਵਿਚ ਲਿਖੀਆਂ ਗਈਆਂ ਹਨ। ਪੰਜਾਬੀ ਦਾ ਆਪਣਾ ਕੋਈ ਵਜੂਦ ਨਹੀਂ ਹੈ, ਨਾ ਹੀ ਕੋਈ ਆਜ਼ਾਦ ਹੋਂਦ ਅਤੇ ਹਸਤੀ। ਗੁਰਮੁਖੀ ਲਿਪੀ ਤਾਂ ਕੇਵਲ ਸਿੱਖਾਂ ਲਈ ਹੈ। ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਤਾਂ ਹਿੰਦੀ ਹੈ ਪਰ ਇਹ ਗੁਰਮੁਖੀ ਲਿਪੀ ਵਿਚ ਲਿਖਿਆ ਗਿਆ ਹੈ।"

ਉਰਦੂ ਦੇ ਪੈਰੋਕਾਰ: ਪੰਜਾਬ ਦੇ ਸਕੂਲਾਂ ਵਿਚ ਸਿਖਿਆ ਦਾ ਮਾਧਿਅਮ ਉਰਦੂ ਚੱਲ ਰਿਹਾ ਸੀ। 1861 ਦੀ ਜਨ-ਗਣਨਾ ਦੇ ਸਿੱਟੇ ਦੱਸਦੇ ਹਨ ਕਿ ਪੰਜਾਬ ਵਿਚ ਮੁਸਲਿਮ ਆਬਾਦੀ 56 ਫੀਸਦੀ, ਹਿੰਦੂ 38 ਫੀਸਦੀ ਅਤੇ ਸਿੱਖ ਕੁੱਲ ਆਬਾਦੀ ਦਾ 6 ਫੀਸਦੀ ਸਨ। ਮੁਸਲਿਮ ਆਬਾਦੀ ਵਧੇਰੇ ਹੋਣ ਕਰਕੇ ਉਰਦੂ ਦਾ ਪੱਖ ਮਜ਼ਬੂਤ ਸੀ। ਅੰਜੁਮਨ-ਏ-ਪੰਜਾਬ ਪੜ੍ਹੇ-ਲਿਖਿਆਂ ਦੀ ਜਮਾਤ




ਸੀ ਜਿਸ ਦੇ ਬਹੁਤੇ ਮੈਂਬਰ ਪੰਜਾਬ ਯੂਨੀਵਰਸਿਟੀ ਕਾਲਜ ਲਾਹੌਰ ਦੇ ਨੁਮਾਇੰਦੇ ਸਨ। ਭਾਸ਼ਾ ਦੇ ਸਵਾਲ ਉਪਰ ਇਹ ਫਿਰਕਾਪ੍ਰਸਤੀ ਦਾ ਸ਼ਿਕਾਰ ਹੋ ਨਿਬੜੇ ਅਤੇ ਹਿੰਦੂ ਹਿੰਦੀ ਦੇ ਪੱਖ ਵਿਚ ਭੁਗਤੇ। ਇਨ੍ਹਾਂ ਦੇ ਨੁਮਾਇੰਦਿਆਂ ਵਿਚੋਂ ਪ੍ਰੋ. ਗੁਰਮੁਖ ਸਿੰਘ ਨੇ ਪੰਜਾਬੀ ਦੇ ਹੱਕ ਵਿਚ ਬਿਆਨ ਦਰਜ ਕਰਵਾਇਆ, ਸਈਦ ਹੁਸੈਨ ਤੇ ਸਈਦ ਅਮੀਰ ਸ਼ਾਹ ਉਰਦੂ ਦੇ ਹੱਕ ਵਿਚ ਭੁਗਤੇ ਅਤੇ ਅਮਰ ਨਾਥ ਤੇ ਈਸ਼ਰ ਪ੍ਰਸ਼ਾਦ ਨੇ ਹਿੰਦੀ ਭਾਸ਼ਾ ਦਾ ਪੱਖ ਪੂਰਿਆ। ਲਾਹੌਰ ਦੇ ਸ਼ਹਿਰੀਆਂ ਜਿਨ੍ਹਾਂ ਵਿਚ ਸਾਰੇ ਫਿਰਕੇ ਸ਼ਾਮਲ ਸਨ, ਉਰਦੂ ਦੇ ਹੱਕ ਵਿਚ 3906 ਦਸਤਖਤ ਕਰਵਾ ਕੇ ਅਰਜ਼ੀ ਪੇਸ਼ ਕੀਤੀ। ਇਹ ਲੋਕ ਆਰੀਆ ਸਮਾਜ ਅਤੇ ਬ੍ਰਹਮੋ-ਸਮਾਜ ਦਾ ਵਿਰੋਧ ਕਰਦੇ ਸਨ ਜੋ ਬੰਗਾਲੀਆਂ ਦੀ ਸ਼ਹਿ ਉਤੇ ਹਿੰਦੀ ਦਾ ਪੱਖ ਪੂਰਦੇ ਸਨ। ਇਨ੍ਹਾਂ ਦੀ ਰਾਏ ਸੀ, "ਜਦੋਂ ਕੋਈ ਪੰਜਾਬੀ ਨੌਜਵਾਨ ਆਪਣੇ ਸੁਹਿਰਦ ਖਿਆਲਾਂ ਦਾ ਪ੍ਰਗਟਾਵਾ ਕਰਨਾ ਲੋਚਦਾ ਹੈ ਤਾਂ ਉਹ ਹਮੇਸ਼ਾ ਉਰਦੂ ਭਾਸ਼ਾ ਦਾ ਹੀ ਸਹਾਰਾ ਲੈਂਦਾ ਹੈ।"

ਕਮਿਸ਼ਨ ਨੇ ਉਚੇਚੇ ਤੌਰ 'ਤੇ ਓਰੀਐਂਟਲ ਕਾਲਜ ਲਾਹੌਰ ਦੇ ਮੌਲਵੀ ਫਜ਼ਲ-ਉਲ-ਹਸਨ ਅਤੇ ਕਪੂਰਥਲਾ ਰਿਆਸਤ ਦੇ ਕੰਵਰ ਬਿਕਰਮ ਸਿੰਘ ਬਹਾਦਰ ਆਹਲੂਵਾਲੀਆ ਨੂੰ ਵੀ ਬਿਆਨ ਦੇਣ ਲਈ ਬੁਲਾਇਆ। ਇਹ ਦੋਵੇਂ ਸੱਜਣ ਉਰਦੂ ਭਾਸ਼ਾ ਦੇ ਹੱਕ ਵਿਚ ਪੇਸ਼ ਹੋਏ।

ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੇ ਪੈਰੋਕਾਰ: ਸਿੱਖਾਂ ਦੀ ਆਬਾਦੀ ਕੇਵਲ 6 ਫਸਦੀ ਸੀ ਅਤੇ ਉਹ ਪੰਜਾਬੀ ਭਾਸ਼ਾ ਤੇ ਇਸ ਦੀ ਗੁਰਮੁਖੀ ਲਿਪੀ ਦੀ ਵਕਾਲਤ ਕਰਦੇ ਸਨ। ਪਹਿਲੀ ਅਗਸਤ 1882 ਨੂੰ ਸਿੰਘ ਸਭਾ ਲਾਹੌਰ ਨੇ ਕਮਿਸ਼ਨ ਅੱਗੇ ਆਪਣਾ ਮੈਮੋਰੈਂਡਮ ਪੇਸ਼ ਕੀਤਾ ਜਿਸ ਵਿਚ ਪੰਜਾਬੀ ਭਾਸ਼ਾ ਨੂੰ ਸੂਬਾ ਪੱਧਰ 'ਤੇ ਲਾਗੂ ਕਰਨ ਦੀ ਸਿਫਾਰਸ਼ ਕੀਤੀ ਗਈ। ਉਨ੍ਹਾਂ ਦੀ ਰਾਏ ਸੀ, "ਪੰਜਾਬੀ, ਉਰਦੂ ਤੇ ਹਿੰਦੀ, ਦੋਹਾਂ ਤੋਂ ਨਿਵੇਕਲੀ ਅਤੇ ਸੌਖੀ ਭਾਸ਼ਾ ਹੈ। ਇਸ ਦੀ ਗੁਰਮੁਖੀ ਲਿਪੀ ਦੇਵਨਾਗਰੀ ਦੇ ਮੁਕਾਬਲੇ ਬਹੁਤ ਹੀ ਸਰਲ ਹੈ ਅਤੇ ਲਿਖਣ ਵਿਚ ਆਸਾਨ ਹੈ।"

ਪੰਜਾਬੀ ਦੇ ਹੱਕ ਵਿਚ ਭੁਗਤਣ ਵਾਲੇ ਕੁਝ ਸਿੱਖਾਂ ਦਾ ਜ਼ਿਕਰ ਵੀ ਜ਼ਰੂਰੀ ਹੈ। ਬਾਬਾ ਖੇਮ ਸਿੰਘ ਬੇਦੀ ਨੂੰ ਵੀ ਕਮਿਸਨ ਵਲੋਂ ਬੁਲਾਇਆ ਗਿਆ। ਉਨ੍ਹਾਂ ਨੇ ਬਹੁਤ ਹੀ ਤਕੜੀ ਵਕਾਲਤ ਕੀਤੀ ਅਤੇ ਕਿਹਾ, "ਪੰਜਾਬੀ ਸਾਰੇ ਪੰਜਾਬ ਵਿਚ ਬੋਲੀ ਅਤੇ ਸਮਝੀ ਜਾਂਦੀ ਹੈ ਜਿਸ ਕਰਕੇ ਮੁਢਲੀ ਸਿੱਖਿਆ ਦਾ ਮਾਧਿਅਮ ਪੰਜਾਬੀ ਹੋਣਾ ਲਾਜ਼ਮੀ ਹੈ।" ਉਰਦੂ ਅਤੇ ਹਿੰਦੀ ਉਪਰ ਕਟਾਖਸ਼ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀਆਂ ਦੀ ਹਾਲਤ ਉਪਰ ਇਹ ਅਖਾਣ ਢੁਕਦਾ ਹੈ- 'ਪੜ੍ਹੇ ਫਾਰਸੀ ਵੇਚੇ ਤੇਲ, ਇਹ ਦੇਖੋ ਕਰਮੋਂ ਕੇ ਖੇਲ'। ਸਰਦਾਰ ਅਤਰ ਸਿੰਘ ਭਦੌੜੀਆ ਨੇ ਕਮਿਸ਼ਨ ਨੂੰ ਦੱਸਿਆ ਕਿ ਭਦੌੜ ਹਾਊਸ ਲਾਇਬਰੇਰੀ ਵਿਚ ਪੰਜਾਬੀ ਦੀਆਂ 1500 ਪੁਸਤਕਾਂ ਮੌਜੂਦ ਹਨ ਜੋ ਹਰ ਵਿਸ਼ੇ, ਰਾਮ ਵਿਦਿਆ ਤੋਂ ਲੈ ਕੇ ਵਿਗਿਆਨ ਤੱਕ, ਬਾਰੇ ਰੋਸ਼ਨੀ ਪਾਉਂਦੀਆਂ ਹਨ। ਉਨ੍ਹਾਂ ਦੀ ਰਾਏ ਸੀ ਕਿ ਪੰਜਾਬੀ ਭਾਸ਼ਾ ਮੁਢਲੀ ਸਿੱਖਿਆ ਲਈ ਸਭ ਤੋਂ ਸਰਲ ਅਤੇ ਸਸਤਾ ਤਰੀਕਾ ਹੋਵੇਗਾ। ਹਰ ਬੱਚੇ ਨੂੰ ਆਪਣੀ ਮਾਤ ਭਾਸ਼ਾ ਸਿੱਖਣੀ ਜ਼ਰੂਰੀ ਹੈ ਅਤੇ ਬਾਅਦ ਵਿਚ ਹੋਰ ਭਾਸ਼ਾਵਾਂ ਵੀ ਸਿੱਖੀਆਂ ਜਾ ਸਕਦੀਆਂ ਹਨ।

ਕਮਿਸ਼ਨ ਨੇ ਸਰਦਾਰ ਦਿਆਲ ਸਿੰਘ ਮਜੀਠੀਆ ਨੂੰ ਉਚੇਚੇ ਤੌਰ 'ਤੇ ਸੱਦਾ ਭੇਜਿਆ। ਉਸ ਨੇ ਸਾਰੇ ਦਸਤਾਵੇਜ਼ਾਂ ਦਾ ਮੁਆਇਨਾ ਕਰਕੇ ਰਿਪੋਰਟ ਤਿਆਰ ਕੀਤੀ। ਪਹਿਲਾਂ ਉਰਦੂ ਦੇ ਗੁਣ ਔਗੁਣਾਂ ਦੀ ਤਫਸੀਲ ਪੇਸ਼ ਕੀਤੀ ਪਰ ਅੰਤ ਫੈਸਲਾ ਹਿੰਦੀ ਭਾਸ਼ਾ ਦੇ ਹੱਕ ਵਿਚ ਦਿੱਤਾ। ਦਿਆਲ ਸਿੰਘ ਮਜੀਠੀਆ ਸਿੱਖਾਂ ਵਿਚ ਸਭ ਤੋਂ ਵੱਧ ਪੜ੍ਹਿਆ ਲਿਖਿਆ ਮੰਨਿਆ ਜਾਂਦਾ ਸੀ ਅਤੇ ਕਮਿਸ਼ਨ ਨੇ ਉਚੇਚਾ ਸੱਦਾ ਭੇਜ ਕੇ ਬੁਲਾਇਆ ਸੀ। ਹੈਰਾਨੀ ਦੀ ਗੱਲ ਹੈ ਕਿ ਉਸ ਨੇ ਪੰਜਾਬੀ ਭਾਸ਼ਾ ਦੀ ਹਮਾਇਤ ਵਿਚ ਇਕ ਸ਼ਬਦ ਵੀ ਨਹੀਂ ਲਿਖਿਆ। ਉਸ ਨੇ ਆਪਣੀ ਸਾਰੀ ਜਾਇਦਾਦ 'ਦਿਆਲ ਸਿੰਘ ਟਰੱਸਟ' ਦੇ ਹਵਾਲੇ ਕਰ ਦਿੱਤੀ ਜੋ ਬਾਅਦ ਵਿਚ ਟ੍ਰਿਬਿਊਨ, ਦਿਆਲ ਸਿੰਘ ਲਾਇਬਰੇਰੀ ਅਤੇ ਕਾਲਜ ਚਾਲੂ ਕਰਨ ਲਈ ਵਰਤੀ ਗਈ। ਉਹ ਆਪਣੇ ਆਪ ਨੂੰ ਬ੍ਰਹਮੋ-ਸਮਾਜ ਦਾ ਕਾਰਕੁਨ ਸਮਝਣ ਲੱਗ ਪਿਆ ਸੀ। ਉਸ ਨੂੰ ਅੰਗਰੇਜ਼ੀ ਸਰਕਾਰ ਦੀ ਸਰਪ੍ਰਸਤੀ ਹਾਸਲ ਸੀ, ਭਾਵੇਂ ਉਹ ਦੇਸ਼ਭਗਤ ਹੋਣ ਦਾ ਦਾਅਵਾ ਕਰਦਾ ਸੀ।

ਕਮਿਸ਼ਨ ਸਾਹਮਣੇ ਸਰਕਾਰੀ ਅਫਸਰ ਅਤੇ ਵਿਦਿਅਕ ਮਹਿਕਮੇ ਦੇ ਅੰਗਰੇਜ਼ ਮੁਲਾਜਮ ਵੀ ਪੇਸ਼ ਹੋਏ। ਗੌਰਮਿੰਟ ਕਾਲਜ ਲਾਹੌਰ ਦਾ ਪ੍ਰਿੰਸੀਪਲ ਡਾਕਟਰ ਲਾਈਟਨਰ ਮਾਤ ਭਾਸ਼ਾ ਦੇ ਹੱਕ ਵਿਚ ਸੀ। ਉਹ ਓਰੀਐਂਟਲ ਸਕਾਲਰ ਦੇ ਤੌਰ 'ਤੇ ਆਪਣੀ ਧਾਕ ਸਾਰੇ ਯੂਰਪ ਵਿਚ ਮੰਨਵਾ ਚੁੱਕਾ ਸੀ। ਉਸ ਨੇ ਹਿੰਦੀ ਦੇ ਹੱਕ ਵਿਚ ਪੇਸ਼ ਕੀਤੀਆਂ ਰਾਵਾਂ ਦਾ ਖੰਡਨ ਕੀਤਾ। ਉਸ ਨੇ ਇਸ ਗੁੰਝਲਦਾਰ ਸਮੱਸਿਆ ਦਾ ਸੌਖਾ ਹੱਲ ਵੀ ਦੱਸਿਆ: "ਹਿੰਦੂਆਂ ਨੂੰ ਹਿੰਦੀ ਤੇ ਸੰਸਕ੍ਰਿਤੀ ਪੜ੍ਹਾਉਣ ਲਈ ਪੰਡਿਤ, ਮੁਸਲਮਾਨਾਂ ਨੂੰ ਅਰਬੀ ਤੇ ਫਾਰਸੀ ਅਤੇ ਮੌਲਵੀ ਅਤੇ ਸਿੱਖਾਂ ਨੂੰ ਪੰਜਾਬੀ ਪੜ੍ਹਾਉਣ ਲਈ ਭਾਈ ਰੱਖਣੇ ਜ਼ਰੂਰੀ ਹਨ।"

ਮਿਸ ਰੋਜ਼ ਲੁਧਿਆਣੇ ਜ਼ਿਲ੍ਹੇ ਦੀ ਸਕੂਲ ਇੰਸਪੈਕਟਰ ਸੀ। ਉਸ ਦੀ ਰਾਏ ਪੰਜਾਬੀ ਦੇ ਹੱਕ ਵਿਚ ਸੀ। ਪ੍ਰਾਇਮਰੀ ਸਕੂਲਾਂ ਦੇ ਤਜਰਬੇ ਤੋਂ ਉਸ ਨੇ ਕਮਿਸ਼ਨ ਨੂੰ ਦੱਸਿਆ: "ਮੁੱਢਲੀ ਸਿੱਖਿਆ ਗੁਰਮੁਖੀ ਲਿਪੀ ਅਤੇ ਪੰਜਾਬੀ ਭਾਸ਼ਾ ਵਿਚ ਦੇਣੀ ਚਾਹੀਦੀ ਹੈ ਤਾਂ ਕਿ ਬੱਚਿਆਂ ਦੀ ਮਾਨਸਿਕ ਅਤੇ ਬੌਧਿਕ ਤਰੱਕੀ ਠੀਕ ਤਰ੍ਹਾਂ ਹੋਵੇ। ਹਿੰਦੀ ਅਤੇ ਉਰਦੂ ਪ੍ਰਾਇਮਰੀ ਤੋਂ ਬਾਅਦ ਲਾਗੂ ਹੋਣ ਤਾਂ ਚੰਗਾ ਹੈ।"

ਸਾਲ ਭਰ ਦੀ ਮਿਹਨਤ ਤੋਂ ਬਾਅਦ ਹੰਟਰ ਕਮਿਸ਼ਨ ਨੇ ਪੰਜਾਬ ਦੇ ਕੇਸ ਨੂੰ ਭਾਰਤ ਦਾ ਸਭ ਤੋਂ ਗੁੰਝਲਦਾਰ ਮਸਲਾ ਦੱਸਿਆ। ਉਰਦੂ ਨੂੰ ਸਿੱਖਿਆ ਦਾ ਮਾਧਿਅਮ ਚਾਲੂ ਰੱਖਣ ਦੀ ਸਿਫਾਰਸ਼ ਕਰ ਕੇ ਪੰਜਾਬੀ ਭਾਸ਼ਾ ਨੂੰ ਖੂੰਜੇ ਲਾ ਦਿੱਤਾ ਗਿਆ ਜਿਸ ਦੇ ਨਤੀਜੇ ਅਸੀਂ ਅੱਜ ਤੱਕ ਭੁਗਤ ਰਹੇ ਹਾਂ।

## ਔਰਤਾਂ ਦੀਆਂ ਸਥਿਤੀਆਂ ਨਾਲ ਸੰਬੰਧਤ 15 ਫਿਲਮਾਂ

*(ਸਫਾ 27ਦਾ ਬਾਕੀ)*

ਮਧੁਰ ਭੰਡਾਰਕਰ ਦੀ ਫਿਲਮ 'ਚਾਂਦਨੀ ਬਾਰ' ਬੰਬਈ ਦੀਆਂ ਬੀਅਰ ਬਾਰਾਂ ਵਿਚ ਨਾਚੀਆਂ ਵਜੋਂ ਕੰਮ ਕਰਦੀਆਂ ਔਰਤਾਂ ਦੀ ਜ਼ਿੰਦਗੀ 'ਤੇ ਕੇਂਦਰਿਤ ਹੈ। ਫਿਲਮ ਵਿਚ ਉਨ੍ਹਾਂ ਸਥਿਤੀਆਂ ਨੂੰ ਘੋਖਣ ਦਾ ਯਤਨ ਵੀ ਹੈ ਜਿਨ੍ਹਾਂ ਕਾਰਨ ਔਰਤਾਂ ਨੂੰ ਇਹ ਕੰਮ ਕਰਨਾ ਪੈਂਦਾ ਹੈ ਅਤੇ ਇਸ ਕੰਮ ਉਪਰ ਹੁੰਦੇ ਔਰਤਾਂ ਦੇ ਸ਼ੋਸ਼ਣ ਨੂੰ ਵੀ ਨੰਗਾ ਕੀਤਾ ਗਿਆ ਹੈ।

ਕਲਾਕਾਰ: ਤੱਬੂ, ਅਤੁਲ ਕੁਲਕਰਨੀ, ਰਾਜਪਾਲ ਯਾਦਵ, ਵੱਲਭ ਵਿਆਸ, ਵਿਨੇ ਅਪਟੇ, ਅਨੰਨਿਆ ਖਰੇ, ਉਪਿੰਦਰ ਲਿਮਾਏ, ਵਿਸ਼ਾਲ ਠੱਕਰ, ਮੀਨਾਕਸ਼ੀ ਸਾਹਨੀ, ਅਭੇ ਭਾਰਗਵ।

### ਖਾਮੋਸ਼ ਪਾਣੀ (ਪੰਜਾਬੀ, 2003)

ਸਬੀਹਾ ਸਮਰ ਵਲੋਂ ਨਿਰਦੇਸ਼ਤ ਪੰਜਾਬੀ ਦੀ ਬਿਹਤਰੀਨ ਫਿਲਮ ਖਾਮੋਸ਼ ਪਾਣੀ ਇਕ ਅਜਿਹੀ ਸਿੱਖ ਔਰਤ ਦੀ ਕਹਾਣੀ ਹੈ ਜਿਸ ਨੂੰ ਸੰਨ 1947 ਦੇ ਰੌਲਿਆਂ ਵੇਲੇ ਅਗਵਾ ਕਰ ਲਿਆ ਗਿਆ ਸੀ। ਫਿਲਮ ਦਾ ਮੁੱਖ ਸੁਨੇਹਾ ਇਹ ਹੈ ਕਿ ਬੇਸ਼ੱਕ ਸਮਾਜ ਵਿਚ ਧਾਰਮਿਕ ਕੱਟੜਵਾਦ ਅਧਾਰਤ ਹਿੰਸਾ ਫੈਲਾਉਣ ਵਿਚ ਔਰਤਾਂ ਦੀ ਭੂਮਿਕਾ ਬਹੁਤ ਘੱਟ ਹੁੰਦੀ ਹੈ, ਫਿਰ ਵੀ ਉਨ੍ਹਾਂ ਨੂੰ ਇਸ ਕੱਟੜਵਾਦੀ ਹਿੰਸਾ ਦੇ ਜ਼ੁਲਮ ਦਾ ਸਭ ਤੋਂ ਵੱਧ ਸ਼ਿਕਾਰ ਹੋਣਾ ਪੈਂਦਾ ਹੈ। ਧਰਮ ਦੇ ਕੱਟੜ ਸਿਪਾਹੀ ਸਮਾਜ ਨੂੰ ਆਪਣੇ ਕੰਟਰੋਲ ਵਿਚ ਕਰਨ ਦੀ ਜੱਦੋ-ਜਹਿਦ ਦੀ ਸ਼ੁਰੂਆਤ ਔਰਤਾਂ ਨੂੰ ਆਪਣੇ ਕੰਟਰੋਲ ਵਿਚ ਕਰਨ ਦੇ ਯਤਨਾਂ ਤੋਂ ਸ਼ੁਰੂ ਕਰਦੇ ਹਨ।

ਮੁੱਖ ਕਲਾਕਾਰ: ਕਿਰਨ ਖੇਰ, ਆਮਿਰ ਮਲਿਕ, ਨਵਤੇਜ ਜੌਹਰ ਸਿੰਘ, ਸ਼ਿਲਪਾ ਸ਼ੁਕਲਾ ਅਤੇ ਸਲਮਨ ਸ਼ਾਹਿਦ।

### ਡੋਰ (ਹਿੰਦੀ, 2006)

ਨਗੇਸ਼ ਕੁਕੂਨੂਰ ਵਲੋਂ ਨਿਰਦੇਸ਼ਤ ਫਿਲਮ 'ਡੋਰ' ਵਿਚ ਸਥਿਤੀਆਂ ਕਾਰਨ ਇਕ ਦੂਸਰੇ ਦੇ ਵਿਰੋਧ ਵਿਚ ਖੜ੍ਹੀਆਂ ਦੋ ਔਰਤਾਂ ਸਥਿਤੀ ਸਮਝਣ ਤੋਂ ਬਾਅਦ ਇਕ ਦੂਸਰੇ ਦੀਆਂ ਹਮਾਇਤੀ ਬਣ ਜਾਂਦੀਆਂ ਹਨ ਅਤੇ ਦੁਸ਼ਮਣਾਂ ਤੋਂ ਹਮਾਇਤੀ ਬਣਨ ਦੇ ਇਸ ਅਮਲ ਦੌਰਾਨ ਉਹ ਸਮਾਜ ਵਿਚਲੀ ਪਿੱਤਰਸੱਤਾ ਨੂੰ ਚੁਣੌਤੀ ਦੇਣ ਤੋਂ ਵੀ ਨਹੀਂ ਝਿਜਕਦੀਆਂ। ਫਿਲਮ ਬਾਰੇ ਗੱਲ ਕਰਦਿਆਂ ਸ਼ਰਮੀਲਾ ਟੈਗੋਰ ਕਹਿੰਦੀ ਹੈ ਕਿ 'ਡੋਰ' ਇਕ ਨਿਰਾਲੀ ਫਿਲਮ ਹੈ, ਕਿਉਂਕਿ ਇਹ ਨਾ ਸਿਰਫ ਔਰਤ ਨੂੰ ਹਾਸ਼ੀਏ 'ਤੇ ਖੜ੍ਹੇ ਮਰਦ ਦੇ ਸਨਮੁੱਖ ਰੱਖਦੀ ਹੈ ਅਤੇ ਮੁਸਲਿਮ ਔਰਤ ਨੂੰ ਵਧੇਰੇ ਬੰਧਨ ਮੁਕਤ ਦਿਖਾਉਂਦੀ ਹੈ, ਸਗੋਂ ਇਸ ਫਿਲਮ ਵਿਚ ਇਕ ਜਵਾਨ ਹਿੰਦੂ, ਰਾਜਸਥਾਨੀ ਵਿਧਵਾ ਦਿਖਾਉਣ ਦੀ ਦਲੇਰੀ ਵੀ ਹੈ, ਜੋ ਰੋਂਦੀ ਨਹੀਂ, ਨੱਚਣਾ ਚਾਹੁੰਦੀ ਹੈ, ਸੰਗੀਤ ਸੁਣਨਾ ਚਾਹੁਦੀ ਹੈ ਅਤੇ ਜਿਸ ਲਈ ਪਤੀ ਦੀ ਮੌਤ ਨਾਲ ਜ਼ਿੰਦਗੀ ਖਤਮ ਨਹੀਂ ਹੁੰਦੀ। ਮੌਜੂਦਾ ਢਾਂਚੇ ਦੁਆਰਾ ਖਿੱਚੀਆਂ ਹੱਦਾਂ ਅੰਦਰ ਕੰਮ ਕਰਦੇ ਹੋਏ ਵੀ ਪਿੱਤਰਸੱਤਾ ਵਾਲੇ ਢਾਂਚੇ ਤੋਂ ਬਾਹਰ ਆਉਣ ਦਾ ਫੈਸਲਾ ਕਰਨ ਵਾਲੀਆਂ ਅਜਿਹੀਆਂ ਫਿਲਮਾਂ ਹੀ ਭਵਿੱਖ ਦੇ ਪਾਪੂਲਰ ਸਿਨੇਮਾ ਵਿਚ ਔਰਤਾਂ ਦੀ ਰੂਪ-ਰੇਖਾ ਨੂੰ ਪਰਿਭਾਸ਼ਿਤ ਕਰਨਗੀਆਂ। ਮੈਨੂੰ ਇਹੀ ਉਮੀਦ ਹੈ।

ਕਲਾਕਾਰ: ਆਇਸ਼ਾ ਟਾਕੀਆ, ਗੁਲ ਪਨਾਗ, ਸ੍ਰੀਆਸ ਤਲਪੜੇ, ਗਿਰੀਸ਼ ਕਰਨਾਰਡ, ਉਤਾਰਾ ਭਾਵਕਰ ਅਤੇ ਪ੍ਰਤੀਕਸ਼ਾ ਲੋਨਕਰ।

### ਪ੍ਰੋਵੋਕਡ (ਅੰਗਰੇਜ਼ੀ, 2006)

ਜੈਗ ਮੂੰਧੜਾ ਵੱਲੋਂ ਨਿਰਦੇਸ਼ਿਤ ਫਿਲਮ 'ਪ੍ਰੋਵੋਕਡ' ਇੰਗਲੈਂਡ ਵਿਚ ਵਿਆਹੀ ਆਈ ਇਕ ਪੰਜਾਬੀ ਔਰਤ ਕਿਰਨਜੀਤ ਆਹਲੂਵਾਲੀਆ ਦੇ ਜੀਵਨ ਦੀ ਸੱਚੀ ਕਹਾਣੀ 'ਤੇ ਆਧਾਰਿਤ ਹੈ। ਕਿਰਨਜੀਤ ਭਾਰਤੀ ਮੂਲ ਦੇ ਇਕ ਬਰਤਾਨਵੀ ਮਰਦ ਨਾਲ ਵਿਆਹ ਕਰਵਾ ਕੇ 1980 ਦੇ ਨੇੜੇ-ਤੇੜੇ ਇੰਗਲੈਂਡ ਪਹੁੰਚਦੀ ਹੈ। ਇਸ ਉਮਰ ਦੀਆਂ ਆਮ ਕੁੜੀਆਂ ਵਾਂਗ ਉਸ ਦੇ ਮਨ ਵਿਚ ਵੀ ਵਿਆਹ ਤੋਂ ਬਾਅਦ ਇਕ ਚੰਗਾ ਘਰ ਵਸਾਉਣ ਦੇ ਸੁਫਨੇ ਹਨ। ਪਰ ਇੰਗਲੈਂਡ ਪਹੁੰਚਣ ਬਾਅਦ ਛੇਤੀ ਹੀ ਉਸ ਦੇ ਇਹ ਸੁਫਨੇ ਚਕਨਾਚੂਰ ਹੋਣੇ ਸ਼ੁਰੂ ਹੋ ਜਾਂਦੇ ਹਨ। ਉਸ ਦਾ ਪਤੀ ਉਸ ਨੂੰ ਪਿਆਰ ਅਤੇ ਇੱਜ਼ਤ ਦੇਣ ਦੀ ਥਾਂ ਨਮੋਸ਼ੀ, ਬੇਵਿਸ਼ਵਾਸੀ, ਧੋਖਾ ਅਤੇ ਮਾਰ ਕੁੱਟ ਦਿੰਦਾ ਹੈ। ਪਤੀ ਲਈ ਕਿਰਨਜੀਤ ਦੀ ਹੋਂਦ ਦਾ ਕੋਈ ਅਰਥ ਨਹੀਂ। ਸਮਾਂ ਪੈਣ ਨਾਲ ਕਿਰਨਜੀਤ ਦੀ ਜ਼ਿੰਦਗੀ ਵਿਚਲੀ ਜ਼ਿੱਲਤ ਅਤੇ ਹਿੰਸਾ ਘਟਣ ਦੀ ਥਾਂ ਵਧਦੀ ਜਾਂਦੀ ਹੈ। ਅਖੀਰ 1989 ਵਿਚ ਕਿਰਨਜੀਤ ਆਪਣੇ ਸੁੱਤੇ ਹੋਏ ਪਏ ਪਤੀ ਨੂੰ ਅੱਗ ਲਾ ਦਿੰਦੀ ਹੈ ਅਤੇ ਉਸ ਦੇ ਪਤੀ ਦੀ ਕੁਝ ਦਿਨ ਹਸਪਤਾਲ ਵਿਚ ਰਹਿ ਕੇ ਮੌਤ ਹੋ ਜਾਂਦੀ ਹੈ। ਫਿਲਮ ਪ੍ਰੋਵੋਕਡ ਦੀ ਕਹਾਣੀ ਇਥੋਂ ਸ਼ੁਰੂ ਹੁੰਦੀ ਹੈ।

ਫਿਲਮ ਵਿਚ ਕਿਰਨਜੀਤ ਦੇ ਜੀਵਨ ਵਿਚਲੀ ਹਿੰਸਾ ਦਿਖਾਉਣ ਲਈ ਹਿੰਸਾ ਭਰੇ ਦ੍ਰਿਸ਼ਾਂ ਦੀ ਵਰਤੋਂ ਬਹੁਤ ਸੰਜਮ ਨਾਲ ਕੀਤੀ ਗਈ ਹੈ। ਨਤੀਜੇ ਵਜੋਂ ਦਰਸ਼ਕਾਂ ਨੂੰ ਔਰਤਾਂ ਵਿਰੁੱਧ ਵਾਪਰਦੀ ਪਰਿਵਾਰਕ ਹਿੰਸਾ ਇਕ ਆਮ ਅਤੇ ਕੁਦਰਤੀ ਵਰਤਾਰਾ ਨਹੀਂ ਜਾਪਦੀ ਸਗੋਂ ਇਕ ਅਜਿਹਾ ਵਰਤਾਰਾ ਜਾਪਦੀ ਹੈ ਜਿਸ ਨੂੰ ਨਫਰਤ ਕਰਨੀ ਚਾਹੀਦੀ ਹੈ। ਹਿੰਸਾ ਭਰੇ ਦ੍ਰਿਸ਼ਾਂ ਦੀ ਥਾਂ ਜੇਲ੍ਹ ਵਿਚ ਕਿਰਨਜੀਤ ਵੱਲੋਂ ਬੋਲਿਆ ਇਕ ਡਾਇਲਾਗ ਉਸ ਦੇ ਘਰ ਦੇ ਹਿੰਸਾ ਭਰੇ ਵਾਤਾਵਰਨ ਬਾਰੇ ਬਹੁਤ ਵੱਡਾ ਪ੍ਰਗਟਾਵਾ ਕਰਦਾ ਹੈ। ਨਾਰੀ ਹੱਕਾਂ ਲਈ ਕੰਮ ਕਰਦੀ ਇਕ ਕਾਰਕੁਨ ਰਾਧਾ, ਕਿਰਨ ਨੂੰ ਜੇਲ੍ਹ ਵਿਚ ਮਿਲਣ ਆਈ ਉਸ ਨੂੰ ਪੁੱਛਦੀ ਹੈ ਕਿ ਉਹ ਜੇਲ੍ਹ ਵਿਚ ਕਿਸ ਤਰ੍ਹਾਂ ਮਹਿਸੂਸ ਕਰ ਰਹੀ ਹੈ। ਕਿਰਨਜੀਤ ਜੁਆਬ ਦਿੰਦੀ ਹੈ, "ਮੈਂ ਆਜ਼ਾਦ ਮਹਿਸੂਸ ਕਰ ਰਹੀ ਹਾਂ।"

ਫਿਲਮ ਵਿਚ ਇੰਗਲੈਂਡ ਦੇ ਨਿਆਂ ਪ੍ਰਬੰਧ ਉਪਰ ਵੀ ਆਲੋਚਨਾਤਮਕ ਰੌਸ਼ਨੀ ਪਾਈ ਗਈ ਹੈ ਅਤੇ ਇਹ ਦਿਖਾਉਣ ਦੀ ਕੋਸ਼ਸ਼ ਕੀਤੀ ਗਈ ਹੈ ਕਿ ਉਹ ਔਰਤਾਂ ਇੰਗਲੈਂਡ ਦੇ ਨਿਆਂ ਪ੍ਰਬੰਧ ਵਿਚ ਦੂਹਰੇ ਵਿਤਕਰੇ ਦਾ ਸ਼ਿਕਾਰ ਹੁੰਦੀਆਂ ਹਨ, ਜਿਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਅਤੇ ਜਿਨ੍ਹਾਂ ਦਾ ਸਭਿਆਚਾਰ ਐਂਗਲੋ ਸੈਕਸਨ ਸਭਿਆਚਾਰ ਨਾਲੋਂ ਵੱਖਰਾ ਹੈ।

ਫਿਲਮ ਵਿਚ ਇਹ ਕਹਿਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਬੇਸ਼ੱਕ ਪੰਜਾਬੀ ਸਭਿਆਚਾਰ ਘਰਾਂ ਵਿਚ ਔਰਤਾਂ ਪ੍ਰਤੀ ਹੁੰਦੀ ਹਿੰਸਾ ਦਾ ਸਮਰਥਨ ਨਾ ਵੀ ਕਰਦਾ ਹੋਵੇ, ਫਿਰ ਵੀ ਪੰਜਾਬੀ ਲੋਕ (ਪਰਿਵਾਰ ਦੇ ਮੈਂਬਰ ਅਤੇ ਦੂਸਰੇ) ਇਸ ਹਿੰਸਾ ਨੂੰ ਦੇਖ ਕੇ ਅਣਗੌਲਿਆਂ ਜ਼ਰੂਰ ਕਰ ਦਿੰਦੇ ਹਨ, ਜਿਸ ਕਾਰਨ ਇਸ ਦਾ ਵਾਪਰਨਾ ਜਾਰੀ ਰਹਿੰਦਾ ਹੈ। ਇਸ ਦੇ ਨਾਲ ਹੀ ਪੰਜਾਬੀ ਸਭਿਆਚਾਰ ਦੇ ਸੰਦਰਭ ਵਿਚ ਇਹ ਵੀ ਕਿਹਾ ਗਿਆ ਹੈ ਕਿ ਸ਼ਰਮ, ਪਰਿਵਾਰਕ ਇੱਜ਼ਤ ਆਦਿ ਗੱਲਾਂ ਕਰ ਕੇ ਪੰਜਾਬੀ ਔਰਤਾਂ ਇਸ ਹਿੰਸਾ ਬਾਰੇ ਬਾਹਰ ਗੱਲ ਨਹੀਂ ਕਰਦੀਆਂ। ਨਤੀਜੇ ਵਜੋਂ ਇਹ ਹਿੰਸਾ ਕਰਨ ਵਾਲੇ ਪੰਜਾਬੀ ਮਰਦ ਬਿਨਾਂ ਕਿਸੇ ਡਰ-ਭੈਅ ਦੇ ਹਿੰਸਾ ਕਰਨਾ ਜਾਰੀ ਰੱਖਦੇ ਹਨ। ਫਿਲਮ ਦੇ ਅਖੀਰ ਵਿਚ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਈ ਕਿਰਨਜੀਤ ਦੇ ਇਹ ਸ਼ਬਦ ""ਜ਼ਿੰਦਗੀ ਵਿਚ ਚੁੱਪ ਚਾਪ (ਜ਼ੁਲਮ) ਸਹੀ ਜਾਣ ਵਿਚ ਕੋਈ ਇੱਜ਼ਤ ਨਹੀਂ" ਪੰਜਾਬੀ ਸਭਿਆਚਾਰ ਦੀ ਇਸ ਧਾਰਨਾ ਨੂੰ ਚੁਣੌਤੀ ਦੇਣ ਦੀ ਅਪੀਲ ਕਰਦੇ ਹਨ।

ਮੁੱਖ ਕਲਾਕਾਰ: ਐਸ਼ਵਰਿਆ ਰਾਏ, ਨਵੀਨ ਐਂਡਰਿਊ, ਮਿਰਾਂਡਾ ਰਿਚਰਡਸਨ ਅਤੇ ਹੋਰ।

### ਬਵੰਡਰ (ਹਿੰਦੀ, 2011)

ਨਿਰਦੇਸ਼ਕ ਜਗਮੋਹਨ ਮੂੰਧੜਾ ਦੀ ਫਿਲਮ 'ਬਵੰਡਰ' ਰਾਜਸਥਾਨ ਵਿਚ ਗੈਂਗ ਰੇਪ ਦਾ ਸ਼ਿਕਾਰ ਹੋਈ ਇਕ ਔਰਤ ਬਨਵਾਰੀ ਦੇਵੀ ਦੀ ਸੱਚੀ ਕਹਾਣੀ 'ਤੇ ਆਧਾਰਤ ਹੈ। ਫਿਲਮ ਵਿਚ ਅਖੌਤੀ ਨੀਵੀਂ ਜਾਤ ਨਾਲ ਸੰਬੰਧਤ ਸਾਂਵਰੀ ਦੇਵੀ ਇਕ ਪਿੰਡ ਵਿਚ ਸਰਕਾਰ ਵਲੋਂ ਚਲਾਏ ਜਾਂਦੇ ਔਰਤ ਵਿਕਾਸ ਦੇ ਪ੍ਰੋਜੈਕਟ ਵਿਚ ਕੰਮ ਕਰਦੀ ਹੈ। ਆਪਣੇ ਇਸ ਕੰਮ ਦੌਰਾਨ ਉਹ ਪਿੰਡ ਦੀਆਂ ਔਰਤਾਂ ਨੂੰ ਬੱਚਿਆਂ ਦੇ ਛੋਟੀ ਉਮਰ ਵਿਚ ਕੀਤੇ ਜਾਂਦੇ ਵਿਆਹਾਂ ਅਤੇ ਔਰਤਾਂ ਦੇ ਸ਼ੋਸ਼ਣ ਬਾਰੇ ਜਾਗਰੂਕ ਕਰਦੀ ਹੈ। ਪਿੰਡ ਦੀ ਪੰਚਾਇਤ ਦੇ ਗੁੱਜਰ ਜਾਤੀ (ਅਖੌਤੀ ਉਚੀ ਜਾਤੀ) ਦੇ ਮੈਂਬਰਾਂ ਨੂੰ ਉਸ ਵਲੋਂ ਕੀਤਾ ਜਾਂਦਾ ਇਹ ਕੰਮ ਪਸੰਦ ਨਹੀਂ। ਉਹ ਉਸ ਨੂੰ ਰੋਕਣ ਲਈ ਸਾਂਵਰੀ ਦੇਵੀ ਅਤੇ ਉਸ ਦੇ ਪਰਿਵਾਰ ਵਿਰੁੱਧ ਸਮਾਜਿਕ ਅਤੇ ਆਰਥਿਕ ਬਾਈਕਾਟ ਦਾ ਹੁਕਮ ਜਾਰੀ ਕਰਦੇ ਹਨ। ਜਦੋਂ ਸਾਂਵਰੀ ਦੇਵੀ ਪਿੰਡ ਵਿਚ ਇਕ ਗੁੱਜਰ ਪਰਿਵਾਰ ਵਿਚ ਹੋ ਰਹੇ ਬਾਲ ਵਿਆਹ ਬਾਰੇ ਪੁਲੀਸ ਨੂੰ ਸੂਚਨਾ ਦਿੰਦੀ ਹੈ ਤਾਂ ਉਸ ਨੂੰ ਸਬਕ ਸਿਖਾਉਣ ਲਈ ਉਸ ਗੁੱਜਰ ਪਰਿਵਾਰ ਦੇ ਮੈਂਬਰਾਂ ਵਲੋਂ ਉਸ ਨਾਲ ਗੈਂਗ ਰੇਪ ਕੀਤਾ ਜਾਂਦਾ ਹੈ।

ਗੈਂਗ ਰੇਪ ਤੋਂ ਬਾਅਦ ਸਾਂਵਰੀ ਚੁੱਪ ਕਰ ਕੇ ਨਹੀਂ ਬਹਿੰਦੀ ਸਗੋਂ ਆਪਣੇ ਵਿਰੁੱਧ ਹੋਏ ਇਸ ਜੁਰਮ ਲਈ ਇਨਸਾਫ ਲੈਣ ਲਈ ਲੜਾਈ ਸ਼ੁਰੂ ਕਰਦੀ ਹੈ ਅਤੇ ਹਰ ਤਰ੍ਹਾਂ ਦੀ ਮੁਸ਼ਕਿਲਾਂ ਦੇ ਬਾਵਜੂਦ ਆਪਣੀ ਲੜਾਈ ਨੂੰ ਜਾਰੀ ਰੱਖਦੀ ਹੈ। ਆਪਣੇ ਲਈ ਇਨਸਾਫ ਲੈਣ ਦੀ ਲੜਾਈ ਵਿਚ ਉਸ ਵੱਲੋਂ ਵਿਖਾਈ ਗਈ ਇਹ ਦ੍ਰਿੜਤਾ ਬੇਇਨਸਾਫੀ ਵਿਰੁੱਧ ਲੜਾਈ ਲੜ ਰਹੇ ਹੋਰ ਲੋਕਾਂ ਲਈ ਪ੍ਰੇਰਨਾ ਸ੍ਰੋਤ ਬਣ ਸਕਦੀ ਹੈ।

ਕਲਾਕਾਰ: ਦੀਪਤੀ ਨਵਲ, ਨੰਦੀਤਾ ਦਾਸ, ਰਘੁਬੀਰ ਯਾਦਵ, ਰਾਹੁਲ ਖੰਨਾ ਆਦਿ।

# ਤੇਰੇ ਖੇਤ ਦਾ ਅੰਨ ਖਾ ਕੇ ਮੈਂ ਨਰਕਾਂ ਨੂੰ ਜਾਵਾਂ!

## ਮਾਨਸ ਤੋਂ ਦੇਵਤਾ

***ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਤਿਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।***

ਗੱਲ ਸੌ ਸਾਲ ਤੋਂ ਵੱਧ ਪੁਰਾਣੀ ਹੈ। ਓਦੋਂ ਧੀਆਂ ਦਾ ਮਾਪਿਆਂ ਦੀ ਜਾਂ ਨੂੰਹਾਂ ਦਾ ਸਹੁਰਿਆਂ ਦੀ ਜ਼ਮੀਨ-ਜਾਇਦਾਦ ਵਿਚੋਂ ਹਿੱਸੇਦਾਰ ਹੋਣਾ ਸਮਾਜਿਕ ਸੋਚ ਦਾ ਹਿੱਸਾ ਨਹੀਂ ਸੀ। ਅਜੇ ਨਾ ਇਹਦੀ ਕੋਈ ਕਲਪਨਾ ਹੀ ਕਰਦਾ ਸੀ ਤੇ ਨਾ ਮੰਗ। ਇਸਤਰੀ ਦੇ ਹੱਕਾਂ ਦੀ ਗੱਲ ਕੋਈ ਸੋਚਦਾ ਵੀ ਨਹੀਂ ਸੀ। ਮੁੰਡੇ ਵਾਲੇ ਵੀ ਅਜੇ ਦਾਜ ਦੀ ਅਤੇ ਵਿਆਹ ਵੇਲੇ ਦੀਆਂ ਸੁਖ-ਸਹੂਲਤਾਂ ਦੀ ਲੰਮੀ ਸੂਚੀ ਕੁੜੀ ਵਾਲਿਆਂ ਅੱਗੇ ਪੇਸ਼ ਕਰਨ ਨਹੀਂ ਸਨ ਲੱਗੇ। ਜੋ ਜ਼ੇਵਰ ਤੇ ਲੀੜਾ-ਕੱਪੜਾ ਆਦਿ, ਜਿਸ ਨੂੰ ਆਮ ਬੋਲੀ ਵਿਚ ਟੂਮ-ਟਾਕੀ ਕਿਹਾ ਜਾਂਦਾ ਸੀ, ਧੀ-ਵਾਲੇ ਆਪੇ ਹੀ ਦੇ ਦਿੰਦੇ ਸਨ, ਉਹੋ ਮੁੰਡੇ ਵਾਲਿਆਂ ਨੂੰ ਪਰਵਾਨ ਹੁੰਦਾ ਸੀ। ਇਸ ਦਾ ਫ਼ੈਸਲਾ ਧੀ ਵਾਲਿਆਂ ਦੀ ਸਮਾਜਿਕ ਹੈਸੀਅਤ, ਮਾਇਕ ਸਮਰੱਥਾ ਤੇ ਪਰਿਵਾਰਕ ਇੱਛਾ ਕਰਦੀ। ਵਿਚੋਲਾ ਜ਼ਰੂਰ ਅੰਦਰੋ-ਅੰਦਰ ਇਹ ਖ਼ਿਆਲ



ਗੁਰਬਚਨ ਸਿੰਘ ਭੁੱਲਰ
ਫੋਨ: +807-636-3058

ਰੱਖਦਾ ਕਿ ਦੇਣ-ਲੈਣ ਧੀ ਵਾਲਿਆਂ ਦੀ ਪੁੱਜਤ ਵਿਚ ਵੀ ਹੋਵੇ ਤੇ ਪੁੱਤ ਵਾਲਿਆਂ ਦੀ ਅਣਕਹੀ ਝਾਕ ਤੇ ਇੱਛਾ ਵੀ ਪੂਰੀ ਕਰ ਦੇਵੇ। ਇਸੇ ਕਰਕੇ ਕਹਾਵਤ ਸੀ, "ਜੀਹਨੇ ਧੀ ਦੇ ਦਿੱਤੀ, ਭਾਈ, ਉਹਨੇ ਪਿੱਛੇ ਕੀ ਰੱਖ ਲਿਆ? ਸਮਝੋ, ਸਭੋ ਕੁਛ ਹੀ ਦੇ ਦਿੱਤਾ!"

ਉਸ ਜ਼ਮਾਨੇ ਵਿਚ ਮੇਰਾ ਨਾਨਾ ਪੂਰਾ ਹੋਣ ਵੇਲੇ ਪੁੱਤਾਂ ਨੂੰ, ਮੇਰੇ ਮਾਮਿਆਂ ਨੂੰ, ਆਖ ਗਿਆ, "ਬਾਕੀ ਸਭ ਕੁਛ ਥੋਡਾ, ਟਾਹਲੀ ਵਾਲਾ ਖੇਤ ਮੈਂ ਧਨਕੁਰ ਨੂੰ ਦੇ ਚੱਲਿਆਂ।" ਧਨ ਕੌਰ ਮੇਰੀ ਮਾਂ ਦਾ ਨਾਂ ਸੀ। ਮੈਂ ਅੱਜ ਵੀ ਹੈਰਾਨ ਹੁੰਦਾ ਹਾਂ ਕਿ ਉਸ ਮਾਹੌਲ ਤੇ ਉਸ ਜ਼ਮਾਨੇ ਵਿਚ ਨਾਨੇ ਦੇ ਮਨ ਵਿਚ ਇਹ ਉੱਚਾ-ਸੁੱਚਾ ਵਿਚਾਰ ਕਿਵੇਂ ਆਇਆ ਹੋਵੇਗਾ! ਮੈਂ ਦੇਖਿਆ ਤਾਂ ਨਹੀਂ ਪਰ ਉਹ ਕੋਈ ਅਗਾਂਹਵਧੂ ਸਮਾਜਿਕ ਸਮਝ ਵਾਲਾ ਪੜ੍ਹਿਆ-ਲਿਖਿਆ ਬੰਦਾ ਯਕੀਨਨ ਹੀ ਨਹੀਂ ਸੀ। ਉਹਨੇ ਕਿਥੋਂ ਪੜ੍ਹਨਾ ਸੀ, ਮੇਰੇ ਮਾਮੇ ਵੀ ਸੁੱਧੇ ਅਨਪੜ੍ਹ ਸਨ। ਕਾਲ਼ਾ ਅੱਖਰ ਮ੍ਹੈਂਸ ਬਰਾਬਰ! ਕਿਸੇ ਨੇ ਡੇਰੇ ਜਾਂ ਗੁਰਦੁਆਰੇ ਜਾ ਕੇ ਰੇਤੇ ਉੱਤੇ ਊੜਾ-ਆੜਾ ਪਾਉਣਾ ਸਿੱਖਣ ਦੀ ਲੋੜ ਵੀ ਨਹੀਂ ਸੀ ਸਮਝੀ।

ਓਦੋਂ ਪਿੰਡਾਂ ਦੇ ਪਿੰਡ ਹੀ ਅਨਪੜ੍ਹਾਂ ਦੇ ਹੁੰਦੇ ਸਨ। ਕੋਈ ਕੋਈ ਬੰਦਾ ਡੇਰਿਓਂ-ਗੁਰਦੁਆਰਿਓਂ ਪੰਜ-ਗ੍ਰੰਥੀ, ਦਸ-ਗ੍ਰੰਥੀ ਦਾ ਪਾਠ ਸਿੱਖਦਾ। ਜੋ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਪਾਠ ਕਰ ਲੈਂਦਾ, ਉਹ ਤਾਂ ਪਿੰਡ ਦਾ ਵਿਦਵਾਨ ਹੁੰਦਾ। ਲੋਕ ਉਹਨੂੰ ਅਕਸਰ ਗਿਆਨੀ ਜਾਂ ਗਿਆਨੀ-ਜੀ ਆਖ ਕੇ ਬੁਲਾਉਂਦੇ। ਕੋਈ ਵਿਰਲਾ-ਟਾਂਵਾਂ, ਖ਼ਾਸ ਕਰਕੇ ਕਿਸੇ ਫ਼ੌਜੀ ਜਾਂ ਹੋਰ ਮੁਲਾਜ਼ਮ ਦਾ ਮੁੰਡਾ ਦੂਰ-ਨੇੜੇ ਦੇ ਸਕੂਲ ਦਾ ਮੂੰਹ ਦੇਖਦਾ। ਕੁੜੀਆਂ ਨੂੰ ਪੜ੍ਹਾਉਣਾ ਤਾਂ ਪਾਪ ਕਮਾਉਣ ਤੁੱਲ ਸਮਝਿਆ ਹੀ ਜਾਂਦਾ ਸੀ, ਮੁੰਡਿਆਂ ਬਾਰੇ ਵੀ ਪੜ੍ਹਾਈ-ਵਿਰੋਧੀ ਕਹਾਵਤ ਸੀ, "ਜੱਟ ਦਾ ਪੁੱਤ ਪੜ੍ਹ ਗਿਆ, ਬਲ੍ਹਦ ਕੋਠੇ ਚੜ੍ਹ ਗਿਆ! ਇਕ ਬਰਾਬਰ!" (ਜੇ ਕਿਸੇ ਘਰ ਪੌੜੀਆਂ ਬਣੀਆਂ ਹੁੰਦੀਆਂ ਤੇ ਕਿਸੇ ਕਾਰਨ ਡਰਿਆ ਬਲ੍ਹਦ ਪੌੜੀਆਂ ਰਾਹੀਂ ਭੱਜ ਕੇ ਛੱਤ ਉੱਤੇ ਜਾ ਚੜ੍ਹਦਾ ਤਾਂ ਉਹ ਵੱਡੀ ਮੁਸੀਬਤ ਖੜ੍ਹੀ ਕਰ ਦਿੰਦਾ ਕਿਉਂਕਿ ਉਹਨੂੰ ਏਨੀ ਸਮਝ ਹੋਣ ਦਾ ਤਾਂ ਸਵਾਲ ਹੀ ਨਹੀਂ ਸੀ ਕਿ ਜਿਨ੍ਹੀਂ ਪੌੜੀਏਂ ਚੜ੍ਹਿਆ ਸੀ, ਉਹਨੀਂ ਪੌੜੀਏਂ ਉੱਤਰ ਵੀ ਆਵੇ। ਜਿਉਂ-ਜਿਉਂ ਲੋਕ ਉਹਨੂੰ ਉਤਾਰਨ ਦਾ ਹੀਲਾ ਕਰਦੇ, ਉਹ ਹੋਰ-ਹੋਰ ਡਰਦਾ। ਆਖ਼ਰ ਨੂੰ ਬਹੁਤੀ ਵਾਰ ਉਹ ਘਬਰਾ ਕੇ ਛੱਤ ਤੋਂ ਛਾਲ ਮਾਰ ਦਿੰਦਾ ਤੇ ਲੱਤਾਂ ਤੁੜਵਾ ਲੈਂਦਾ।) ਲੋਕਾਂ ਦਾ ਯਕੀਨ ਸੀ, ਜੱਟ ਦਾ ਪੁੱਤ ਵੀ ਪੜ੍ਹ ਕੇ ਘਰ ਵਾਸਤੇ ਕੋਈ ਮੁਸੀਬਤ ਹੀ ਖੜ੍ਹੀ ਕਰੇਗਾ। ਗੱਲ ਕੀ, ਪੜ੍ਹਨਾ ਓਦੋਂ ਪੇਂਡੂਆਂ ਦੇ ਜੀਵਨ-ਉਦੇਸ਼ਾਂ ਵਿਚ ਸ਼ਾਮਲ ਨਹੀਂ ਸੀ। ਪਾੜ੍ਹਿਆਂ ਨੂੰ ਆਮ ਲੋਕ ਲੁੱਚੇ ਤਾਂ ਸਮਝਦੇ-ਆਖਦੇ ਹੀ ਸਨ।

ਕੁੜੀਆਂ ਨੂੰ ਜੰਮਦੀਆਂ ਨੂੰ ਮਾਰਨਾ ਵੀ ਆਮ ਵਰਤਾਰਾ ਸੀ। ਦਾਈ ਤੋਂ ਇਲਾਵਾ ਹਰ ਪਿੰਡ ਵਿਚ ਕਿਸੇ ਨਾ ਕਿਸੇ ਚਾਚੀ-ਤਾਈ ਨੇ ਅਨੁਭਵ ਦੇ ਆਧਾਰ ਉੱਤੇ ਇਸ ਕੰਮ ਦੀ ਮੁਹਾਰਤ ਹਾਸਲ ਕੀਤੀ ਹੋਈ ਹੁੰਦੀ। ਕੁੜੀ ਜੰਮੀ ਦਾ ਸੁਨੇਹਾ ਮਿਲੇ ਤੋਂ ਉਹ ਝੱਟ ਹਾਜ਼ਰ ਆ ਹੁੰਦੀ ਜਿਵੇਂ ਕੋਈ ਜ਼ਰੂਰੀ ਜ਼ਿੰਮੇਵਾਰੀ ਨਿਭਾਉਣ ਆਈ ਹੋਵੇ! ਉਹ ਮਾਂ ਦੇ ਦੁੱਧ ਵਾਸਤੇ ਬੁੱਲ੍ਹ ਹਿਲਾਉਂਦੀ ਨਵ-ਜਨਮੀ ਬਾਲੜੀ ਨੂੰ ਬੜੀ ਸਹਿਜਤਾ ਨਾਲ ਗੋਦ ਵਿਚ ਪਾ ਕੇ ਉਹਦੇ ਮੂੰਹ ਨੂੰ ਅੱਕ ਦੇ ਦੁੱਧ ਵਿਚ ਜਾਂ ਫ਼ੀਮ ਦੇ ਘੋਲ ਵਿਚ ਭਿੱਜਿਆ ਰੂੰ ਦਾ ਫੰਬਾ ਲਾ ਦਿੰਦੀ। ਨਾਲ ਹੀ ਉਹ ਬੜੇ ਪਿਆਰ ਨਾਲ ਗਾਉਂਦੀ, "ਗੁੜ ਖਾਈਂ ਪੂਣੀ ਕੱਤੀਂ, ਆਪ ਨਾ ਆਈਂ, ਵੀਰ ਨੂੰ ਘੱਤੀਂ!" ਰੂੰ ਦਾ ਜ਼ਹਿਰੀਲਾ ਫੰਬਾ ਚੋਪੇ ਕੇ ਤੇ ਇਹ ਯਮਦੂਤੀ 'ਲੋਰੀ' ਸੁਣ ਕੇ ਬਾਲੜੀ ਇਸ ਜੱਗ ਵਿਚ ਅੱਖਾਂ ਖੋਲ੍ਹਣ ਤੋਂ ਪਹਿਲਾਂ ਹੀ ਜਿਧਰੋਂ ਆਈ ਹੁੰਦੀ, ਪੁਠ-ਪੈਰੀਂ ਉਧਰੇ ਹੀ ਮੁੜ ਜਾਂਦੀ ਸੀ। ਜਦੋਂ ਵੱਡਾ ਹੋ ਕੇ ਮੈਨੂੰ ਇਨ੍ਹਾਂ ਸਭ ਗੱਲਾਂ ਦੀ ਸਮਝ ਆਈ, ਮੇਰਾ ਸਿਰ ਨਾਨੇ ਦੀ ਯਾਦ ਅੱਗੇ ਝੁਕਣਾ ਸੁਭਾਵਿਕ ਸੀ।

ਮੇਰੇ ਨਾਨਕੇ ਰੋਮਾਣਾ ਅਜੀਤ ਸਿੰਘ ਸਨ। ਪੰਦਰਾਂ ਕੋਹ ਵਾਟ ਅਸੀਂ ਆਮ ਕਰ ਕੇ ਪੈਦਲ ਹੀ ਜਾਂਦੇ। ਪਰ ਨਾਨਕਿਆਂ ਦੇ ਚਾਅ ਵਿਚ ਥਕੇਵਾਂ ਸਾਡੇ ਨੇੜੇ ਵੀ ਨਾ ਢੁਕਦਾ! ਮਾਮੇ ਤਾਂ ਮੇਰੇ ਤਿੰਨ ਸਨ। ਉਨ੍ਹਾਂ ਦੀ ਇਕ ਗੱਲ ਬੜੀ ਦਿਲਚਸਪ ਸੀ। ਉਹ ਜਿਸ ਜਿਸ ਮਹੀਨੇ ਜੰਮਦੇ ਗਏ, ਨਾਨੇ-ਨਾਨੀ ਨੇ ਉਹੋ ਉਨ੍ਹਾਂ ਦਾ ਨਾਂ ਰੱਖ ਦਿੱਤਾ। ਚੇਤ ਵੱਡਾ ਸੀ, ਸਾਉਣ ਵਿਚਕਾਰਲਾ ਤੇ ਮੱਘਰ ਛੋਟਾ। ਨਾਮਕਰਨ ਦੀ ਇਸ ਵਿਧੀ ਤੋਂ ਮੇਰੀ ਮਾਂ ਪਤਾ ਨਹੀਂ ਕਿਵੇਂ ਬਾਹਰ ਰਹਿ ਗਈ! ਸਾਉਣ ਮਾਮਾ ਮੇਰੀ ਸੁਰਤ ਤੋਂ ਪਹਿਲਾਂ ਗੁਜ਼ਰ ਗਿਆ। ਚੇਤ ਮਾਮੇ ਨੇ ਇਥੋਂ ਕੁਛ ਜ਼ਮੀਨ ਵੇਚ ਕੇ ਰਾਜਸਥਾਨ ਵਿਚ ਖੁੱਲ੍ਹੀ ਸਸਤੀ ਜ਼ਮੀਨ ਜਾ ਖ਼ਰੀਦੀ। ਉਹ ਬਹੁਤਾ ਉਥੇ ਹੀ ਰਹਿੰਦਾ। ਬੱਸ ਮਾਮਾ ਮੱਘਰ ਹੀ ਸਾਡੇ ਸਮੁੱਚੇ ਨਾਨਕੇ ਸੀ।

ਮੇਰੀ ਮਾਂ ਦਸਦੀ ਹੁੰਦੀ, ਉਹ ਜਦੋਂ ਪਹਿਲਾਂ-ਪਹਿਲ ਆਉਂਦਾ, ਸਵੇਰ ਦੀ ਰੋਟੀ ਘਰੋਂ ਖਾ ਕੇ ਆਉਂਦਾ ਤੇ ਸ਼ਾਮ ਦੀ ਰੋਟੀ ਨਾਲ ਲੈ ਕੇ ਆਉਂਦਾ। ਅਗਲੇ ਦਿਨ ਦੇ ਰੋਟੀ ਵੇਲੇ ਤੋਂ ਪਹਿਲਾਂ ਹੀ ਉਹ ਸਵੇਰੇ-ਸਵੇਰੇ ਲੱਸੀ ਦੇ ਦੋ ਛੰਨੇ ਪੀ ਕੇ ਵਾਪਸ ਪਿੰਡ ਨੂੰ ਚੱਲ ਪੈਂਦਾ। ਘਰ ਦੀ ਲੱਸੀ ਹੋਣ ਦੇ ਬਾਵਜੂਦ ਮਾਂ ਨੂੰ ਮਾਮੇ ਲਈ ਲੱਸੀ ਗੁਆਂਢੀਆਂ ਦਿਉਂ ਲਿਆਉਣੀ ਪੈਂਦੀ। ਲੱਸੀ ਤਾਂ ਉਹਨੇ ਸਾਡੇ ਘਰ ਦੀ ਕਿਥੋਂ ਪੀਣੀ ਸੀ, ਉਹਦੇ ਪੀਣ ਵਾਸਤੇ ਪਾਣੀ ਵੀ ਮਾਂ ਗੁਆਂਢੀਆਂ ਦੇ ਘਰੋਂ ਲਿਆਉਂਦੀ।

ਕੁਛ ਚਿਰ ਇਹ ਰੀਤ ਇਉਂ ਨਿਭਦੀ ਰਹੀ। ਫੇਰ ਇਕ ਦਿਨ ਮੇਰੀ ਮਾਂ ਨੇ ਕਿਹਾ, "ਵੇ ਵੀਰ ਮੱਘਰਾ, ਛੱਡ ਇਹ ਭੇੜਾ, ਤੂੰ ਮੇਰੇ ਘਰੋਂ ਸੱਜਰੀ ਰੋਟੀ ਖਾਇਆ ਕਰ ਤੇ ਜਾਣ ਲੱਗਿਆ ਸਾਰੇ ਰੋਟੀ-ਟੁੱਕ ਤੇ ਦੁੱਧ-ਲੱਸੀ ਦਾ ਹਿਸਾਬ ਲਾ ਕੇ ਮੈਨੂੰ ਪੈਸੇ ਦੇ ਜਾਇਆ ਕਰ।" ਉਹ ਹੱਸੀ, "ਵਿਚੇ ਪਾਣੀ ਦੇ ਪੈਸੇ ਜੋੜ ਲਿਆ ਕਰ।"

ਮਾਂ ਦੀ ਅੱਧੀ ਗੰਭੀਰਤਾ ਨਾਲ ਤੇ ਅੱਧੀ ਹਾਸੇ ਵਿਚ ਕਹੀ ਗੱਲ ਮਾਮੇ ਦੇ ਦਿਲ ਨੂੰ ਜਚ ਗਈ ਤੇ ਉਹ ਬਾਗੋ-ਬਾਗ ਹੋ ਕੇ ਬੋਲਿਆ, "ਕਾਕੀ, ਇਹ ਤੂੰ ਬਹੁਤ ਵਧੀਆ ਸੋਚਿਆ। ਲੈ, ਇਹ ਗੱਲ ਮੇਰੀ ਅਕਲ ਵਿਚ ਕਿਉਂ ਨਹੀਂ ਆਈ!" ਉਹ ਮੇਰੀ ਮਾਂ ਨੂੰ ਕਾਕੀ ਹੀ ਆਖਦਾ ਸੀ।

ਜਦੋਂ ਅਸੀਂ ਵੱਡੇ ਹੋਏ, ਜਾਣ ਵੇਲੇ ਉਹਨੂੰ ਖਾਧੇ-ਪੀਤੇ ਦੇ ਪੈਸੇ ਦਿੰਦਾ ਦੇਖ ਕੇ ਟੋਕਦੇ, "ਮਾਮਾ ਜੀ, ਜ਼ਮਾਨਾ ਕਿਤੇ ਦਾ ਕਿਤੇ ਪਹੁੰਚ ਗਿਆ, ਥੋਡੀ ਭੈਣ ਦਾ ਘਰ ਹੈ, ਛੱਡੋ ਹੁਣ ਇਹ ਗੱਲਾਂ।"

ਉਹ ਝਿੜਕਦਾ, "ਆਬਦੀਆਂ ਅਕਲਾਂ ਆਬਦੇ ਕੋਲ਼ ਰੱਖੋ। ਚਾਰ ਅੱਖਰ ਪੜ੍ਹ ਕੇ ਤੁਸੀਂ ਮੈਥੋਂ ਸਿਆਣੇ ਨਹੀਂ ਹੋ ਗਏ! ਜਾਣਦਾਂ ਮੈਂ ਥੋਡੇ ਜ਼ਮਾਨੇ ਨੂੰ! ਸਾਡੇ ਜ਼ਮਾਨੇ ਨਾਲੋਂ ਮਾੜਾ ਈ ਐ ਇਹ ਥੋਡਾ ਜ਼ਮਾਨਾ!"

ਅਸੀਂ ਕੱਚੇ ਜਿਹੇ ਹੋ ਕੇ ਚੁੱਪ ਕਰ ਜਾਂਦੇ। ਓਦੋਂ ਖੇਤੀ ਆਮ ਕਰਕੇ ਇਕ-ਫ਼ਸਲੀ ਹੀ ਹੁੰਦੀ ਸੀ। ਮਾਮਾ ਸਾਡੀ ਜ਼ਮੀਨ ਵਿਚ ਕਣਕ ਬੀਜਦਾ। ਉਸ ਜ਼ਮੀਨ ਵਿਚ ਇਕ ਬੇਰੀ ਸੀ, ਪੁਰਾਣੀ, ਬਹੁਤ ਵੱਡੀ। ਉਹ ਸੀ ਤਾਂ ਦੇਸੀ ਹੀ, ਪਿਉਂਦੀ ਨਹੀਂ, ਪਰ ਉਹਨੂੰ ਬੇਰ ਬੜੇ ਮਿੱਠੇ ਤੇ ਵੱਡੇ ਗੁੱਦੇਦਾਰ ਲਗਦੇ। ਮਾਮਾ ਉਹਨੂੰ ਸਿਉ ਬੇਰੀ ਆਖਦਾ। ਬੇਰ ਕਣਕ ਤੋਂ ਥੋੜ੍ਹਾ ਪਹਿਲਾਂ ਪੱਕ ਜਾਂਦੇ। ਮਾਮਾ ਸੀਰੀ ਨੂੰ ਜਿੰਨੀ ਹਦਾਇਤ ਡੰਗਰ-ਪਸ਼ੂ ਤੋਂ ਕਣਕ ਦੀ ਰਾਖੀ ਦੀ ਦਿੰਦਾ, ਓਨੀ ਹੀ ਮੁੰਡਿਆਂ-ਖੁੰਡਿਆਂ ਤੋਂ ਬੇਰਾਂ ਦੀ ਰਾਖੀ ਦੀ ਦਿੰਦਾ। ਬੇਰ ਪੱਕਿਆਂ ਤੋਂ ਉਹ ਢਾਂਗੇ ਨਾਲ ਇਕ-ਇਕ ਡਾਹਣੀ ਹਲੂਣਦਾ ਤੇ ਘਰ ਲਿਆ ਕੇ ਸੁੱਕਣੇ ਪਾ ਦਿੰਦਾ। ਸੁੱਕ ਕੇ ਉਹ ਛੁਹਾਰਿਆਂ ਵਰਗੇ ਹੋ ਜਾਂਦੇ। ਮਾਮਾ ਬੋਤੇ ਉੱਤੇ ਆਉਂਦਾ ਤੇ ਸੁੱਕੇ ਬੇਰਾਂ ਦੀ ਬੋਰੀ ਲਿਆ ਰਖਦਾ। ਏਨੇ ਬੇਰ ਕੌਣ ਖਾਵੇ! ਸਾਡੇ ਕਈ ਸਕੇ ਤੇ ਹੋਰ ਗੁਆਂਢੀ ਘਰਾਂ ਦੇ ਕੰਮ ਆਉਂਦੇ।

ਕਣਕ ਨਿੱਕਲਦੀ ਤਾਂ ਮਾਮੇ ਦੇ ਗੱਡੇ ਸਾਡੇ ਬਾਰ ਅੱਗੇ ਆ ਖਲੋਂਦੇ। ਉਹ ਸਾਡੀ ਮਾਂ ਦੇ ਖੇਤ ਦੀ ਫ਼ਸਲ ਵਿਚੋਂ ਵਾਹੀਵਾਨ ਵਜੋਂ ਆਪਣਾ ਕੋਈ ਹਿੱਸਾ ਵੀ ਨਹੀਂ ਸੀ ਰੱਖਦਾ। ਕਣਕ ਦੀਆਂ ਬੋਰੀਆਂ, ਤੂੜੀ ਅਤੇ ਉਹਦੇ ਉੱਤੇ ਰੱਖੀ ਹੋਈ ਘੁੰਡੀਆਂ ਦੀ ਪੰਡ। (ਕਣਕ ਦੀ ਗਹਾਈ ਵੇਲੇ ਬਲ੍ਹਦਾਂ ਦੇ ਪੈਰਾਂ ਨਾਲ ਦਾਣੇ ਤਾਂ ਬੱਲੀਆਂ ਵਿਚੋਂ ਨਿਕਲਦੇ ਹੀ, ਨਾੜ ਵੀ ਟੁੱਟ ਕੇ ਤੂੜੀ ਬਣ ਜਾਂਦਾ। ਨਾੜ ਦੇ ਗੰਢਾਂ ਵਾਲੇ ਹਿੱਸੇ, ਜੋ ਪਸ਼ੂਆਂ ਨੂੰ ਚਾਰਨ ਦੇ ਕੰਮ ਨਹੀਂ ਸਨ ਆਉਂਦੇ, ਤੂੜੀ ਨਾਲੋਂ ਭਾਰੀ ਹੋਣ ਕਰਕੇ ਛਜਲੀ ਲਾਉਣ ਵੇਲੇ ਹਵਾ ਨਾਲ ਵੱਖ ਹੋ ਜਾਂਦੇ। ਇਨ੍ਹਾਂ ਨੂੰ ਘੁੰਡੀਆਂ ਕਿਹਾ ਜਾਂਦਾ ਸੀ ਤੇ ਇਹ ਤੰਦੂਰ ਵਿਚ ਬਾਲਣ ਦੇ ਕੰਮ ਹੀ ਆਉਂਦੀਆਂ ਸਨ।)

ਕਾਲੇ ਖਾਂ ਘੁਮਿਆਰ ਮਾਮੇ ਦਾ ਪੂਰਾ ਇਤਬਾਰੀ ਬੰਦਾ ਸੀ। ਘਰ ਵਿਚ ਜੋ ਮਰਜ਼ੀ ਚੱਕੇ, ਜੋ ਮਰਜ਼ੀ ਰੱਖੇ। ਮਾਮਾ ਫ਼ਸਲਾਂ ਦੀਆਂ ਗਿਣਤੀਆਂ-ਮਿਣਤੀਆਂ ਤੋਂ ਵੀ ਮੁਕਤ ਸੀ। ਇਹੋ ਜਿਹੇ ਸਭ ਝੰਜਟ ਉਹਨੇ ਕਾਲੇ ਦੇ ਗਲ ਪਾਏ ਹੋਏ ਸਨ। ਮਾਮੇ ਨਾਲ ਕਾਲ਼ਾ ਵੀ ਆਉਂਦਾ।

ਇਕ ਵਾਰੀ ਮਾਮੇ ਨੂੰ ਪਰੇ ਗਿਆ ਦੇਖ ਮੇਰੀ ਮਾਂ ਆਖਣ ਲੱਗੀ, "ਵੇ ਭਾਈ ਕਾਲਿਆ, ਮੇਰਾ ਭੋਲ਼ਾ ਭਰਾ ਤਾਂ ਜਿਹੋ ਜਿਹਾ ਹੈ ਸੋ ਹੈ, ਤੂੰ ਹੀ ਇਹਨੂੰ ਸਮਝਾਇਆ ਕਰ। ਭਲਾਂ ਇਹ ਘੁੰਡੀਆਂ ਦਾ ਗੱਠੜ ਕਿਉਂ ਐਵੇਂ ਵਾਧੂ ਚਕਦੇ ਫਿਰਦੇ ਹੋਂ। ਮੇਰੇ ਇਹ ਕਿਸ ਕੰਮ? ਤੰਦੂਰ ਮੈਂ ਬਾਲਣਾ ਨਹੀਂ, ਹੋਰ ਇਹ ਮੇਰੇ ਕਿਸੇ ਕੰਮ ਆਉਂਦੀਆਂ ਨਹੀਂ।"

ਕਾਲ਼ਾ ਹੱਸਿਆ,"ਭੂਆ, ਚੰਗਾ ਫਸਾਉਣ ਲੱਗੀ ਹੈਂ ਤੂੰ ਮੈਨੂੰ! ਚਾਚੇ ਨੂੰ ਮੈਂ ਕਹਾਂ, ਭੂਆ ਦੀ ਕਣਕ ਦੀਆਂ ਘੁੰਡੀਆਂ ਇਥੇ ਹੀ ਪਈਆਂ ਰਹਿਣ ਦੇ ਤੇ ਫੇਰ ਕਈ ਦਿਨ ਉਹਦੇ ਸਲੋਕ ਸੁਣਦਾ ਰਹਾਂ!"

ਇਹ ਗੱਲ ਇਧਰ ਨੂੰ ਆਉਂਦੇ ਮਾਮੇ ਨੂੰ ਵੀ ਸੁਣ ਗਈ। ਉਹ ਬੋਲਿਆ, "ਕੌਣ ਕੀਹਨੂੰ ਸਲੋਕ ਸੁਣਾਉਂਦਾ ਐ ਬਈ ਕਾਲ਼ੇ ਖਾਂ?"

ਕਾਲ਼ਾ ਕਹਿੰਦਾ, "ਚਾਚਾ, ਸਲੋਕ ਮੈਨੂੰ ਤੂੰ ਸੁਣਾਏਂਗਾ, ਹੋਰ ਕੌਣ ਸੁਣਾਊ!...ਭੂਆ ਕਹਿੰਦੀ ਹੈ, ਆਬਦੇ ਚਾਚੇ ਨੂੰ ਆਖ, ਘੁੰਡੀਆਂ ਨਾ ਲਿਆਇਆ ਕਰੇ, ਮੇਰੇ ਕਿਸੇ ਕੰਮ ਨਹੀਂ।"

ਮਾਮੇ ਨੇ ਸਲਾਹ ਦਿੱਤੀ, "ਕਾਕੀ, ਜੇ ਤੰਦੂਰ ਨਹੀਂ ਬਾਲਣਾ, ਰੂੜੀ ਉੱਤੇ ਸਿੱਟ ਦਿਆ ਕਰ, ਵਧੀਆ ਰੇਹ ਬਣੂ!"

ਕਾਲ਼ੇ ਨੇ ਮੇਰੀ ਮਾਂ ਦੀ ਓਟ ਤੱਕ ਕੇ ਭੇਤ ਖੋਲ੍ਹਿਆ, "ਚਾਚੇ ਨੇ ਘੁੰਡੀਆਂ ਕਿਥੋਂ ਪਿੱਛੇ ਛੱਡ ਕੇ ਆਉਣੀਆਂ ਨੇ, ਭੂਆ, ਆਪਣੇ ਢੇਰ ਤੋਂ ਤੇਰੀ ਤੂੜੀ ਵਿਚ ਪੰਡ ਤੂੜੀ ਦੀ ਤੇ ਦਾਣਿਆਂ ਵਿਚ ਦੋ ਪਰਾਂਤਾਂ ਦਾਣਿਆਂ ਦੀਆਂ ਵਾਧੂ ਪਾ ਦਿੰਦਾ ਐ।"

ਮੇਰੀ ਮਾਂ ਹੈਰਾਨ ਹੋਈ, "ਭਾਈ ਮੱਘਰਾ, ਇਹ ਕਿਉਂ?"

ਮਾਮੇ ਨੇ ਭੇਤ ਸਮਝਾਇਆ, "ਹਵਾ-ਹਨੇਰੀ ਨਾਲ ਤੇਰੇ ਖੇਤ ਦੀਆਂ ਬੱਲੀਆਂ ਮੇਰੇ ਖੇਤ ਵਿਚ ਤੇ ਤੇਰੇ ਪਿੜ ਦੇ ਦਾਣੇ ਮੇਰੇ ਪਿੜ ਵਿਚ ਰਲ ਜਾਣ ਤਾਂ ਤੇਰੇ ਖੇਤ ਦਾ ਅੰਨ ਖਾ ਕੇ ਮੈਂ ਨਰਕਾਂ ਨੂੰ ਜਾਵਾਂ?"

ਹੁਣ ਉਹ ਅਵਸਥਾ ਬਣ ਗਈ ਸੀ ਜਿਥੇ ਪਹੁੰਚ ਕੇ ਸਭ ਸ਼ਬਦ ਖ਼ਤਮ ਹੋ ਜਾਂਦੇ ਹਨ। ਮੇਰੀ ਮਾਂ ਵੀ ਮੋਹ-ਮਮਤਾ ਨਾਲ ਛਲਕਦੀਆਂ ਅੱਖਾਂ ਪੂੰਝ ਕੇ ਚੁੱਪ ਕਰ ਗਈ।

## ਵੇਲਾ-ਕੁਵੇਲਾ

*(ਸਫਾ 26 ਦੀ ਬਾਕੀ)*

ਦਰਿਆ 'ਚ ਛਾਲਾਂ ਮਾਰ ਗਈਆਂ।।'

'ਜਿਨ੍ਹਾਂ ਮਾਈਆਂ-ਬੀਬੀਆਂ ਨੇ ਭਾਣਾ ਮਿੱਠਾ ਕਰਕੇ ਮੰਨਿਆ...।' ਗ੍ਰੰਥੀ ਲਹਿਣਾ ਸਿਹੁੰ ਦੇ ਅਰਦਾਸ ਕਰਦੇ ਦੇ ਬੋਲ ਮੇਰੇ ਕੰਨੀ ਪੈਂਦੇ ਹਨ।

'ਤੇਰੇ ਭਾਣੇ ਸਰਬੱਤ ਦਾ ਭਲਾ' ਦੇ ਵਾਕ ਨਾਲ ਸਾਰੇ ਉਂਗਲਾਂ ਜ਼ਮੀਨ ਨਾਲ ਛੂਹਾ ਕੇ ਮੱਥੇ ਲਾਉਂਦੇ ਹਨ। ਪਰਾਲੀ ਦਾ ਬੂੱਥਾ ਕੋਈ ਮੇਰੇ ਹੱਥ ਫੜਾਉਂਦਾ ਹੈ ਤੇ ਨਾਲ ਹੀ ਡੱਬੀ ਚੋਂ ਪੰਜ ਸੱਤ ਤੀਲ੍ਹਾਂ ਕੱਢ ਇਕੱਠੀਆਂ ਬਾਲ ਕੇ ਸਿਰੇ ਨੂੰ ਅੱਗ ਵਿਖਾ ਦਿੰਦਾ ਹੈ। ਲੋਕਾਂ ਦੀ ਆਸੇ-ਪਾਸੇ ਜੁੜੀ ਭੀੜ ਦੋ-ਦੋ ਪੈਰ ਪਿੱਛੇ ਹਟ ਜਾਂਦੀ ਹੈ। ਮੈਂ ਸਿਆਣਿਆਂ ਦਾ ਆਦੇਸ਼ ਮੰਨਦਿਆਂ ਪਹਿਲਾਂ ਸਿਰ ਵੱਲ ਅੱਗ ਛੁਹਾਉਂਦਾ ਹਾਂ, ਫਿਰ ਹੌਲੀ ਹੌਲੀ ਪੈਰਾਂ ਵੱਲ ਵਧਦਾ ਹਾਂ। ਬੂੱਥੇ ਦੀ ਅੱਗ ਤੇਜ਼ੀ ਨਾਲ ਵਧਦੀ ਮੇਰੇ ਹੱਥਾਂ ਤੱਕ ਆ ਜਾਂਦੀ ਹੈ ਤੇ ਮੈਂ ਉਹਨੂੰ ਚਿਖਾ ਦੇ ਉੱਤੇ ਸੁੱਟ ਦਿੰਦਾ ਹਾਂ।

ਤਿੜ-ਤਿੜ ਕਰਦੀ ਅੱਗ ਪਲਾਂ-ਛਿਣਾਂ ਵਿਚ ਸਾਰੀ ਚਿਖਾ ਨੂੰ ਘੇਰ ਲੈਂਦੀ ਹੈ। ਆਸੇ-ਪਾਸੇ ਖੜ੍ਹੇ ਲੋਕ ਹੋਰ ਪਿੱਛੇ ਹਟ ਜਾਂਦੇ ਹਨ। ਛੋਟੀਆਂ ਤੇ ਪਤਲੀਆਂ ਟਾਹਣੀਆਂ ਦੀ ਤਿੜ-ਤਿੜ ਮੱਚਦੀ ਅੱਗ ਅਚਾਨਕ ਮੈਨੂੰ ਵਟਾਲੇ ਦੁਸਹਿਰਾ ਗਰਾਊਂਡ ਵਿਚ ਵੇਖੇ ਬਲਦੇ ਪੁਤਲਿਆਂ ਦਾ ਚੇਤਾ ਕਰਵਾ ਦਿੰਦੀ ਹੈ। ਬਦੀ ਦੇ ਅੰਤ ਬਾਰੇ ਸੋਚਦਿਆਂ ਜਿਵੇਂ ਮੇਰਾ ਮਨ ਹਲਕਾ ਹੋ ਜਾਂਦਾ ਹੈ ਤੇ ਮੈਂ ਹੱਥ ਝਾੜਦਾ ਪਿੱਛੇ ਖਲੋਤੇ ਲੋਕਾਂ ਵਿਚ ਜਾ ਰਲਦਾ ਹਾਂ।

# ਦੀਪ ਸਿੱਧੂ ਦਾ ਆਖ਼ਿਰੀ ਗੀਤ ਲਾਹੌਰ

ਫ਼ਿਲਮਾਂ ਤੋਂ ਬਾਅਦ ਕਿਸਾਨੀ ਸੰਘਰਸ਼ ਦੇ ਚਲਦਿਆਂ ਸੁਰਖੀਆਂ ਵਿਚ ਆਏ ਸੰਦੀਪ ਸਿੱਧੂ ਦਾ ਬੀਤੇ ਦਿਨੀਂ ਇੱਕ ਸੰਗੀਤਕ ਵੀਡੀਓ ਰਿਲੀਜ਼ ਹੋਇਆ ਹੈ, ਜਿਸ ਵਿਚ ਉਸਨੇ ਭਾਰਤ-ਪਾਕਿ ਵੰਡ ਸਮੇਂ ਵਿਛੜੇ ਦੋ ਮਿਤਰਾਂ ਦੀ ਕਹਾਣੀ ਨੂੰ ਬਹੁਤ ਹੀ ਭਾਵੁਕਤਾ ਨਾਲ ਸੁਰਜੀਤ ਦੇ ਕਿਰਦਾਰ ਰਾਹੀਂ ਪੇਸ਼ ਕੀਤਾ ਹੈ। ਇਸ ਗੀਤ ਨੂੰ ਦਿਲਰਾਜ ਗਰੇਵਾਲ ਨੇ ਲਿਖਿਆ ਅਤੇ ਗਾਇਆ

**ਸੁਰਜੀਤ ਜੱਸਲ**
**ਫੋਨ: 98416-07737**

ਹੈ। ਦਿਲਰਾਜ ਪਾਕਿਸਤਾਨੀ ਦੋਸਤ ਖ਼ਤੀਬ ਦੇ ਕਿਰਦਾਰ ਵਿਚ ਹੈ। ਸਾਗਾ ਮਿਊਜ਼ਿਕ ਵਲੋਂ ਰਿਲੀਜ਼ ਕੀਤੇ ਇਸ ਗੀਤ 'ਲਾਹੌਰ' ਦੀ ਚਰਚਾ ਦੁਨੀਆ ਦੇ ਕੋਨੇ-ਕੋਨੇ ਵਿਚ ਹੋ ਰਹੀ ਹੈ। ਜ਼ਿਕਰਯੋਗ ਹੈ ਕਿ ਪੰਜਾਬੀ ਫਿਲਮਾਂ ਦੀ ਅਦਾਕਾਰੀ ਤੋਂ ਬਾਅਦ ਲਾਹੌਰ ਗੀਤ ਦੀਪ ਸਿੱਧੂ ਦਾ ਪਹਿਲਾ ਤੇ ਆਖ਼ਿਰੀ ਗੀਤ ਹੈ, ਜਿਸਦੀ ਸ਼ੂਟਿੰਗ ਕੁਝ ਸਮਾਂ ਪਹਿਲਾ ਹੀ ਹੋਈ ਸੀ। ਇਸ ਗੀਤ ਵਿਚ ਦੀਪ ਸਿੱਧੂ ਦੀ ਦੋਸਤ ਰੀਨਾ ਰਾਏ ਨੇ ਵੀ ਅਦਾਕਾਰੀ ਕੀਤੀ ਹੈ।

ਸਾਗਾ ਕੰਪਨੀ ਦੇ ਮਾਲਕ ਸੁਮੀਤ ਸਿੰਘ ਦਾ ਕਹਿਣਾ ਹੈ ਕਿ ਇਹ ਗੀਤ ਦੀਪ ਸਿੱਧੂ ਨੂੰ ਸਰਧਾਂਜਲੀ ਭੇਟ ਕਰਦਿਆਂ ਰਿਲੀਜ਼ ਕੀਤਾ ਗਿਆ ਹੈ ਤਾਂ ਜੋ ਸਫ਼ਲ ਅਦਾਕਾਰ ਦੀ ਯਾਦ ਨੂੰ ਸਾਂਭਿਆ ਜਾ ਸਕੇ।

ਪੰਜਾਬੀ ਸਿਨੇਮੇ ਨੂੰ ਨਵੀਂ ਨੁਹਾਰ ਦੇਣ ਵਾਲਾ ਦੀਪ ਸਿੱਧੂ ਆਪਣੀਆਂ ਪਲੇਠੀਆਂ ਫ਼ਿਲਮਾਂ 'ਜੋਰਾ 10 ਨੰਬਰੀਆ, ਰੰਗ ਪੰਜਾਬ ਅਤੇ ਰਮਤਾ ਜੋਗੀ' ਨਾਲ ਭਾਵੇਂ ਪੰਜਾਬੀ ਪਰਦੇ ਤੇ ਹੀਰੋ ਬਣ ਕੇ ਉਭਰਿਆ ਪ੍ਰੰਤੂ ਕਿਸਾਨੀ ਸੰਘਰਸ਼ ਲਈ ਸੱਚੇ ਦਿਲੋਂ ਪਾਏ ਵੱਡਮੁੱਲੇ ਯੋਗਦਾਨ ਸਦਕਾ ਉਹ ਲੱਖਾਂ ਹੀ ਲੋਕਾਂ ਦਾ ਅਸਲ ਹੀਰੋ ਬਣ ਗਿਆ।

ਇਸ ਗੀਤ ਦਾ ਟਾਈਟਲ 'ਲਾਹੌਰ' ਹੈ ਅਤੇ ਇਸਦੇ ਬੋਲ 'ਕਾਸ਼ ਅਸੀਂ ਕਦੇ ਲਾਹੌਰ ਪੜ੍ਹਦੇ ਹੁੰਦੇ'। ਇਹ ਗੀਤ ਦੀਪ ਸਿੱਧੂ ਦਾ ਇਕ ਸੁਨਹਿਰਾ ਸੁਪਨਾ ਸੀ। ਇਸਦਾ ਨਿਰਦੇਸ਼ਨ-ਕਰਤਾ ਅਮਰਪ੍ਰੀਤ, ਜੀ. ਐਸ. ਛਾਬੜਾ ਹਨ। ਕੋਰੀਓਗਰਾਫਰ ਰੀਚਰਡ ਬਰਟਨ ਅਤੇ ਸੰਗੀਤ ਨਿਰਦੇਸ਼ਕ ਦ ਬੋਸ ਅਤੇ ਨਿਰਮਾਤਾ ਸੁਮੀਤ ਸਿੰਘ ਹਨ

8 ਮਿੰਟ ਦਾ ਇਹ ਵੀਡੀਓ ਟ੍ਰੈਕ ਭਾਰਤ-ਪਾਕਿ ਵੰਡ ਦੇ ਹੌਲਨਾਕ ਪਿਛੋਕੜ ਵਿਚ ਦੋ ਦੋਸਤਾਂ ਦੀ ਦਰਦਨਾਕ ਕਹਾਣੀ ਪੇਸ਼ ਕਰਦਾ ਹੈ, ਜੋ ਵੰਡ




ਅਤੇ ਇਸ ਤੋਂ ਬਾਅਦ ਵਾਪਰੀ ਭਿਆਨਕ ਘਟਨਾ ਦੌਰਾਨ ਵੱਖ ਹੋ ਗਏ ਸਨ। ਲੱਖਾਂ ਮੁਸਲਮਾਨਾਂ ਨੇ ਪੱਛਮ ਅਤੇ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼ ਵਜੋਂ ਜਾਣਿਆ ਜਾਂਦਾ ਹੈ) ਵੱਲ ਪੈਦਲ ਯਾਤਰਾ ਕੀਤੀ ਜਦੋਂ ਕਿ ਲੱਖਾਂ ਹਿੰਦੂ ਅਤੇ ਸਿੱਖ ਉਲਟ ਦਿਸ਼ਾ ਵੱਲ ਚਲੇ ਗਏ। ਸੈਂਕੜੇ, ਹਜ਼ਾਰਾਂ ਲੋਕ ਸਦਾ ਲਈ ਵਿਛੜ ਗਏ।

ਗਾਇਕ ਤੇ ਕਲਾਕਾਰ ਦਿਲਰਾਜ ਗਰੇਵਾਲ ਨੇ ਕਿਹਾ, 'ਲਾਹੌਰ' ਸਿਰਫ ਇੱਕ ਗੀਤ ਹੀ ਨਹੀਂ, ਸਗੋਂ ਪਿਆਰ, ਦੋਸਤੀ ਅਤੇ ਸ਼ਾਂਤੀ ਦੀ ਦਿਲ ਨੂੰ ਛੂਹ ਲੈਣ ਵਾਲੀ ਕਹਾਣੀ ਹੈ। ਇਸ ਵਿਚ ਕਿਸੇ ਵਿਅਕਤੀ ਦੇ ਨਿੱਜੀ ਨੁਕਸਾਨ ਦੇ ਜਜ਼ਬਾਤ ਨੂੰ ਦਰਸਾਇਆ ਗਿਆ ਹੈ।

ਸਾਗਾ ਮਿਊਜ਼ਿਕ ਦੇ ਬੈਨਰ ਹੇਠ ਰਿਲੀਜ਼ ਹੋਏ ਇਸ ਮਾਸਟਰਪੀਸ ਦਾ ਨਿਰਮਾਣ ਅਤੇ ਕਲਪਨਾ ਇਸ ਦੇ ਮਾਲਕ ਸੁਮੀਤ ਸਿੰਘ ਦੀ ਹੈ। ਜਦੋਂ ਇਸ ਟ੍ਰੈਕ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਇਸ ਗੀਤ ਦੇ ਨਾਲ ਮੈਂ ਸਿਰਫ ਇਹ ਦਸਣਾ ਚਾਹੁੰਦਾ ਹਾਂ ਕਿ ਪਿਆਰ ਅਤੇ ਦੋਸਤੀ ਦੀਆਂ ਕੋਈ ਸੀਮਾਵਾਂ ਨਹੀਂ ਹੁੰਦੀਆਂ। ਅੰਤ ਵਿਚ ਮਨੁੱਖਤਾ ਹੀ ਇੱਕੋ ਇੱਕ ਧਰਮ ਹੁੰਦੈ, ਜਿਸ ਦੀ ਸਾਨੂੰ ਸਾਰਿਆਂ ਨੂੰ ਪਾਲਣਾ ਕਰਨੀ ਚਾਹੀਦੀ ਹੈ। ਭਾਰੀ ਅਵਾਜ਼ ਵਿਚ, ਉਨਾਂ ਅੱਗੇ ਕਿਹਾ, 'ਦੀਪ ਸਿੱਧੂ ਅਤੇ ਦਿਲਰਾਜ ਗਰੇਵਾਲ ਵਰਗਿਆਂ ਨੌਜਵਾਨ ਪ੍ਰਤਿਭਾਵਾਂ ਨੂੰ ਸੱਚਾਈ ਅਤੇ ਸੰਜੀਦਗੀ ਨਾਲ ਆਪਣੀ ਕੌਮ ਅਤੇ ਆਪਣੇ ਭਾਈਚਾਰੇ ਨਾਲ ਖੜ੍ਹੇ ਦੇਖ ਕੇ ਬਹੁਤ ਖੁਸ਼ੀ ਹੁੰਦੀ ਹੈ।'

# ਸਾਹਿਰ ਲੁਧਿਆਣਵੀ ਦੀ ਸ਼ਾਇਰੀ ਦੇ ਆਈਨੇ ਵਿਚ ਨਾਰੀ ਦਿਵਸ

**ਔਰਤ ਦਿਵਸ ਅਤੇ ਸਾਹਿਰ ਲੁਧਿਆਣਵੀ ਦੇ ਜਨਮ ਦਿਹਾੜੇ 8 ਮਾਰਚ ਦੇ ਸੰਦਰਭ ਵਿਚ**

ਅੱਠ ਮਾਰਚ 'ਵਿਸ਼ਵ ਔਰਤ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਸ ਮੌਕੇ 'ਤੇ ਔਰਤਾਂ ਦੇ ਸਸ਼ਕਤੀਕਰਨ ਨੂੰ ਲੈ ਕੇ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ। ਔਰਤਾਂ ਨੂੰ ਅਧਿਕਾਰ ਦਿਵਾਉਣ ਦੀਆਂ ਵੱਡੀਆਂ-ਵੱਡੀਆਂ ਡੀਂਗਾਂ ਮਾਰੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਸਸ਼ਕਤੀਕਰਨ ਲਈ ਲੰਮੇ ਸਮੇਂ ਤੋਂ ਗੱਲਾਂ ਚੱਲ ਰਹੀਆਂ ਹਨ। ਇਤਫਾਕਨ 8 ਮਾਰਚ ਨੂੰ ਹੀ ਔਰਤਾਂ ਦੇ ਹੱਕ ਵਿਚ ਆਵਾਜ਼ ਚੁੱਕਣ ਵਾਲੇ ਪ੍ਰਗਤੀਵਾਦੀ ਸ਼ਾਇਰ ਗੀਤਕਾਰ ਸਾਹਿਰ ਲੁਧਿਆਣਵੀ ਦਾ ਜਨਮ ਦਿਨ ਵੀ ਹੈ। ਸਾਹਿਰ ਦਾ ਜਨਮ ਪੰਜਾਬ ਦੇ ਸ਼ਹਿਰ ਲੁਧਿਆਣਾ ਵਿਖੇ ਇਕ ਵੱਡੇ ਜਾਗੀਰਦਾਰ ਚੌਧਰੀ ਫਜ਼ਲ ਮੁਹੰਮਦ ਦੀ ਬੀਵੀ ਸਰਦਾਰ



ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਬੇਗ਼ਮ ਦੀ ਕੁੱਖੋਂ ਹੋਇਆ। (ਸਾਹਿਰ ਦਾ ਅਸਲ ਨਾਂ ਅਬਦੁਲ ਹੱਈ ਸੀ, ਤਖ਼ੱਲਸ ਦੇ ਰੂਪ ਸਾਹਿਰ ਇਸਤੇਮਾਲ ਕਰਦੇ ਸਨ)। ਸਾਹਿਰ ਦੇ ਮਾਤਾ-ਪਿਤਾ ਵਿਚਕਾਰ ਰਿਸ਼ਤੇ ਸੁਖਾਵੇਂ ਨਹੀਂ ਸਨ ਤੇ ਸਾਹਿਰ ਆਪਣੀ ਮਾਤਾ ਨਾਲ ਰਹਿੰਦੇ ਸਨ। ਉਨ੍ਹਾਂ ਨੇ ਆਪਣੀ ਮਾਂ ਨੂੰ ਦੁੱਖਾਂ ਅਤੇ ਤੰਗੀਆਂ-ਤੁਰਸ਼ੀਆਂ 'ਚ ਜ਼ਿੰਦਗੀ ਬਸਰ ਕਰਦਿਆਂ ਵੇਖਿਆ, ਜਿਸ ਦਾ ਉਨ੍ਹਾਂ ਦੀ ਜ਼ਿੰਦਗੀ 'ਤੇ ਡੂੰਘਾ ਅਸਰ ਪਿਆ। ਇਸ ਦੀ ਝਲਕ ਉਨ੍ਹਾਂ ਦੀਆਂ ਰਚਨਾਵਾਂ ਵਿਚ ਥਾਂ-ਥਾਂ ਵੇਖੀ ਜਾ ਸਕਦੀ ਹੈ। ਇਕ ਥਾਂ ਖ਼ੁਦ ਆਖਦੇ ਹਨ:

ਦੁਨੀਆ ਨੇ ਤਜਰਬਾਤ-ਓ-ਹਵਾਦਿਸ
ਕੀ ਸ਼ਕਲ ਮੇਂ,
ਜੋ ਕੁਛ ਮੁਝੇ ਦੀਆ ਵੋਹ
ਲੌਟਾ ਰਹਾ ਹੂੰ ਮੈਂ।

ਸਾਹਿਰ ਨੇ ਦਸਵੀਂ ਹਾਈ ਸਕੂਲ ਲੁਧਿਆਣਾ ਤੋਂ 1937 ਵਿਚ ਕੀਤੀ। ਫਿਰ ਉਹ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ, ਲੁਧਿਆਣਾ ਵਿਚ ਦਾਖਲ ਹੋ ਗਿਆ। ਕਾਲਜ ਵਿਚ ਆਪਣੀ ਸ਼ਾਇਰੀ ਲਈ ਉਹ ਬਹੁਤ ਮਸ਼ਹੂਰ ਸੀ। ਪਹਿਲੇ ਸਾਲ ਹੀ ਉਸਨੂੰ ਆਪਣੀ ਜਮਾਤਣ ਕੁੜੀ ਨਾਲ ਪ੍ਰਿੰਸੀਪਲ ਦੇ ਲਾਨ ਵਿਚ ਬੈਠਣ ਕਰਕੇ ਕਾਲਜ ਵਿਚੋਂ ਕੱਢ ਦਿੱਤਾ ਗਿਆ। (ਜ਼ਿਕਰਯੋਗ ਹੈ ਕਿ ਜਿਸ ਕਾਲਜ ਨੇ ਸਾਹਿਰ ਨੂੰ ਕੱਢਿਆ ਸੀ, ਉਸੇ ਕਾਲਜ ਨੇ ਉਨ੍ਹਾਂ ਨੂੰ ਜਦੋਂ ਉਹ ਇਕ ਸ਼ਾਇਰ ਵਜੋਂ ਦੁਨੀਆ ਭਰ ਵਿਚ ਮਸ਼ਹੂਰ ਹੋ ਗਏ, ਤਾਂ ਆਪਣੇ ਡਿਗਰੀ ਵੰਡ ਸਮਾਰੋਹ ਵਿਚ ਬਤੌਰ ਮੁੱਖ ਮਹਿਮਾਨ ਬੁਲਾਇਆ ਸੀ)

ਉਪਰੰਤ ਉਹ ਲਾਹੌਰ ਦੇ ਦਿਆਲ ਸਿੰਘ ਕਾਲਜ ਵਿਚ ਦਾਖਲ ਹੋ ਗਏ, ਪਰ ਉਥੋਂ ਵੀ ਉਨ੍ਹਾਂ ਨੂੰ ਇਨਕਲਾਬੀ ਸ਼ਾਇਰੀ ਕਰਕੇ ਕੱਢ ਦਿੱਤਾ ਗਿਆ। ਇਸ ਉਪਰੰਤ ਉਹ ਇਸਲਾਮੀਆ ਕਾਲਜ, ਲਾਹੌਰ ਵਿਚ ਦਾਖਲ ਹੋ ਗਏ।

ਜ਼ਿਕਰਯੋਗ ਹੈ ਕਿ ਸਾਹਿਰ ਇਸਲਾਮਿਕ ਪਾਕਿ ਦੀ ਬਜਾਏ ਸੈਕੂਲਰ ਭਾਰਤ ਚਾਹੁੰਦੇ ਸਨ। ਉਹ ਪਹਿਲਾਂ ਪਾਕਿ ਚਲੇ ਗਏ ਬਾਅਦ ਵਿਚ ਭਾਰਤ ਆ ਗਏ ਪਰ ਇਥੋਂ ਦੇ ਹਾਲਾਤ ਦੇਖ ਕੇ ਫਿਰ ਪਾਕਿਸਤਾਨ ਚਲੇ ਗਏ।


1944 ਵਿਚ ਉਨ੍ਹਾਂ ਦੀ ਕਿਤਾਬ 'ਤਲਖ਼ੀਆਂ' ਛਪੀ ਤਾਂ ਉਹ ਰਾਤੋ-ਰਾਤ ਸਟਾਰ ਬਣ ਗਏ। ਉਨ੍ਹਾਂ ਸਮਿਆਂ ਵਿਚ ਅੰਮ੍ਰਿਤਾ ਪ੍ਰੀਤਮ ਵੀ ਲਾਹੌਰ ਹੀ ਰਹਿੰਦੀ ਸੀ। ਉਹ ਸਾਹਿਰ 'ਤੇ ਫਿਦਾ ਸੀ। ਆਪਣੇ ਤੇ ਸਾਹਿਰ ਵਿਚਕਾਰ ਇਸ਼ਕ ਦੀ ਕਹਾਣੀ ਦਾ ਜ਼ਿਕਰ ਅੰਮ੍ਰਿਤਾ ਪ੍ਰੀਤਮ ਨੇ ਬੜੀ ਬੇਬਾਕੀ ਨਾਲ ਆਪਣੀ ਸਵੈ-ਜੀਵਨੀ 'ਰਸੀਦੀ ਟਿਕਟ' ਵਿਚ ਕੀਤਾ ਹੈ। ਇਸ ਦਾ ਜ਼ਿਕਰ ਇਕ ਸੀ ਅਨੀਤਾ ਵਿਚ ਕੀਤਾ ਹੈ। 'ਸੁਨੇਹੜੇ', ਜਿਸ 'ਤੇ ਅੰਮ੍ਰਿਤਾ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ, ਦੀਆਂ ਤਕਰੀਬਨ ਸਾਰੀਆਂ ਨਜ਼ਮਾਂ ਸਾਹਿਰ ਨੂੰ ਹੀ ਮੁਖਾਤਿਬ ਹਨ। ਇਸੇ ਤਰ੍ਹਾਂ ਸਾਹਿਰ ਦੇ ਕਾਵਿ ਸੰਗ੍ਰਹਿ ਤਲਖ਼ੀਆਂ ਦੀਆਂ ਨਜ਼ਮਾਂ ਵਿਚ ਅੰਮ੍ਰਿਤਾ ਪ੍ਰੀਤਮ ਦੀ ਝਲਕ ਦਿਖਾਈ ਦਿੰਦੀ ਹੈ।

ਲਾਹੌਰ ਤੋਂ ਸਾਹਿਰ ਫ਼ਿਲਮੀ ਦੁਨੀਆ ਵਿਚ ਆਪਣੀ ਕਿਸਮਤ ਅਜ਼ਮਾਉਣ ਲਈ ਮੁੰਬਈ ਆ ਗਿਆ, ਜਿੱਥੇ ਪਹਿਲਾਂ ਉਸ ਦੇ ਪੈਰ ਨਾ ਜੰਮੇ। ਕਾਫੀ ਸੰਘਰਸ਼ ਪਿੱਛੋਂ 1950 ਵਿਚ ਰਿਲੀਜ਼ ਹੋਈ ਫ਼ਿਲਮ 'ਬਾਜ਼ੀ' ਦੀ ਕਾਮਯਾਬੀ ਨੇ ਸਾਹਿਰ ਨੂੰ ਫ਼ਿਲਮੀ ਨਗ਼ਮਾ-ਨਿਗਾਰੀ ਵਿਚ ਉਸੇ ਤਰ੍ਹਾਂ ਮਸ਼ਹੂਰ ਕਰ ਦਿੱਤਾ, ਜਿਸ ਤਰ੍ਹਾਂ 'ਤਲਖ਼ੀਆਂ' ਨੇ ਸਾਹਿਤਕ ਖੇਤਰ ਵਿਚ ਕੀਤਾ ਸੀ।

ਸਾਹਿਰ ਨੇ ਫ਼ਿਲਮਾਂ ਦੇ ਹਿੱਟ ਗੀਤ ਲਿਖ ਕੇ ਇਨਾਮ ਤੇ ਨਾਮਣਾ ਦੋਨੋਂ ਖੱਟੇ। ਆਪਣੇ ਵੇਲੇ ਦਾ ਉਹ ਸਭ ਤੋਂ ਵੱਧ ਪੈਸੇ ਕਮਾਉਣ ਵਾਲਾ ਨਗ਼ਮਾ-ਨਿਗਾਰ ਸੀ। ਫ਼ਿਲਮ ਰਾਈਟਰਜ਼ ਐਸੋਸੀਏਸ਼ਨ ਦਾ ਬਿਨਾਂ ਮੁਕਾਬਲਾ ਪ੍ਰਧਾਨ ਵੀ ਬਣਿਆ। ਇਸ ਪਦਵੀ 'ਤੇ ਹੁੰਦਿਆਂ ਉਸ ਨੇ ਨਗ਼ਮਾਂ-ਨਿਗਾਰਾਂ ਨੂੰ ਫ਼ਿਲਮੀ ਦੁਨੀਆ ਅਤੇ ਰੇਡੀਓ ਵਿਚ ਬੜੀ ਸਤਿਕਾਰ ਵਾਲੀ ਥਾਂ ਦਿਵਾਈ। ਜਿਵੇਂ ਫ਼ਿਲਮ ਦੀ ਕਾਸਟ ਦਿਖਾਉਣ ਵੇਲੇ ਨਗ਼ਮਾ-ਨਿਗਾਰ ਦਾ ਨਾਂ ਸੰਗੀਤਕਾਰ ਤੋਂ ਪਹਿਲਾਂ ਆਵੇ, ਰੇਡੀਓ 'ਤੇ ਫ਼ਰਮਾਇਸ਼ੀ ਪ੍ਰੋਗਰਾਮ ਵਿਚ ਨਗ਼ਮਾ-ਨਿਗਾਰ ਦਾ ਨਾਂ ਵੀ ਦੱਸਿਆ ਜਾਵੇ। ਇਸੇ ਤਰ੍ਹਾਂ ਗਰਾਮੋਫੋਨ ਕੰਪਨੀਆਂ ਨੂੰ ਰਿਕਾਰਡਾਂ 'ਤੇ ਨਗ਼ਮਾ-ਨਿਗਾਰਾਂ ਦਾ ਨਾਂ ਵੀ ਦੇਣ ਲਈ ਮਜਬੂਰ ਕੀਤਾ। ਇੱਕ ਸੰਗੀਤ ਡਾਇਰੈਕਟਰ ਨੇ ਮਿਹਣਾ ਮਾਰਿਆ ਕਿ ਸਾਹਿਰ ਦੇ ਗਾਣੇ ਇਸ ਕਰਕੇ ਮਸ਼ਹੂਰ ਹਨ, ਕਿਉਂਕਿ ਉਨ੍ਹਾਂ ਨੂੰ ਲਤਾ ਗਾਉਂਦੀ ਹੈ। ਸਾਹਿਰ ਬੜਾ ਅਣਖੀ ਸੀ। ਉਸ ਨੇ ਸ਼ਰਤ ਰੱਖੀ ਕਿ ਦੋ ਸਾਲ ਉਹ ਸਿਰਫ਼ ਉਸ ਫ਼ਿਲਮ ਲਈ ਗਾਣੇ ਲਿਖੇਗਾ, ਜਿਸ ਵਿਚ ਲਤਾ ਤੋਂ ਨਾ ਗਵਾਏ ਜਾਣ। ਸਾਹਿਰ ਦੀ ਲਤਾ ਬਾਰੇ ਸਭ ਤੋਂ ਮਸ਼ਹੂਰ ਨਜ਼ਮ ਹੈ 'ਤੇਰੀ ਆਵਾਜ਼'।

ਸ਼ਾਇਰੀ ਦਾ ਸ਼ੌਕ ਉਨ੍ਹਾਂ ਨੂੰ ਸਕੂਲ ਵਿਚ ਹੀ ਸੀ। ਉਹ ਸਾਹਿਰ ਕਿਵੇਂ ਬਣਿਆ? ਅਲਾਮਾ ਇਕਬਾਲ ਦੇ ਹਜ਼ਰਤ ਦਾਗ਼ ਬਾਰੇ ਲਿਖੇ ਮਰਸੀਏ ਦਾ ਜਦ ਉਸ ਨੇ ਇਹ ਸ਼ਿਅਰ ਪੜ੍ਹਿਆ

'ਇਸ ਚਮਨ ਮੇਂ ਹੋਂਗੇ ਪੈਦਾ ਬੁਲਬੁਲ-ਏ-ਸ਼ਿਰਾਜ਼ ਭੀ,
ਸੈਂਕੜੋਂ ਸਾਹਿਰ ਭੀ ਹੋਂਗੇ ਸਾਹਿਬ-ਏ-ਇਜਾਜ਼ ਭੀ'



ਤਾਂ ਉਸ ਨੇ ਆਪਣਾ ਤਖ਼ੱਲਸ ਸਾਹਿਰ ਰੱਖ ਲਿਆ। ਤਖ਼ੱਲਸ ਉਨ੍ਹਾਂ ਦੀ ਸ਼ਖ਼ਸੀਅਤ 'ਤੇ ਪੂਰਾ ਢੁਕਦਾ ਸੀ। ਸਾਹਿਰ ਹਰ ਮੁਸ਼ਾਇਰੇ ਦੀ ਰੌਣਕ ਹੁੰਦੇ ਸਨ। ਉਨ੍ਹਾਂ ਦੀਆਂ ਰੁਮਾਂਚਕ ਨਜ਼ਮਾਂ ਨੌਜਵਾਨ ਦਿਲਾਂ ਦੀ ਧੜਕਣ ਦੀ ਤਰਜਮਾਨੀ ਕਰਦੀਆਂ। ਇਹੋ ਵਜ੍ਹਾ ਹੈ ਕਿ ਨੌਜਵਾਨ ਮੁੰਡੇ-ਕੁੜੀਆਂ 'ਚ ਬੇਹੱਦ ਹਰਮਨ ਪਿਆਰੇ ਸਨ।

ਜ਼ਿਕਰਯੋਗ ਹੈ ਕਿ ਸਾਹਿਰ ਦੇ ਸਾਰੇ ਇਸ਼ਕ ਜਜ਼ਬਾਤੀ ਕਿਸਮ ਦੇ ਰਹੇ। ਉਨ੍ਹਾਂ ਨਾ ਇਨ੍ਹਾਂ ਨੂੰ ਸਰੀਰਕ ਸਬੰਧਾਂ ਅਤੇ ਨਾ ਹੀ ਸ਼ਾਦੀ ਦੇ ਰਿਸ਼ਤੇ ਵਿਚ ਬਦਲਿਆ, ਸਗੋਂ ਇਨ੍ਹਾਂ ਤੋਂ ਸਿਰਫ਼ ਆਪਣੀ ਸ਼ਾਇਰੀ ਲਈ ਪ੍ਰੇਰਣਾ ਲਈ। ਭਾਵੇਂ ਸਾਹਿਰ ਨੇ ਕੁਝ ਗ਼ਜ਼ਲਾਂ ਵੀ ਲਿਖੀਆਂ ਪਰ ਉਸ ਦੀ ਪਛਾਣ ਨਜ਼ਮ ਦੇ ਸ਼ਾਇਰ ਵਜੋਂ ਹੋਈ। ਉਸ ਦੀਆਂ ਨਜ਼ਮਾਂ ਦਾ ਪੱਧਰ ਬਹੁਤ ਉਚਾ ਹੈ। ਬਹੁਤੀਆਂ ਰੁਮਾਂਸ ਦੀ ਚਾਸ਼ਨੀ 'ਚ ਲਬਰੇਜ਼ ਹਨ ਜਦਕਿ ਕੁਝ ਕੁ ਵਿਚ ਇਨਕਲਾਬੀ ਰੰਗ ਦੀ ਝਲਕ ਮਿਲਦੀ ਹੈ। ਉਨ੍ਹਾਂ ਦੀ ਨਜ਼ਮ 'ਪਰਛਾਈਆਂ' ਅਮਨ ਬਾਰੇ ਹੈ। ਉਨ੍ਹਾਂ ਦੀਆਂ ਨਜ਼ਮਾਂ 'ਐ ਸ਼ਰੀਫ ਇਨਸਾਨੋਂ' ਅਤੇ 'ਤਾਜ ਮਹਿਲ' ਸ਼ਾਹਕਾਰ ਰਚਨਾਵਾਂ ਹਨ। ਕੁਝ ਪੰਕਤੀਆਂ:

ਚਲੋ ਇੱਕ ਬਾਰ ਫਿਰ ਸੇ
ਅਜਨਬੀ ਬਨ ਜਾਏਂ ਹਮ ਦੋਨੋਂ
ਤੁਮੇਂ ਭੀ ਕੋਈ ਉਲਝਨ
ਰੋਕਤੀ ਹੈ ਪੇਸ਼ਕਦਮੀ ਸੇ
ਮੁਝੇ ਭੀ ਲੋਗ ਕਹਿਤੇ ਹੈਂ ਕਿ
ਯਹ ਜਲਵੇ ਪਰਾਏ ਹੈਂ
ਮੇਰੇ ਹਮਰਾਹ ਭੀ ਰੁਸਵਾਈਆਂ ਹੈਂ
ਮੇਰੇ ਮਾਜ਼ੀ ਕੀ
ਤੁਮਹਾਰੇ ਸਾਥ ਭੀ ਗੁਜ਼ਰੀ ਹੁਈ
ਰਾਤੋਂ ਕੇ ਸਾਏ ਹੈਂ।

ਜੇਕਰ ਸਾਹਿਰ ਦੇ ਫ਼ਿਲਮੀ ਗੀਤਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਉਨ੍ਹਾਂ ਫ਼ਿਲਮੀ ਗੀਤਾਂ ਨੂੰ ਤੁਕਬੰਦੀ ਤੋਂ ਆਜ਼ਾਦੀ ਦਿਵਾਉਂਦਿਆਂ ਹਕੀਕੀ ਰੂਪ ਸ਼ਾਇਰੀ ਦਾ ਜਾਮਾ ਪਹਿਨਾਇਆ।

ਜੇਕਰ ਸਾਹਿਰ ਲੁਧਿਆਣਵੀ ਦੀ ਸ਼ਾਇਰੀ ਦੇ ਸੰਦਰਭ ਵਿਚ ਔਰਤਾਂ ਦੇ ਹਾਲਾਤ ਦੀ ਗੱਲ ਕਰੀਏ, ਤਾਂ ਉਨ੍ਹਾਂ ਔਰਤਾਂ ਦੀ ਦੁਰਦਸ਼ਾ ਸੰਬੰਧੀ ਅੱਜ ਤੋਂ ਲਗਭਗ ਛੇ-ਸੱਤ ਦਹਾਕੇ ਪਹਿਲਾਂ ਜੋ ਨਕਸ਼ਾ ਆਪਣੀਆਂ ਨਜ਼ਮਾਂ ਤੇ ਗੀਤਾਂ ਵਿਚ ਖਿੱਚਿਆ ਸੀ, ਹਾਲਾਤ ਅੱਜ ਵੀ ਉਹੋ ਹਨ। ਉਨ੍ਹਾਂ ਦੀ ਨਜ਼ਮ ਦੀਆਂ ਚੰਦ ਸਤਰਾਂ ਚੇਤੇ ਆ ਰਹੀਆਂ ਹਨ, ਜਿਨ੍ਹਾਂ ਵਿਚ ਉਸ ਨੇ ਔਰਤ ਦੇ ਜੀਵਨ ਵਿਚਲੀ ਤ੍ਰਾਸਦੀ ਨੂੰ ਪੇਸ਼ ਕਰਦਿਆਂ ਕਿਹਾ ਹੈ:

ਔਰਤ ਨੇ ਜਨਮ ਦੀਆ ਮਰਦੋਂ ਕੋ,
ਮਰਦੋਂ ਨੇ ਉਸੇ ਬਾਜ਼ਾਰ ਦੀਆ।
ਜਬ ਜੀਅ ਚਾਹਾ ਮਸਲਾ ਕੁਚਲਾ,
ਜਬ ਜੀਅ ਚਾਹਾ ਧੁਤਕਾਰ ਦੀਆ।
ਤਿਤਲੀ ਹੈ ਕਹੀਂ ਦੀਨਾਰੋਂ ਮੇਂ ਬਿਕਤੀ,
ਹੈ ਕਹੀਂ ਬਾਜ਼ਾਰੋਂ ਮੇਂ।
ਨੰਗੀ ਨਚਵਾਈ ਜਾਤੀ ਹੈ,
ਅਯਾਸ਼ੋਂ ਕੇ ਦਰਬਾਰੋਂ ਮੇਂ।
ਯੇਹ ਵੋਹ ਬੇਇੱਜ਼ਤ ਚੀਜ਼ ਹੈ ਜੋ,
ਬਟ ਜਾਤੀ ਹੈ ਇੱਜ਼ਤਦਾਰੋਂ ਮੇਂ।

ਜੇਕਰ ਅੱਜ ਅਸੀਂ ਆਪਣੇ ਸਮਾਜ ਵਿਚਲੀਆਂ ਔਰਤਾਂ ਦੇ ਜੀਵਨ 'ਤੇ ਝਾਤ ਮਾਰੀਏ ਤਾਂ ਸਾਨੂੰ ਇੱਕ ਵੱਡੀ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਵਿਚ ਔਰਤ ਨੂੰ ਦੇਵੀ ਦਾ ਦਰਜਾ ਦਿੱਤਾ ਜਾਂਦਾ ਹੈ, ਕੰਜਕਾਂ ਦੇ ਰੂਪ ਵਿਚ ਪੂਜਿਆ ਜਾਂਦਾ ਹੈ। ਔਰਤ ਦੀ ਕੁੱਖੋਂ ਦੁਨੀਆ ਦੇ ਮਹਾਨ ਮਹਾਪੁਰਸ਼ਾਂ ਨੇ ਜਨਮ ਲਿਆ, ਜਿਸ ਦੀ ਕੁੱਖੋਂ ਵੱਡੇ-ਵੱਡੇ ਨਬੀਆਂ, ਪੈਗੰਬਰਾਂ ਅਤੇ ਸੂਫੀ ਸੰਤਾਂ ਨੇ ਜਨਮ ਲਿਆ, ਜਿਸ ਨੇ ਕਦੀ ਟੀਪੂ ਸੁਲਤਾਨ, ਕਦੇ ਭਗਤ ਸਿੰਘ, ਕਦੀ ਊਧਮ ਸਿੰਘ, ਕਦੇ ਚੰਦਰ ਸ਼ੇਖਰ ਆਜ਼ਾਦ ਅਤੇ ਕਦੇ ਰਾਮ ਪ੍ਰਸਾਦ ਬਿਸਮਿਲ ਅਤੇ ਕਰਤਾਰ ਸਿੰਘ ਸਰਾਭੇ ਵਰਗੇ ਸੂਰਵੀਰਾਂ ਨੂੰ ਜਨਮ ਦਿੱਤਾ ਅਤੇ ਉਹ ਆਪਣੀਆਂ ਅਦੁੱਤੀ ਤੇ ਬੇਮਿਸਾਲ ਕੁਰਬਾਨੀਆਂ ਸਦਕਾ ਰਹਿੰਦੀ ਦੁਨੀਆਂ ਤਕ ਆਪਣੇ ਨਾਵਾਂ ਨੂੰ ਅਮਰ ਕਰ ਗਏ।

ਔਰਤ ਨੂੰ ਹਰ ਧਰਮ ਵਿਚ ਇੱਜ਼ਤ ਤੇ ਅਹਿਤਰਾਮ ਦਿੱਤਾ ਗਿਆ ਹੈ। ਇਸਲਾਮ ਵਿਚ ਔਰਤ ਦੇ ਰੁਤਬੇ ਨੂੰ ਬਿਆਨ ਕਰਦਿਆਂ ਸਵਰਗ ਨੂੰ ਮਾਂ ਦੇ ਕਦਮਾਂ ਹੇਠ ਦੱਸਿਆ ਗਿਆ ਹੈ ਜਦਕਿ ਗੁਰੂ ਨਾਨਕ ਦੇਵ ਜੀ ਨੇ ਔਰਤ ਜਾਤੀ ਦੀ ਵਡਿਆਈ ਕਰਦਿਆਂ ਆਖਿਆ ਹੈ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।

ਅੱਜ ਇਸ ਸਮਾਜ ਵਿਚ ਔਰਤ ਦੀ ਜੋ ਦੁਰਗਤ ਤੇ ਬੇਕਦਰੀ ਹੋ ਰਹੀ ਹੈ, ਉਸ ਦੀ ਮਿਸਾਲ ਸ਼ਾਇਦ ਪੱਥਰ ਯੁੱਗ ਵਿਚੋਂ ਵੀ ਢੂੰਡ ਪਾਉਣਾ ਮੁਸ਼ਕਲ ਹੈ। ਪਿਛਲੇ ਲੰਮੇ ਅਰਸੇ ਤੋਂ ਜਿਸ ਤਰ੍ਹਾਂ ਲੜਕੀਆਂ ਨਾਲ ਇੱਕ ਤੋਂ ਬਾਅਦ ਇੱਕ ਬਲਾਤਕਾਰ ਦੀਆਂ ਘਟਨਾਵਾਂ ਘਟੀਆਂ ਹਨ, ਵੱਖ ਵੱਖ ਸ਼ੈਲਟਰ ਹਾਊਸਾਂ ਵਿਚ ਮੌਜੂਦ ਬੱਚੀਆਂ ਦਾ ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕੀਤੇ ਜਾਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ, ਯਕੀਨਨ ਉਹ ਸਭ ਸਾਡੇ ਸਮਾਜ ਵਿਚ ਵਿਚਰਨ ਵਾਲੇ ਲੋਕਾਂ ਦੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਕਰਦੀਆਂ ਹਨ।

ਇੱਕ ਲੜਕੀ ਦੇ ਬਲਾਤਕਾਰ ਦਾ ਸ਼ਿਕਾਰ ਹੋ ਜਾਣ 'ਤੇ ਪੀੜਤਾਂ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਇਨਸਾਫ ਲਈ ਜਿਸ ਤਰ੍ਹਾਂ ਦਰ-ਬ-ਦਰ ਜ਼ਲੀਲ ਹੋਣਾ ਪੈਂਦਾ ਹੈ, ਉਹ ਯਕੀਨਨ ਦੁਖਦਾਈ ਤੇ ਸ਼ਰਮਨਾਕ ਹੱਦ ਤੱਕ ਖਤਰਨਾਕ ਹੈ। ਉਸ ਸੰਦਰਭ ਵਿਚ ਤਾਂ ਸਾਹਿਰ ਲੁਧਿਆਣਵੀ ਦੇ ਸ਼ਬਦਾਂ ਵਿਚ ਇਹੋ ਕਿਹਾ ਜਾ ਸਕਦਾ ਹੈ:

ਮਦਦ ਚਾਹਤੀ ਹੈ ਯੇਹ ਹਵਾ ਕੀ ਬੇਟੀ।
ਯਸ਼ੋਧਾ ਕੀ ਹਮ ਜਿਨਸ ਰਾਧਾ ਕੀ ਬੇਟੀ।
ਪੈਅੰਬਰ ਕੀ ਉਮੱਤ ਜ਼ੁਲੇਖਾ ਕੀ ਬੇਟੀ।

ਔਰਤਾਂ ਨਾਲ ਮਰਦ ਪ੍ਰਧਾਨ ਸਮਾਜ ਵਲੋਂ ਕੀਤੀ ਜਾਂਦੀ ਬੇਇਨਸਾਫੀ ਅਤੇ ਜ਼ੁਲਮ ਦੇ ਸੰਦਰਭ ਸਾਹਿਰ ਲਿਖਦੇ ਹਨ:

ਮਰਦੋਂ ਕੇ ਲੀਏ ਹਰ ਜ਼ੁਲਮ ਰਵਾ,
ਔਰਤ ਕੇ ਲੀਏ ਰੋਣਾ ਭੀ ਖਤਾ।
ਮਰਦੋਂ ਕੇ ਲੀਏ ਹਰ ਐਸ਼ ਕਾ ਹੱਕ,
ਔਰਤ ਕੇ ਲੀਏ ਜੀਨਾ ਭੀ ਖਤਾ।
ਮਰਦੋਂ ਕੇ ਲੀਏ ਲਾਖੋਂ ਸੇਜੇਂ,
ਔਰਤ ਕੇ ਲੀਏ ਬੱਸ ਏਕ ਚਿਤਾ।
ਔਰਤ ਨੇ ਜਨਮ ਦੀਆ ਮਰਦੋਂ ਕੋ
ਮਰਦੋਂ ਨੇ ਉਸੇ ਬਾਜ਼ਾਰ ਦੀਯਾ।

ਇਸੇ ਨਜ਼ਮ 'ਚ ਅੱਗੇ ਚੱਲ ਕੇ ਉਹ ਆਖਦੇ ਹਨ:

ਔਰਤ ਸੰਸਾਰ ਕੀ ਕਿਸਮਤ ਹੈ
ਫਿਰ ਭੀ ਤਕਦੀਰ ਕੀ ਬੇਟੀ ਹੈ।
ਅਵਤਾਰ ਪੈਗੰਬਰ ਜਣਤੀ ਹੈ
ਫਿਰ ਭੀ ਸ਼ੈਤਾਨ ਕੀ ਬੇਟੀ ਹੈ।
ਯੇਹ ਵੋਹ ਬਦਕਿਸਮਤ ਮਾਂ ਹੈ
ਜੋ ਬੇਟੋਂ ਕੀ ਸੇਜ ਪੇ ਲੇਟੀ ਹੈ।
ਔਰਤ ਨੇ ਜਨਮ ਦੀਆ ਮਰਦੋਂ ਕੋ,
ਮਰਦੋਂ ਨੇ ਉਸੇ ਬਾਜ਼ਾਰ ਦੀਯਾ।

1948 ਤੱਕ ਸਾਹਿਰ ਨੇ ਲਾਹੌਰ ਵਿਚ ਚਾਰ ਉਰਦੂ ਪੱਤਰਕਾਵਾਂ ਦਾ ਸੰਪਾਦਨ ਕੀਤਾ ਅਤੇ ਬਾਅਦ ਵਿਚ ਮੁੰਬਈ ਉਨ੍ਹਾਂ ਦੀ ਕਰਮਭੂਮੀ ਰਹੀ।

ਸਾਹਿਰ ਨੂੰ 1958 ਵਿਚ ਫਿਲਮ ਫੇਅਰ ਅਵਾਰਡ ਲਈ ਨਾਮਜ਼ਦ ਕੀਤਾ ਗਿਆ। ਇਸ ਗੀਤ ਦੇ ਬੋਲ ਸਨ 'ਔਰਤ ਨੇ ਜਨਮ ਦਿਤਾ ਮਰਦਾਂ ਨੂੰ' ਫਿਲਮ 'ਸਾਧਨਾ'। ਫਿਲਮ ਫੇਅਰ ਦਾ ਵਧੀਆ ਗੀਤਕਾਰ ਦਾ ਇਨਾਮ 1964 ਵਿਚ 'ਜੋ ਵਾਧਾ ਕੀਆ' ਫਿਲਮ 'ਤਾਜ ਮਹਿਲ' ਅਤੇ 1977 ਵਿਚ ਫਿਲਮ ਫੇਅਰ ਦੇ ਵਧੀਆ ਗੀਤਕਾਰ ਵਜੋਂ 'ਕਭੀ ਕਭੀ ਮੇਰੇ ਦਿਲ ਮੇਂ' ਫਿਲਮ 'ਕਭੀ ਕਭੀ' ਲਈ ਇਨਾਮ ਹਾਸਲ ਕੀਤਾ। 1971 ਵਿਚ ਭਾਰਤ ਸਰਕਾਰ ਨੇ ਪਦਮਸ਼੍ਰੀ ਨਾਲ ਸਨਮਾਨਿਤ ਕੀਤਾ। ਉਨ੍ਹਾਂ ਦੇ ਮਰਨ ਉਪਰੰਤ ਭਾਰਤ ਦੇ ਰਾਸ਼ਟਰਪਤੀ, ਪ੍ਰਣਬ ਮੁਖਰਜੀ ਨੇ 8 ਮਾਰਚ 2013 ਨੂੰ ਰਾਸ਼ਟਰਪਤੀ ਭਵਨ ਵਿਖੇ ਉਸ ਦੀ ਜਨਮ ਸ਼ਤਾਬਦੀ 'ਤੇ ਯਾਦਗਾਰੀ ਸਟੈਂਪ ਜਾਰੀ ਕੀਤੀ।

ਸਾਹਿਰ ਦੀ ਮਾਂ ਜੋ ਉਨ੍ਹਾਂ ਨਾਲ ਸਾਰੀ ਉਮਰ ਰਹੀ ਅਖੀਰ 1976 ਵਿਚ ਚਲ ਵਸੀ, ਸਾਹਿਰ ਬੇਹੱਦ ਉਦਾਸ ਰਹਿਣ ਲੱਗੇ ਤੇ ਅਖੀਰ 25 ਅਕਤੂਬਰ, 1980 ਨੂੰ ਦਿਲ ਦਾ ਦੌਰਾ ਪੈਣ ਕਾਰਨ ਉਹ ਆਪ ਵੀ ਇਸ ਫਾਨੀ ਦੁਨੀਆ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਗਏ।

## ਹੋਂਦ

ਮੈਂ ਕੋਮਲ ਹਾਂ, ਮੈਂ ਨਾਜ਼ੁਕ ਹਾਂ,
ਮੈਂ ਔਰਤ ਹਾਂ, ਇਹ ਠੀਕ ਹੈ।
ਮੇਰੀਆਂ ਬਾਹਾਂ ਵਿਚ
ਕੁਦਰਤ ਵਲੋਂ ਬਖ਼ਸ਼ਿਆ,
ਤੇਰੀਆਂ ਬਾਹਾਂ ਜਿੰਨਾ ਜ਼ੋਰ ਨਹੀਂ,
ਪਰ ਮੈਂ ਤੇਰੇ ਤੋਂ ਕਮਜ਼ੋਰ ਨਹੀਂ।

ਜੇ ਤੂੰ ਮੇਰੇ ਲਈ ਰਾਂਝਾ ਬਣ,
ਤਖ਼ਤ ਹਜ਼ਾਰਾ ਛੱਡ,
ਕੰਨ ਪੜਵਾ ਕੇ,
ਆਪਣਾ ਰੂਪ ਗਵਾਇਆ ਹੈ,
ਤਾਂ ਮੈਂ ਹੀਰ ਬਣ,
ਆਪਣਾ ਸਿਦਕ ਨਿਭਾਇਆ ਹੈ।

ਮਾਰੂਥਲ ਦੀ ਪਿਆਸ,
ਪੈਰਾਂ ਦੇ ਛਾਲਿਆਂ 'ਚੋਂ ਨਿਕਲੇ,
ਪਾਣੀ ਦਾ ਸੁਆਦ ਮੈਂ ਜਾਣਦੀ ਹਾਂ।
ਇਸ ਸੁਆਦ ਦਾ ਦਰਦ,
ਮੈਨੂੰ ਸੱਸੀ ਬਣਾਉਂਦਾ ਹੈ,
ਦੁਨੀਆ ਨੂੰ ਪਿਆਰ ਦੇ,
ਅਰਥ ਸਮਝਾਉਂਦਾ ਹੈ

ਜੇ ਤੂੰ ਮਹੀਵਾਲ ਬਣ,
ਮੈਨੂੰ ਆਪਣੇ ਪੱਟ ਦਾ
ਮਾਸ ਖਵਾਇਆ ਹੈ,
ਤਾਂ ਮੈਂ ਸੋਹਣੀ ਬਣ
ਤੇਰੇ ਦੀਦਾਰ ਖਾਤਿਰ,
ਝਨਾਂ 'ਚ ਠਿੱਲ੍ਹਣ ਲਈ
ਪਲ ਨਹੀਂ ਲਾਇਆ।

ਕੱਚਾ ਪੱਕਾ ਨਹੀਂ ਠਣਕਾਇਆ
ਤੇ ਹਾਂ
ਇਤਿਹਾਸ ਗਵਾਹ ਹੈ।
ਜਿੱਥੇ ਕਿਤੇ ਵੀ ਤੇਰਾ
ਸਿਦਕ ਡੋਲਿਆ ਹੈ।
ਮੈਂ ਮਾਈ ਭਾਗੋ ਬਣ
ਤੇਰੀ ਰੂਹ 'ਚ
ਤੇਰੇ ਧਰਮ ਦਾ
ਤੇਰੇ ਫਰਜ਼ ਦਾ
ਤੇਜ ਤੱਪ ਫੂਕਿਆ ਹੈ।
ਗੱਲ ਇਹ ਨਹੀਂ
ਕਿ ਕੌਣ ਕਮਜ਼ੋਰ ਹੈ,
ਕੀਹਦੇ ਵਿਚ ਜ਼ੋਰ ਹੈ,
ਗੱਲ ਇਹ ਹੈ ਕਿ
ਜਿਸ ਸ਼ੈਅ ਨੂੰ ਜ਼ਿੰਦਗੀ ਆਖਦੇ ਨੇ,
ਉਸਦੇ ਹੱਕਦਾਰ ਹੋਣ ਲਈ
ਮੈਨੂੰ ਤੇਰੀ ਅਤੇ
ਤੈਨੂੰ ਮੇਰੀ ਲੋੜ ਹੈ।

ਤੇਰੀ ਹੋਂਦ 'ਚੋਂ ਮੈਨੂੰ ਮਨਫ਼ੀ ਕਰ
ਤੇਰੀ ਹੋਂਦ ਨੂੰ
ਵਧਾਇਆ ਨਹੀਂ ਜਾ ਸਕਦਾ,
ਅਤੇ ਮੇਰੀ ਹੋਂਦ ਖਾਤਿਰ
ਤੈਨੂੰ ਮੇਰੀ ਹੋਂਦ 'ਚੋਂ
ਘਟਾਇਆ ਨਹੀਂ ਨਹੀਂ ਜਾ ਸਕਦਾ।

-ਸੁਰਿੰਦਰ ਗੀਤ
ਫੋਨ: 403-605-3734

---

## ਔਰਤ

ਤੂੰ ਜੰਮ ਪਈ ਐ ਕੁੜੀਏ ਕਿੱਦਾਂ,
ਆਦਮੀ ਹੈਰਾਨ ਹਾਂ ਮੈਂ,
ਅਜੇ ਤੂੰ ਭਾਗਾਂ ਵਾਲੀ ਨਾ ਸਮਝੀਂ,
ਅੱਗੇ ਬੀਆਬਾਨ ਆਦਮੀ ਹਾਂ ਮੈਂ।
ਵਿੱਦਿਆ ਵਿਚਾਰੀ ਕੀ ਕਰੂਗੀ,
ਅੱਗੇ ਸ਼ੈਤਾਨ ਆਦਮੀ ਹਾਂ ਮੈਂ,
ਤੈਨੂੰ ਹਵਸ ਦਾ ਸ਼ਿਕਾਰ ਬਣਾਉਣ ਲਈ,
ਤੇਰਾ ਮਹਿਮਾਨ ਵੀ ਹਾਂ ਮੈਂ।
ਦਾਜ ਦੇ ਦੈਂਤ ਤਿੱਖੇ ਕਰਨ ਵਾਲਾ,
ਅੱਜ ਇਨਸਾਨ ਵੀ ਹਾਂ ਮੈਂ,
ਕੁੜੀ ਜੰਮਣ ਲਈ ਕਸਾਈ ਬਣਦਾ,
ਮੁੰਡੇ ਲਈ ਆਦਮੀ ਦੀ ਸ਼ਾਨ ਵੀ ਹਾਂ ਮੈਂ।
ਸਭ ਦੀ ਜੂਠ ਮਾਂਜਣ ਲਈ,
ਮਰਦ ਪ੍ਰਧਾਨ ਦੀ ਸ਼ਾਨ ਵੀ ਹਾਂ ਮੈਂ,
'ਨਾਨਕ' ਦੀ ਬਚਾਈ ਹੋਈ,
ਮਰਦ ਦਾ ਈਮਾਨ ਵੀ ਹਾਂ ਮੈਂ।
ਬਚਣ ਬਚਾਉਣ ਲਈ ਰੌਲਾ ਪਾਉਣਾ,
ਬੇਲੋੜੀ ਕੁਰਬਾਨ ਵੀ ਹਾਂ ਮੈਂ,
ਮਰਦ ਦੀ ਮਰਜ਼ੀ ਲਈ,
ਵੀਰਾਨ ਅਤੇ ਸੁੰਨਸਾਨ ਵੀ ਹਾਂ ਮੈਂ।
ਤੇਰੀ ਕੀਮਤ ਤੂੰ ਹੀ ਜਾਣੇਂ,
ਤੇਰਾ ਅਨੁਵਾਦ ਅਤੇ ਅਨੁਭਵ ਤੋਂ
ਅਗਿਆਨ ਵੀ ਹਾਂ ਮੈਂ।
ਕਲਮਾਂ ਨੇ ਤੇਰੀ ਲੱਜ ਬਚਾਈ,
ਆਦਮੀ ਨਾ ਬਣਿਆ ਫੇਰ ਵੀ
ਸ਼ੈਤਾਨ ਹੀ ਹਾਂ ਮੈਂ।

-ਸੁਖਪਾਲ ਸਿੰਘ ਗਿੱਲ
ਫੋਨ: 98781-11445

# ਪਹਿਲੀ ਫਿਲਮੀ ਪੇਸ਼ਕਸ਼ ਦਾ ਕਿੱਸਾ

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

***ਲੰਡਨ ਵਿਚ ਚਾਰ ਸਾਲ ਬੀ.ਬੀ.ਸੀ. ਦੀ ਨੌਕਰੀ ਕਰਕੇ ਬਲਰਾਜ ਸਾਹਨੀ ਅਤੇ ਉਸ ਦੀ ਪਤਨੀ ਦਮਯੰਤੀ (ਦਮੋ) ਵਾਪਸ ਭਾਰਤ ਪਰਤ ਆਏ। ਉਦੋਂ ਤੱਕ ਬਲਰਾਜ ਸਾਹਨੀ ਦੇ ਦਿਲ ਅੰਦਰ ਅਦਾਕਾਰ ਬਣਨ ਦਾ ਕੋਈ ਖਿਆਲ ਤੱਕ ਨਹੀਂ ਸੀ; ਹਾਂ ਉਹ ਫਿਲਮਾਂ ਦਾ ਸ਼ੌਕੀਨ ਜ਼ਰੂਰ ਸੀ। 1944 ਵਿਚ ਬੰਬਈ ਪੁੱਜਣ ਤੋਂ ਬਾਅਦ ਫਿਲਮੀ ਕਾਰੋਬਾਰੀਆਂ ਅਤੇ ਕਲਾਕਾਰਾਂ ਨਾਲ ਵਾਹਵਾ ਰਾਬਤਾ ਬਣ ਗਿਆ। ਇਸ ਵਾਰ ਪਹਿਲੀ ਫਿਲਮੀ ਪੇਸ਼ਕਸ਼ ਦਾ ਜ਼ਿਕਰ ਕੀਤਾ ਹੈ।***

ਰਾਵਲਪਿੰਡੀ ਕੁਝ ਦਿਨ ਗੁਜ਼ਾਰ ਕੇ ਅਸੀਂ ਕਸ਼ਮੀਰ ਦੀਆਂ ਠੰਢੀਆਂ ਹਵਾਵਾਂ ਖਾਣ ਲਈ ਨਿਕਲ ਪਏ ਜਿੱਥੇ ਸਾਡਾ ਆਪਣਾ ਘਰ ਸੀ। ਅਚਾਨਕ ਇਕ ਦਿਨ ਚੇਤਨ ਆਨੰਦ ਵੀ ਉੱਥੇ ਪਹੁੰਚ ਗਿਆ ਤੇ ਸਾਡੇ ਕੋਲ ਈ ਠਹਿਰ ਗਿਆ। ਉਹਨੇ ਦੱਸਿਆ ਕਿ 'ਨੀਚਾ ਨਗਰ' ਬਣਾਨ ਦੀਆਂ ਤਿਆਰੀਆਂ ਉਹਨੇ ਮੁਕੰਮਲ ਕਰ ਲਈਆਂ ਹਨ, ਤੇ ਫਿਲਮ ਦੇ ਮੁੱਖ ਪਾਤਰ ਉਹ ਮੈਥੋਂ ਤੇ ਦਮੋ ਤੋਂ ਕਰਾਉਣਾ ਚਾਹੁੰਦਾ ਹੈ। ਮੁਆਵਜ਼ਾ ਵੀਹ ਹਜ਼ਾਰ ਰੁਪਏ।

ਸੁਣ ਕੇ ਅਸੀਂ ਉੱਚੀਆਂ ਹਵਾਵਾਂ ਵਿਚ ਉੱਡ ਪਏ। ਯਕੀਨ ਕਰਨਾ ਔਖਾ ਹੋ ਰਿਹਾ ਸੀ। ਕਿਤੇ ਉਹ ਸਾਨੂੰ ਸ਼ੇਖ ਚਿੱਲੀ ਦੇ ਖਾਬ ਤਾਂ ਨਹੀਂ ਵਿਖਾ ਰਿਹਾ?

ਸ੍ਰੀਨਗਰੋਂ ਮੈਂ ਸ਼ਾਂਤੀ ਨਿਕੇਤਨ ਪੰਡਤ ਹਜ਼ਾਰੀ ਪ੍ਰਸ਼ਾਦ ਦਿਵੇਦੀ ਜੀ ਨੂੰ ਖਤ ਲਿਖਿਆ ਸੀ ਕਿ ਉਹ ਮੈਨੂੰ ਦੁਬਾਰਾ ਹਿੰਦੀ ਭਵਨ ਦੀ ਸ਼ਰਨ ਵਿਚ ਲੈਣਾ ਮਨਜ਼ੂਰ ਕਰਨ। ਉਹਨਾਂ ਦਾ ਹਾਂ ਵਿਚ ਜਵਾਬ ਵੀ ਆ ਚੁੱਕਿਆ ਸੀ। ਸ਼ਾਂਤੀ ਨਿਕੇਤਨ ਵਾਪਸ ਮੁੜ ਜਾਣ ਤੇ ਆਪਣੇ ਪੁਰਾਣੇ ਮਿੱਤਰਾਂ ਨੂੰ ਦੁਬਾਰਾ ਮਿਲਣ ਦੀ ਅਸੀਂ ਦੋਵੇਂ ਬਹੁਤ ਖਾਹਿਸ਼ ਰਖਦੇ ਸਾਂ ਪਰ ਹੁਣ ਜਿਵੇਂ ਨਵਾਂ ਕੌਤਕ ਸਾਨੂੰ ਖੇਡਣ ਲਈ ਵੰਗਾਰ ਰਿਹਾ ਸੀ।

ਇਕਦਮ ਰਜ਼ਾਮੰਦ ਹੋ ਜਾਣਾ ਮੁਸ਼ਕਿਲ ਸੀ। ਮੇਰੇ ਪਿਤਾ ਜੀ ਸਾਡੇ ਸ਼ਾਂਤੀ ਨਿਕੇਤਨ ਮੁੜ ਜਾਣ ਉੱਤੇ ਵੀ ਬਹੁਤੇ ਖੁਸ਼ ਨਹੀਂ ਸਨ। ਉਹ ਚਾਹੁੰਦੇ ਸਨ ਕਿ ਬੀ.ਬੀ.ਸੀ. ਦੀ ਨੌਕਰੀ ਦਾ ਲਾਭ ਉਠਾ ਕੇ ਮੈਂ ਆਲ ਇੰਡੀਆ ਰੇਡੀਓ ਵਿਚ ਕਿਸੇ ਚੰਗੇ ਅਹੁਦੇ ਲਈ ਕੋਸ਼ਿਸ਼ ਕਰਾਂ। ਜੇ ਕਿਤੇ ਉਹ ਸੁਣ ਲੈਂਦੇ ਕਿ ਮੈਂ ਫਿਲਮਾਂ ਵਿਚ ਜਾਣ ਵਾਲਾ ਹਾਂ, ਤੇ ਆਪਣੀ ਪਤਨੀ ਨੂੰ ਵੀ ਐਕਟਰੈਸ ਬਣਾਵਾਂਗਾ ਤਾਂ ਖੌਰੇ ਘਰ ਵਿਚ ਕੀ ਅਧਮੂਲ ਮੱਚ ਜਾਂਦਾ।

ਇਕ ਵਾਰੀ ਵੀਹ ਹਜ਼ਾਰ ਦਾ ਗੱਫਾ ਲੁੱਟ ਹੀ ਲੈਣਾ ਚਾਹੀਦਾ ਹੈ - ਇਸ ਗੱਲ ਉਤੇ ਮੀਆਂ-ਬੀਵੀ ਦੋਵੇਂ ਅੰਦਰੇ-ਅੰਦਰ ਸਹਿਮਤ ਸਾਂ। ਅੱਗੇ ਵੀ ਕਿਤਨੇ ਉਸ਼ਟੰਡ ਕਰ ਬੈਠੇ ਸਾਂ, ਇਕ ਹੋਰ ਸਹੀ।

ਇਕ ਸ਼ਾਮ ਜਿਹਲਮ ਦਰਿਆ ਦੇ ਕੰਢੇ ਸੈਰ ਕਰਦਿਆਂ ਚੇਤਨ ਨੇ ਮੈਨੂੰ ਤਫਸੀਲ ਨਾਲ 'ਨੀਚਾ ਨਗਰ' ਦੀ ਕਹਾਣੀ ਸੁਣਾਈ। ਮੈਂ ਉਹਦੇ ਕਹਾਣੀਪਣ ਤੋਂ ਬਹੁਤਾ ਪ੍ਰਭਾਵਤ ਨਾ ਹੋਇਆ ਪਰ ਕਥਾ-ਵਸਤੂ ਵਿਚ ਆਖਰਾਂ ਦਾ ਯਥਾਰਥ ਸੀ, ਉਹੀ ਜਿਹੜਾ ਮੈਂ ਗੋਰਕੀ ਦੀਆਂ ਕਹਾਣੀਆਂ ਤੇ ਰੂਸੀ ਫਿਲਮਾਂ ਵਿਚ ਵੇਖਦਾ ਆਇਆ ਸਾਂ। ਕਈ ਨਜ਼ਾਰੇ ਚੇਤਨ ਨੇ ਐਸੀ ਖੂਬੀ ਨਾਲ ਬਿਆਨ ਕੀਤੇ ਕਿ ਮੇਰੀ ਕਲਪਨਾ ਵਿਚ ਵਾਰ-ਵਾਰ ਘੁੰਮਣ ਲਗ ਪਏ। ਨਿਸੰਦੇਹ ਚੇਤਨ ਦਲੇਰ ਕਦਮ ਪੁੱਟਣ ਵਾਲਾ ਸੀ ਜਿਸ ਵਿਚ ਉਹਦਾ ਸਾਥ ਦੇਣਾ ਕਿਸੇ ਵੀ ਪੱਖੋਂ ਮਾੜਾ ਨਹੀਂ ਸੀ ਆਖਿਆ ਜਾ ਸਕਦਾ।

ਵਾਰਤਾਲਾਪ ਲਿਖਣ ਲਈ ਚੇਤਨ ਗੁਲਮਰਗ ਚਲਾ ਗਿਆ। ਹੋਰ ਪੰਦਰਾਂ-ਵੀਹਾਂ ਦਿਨਾਂ ਪਿਛੋਂ ਯੋਜਨਾ ਦੀਆਂ ਰੇਖਾਵਾਂ ਹੋਰ ਵੀ ਸਪਸ਼ਟ ਹੋ ਗਈਆਂ।

ਫਿਲਮ ਪੂਨਾ ਵਿਚ ਬਣੇਗੀ, ਜਿਥੇ ਸਾਡਾ ਵੀਹ ਸਤੰਬਰ ਨੂੰ ਪਹੁੰਚ ਜਾਣਾ ਲਾਜ਼ਮੀ ਹੋਵੇਗਾ। ਨਿਰਮਾਤਾ ਹੋਣਗੇ ਡਬਲਿਊ.ਜ਼ੈੱਡ. ਅਹਿਮਦ ਜਿਨ੍ਹਾਂ ਨਵਯੁਗ ਸਟੂਡੀਓ ਲੈ ਰੱਖਿਆ ਸੀ, ਤੇ ਬੜੇ ਚੜ੍ਹਦੇ ਫਿਲਮਸਾਜ਼ ਸਨ। ਡਾਇਰੈਕਟਰ ਖੁਦ ਚੇਤਨ ਹੋਵੇਗਾ।

ਜੁਲਾਈ ਦੇ ਅਖੀਰ ਵਿਚ ਚੇਤਨ ਬੰਬਈ ਵਾਪਸ ਰਵਾਨਾ ਹੋ ਗਿਆ। ਤੁਰਨ ਤੋਂ ਪਹਿਲਾਂ ਅਸਾਂ ਉਹਨੂੰ 'ਹਾਂ' ਕਰ ਦਿੱਤੀ ਪਰ ਪਰਿਵਾਰ ਕੋਲੋਂ ਭੇਤ ਹਾਲੇ ਵੀ ਰੱਖਿਆ ਗਿਆ।





*ਫਿਲਮ ਨਿਰਮਾਤਾ ਡਬਲਿਊ.ਜ਼ੈੱਡ. ਅਹਿਮਦ ਅਤੇ (ਸੱਜੇ) ਡਬਲਿਊ.ਜ਼ੈੱਡ. ਅਹਿਮਦ ਆਪਣੀ ਪਤਨੀ ਨੀਨਾ ਅਤੇ ਹੋਰਾਂ ਨਾਲ। ਇਹ ਤਸਵੀਰ ਕਰਾਚੀ ਵਿਚ ਫਿਲਮ 'ਏਕ ਰਾਤ' ਰਿਲੀਜ਼ ਕਰਨ ਮੌਕੇ ਖਿੱਚੀ ਗਈ ਸੀ।*

ਬਹੁਤਾ ਤਾਂ ਮੈਂ ਕਸ਼ਮੀਰ ਦੀਆਂ ਸੈਰਾਂ ਹੀ ਕਰਦਾ ਰਿਹਾ ਪਰ ਕੁਝ ਕੁ ਸਾਹਿਤ ਸੰਸਾਰ ਦੇ ਵੀ ਨੇੜੇ ਆਇਆ। ਹਿੰਦੀ ਦੇ ਪ੍ਰਮੁਖ ਮਾਸਿਕ 'ਹੰਸ' ਦੀ ਜਿਸ ਨੂੰ ਮੁਨਸ਼ੀ ਪ੍ਰੇਮ ਚੰਦ ਦੇ ਸਪੁੱਤਰ ਸ੍ਰੀਪਤ ਰਾਏ ਚਲਾਉਂਦੇ ਸਨ, ਪਿਛਲੇ ਚਾਰ ਸਾਲ ਦੀ ਪੂਰੀ ਫਾਈਲ ਮੰਗਾ ਕੇ ਪੜ੍ਹੀ। ਦੋ ਰਚਨਾਵਾਂ ਨੇ ਮੇਰੇ ਦਿਲ ਉਪਰ ਅਤਿਅੰਤ ਡੂੰਘਾ ਪ੍ਰਭਾਵ ਪਾਇਆ - ਇਕ ਸੀ ਬਿਜਨ ਭੱਟਾਚਾਰਜੀ ਦਾ ਇਕਾਂਗੀ ਨਾਟਕ 'ਜ਼ਬਾਨ ਬੰਦੀ' ਜੋ ਹਿੰਦੀ ਵਿਚ 'ਅੰਤਿਮ ਅਭਿਲਾਸ਼ਾ' ਨਾਂ ਹੇਠ ਛੱਪਿਆ ਸੀ। ਬੰਗਾਲ ਦੇ ਅਕਾਲ ਪੀੜਤ ਪੇਂਡੂ ਲੋਕ ਕਿਵੇਂ ਆਪਣਾ ਘਰ ਬਾਰ ਛੱਡ ਕੇ ਕਲਕੱਤੇ ਨੱਠਦੇ ਹਨ, ਇਸ ਦਾ ਡਾਢਾ ਹਿਰਦੇ-ਵੇਦਕ ਨਜ਼ਾਰਾ ਪੇਸ਼ ਕੀਤਾ ਗਿਆ ਸੀ। ਹਿੰਦੀ ਵਿਚ ਮੈਂ ਕਦੇ ਵੀ ਇਹੋ ਜਿਹਾ ਸਰਬੰਗ-ਸੰਪੂਰਨ ਨਾਟਕ ਨਹੀਂ ਸੀ ਪੜ੍ਹਿਆ। ਦੂਜੀ ਚੀਜ਼ ਸੀ ਕ੍ਰਿਸ਼ਨ ਚੰਦਰ ਦਾ ਨਾਵਲ 'ਅੰਨ ਦਾਤਾ'। ਉਹ ਵੀ ਸ਼ਾਹਕਾਰ ਰਚਨਾ ਸੀ!

ਵਲੈਤੋਂ ਆਪਣੇ ਦੇਸ ਲਈ ਮੈਂ ਗੂੜ੍ਹ ਪਿਆਰ ਲੈ ਕੇ ਆਇਆ ਸਾਂ, ਤੇ ਅਗੋਂ ਲੰਮੇ ਅਰਸੇ ਲਈ ਕਿਸੇ ਪਰਾਏ ਦੇਸ ਨਾ ਰਹਿਣ ਦੀ, ਭਾਵੇਂ ਉਹ ਕਿਤਨਾ ਵੀ ਵਧੀਆ ਹੋਵੇ, ਸਹੁੰ ਖਾ ਛੱਡੀ ਸੀ ਪਰ ਇਸ ਦਾ ਇਹ ਮਤਲਬ ਨਹੀਂ ਕਿ ਇੰਗਲੈਂਡ ਚਾਰ ਵਰ੍ਹੇ ਗੁਜ਼ਾਰਨ ਦਾ ਮੈਨੂੰ ਅਭਿਮਾਨ ਨਹੀਂ ਸੀ। ਮੈਂ ਪਹਿਲਾਂ ਕਹਿ ਆਇਆ ਹਾਂ ਕਿ ਸੰਸਾਰ ਨੂੰ ਆਪਣੇ ਆਲੇ-ਦੁਆਲੇ ਘੁਮਾਉਣ ਦਾ ਮਾਨਸਿਕ ਰੋਗ ਮੈਨੂੰ ਬਚਪਨ ਤੋਂ ਚਮੜਿਆ ਹੋਇਆ ਸੀ। ਮੈਂ ਸ਼ੀਸ਼ਾ ਵੇਖ ਕੇ ਆਪਣੇ ਆਪ ਨੂੰ ਮਹਾਂ ਸੁੰਦਰ ਈ ਨਹੀਂ ਸੀ ਸਮਝਦਾ, ਆਪਣੇ ਵਿਅਕਤੀਤਵ ਨੂੰ ਵੀ ਵਿਰਲਾ ਤੇ ਅਨੋਖਾ ਮਹਿਸੂਸਦਾ ਸਾਂ, ਜਿਵੇਂ ਸੰਸਾਰ ਉਤੇ ਉਹਦੀ ਛਾਪ ਮੇਰੇ ਲੱਖ ਜਤਨ ਕਰਨ ਦੇ ਬਾਵਜੂਦ ਜ਼ਰੂਰ ਪੈ ਜਾਣੀ ਹੋਵੇ। ਇਹ ਮਾਤਾ ਪਿਤਾ ਦੇ ਗੈਰ-ਮਾਮੂਲੀ ਲਾਡ-ਪਿਆਰ ਦਾ ਪੈਦਾ ਕੀਤਾ ਮਨੋਵਿਕਾਰ ਸੀ। ਮੈਂ ਪੰਜਾਂ ਭੈਣਾਂ ਪਿੱਛੋਂ ਜੰਮਿਆਂ ਸਾਂ। ਮਾਪਿਆਂ ਨੇ ਲੋਹ-ਲੋਹ ਕੇ ਪੁੱਤਰ ਦਾ ਮੂੰਹ ਵੇਖਿਆ ਸੀ ਪਰ ਇਸ ਦੇ ਉਲਟ, ਇਕ ਹੋਰ ਉਤਨੀ ਹੀ ਪ੍ਰਬਲ ਪਰਬਿਰਤੀ ਮੇਰੇ ਅੰਦਰ ਸਿਰ ਕੱਢ ਚੁੱਕੀ ਸੀ - ਹਾਰ ਨਾ ਮੰਨਣ ਦੀ, ਆਪਣੇ ਟੀਚੇ ਉਤੇ ਪਹੁੰਚ ਕੇ ਰਹਿਣ ਦੀ। ਮੇਰੀ ਸਵੈ-ਕੇਂਦਰਤਾ ਨੂੰ ਜੀਵਨ ਵਲੋਂ ਸੱਟਾਂ ਵੀ ਬੜੀਆਂ ਭਾਰੀ ਵੱਜੀਆਂ ਸਨ। ਇੰਜ ਹੋਣਾ ਸੁਭਾਵਕ ਸੀ। ਤੇ ਜ਼ਖਮੀ ਹੋ ਕੇ ਮੈਂ ਜਦੋਂ ਆਪਣੇ ਆਲੇ-ਦੁਆਲੇ ਵੇਖਦਾ ਹਾਂ, ਤੇ ਪਤਾ ਚੱਲਦਾ ਹੈ ਕਿ ਸਾਰਾ ਸੰਸਾਰ ਹੀ ਦੁਖੀ ਹੈ। ਮੇਰੇ ਅੰਦਰ ਆਪਣੇ ਦੁੱਖ ਨੂੰ ਦੂਜਿਆਂ ਦੇ ਦੁੱਖ ਨਾਲ ਰਲਾਉਣ ਤੇ ਮਨੁੱਖਤਾ ਨਾਲ ਡੂੰਘੀਆਂ ਸਾਂਝਾਂ ਪਾਉਣ ਦੀ ਕਾਮਨਾ ਦਿਨੋ-ਦਿਨ ਪ੍ਰਬਲ ਹੁੰਦੀ ਜਾ ਰਹੀ ਸੀ।

ਇਹ ਸਵੈ-ਕੇਂਦਰਤਾ ਦਾ ਵਿਰੋਧ ਮੇਰੇ ਜੀਵਨ ਵਿਚ ਸਦਾ ਰਿਹਾ ਹੈ। ਉਹ ਮੇਰਾ ਸਹਾਈ ਵੀ ਹੋਇਆ ਹੈ, ਤੇ ਉਹਨੇ ਮੇਰੇ ਰਾਹ ਵੀ ਰੋਕੇ ਹਨ। ਸਵੈ-ਕੇਂਦਰਤਾ ਤੇ ਸਮੂਹ-ਕੇਂਦਰਤਾ ਦਾ ਇਹ ਵਿਰੋਧ ਮੈਂ ਆਪਣੇ ਹਾਣ ਦੇ ਲਗਭਗ ਸਾਰੇ ਹੀ ਸਾਹਿਤਕਾਰਾਂ ਤੇ ਕਲਾਕਾਰਾਂ ਵਿਚ ਵੇਖਿਆ ਹੈ।

ਜਦੋਂ ਦੀ ਹੋਸ਼ ਸੰਭਾਲੀ ਹੈ, ਮੈਂ ਜਨਤਾ ਨਾਲ ਇਕ-ਮਿਕ ਵੀ ਹੋਣਾ ਚਾਹੁੰਦਾ ਹਾਂ ਪਰ ਜਨਤਾ ਕੋਲੋਂ ਸੰਗਦਾ ਵੀ ਹਾਂ। ਮੈਂ ਨਾ ਪੂਰੀ ਤਰ੍ਹਾਂ ਸਵੈ ਵਿਚ ਸੁਖੀ ਹਾਂ, ਤੇ ਨਾ ਸਮੂਹ ਵਿਚ। ਮੈਂ ਦੇਸ-ਕਲਿਆਣ ਦੇ ਕੰਮਾਂ ਵਿਚ ਵੀ ਮੂੰਹ ਮਾਰਦਾ ਰਿਹਾ ਹਾਂ ਪਰ ਆਪਣੇ ਸੁਆਰਥ ਨੂੰ ਵੀ ਕਦੇ ਨਹੀਂ ਛੱਡਿਆ। ਇਹੋ ਪਰਬਿਰਤੀ ਮੇਰੇ ਸਮਕਾਲੀਆਂ ਦੀ ਹੈ। ਸ਼ਾਇਦ ਨਵੀਂ ਪੀੜ੍ਹੀ ਸਾਡੇ ਕਿਰਦਾਰ ਵਿਚ ਔਗੁਣ ਤੇ ਪਖੰਡ ਹੀ ਵੇਖੇਗੀ ਪਰ ਮੈਂ ਸਮਝਦਾ ਹਾਂ ਕਿ ਇਸ ਦਵੰਦ ਵਿਚ ਕੁਝ ਗੁਣ ਵੀ ਹਨ। ਵਲੈਤੋਂ ਆ ਕੇ ਮੈਂ ਅੰਗਰੇਜ਼ੀ ਸਾਮਰਾਜ ਨੂੰ ਬੜੀ ਨਿਡਰਤਾ ਨਾਲ ਭੰਡਣ ਲਗ ਪਿਆ ਸਾਂ, ਇਤਨਾ ਕਿ ਮੇਰੇ ਦੋਸਤ ਮਿੱਤਰ ਕਦੇ-ਕਦੇ ਮੇਰਾ ਧਿਆਨ ਡੀਫੈਂਸ ਆਫ ਇੰਡੀਆ ਰੂਲਜ਼ ਵਲ ਵੀ ਦਿਵਾਉਂਦੇ ਪਰ ਇਸ ਦਾ ਇਹ ਮਤਲਬ ਨਹੀਂ ਕਿ ਮੈਂ ਸਭ ਕੁਝ ਛੱਡ ਕੇ ਆਜ਼ਾਦੀ ਅੰਦੋਲਨ ਵਿਚ ਕੁੱਦਣ ਲਈ ਤਿਆਰ ਹੋ ਚੁੱਕਾ ਸਾਂ.। ਮੇਰੀ ਬੜ-ਬੋਲਤਾ ਦਾ ਸੋਮਾ ਮੇਰਾ ਘਮੰਡ ਸੀ। ਵਲੈਤ ਜਾ ਕੇ ਮੈਂ ਆਪਣੇ ਆਪ ਨੂੰ ਅੰਗਰੇਜ਼ ਦੇ ਬਰਾਬਰ ਦਾ ਸਮਝਣ ਲਗ ਪਿਆ ਸਾਂ।


ਉਸ ਸਮੇਂ ਦੇ ਆਪਣੇ ਘਮੰਡ ਦੀ ਇਕ ਹੋਰ ਵੀ ਤਸਵੀਰ ਮੇਰੇ ਸਾਹਮਣੇ ਆਉਂਦੀ ਹੈ। ਵਲੈਤ ਜਾਣ ਤੋਂ ਪਹਿਲਾਂ ਮੇਰੀਆਂ ਕਹਾਣੀਆਂ 'ਹੰਸ' ਵਿਚ ਬਾਕਾਇਦਾ ਛਪਦੀਆਂ ਸਨ। ਮੈਂ ਉਹਨਾਂ ਭਾਗਸ਼ਾਲੀ ਲੇਖਕਾਂ ਵਿਚੋਂ ਸਾਂ ਜਿਨ੍ਹਾਂ ਦੀ ਕਦੇ ਵੀ ਕੋਈ ਰਚਨਾ ਨਾ-ਮਨਜ਼ੂਰ ਨਹੀਂ ਸੀ ਹੋਈ। ਵਲੈਤ ਵਿਚ ਚਾਰ ਸਾਲ ਮੈਂ ਇਕ ਵੀ ਕਹਾਣੀ ਨਹੀਂ ਸੀ ਲਿਖੀ। ਅਭਿਆਸ ਟੁੱਟ ਚੁੱਕਿਆ ਸੀ। ਹੁਣ ਮੈਂ ਉਹਨੂੰ ਬਹਾਲ ਕਰਨਾ ਚਾਹਿਆ। ਇਕ ਕਹਾਣੀ ਲਿਖ ਕੇ ਮੈਂ 'ਹੰਸ' ਨੂੰ ਭੇਜੀ। ਉਹ ਵਾਪਸ ਆ ਗਈ। ਮੇਰੇ ਸਵੈ-ਮਾਣ ਨੂੰ ਸਖਤ ਸੱਟ ਵੱਜੀ। ਉਸ ਸੱਟ ਦਾ ਜ਼ਖਮ ਕਿਤਨਾ ਡੂੰਘਾ ਸੀ, ਇਸ ਗੱਲ ਦਾ ਹਿਸਾਬ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਸ ਤੋਂ ਬਾਅਦ ਮੈਂ ਅੱਜ ਤੀਕਰ ਕੋਈ ਕਹਾਣੀ ਨਹੀਂ ਲਿਖੀ।

ਚੇਤਨ ਦੇ ਫਿਲਮਾਂ ਵਿਚ ਕੰਮ ਕਰਨ ਦੇ ਨਿਮੰਤਰਣ ਨੇ ਜਿਵੇਂ ਉਸ ਸੱਟ ਉਪਰ ਮਲ੍ਹਮ ਦਾ ਕੰਮ ਕੀਤਾ। ਫਿਲਮਾਂ ਦੀ ਰਾਹ ਫੜਨ ਦਾ ਇਕ ਕਾਰਨ ਉਹ ਅਸਵੀਕ੍ਰਿਤ ਕਹਾਣੀ ਵੀ ਸੀ।

ਫੇਰ, ਇਕ ਹੋਰ ਘਟਨਾ ਹੋਈ ਜਿਸ ਨੇ ਮੇਰੇ ਘਮੰਡ ਵਿਚ ਹੋਰ ਵੀ ਵਾਧਾ ਕਰ ਦਿਤਾ। ਮੈਨੂੰ ਕ੍ਰਿਸ਼ਨ ਚੰਦਰ ਦਾ ਖਤ ਆਇਆ। ਉਹ ਖਤ ਉਹਨੇ ਪੂਨਿਓਂ ਲਿਖਿਆ ਸੀ - ਡਬਲਿਊ.ਜੈੱਡ. ਅਹਿਮਦ ਸਾਹਿਬ ਦੇ ਸਟੂਡੀਓ ਤੋਂ ਜਿੱਥੇ ਉਹ ਚਿੱਤਰ-ਕਥਾ ਲੇਖਕ ਦੀ ਹੈਸੀਅਤ ਵਿਚ ਕੰਮ ਕਰ ਰਿਹਾ ਸੀ। ਉਸ ਵਿਚ ਪਹਿਲਾਂ ਉਹਨੇ ਡਬਲਿਊ.ਜ਼ੈੱਡ. ਅਹਿਮਦ ਸਾਹਿਬ ਦੀ ਸ਼ਖਸੀਅਤ ਦੀ ਤੇ ਉਹਨਾਂ ਦੇ ਅਗਾਂਹ-ਵਧੂ ਵਿਚਾਰਾਂ ਦੀ ਤਾਰੀਫ ਕੀਤੀ, ਫੇਰ ਲਿਖਿਆ ਕਿ ਚੇਤਨ ਰਾਹੀਂ ਫਿਲਮਾਂ ਵਿਚ ਆਉਣ ਦੀ ਕੀ ਲੋੜ ਹੈ? ਤੈਨੂੰ ਆਪਣੇ ਸਾਥੀਆਂ ਵਿਚ ਸ਼ਾਮਲ ਕਰ ਕੇ ਅਹਿਮਦ ਸਾਹਿਬ ਨੂੰ ਬੜੀ ਖੁਸ਼ੀ ਹੋਵੇਗੀ।

ਮੇਰੀ ਨਿਗਾਹ ਵਿਚ ਆਪਣੀ ਅਹਿਮੀਅਤ ਝੱਟ ਇਤਨੀ ਵਧ ਗਈ ਕਿ ਮੈਂ ਇਹ ਸੋਚਣ ਦੀ ਵੀ ਪਰਵਾਹ ਨਾ ਕੀਤੀ ਕਿ ਕ੍ਰਿਸ਼ਨ ਚੰਦਰ ਨੇ ਇਹ ਖਤ ਸ਼ੈਦ ਨਿਰੋਲ ਮਿੱਤਰ ਭਾਵਨਾ ਦੇ ਅਸਰ ਹੇਠ ਲਿਖਿਆ ਹੋਵੇ। ਮੈਂ ਇਸ ਨਤੀਜੇ ਉਤੇ ਅੱਪੜ ਗਿਆ ਕਿ ਡਬਲਿਊ.ਜ਼ੈੱਡ. ਅਹਿਮਦ ਨੇ ਹੀ ਖਤ ਲਿਖਵਾਇਆ ਹੋਵੇਗਾ। ਉਹ ਅਵੱਸ਼ ਮੈਨੂੰ ਚੇਤਨ ਨਾਲੋਂ ਪਾੜਨ ਦੀ ਕੋਸ਼ਸ਼ ਕਰ ਰਹੇ ਸਨ, ਤੇ ਕਿਤਨੀ ਘਟੀਆ ਤੇ ਨਾਵਾਜਬ ਗੱਲ ਸੀ ਇਹ।





*ਫਿਲਮ ਅਦਾਕਾਰ ਡੇਵਿਡ ਅਬਰਾਹਮ ਦੀਆਂ ਦੋ ਤਸਵੀਰਾਂ: ਜਵਾਨੀ ਵੇਲੇ ਅਤੇ (ਸੱਜੇ) ਢਲਦੀ ਉਮਰੇ।*

ਮੈਂ ਬਿਨਾਂ ਜਵਾਬ ਦਿੱਤੇ ਖਤ ਚੇਤਨ ਨੂੰ ਭੇਜ ਦਿੱਤਾ। ਕ੍ਰਿਸ਼ਨ ਦਾ ਇਕ ਹੋਰ ਖਤ ਆਇਆ, ਉਹ ਵੀ ਮੈਂ ਚੇਤਨ ਨੂੰ ਭੇਜ ਦਿਤਾ।

ਪਰ ਅਜੀਬ ਗੱਲ ਕਿ ਜਾਣ ਪਿਛੋਂ ਚੇਤਨ ਨੇ ਇਕ ਵੀ ਖਤ ਨਾ ਲਿਖਿਆ। ਤੇ ਏਧਰ, ਖੌਰੇ ਕਿਵੇਂ, ਫਿਲਮਾਂ ਵਿਚ ਜਾਣ ਦੀ ਗੱਲ ਮੇਰੇ ਮੂੰਹੋਂ ਨਿਕਲ ਗਈ, ਤੇ ਝਟਪਟ ਫੈਲ ਗਈ। ਮੈਨੂੰ ਬੜੀਆਂ 'ਖਾਸ' ਨਜ਼ਰਾਂ ਨਾਲ ਵੇਖਿਆ ਜਾਣ ਲੱਗ ਪਿਆ, ਜਿਵੇਂ ਮੈਂ ਹੁਣ ਤੋਂ ਹੀ ਫਿਲਮ ਸਟਾਰ ਬਣ ਗਿਆ ਹੋਵਾਂ। ਗੱਲ ਪਿਤਾ ਜੀ ਦੇ ਕੰਨਾਂ ਤਕ ਵੀ ਜਾ ਪਹੁੰਚੀ। ਪਹਿਲਾਂ ਤਾਂ ਉਹਨਾਂ ਟੋਕਿਆ-ਟਾਕਿਆ ਪਰ ਵੀਹ ਹਜ਼ਾਰ ਦੀ ਰਕਮ ਸੁਣ ਕੇ ਉਹ ਵੀ ਚੁੱਪ ਹੋ ਗਏ। ਦਮੋ ਬਾਰੇ ਮੈਂ ਅਜੇ ਕਿਸੇ ਨੂੰ ਨਹੀਂ ਸੀ ਦੱਸਿਆ।

ਜਿਉਂ-ਜਿਉਂ ਸਤੰਬਰ ਦੀ ਮੁਕਰਰ ਤਰੀਕ ਨੇੜੇ ਆਉਣ ਲੱਗੀ, ਮੇਰੇ ਮਨ ਵਿਚ ਧੂਹ ਪੈਣ ਲੱਗ ਪਈ। ਜੇ ਚੇਤਨ ਦਾ ਖਤ ਨਾ ਆਇਆ, ਫੇਰ? ਕਿਤੇ ਸਾਰੇ ਆਂਡੇ ਇਕੋ ਟੋਕਰੀ ਵਿਚ ਧਰਨ ਦੀ ਮੂਰਖਤਾ ਤਾਂ ਨਹੀਂ ਸਾਂ ਕਰ ਬੈਠਾ? ਉਡੀਕ-ਉਡੀਕ ਕੇ ਚੇਤਨ ਦਾ ਖਤ ਆ ਹੀ ਗਿਆ ਪਰ ਗੋਲ-ਮੋਲ ਜਿਹਾ। ਨਾ ਉਹਨੇ ਪੈਸੇ ਭੇਜੇ, ਨਾ ਹੋਰ ਕੋਈ ਗੱਲ ਪੱਕੀ ਕੀਤੀ। ਹਾਂ, ਵੀਹ ਤਰੀਕ ਪੂਨੇ ਪਹੁੰਚ ਜਾਣ ਲਈ ਅਵੱਸ਼ ਲਿਖ ਦਿੱਤਾ ਸੀ।

ਮੇਰੇ ਨਿੱਕੇ ਵੀਰ ਭੀਸ਼ਮ ਨੂੰ ਉਸ ਖਤ ਤੋਂ ਬੜੀ ਨਿਰਾਸਤਾ ਹੋਈ। ਉਹਨੇ ਉਸ ਦੇ ਆਧਾਰ ਉਤੇ ਦਮੋ ਤੇ ਬੱਚਿਆਂ ਨੂੰ ਨਾਲ ਲੈ ਜਾਣ ਦਾ ਸਖਤ ਵਿਰੋਧ ਕੀਤਾ। ਅਖੀਰ ਮੈਂ ਇਕੱਲਾ ਹੀ ਪਾਣੀ ਦੀ ਧਾਰ ਵੇਖਣ ਪੂਨੇ ਚਲਾ ਗਿਆ। ਬਰਸਾਤ ਦੇ ਦਿਨ ਸਨ। ਸਫਰ ਬੜਾ ਖੁਸ਼ਗਵਾਰ ਸੀ। ਖਾਸਕਰ ਪੂਨੇ ਦੇ ਨੇੜੇ ਪਹੁੰਚ ਕੇ ਤਾਂ ਇੰਜ ਲਗਾ, ਜਿਵੇਂ ਮੁੜ ਇੰਗਲਿਸਤਾਨ ਪਹੁੰਚ ਗਿਆ ਹੋਵਾਂ। ਹੁਣ ਪਤਾ ਚੱਲਿਆ ਕਿ ਹਿੰਦੋਸਤਾਨੋਂ ਜਾ ਕੇ ਅੰਗਰੇਜ਼ ਪੂਨੇ ਨੂੰ ਕਿਉਂ ਇਤਨੇ ਪਿਆਰ ਨਾਲ ਯਾਦ ਕਰਦੇ ਹਨ। ਉਥੋਂ ਦੀ ਆਬੋ-ਹਵਾ ਤੇ ਕੁਦਰਤੀ ਨਜ਼ਾਰੇ ਸੱਚਮੁੱਚ ਜਵਾਬ ਨਹੀਂ ਰਖਦੇ। ਸਟੇਸ਼ਨ ਉਤੇ ਕ੍ਰਿਸ਼ਨ ਚੰਦਰ ਮੈਨੂੰ ਲੈਣ ਆਇਆ ਹੋਇਆ ਸੀ। ਰਾਤ ਮੈਂ ਉਸੇ ਦੇ ਘਰ ਰਿਹਾ। ਉਹਨੇ ਆਪਣੇ ਖਤਾਂ ਦਾ ਮੇਰੇ ਨਾਲ ਲੋਈ ਜ਼ਿਕਰ ਨਹੀਂ ਕੀਤਾ। ਮੈਂ ਹੈਰਾਨ ਸਾਂ ਕਿ ਚੇਤਨ ਕਿਉਂ ਨਹੀਂ ਸੀ ਆਇਆ। ਮੈਂ ਕ੍ਰਿਸ਼ਨ ਵਲੋਂ ਸੰਗ ਜਿਹੀ ਮਹਿਸੂਸ ਕਰਦਾ ਰਿਹਾ। ਦੂਜੇ ਦਿਨ ਸਵੇਰੇ ਦਸ ਕੁ ਵਜੇ ਚੇਤਨ ਆ ਗਿਆ, ਤੇ ਫੇਰ ਅਸੀਂ ਦੋਵੇਂ ਸਟੂਡੀਓ ਵਲ ਚਲ ਪਏ।

ਉਥੇ ਪਹੁੰਚ ਕੇ ਬੜਾ ਖਿੰਡਿਆ ਤੇ ਬੇਥਵਾ ਜਿਹਾ ਮਾਹੌਲ ਵੇਖਿਆ। ਸ਼ੂਟਿੰਗ ਕੋਈ ਨਹੀਂ ਸੀ ਹੋ ਰਹੀ। ਬਹੁਤ ਸਾਰੇ ਵਿਹਲੜ ਟੋਲੀਆਂ ਬਣਾ ਕੇ ਇੰਜ ਏਧਰ ਓਧਰ ਟਹਿਲ ਰਹੇ ਸਨ, ਜਿਵੇਂ ਬਬਾਨ ਉਠਾਉਣ ਨੂੰ ਲੋਕੀਂ ਉਡੀਕਦੇ ਹਨ। ਕੋਈ ਬੈਠਣ-ਉਠਣ ਦੀ ਥਾਂ ਨਹੀਂ ਸੀ। ਟਹਿਲਣ ਵਾਲਿਆਂ ਵਿਚ ਕੁਝ ਇਕ ਜਾਣੇ-ਪਛਾਣੇ ਬੰਦੇ ਮਿਲੇ। ਡੇਵਿਡ ਅਬਰਾਹਮ ਮਿਲਿਆ। ਉਸ ਨੂੰ ਛੇ ਕੁ ਸਾਲ ਪਹਿਲਾਂ ਮੈਂ ਕਸ਼ਮੀਰ ਮਿਲਿਆ ਸਾਂ, ਜਦੋਂ ਈਨਾਖਸ਼ੀ ਰਾਮਾ ਰਾਓ ਤੇ ਉਹਨਾਂ ਦੇ ਪਤੀ ਸ੍ਰੀ ਭਵਨਾਨੀ ਆਪਣੀ ਫਿਲਮ 'ਹਿਮਾਲ ਕੀ ਬੇਟੀ' ਬਣਾਨ ਲਈ ਕਸ਼ਮੀਰ ਆਏ ਸਨ। ਡੇਵਿਡ ਉਦੋਂ ਉਹਨਾਂ ਦਾ ਪ੍ਰਾਈਵੇਟ ਸੈਕਰੇਟਰੀ ਸੀ।

'ਹਿਮਾਲ ਕੀ ਬੇਟੀ' ਸ਼ਾਇਦ ਪਹਿਲੀ ਹਿੰਦੀ ਫਿਲਮ ਸੀ ਜਿਸ ਦੀ ਸ਼ੂਟਿੰਗ ਕਸ਼ਮੀਰ ਵਿਚ ਹੋਈ। ਉਹ ਕਿੱਸਾ ਵੀ ਥੋੜ੍ਹਾ ਜਿਹਾ ਵਿਸਥਾਰ ਮੰਗਦਾ ਹੈ।

ਉਹਨੀਂ ਦਿਨੀਂ ਮੈਂ ਸ਼ਾਂਤੀ ਨਿਕੇਤਨ ਵਿਚ ਅਧਿਆਪਕ ਸਾਂ। ਈਨਾਖਸ਼ੀ ਰਾਮਾ ਰਾਓ ਗੁਰੂਦੇਵ ਟੈਗੋਰ ਨੂੰ ਆਪਣਾ ਨਾਚ ਵਿਖਾਉਣ ਆਈ। ਦਮੋ ਦਾ ਉਸ ਨਾਲ ਸਹੇਲ ਪੈ ਗਿਆ। ਗੱਲਾਂ-ਗੱਲਾਂ ਵਿਚ ਦਮੋ ਨੇ ਉਸ ਅੱਗੇ ਜ਼ਿਕਰ ਕੀਤਾ ਕਿ ਕਸ਼ਮੀਰ ਵਿਚ ਸਾਡਾ ਆਪਣਾ ਘਰ ਹੈ, ਤੇ ਗਰਮੀਆਂ ਦੀਆਂ ਛੁੱਟੀਆਂ ਅਸੀਂ ਉਥੇ ਗੁਜ਼ਾਰਨ ਜਾ ਰਹੇ ਹਾਂ। ਈਨਾਖਸ਼ੀ ਨੇ ਦੱਸਿਆ ਕਿ ਉਹ ਫਿਲਮਾਂ ਵਿਚ ਵੀ ਕੰਮ ਕਰਦੀ ਹੈ ਤੇ ਉਸ ਦੇ ਪਤੀ ਵੀ ਆਊਟ-ਡੋਰ ਸ਼ੂਟਿੰਗ ਲਈ ਕਸ਼ਮੀਰ ਜਾਣ ਦਾ ਪ੍ਰੋਗਰਾਮ ਬਣਾ ਰਹੇ ਹਨ। ਸ਼ਾਇਦ ਉਥੇ ਫੇਰ ਮੁਲਾਕਾਤ ਹੋਵੇਗੀ।

***(ਚੱਲਦਾ)***

# ਪੰਜਾਬ ਦੇ ਹਕੀਕੀ ਹਾਲਾਤ ਅਤੇ ਲੋਕਾਂ ਦੀਆਂ ਉਮੀਦਾਂ

ਸਰਕਾਰ ਵੱਲੋਂ ਪੰਜਾਬ ਵਿਚ ਨਸ਼ਿਆਂ ਦੀ ਰੋਕਥਾਮ, ਇਨਸਾਫ ਤੇ ਵਿਕਾਸ ਬਾਰੇ ਸਮਾਂਬੱਧ ਸਮੀਖਿਆ ਦੀ ਲੋੜ ਹੈ। ਲੇਖੇ-ਜੋਖੇ ਨਾਲ ਅਤੇ ਚੰਗਾ ਕੰਮ ਕਰਨ ਵਾਲਿਆਂ ਨੂੰ ਉਤਸ਼ਾਹਿਤ ਕਰਨ ਨਾਲ ਦਫਤਰਾਂ ਦੇ ਕੰਮਾਂ ਵਿਚ ਨਿਖਾਰ ਆਉਂਦਾ ਹੈ। ਪ੍ਰਸ਼ਾਸਨ ਨੂੰ ਜਵਾਬਦੇਹ ਤੇ ਚੁਸਤ-ਫੁਰਤ ਬਣਾਉਣ ਲਈ ਮੁੱਖ ਮੰਤਰੀ ਵੱਲੋਂ ਜ਼ਿਲ੍ਹਿਆਂ ਨੂੰ ਹਰ ਮਹੀਨੇ ਇੱਕ ਵਾਰ ਥੋੜ੍ਹਾ ਸਮਾਂ ਅਤੇ ਅਹਿਮੀਅਤ ਦੇਣੀ ਜ਼ਰੂਰੀ ਸਮਝੀ ਜਾਂਦੀ ਹੈ।

ਰੁਜ਼ਗਾਰ ਦੇ ਹਾਲਾਤ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਸਰਕਾਰੀ ਨੌਕਰੀਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਬੇਰੁਜ਼ਗਾਰ ਨੌਜਵਾਨਾਂ ਦੀ ਹਾਲਤ ਇਹੋ ਜਿਹੀ ਹੈ, ਜਿਵੇਂ ਉਨ੍ਹਾਂ ਨੂੰ ਹਾਲ ਕਮਰੇ ਵਿਚ ਬੰਦ ਕਰਕੇ ਬੂਹੇ-ਬਾਰੀਆਂ ਢੋਹ ਦਿੱਤੇ ਹੋਣ। ਉਨ੍ਹਾਂ ਦਾ ਦਮ ਘੁੱਟ ਰਿਹਾ ਹੈ। ਸੂਬੇ ਵਿਚ ਸਰਕਾਰੀ ਨੌਕਰੀਆਂ ਦੀ ਗਿਣਤੀ ਲਗਭਗ ਪੰਜ ਲੱਖ ਹੈ। ਇਨ੍ਹਾਂ ਵਿਚੋਂ ਅੱਸੀ ਹਜ਼ਾਰ ਦਾ ਵੱਡਾ ਹਿੱਸਾ ਪੁਲਿਸ



**ਗੁਰਪ੍ਰੀਤ ਸਿੰਘ ਤੂਰ**
ਫੋਨ: +91-98158-00405

ਕੋਲ ਹੈ। 'ਪਹਿਲਾਂ ਕੀਤੇ ਕੰਮ ਲੋਕ ਭੁੱਲ ਜਾਂਦੇ ਹਨ', ਇਸ ਸੋਚ ਨਾਲ ਸਰਕਾਰ ਵੱਲੋਂ 2011, 2016 ਅਤੇ 2021 ਵਿਚ ਪੰਜ-ਪੰਜ ਸਾਲ ਦੇ ਫਰਕ ਪਿੱਛੋਂ ਸਰਕਾਰ ਦੇ ਅਖੀਰਲੇ ਵਰ੍ਹੇ ਸਿਪਾਹੀਆਂ ਦੀਆਂ ਅਸਾਮੀਆਂ ਲਈ ਇਸ਼ਤਿਹਾਰ ਦਿੱਤੇ ਗਏ ਸਨ। 2011 ਅਤੇ 2016 ਵਿਚ ਇਹ ਭਰਤੀ ਸਫਲਤਾ ਪੂਰਵਕ ਮੁਕੰਮਲ ਹੋ ਗਈ, ਪਰ 2021 ਦੀ ਭਰਤੀ ਚੋਣ ਜ਼ਾਬਤੇ ਕਾਰਨ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚ ਸਕੀ। ਸਰਕਾਰੀ ਨੌਕਰੀਆਂ ਦੀ ਭਰਤੀ ਦੋ ਪੱਖਾਂ ਤੋਂ ਖੋਲ੍ਹਣੀ ਜ਼ਰੂਰੀ ਹੈ। ਪਹਿਲਾ, ਪੰਜ ਸਾਲਾਂ ਬਾਅਦ ਨੌਕਰੀਆਂ ਦੇ ਇਸ਼ਤਿਹਾਰ ਦੇਣੇ ਅਭਾਗੇ ਨੌਜਵਾਨਾਂ ਦੇ ਸ਼ੋਸ਼ਣ ਦੀ ਤਸਵੀਰ ਪੇਸ਼ ਕਰਦਾ ਹੈ। ਸਿਪਾਹੀਆਂ ਦੀਆਂ ਹਰ ਵਰ੍ਹੇ ਅੱਠ ਸੌ ਤੋਂ ਵੱਧ ਅਸਾਮੀਆਂ ਖਾਲੀ ਹੁੰਦੀਆਂ ਹਨ। ਜੋ ਹਰ ਸਾਲ ਭਰੀਆਂ ਜਾ ਸਕਦੀਆਂ ਹਨ ਜਾਂ ਇੱਕ-ਇੱਕ ਸਾਲ ਛੱਡ ਕੇ ਭਰਤੀ ਦਾ ਨਿਰੰਤਰ ਪ੍ਰੋਗਰਾਮ ਉਲੀਕਣਾ ਚਾਹੀਦਾ ਹੈ।

ਸਾਲ 2021 ਦੌਰਾਨ ਹਰ ਮਹਿਕਮੇ ਵਿਚ ਜਾਂ ਤਾਂ ਬਹੁਤੀਆਂ ਅਸਾਮੀਆਂ ਭਰੀਆਂ ਨਹੀਂ ਜਾ ਸਕੀਆਂ ਜਾਂ ਭਰਤੀ ਪ੍ਰਕਿਰਿਆ ਸ਼ੁਰੂ ਤਾਂ ਹੋਈ, ਪਰ ਸਿਰੇ ਨਾ ਚੜ੍ਹ ਸਕੀ, ਜਿਵੇਂ ਕਿ ਪੁਲਿਸ ਵਿਭਾਗ ਦੇ ਸਿਪਾਹੀਆਂ, ਹੌਲਦਾਰਾਂ ਤੇ ਸਬ-ਇੰਸਪੈਕਟਰਾਂ ਦੀ ਭਰਤੀ ਲਈ ਕੁੱਲ ਪੰਜ-ਛੇ ਇਮਤਿਹਾਨਾਂ ਦੇ ਇਸ਼ਤਿਹਾਰ ਦਿੱਤੇ ਗਏ, ਪਰ ਉਨ੍ਹਾਂ 'ਚੋਂ ਦੋ ਇਮਤਿਹਾਨ ਊਣਤਾਈਆਂ ਕਾਰਨ ਖਾਰਜ ਹੋ ਗਏ, ਦੋ ਸਿਰੇ ਚੜ੍ਹੇ, ਪਰ ਚੋਣ ਜ਼ਾਬਤੇ ਕਾਰਨ ਭਰਤੀ ਪ੍ਰਕਿਰਿਆ ਮੁਕੰਮਲ ਨਹੀਂ ਹੋ ਸਕੀ। ਇਨ੍ਹਾਂ ਇਮਤਿਹਾਨਾਂ ਰਾਹੀਂ ਅੱਠ ਹਜ਼ਾਰ ਤੋਂ ਵੱਧ ਅਸਾਮੀਆਂ ਦਾ ਇਸ਼ਤਿਹਾਰ ਦਿੱਤਾ ਗਿਆ ਸੀ, ਪਰ ਚੋਣ ਜ਼ਾਬਤਾ ਲੱਗਣ ਤੱਕ ਇੱਕ ਵੀ ਵਿਅਕਤੀ ਨੂੰ ਨਿਯੁਕਤੀ ਪੱਤਰ ਨਹੀਂ ਮਿਲਿਆ। ਨਾਇਬ ਤਹਿਸੀਲਦਾਰਾਂ ਦੀਆਂ 78 ਅਸਾਮੀਆਂ ਲਈ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਦਸੰਬਰ 2020 ਵਿਚ ਇਸ਼ਤਿਹਾਰ ਦਿੱਤਾ ਗਿਆ। ਫਰਵਰੀ 2021 ਵਿਚ ਇਹ ਇਮਤਿਹਾਨ ਹੋਣਾ ਨਿਸ਼ਚਿਤ ਤਾਂ ਹੋਇਆ, ਪਰ ਇਹ ਇਮਤਿਹਾਨ ਉਸ ਸਮੇਂ ਨਹੀਂ ਲਿਆ ਗਿਆ, ਜੋ ਹੁਣ ਇੱਕ ਸਾਲ ਤੋਂ ਵੱਧ ਸਮੇਂ ਤੋਂ ਬਾਅਦ 20 ਮਾਰਚ 2022 ਨੂੰ ਨਿਸ਼ਚਿਤ ਹੋਇਆ ਸੀ, ਪਰ ਹੁਣ ਫੇਰ ਦੋ ਹੋਰ ਇਮਤਿਹਾਨਾਂ ਸਮੇਤ ਅਠਾਈ ਫਰਵਰੀ ਨੂੰ ਅਨਿਸ਼ਚਿਤ ਸਮੇਂ ਲਈ ਅੱਗੇ ਪਾ ਦਿੱਤਾ ਗਿਆ ਹੈ। ਕਾਰਨ ਭਾਵੇਂ ਕੋਈ ਵੀ ਹੋਵੇ, ਪਿਛਲੇ ਤਿੰਨ-ਚਾਰ ਵਰ੍ਹਿਆਂ ਤੋਂ ਕਮਿਸ਼ਨ ਵੱਲੋਂ ਬਹੁਤੇ ਇਮਤਿਹਾਨ ਲਮਕਾ-ਲਮਕਾ ਕੇ ਲਏ ਜਾ ਰਹੇ ਹਨ ਜਾਂ ਅੱਗੇ ਤੋਂ ਅੱਗੇ ਪਾਏ ਜਾ ਰਹੇ ਹਨ। ਅਜਿਹਾ ਹੋਣ ਨਾਲ ਉਮੀਦਵਾਰਾਂ ਵੱਲੋਂ ਮੁਕਾਬਲੇ ਦੇ ਹੋਰ ਇਮਤਿਹਾਨ ਅਤੇ ਵਿਦਿਅਕ ਇਮਤਿਹਾਨਾਂ ਦੀ ਯੋਜਨਾ ਬਣਾਉਣ ਵਿਚ ਗੰਭੀਰ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰੀ ਨੌਕਰੀਆਂ ਦੀ ਸਮਾਂ ਸਾਰਨੀ ਤੇ ਭਰਤੀ ਪ੍ਰਕਿਰਿਆ ਸਰਕਾਰ ਵੱਲੋਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਸਰਕਾਰੀ ਅਸਾਮੀਆਂ 'ਤੇ ਹੋ ਰਹੇ ਹਮਲੇ ਇਸ ਕੜੀ ਦਾ ਅਗਲਾ ਕਾਂਡ ਗੰਭੀਰ ਵਿਸ਼ਾ ਹੈ।

ਭਾਵੇਂ ਸਰਕਾਰੀ ਨੌਕਰੀ ਹਰ ਇੱਕ ਨੂੰ ਨਹੀਂ ਮਿਲ ਸਕਦੀ, ਪਰ ਕਿਰਤੀਆਂ ਨੂੰ ਰੁੱਖੀ-ਸੁੱਖੀ ਅਤੇ ਸਿਰ ਉੱਤੇ ਛੱਤ ਤਾਂ ਸੰਭਵ ਹੋਵੇ। ਅਮੀਰ-ਗਰੀਬ ਵਿਚਲਾ ਫਾਸਲਾ ਮਜ਼ਦੂਰਾਂ ਅਤੇ ਕਿਰਤੀਆਂ ਨੂੰ ਜ਼ਿੰਦਗੀ ਦੇ ਮੁਹਾਜ਼ 'ਤੇ ਜਿਉਣ ਨਹੀਂ ਦਿੰਦਾ। ਲੋੜਵੰਦਾਂ ਨੂੰ ਪਲਾਟ ਦੇਣਾ ਸ਼ਲਾਘਾਯੋਗ ਕਦਮ ਹੈ, ਪਰ ਉਨ੍ਹਾਂ ਨੂੰ ਘਰ ਪਾਉਣ ਦੇ ਯੋਗ ਵੀ ਬਣਾਇਆ ਜਾਵੇ। ਦਰਅਸਲ, ਕਾਲੇ ਧਨ ਦਾ ਵਹਾਅ ਏਨਾ ਤੇਜ਼ ਹੈ ਕਿ ਉਹ ਕਿਰਤੀਆਂ ਦੀ ਕਮਾਈ ਨੂੰ ਵਹਾਅ ਕੇ ਲੈ ਜਾਂਦਾ ਹੈ। ਸਾਲ 2019 ਦੇ ਆਰਥਿਕ ਸਰਵੇ ਮੁਤਾਬਕ ਸੂਬੇ ਵਿਚ ਜ਼ਮੀਨਾਂ ਦੀ ਖਰੀਦੋ-ਫਰੋਖਤ, ਰੀਅਲ ਅਸਟੇਟ, ਨਵੀਆਂ ਕਾਲੋਨੀਆਂ ਅਤੇ ਘਰਾਂ ਦੀ ਵੇਚ-ਖਰੀਦ ਵਿਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦਾ ਪਸਾਰ ਹੋਇਆ ਹੈ। ਇਮਾਰਤਸਾਜ਼ੀ ਦੇ ਮਾਹਿਰਾਂ ਦੀਆਂ ਸੇਵਾਵਾਂ ਸ਼ਾਨਦਾਰ ਇਮਾਰਤਾਂ ਅਤੇ ਹਵਾਦਾਰ ਘਰ ਬਣਾਉਣ ਲਈ ਲਈਆਂ ਜਾਂਦੀਆਂ ਰਹੀਆਂ ਹਨ। ਮੌਜੂਦਾ ਸਮੇਂ ਵਿਚ ਇਹ ਸੇਵਾਵਾਂ ਇਸ ਪੱਖੋਂ ਵੀ ਲਈਆਂ ਜਾ ਰਹੀਆਂ ਹਨ ਕਿ ਧਰਤੀ ਦੇ ਟੁਕੜੇ ਤੋਂ ਵੱਧ ਤੋਂ ਵੱਧ ਪੈਸਾ ਕਿਵੇਂ ਕਮਾਇਆ ਜਾ ਸਕਦਾ ਹੈ। ਵੱਧ ਤੋਂ ਵੱਧ ਖੇਤਰ ਕਿਵੇਂ ਛੱਤਿਆ ਜਾਵੇ।

ਵੱਡੇ ਸ਼ਹਿਰਾਂ ਵਿਚ ਲਗਭਗ ਸਾਰੇ ਪਲਾਟਾਂ ਦੀਆਂ ਰਜਿਸਟਰੀਆਂ ਘੱਟੋ-ਘੱਟ ਨਿਸ਼ਚਿਤ ਕੀਮਤ 'ਤੇ ਹੁੰਦੀਆਂ ਹਨ, ਜਦੋਂ ਕਿ ਮਾਰਕੀਟ ਵਿਚ ਕੀਮਤ ਉਸ ਤੋਂ ਕਈ ਗੁਣਾ ਵੱਧ ਹੁੰਦੀ ਹੈ। ਇੰਜ ਮਾਲੀਆ ਚੋਰੀ ਰਾਹੀਂ ਵੱਡੀਆਂ-ਵੱਡੀਆਂ ਰਕਮਾਂ ਇਕੱਠੀਆਂ ਕਰ ਲਈਆਂ ਜਾਂਦੀਆਂ ਹਨ। ਜੇਕਰ ਇੱਕ ਪਲਾਟ ਦੀ ਬਾਜ਼ਾਰੀ ਕੀਮਤ ਇੱਕ



ਕਰੋੜ ਰੁਪਏ ਹੈ ਤਾਂ ਉਸ ਦੀ ਰਜਿਸਟਰੀ ਪੱਚੀ ਲੱਖ ਦੇ ਲਗਭਗ ਕਰਵਾ ਲਈ ਜਾਂਦੀ ਹੈ। ਇੰਜ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦਾ ਵੱਡਾ ਹਿੱਸਾ ਚੋਰੀ ਕਰ ਲਿਆ ਜਾਂਦਾ ਹੈ ਜੋ ਸਰਕਾਰ ਦੀ ਆਮਦਨ ਹੋਣੀ ਚਾਹੀਦੀ ਸੀ। ਦੂਜੇ ਪਾਸੇ ਇਹੋ ਧਨ ਕਾਲਾ ਧਨ ਅਖਵਾਉਂਦਾ ਹੈ, ਕਾਲਾ ਧਨ ਹੀ ਵੱਡੀ ਮਾਤਰਾ ਵਿਚ ਕਾਲਾ ਧਨ ਉਪਜਾਉਂਦਾ ਹੈ, ਇਸ ਨਾਲ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਜਾਂਦੀਆਂ ਹਨ ਤੇ ਆਮ ਲੋਕਾਂ ਦੇ ਜੀਵਨ ਦੀ ਪਹੁੰਚ ਤੋਂ ਬਾਹਰ ਹੋ ਜਾਂਦੀਆਂ ਹਨ। ਇਹੋ ਕਿਰਤੀ ਜੀਵਨ ਦੀ ਚੀਸ ਹੈ। ਲੰਬੀ ਲਕੀਰ ਬਰਾਬਰ ਖਿੱਚ ਕੇ ਜਿਵੇਂ ਪਹਿਲੀ ਲਕੀਰ ਨੂੰ ਛੋਟੀ ਦਿਖਾ ਦਿੱਤਾ ਜਾਂਦਾ ਹੈ, ਇਵੇਂ ਹੀ ਕਾਲਾ ਧਨ ਕਿਰਤੀਆਂ ਦੀ ਕਮਾਈ ਨੂੰ ਏਨਾ ਛੋਟਾ ਕਰ ਦਿੰਦਾ ਹੈ ਕਿ ਉਸ ਦੀ ਹੋਂਦ ਹੀ ਖਤਮ ਹੋ ਜਾਂਦੀ ਹੈ। ਮਜ਼ਦੂਰਾਂ, ਕਿਰਤੀਆਂ ਤੇ ਛੋਟੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਇਹੋ ਮੂਲ ਕਾਰਨ ਹੈ। ਆਰਥਿਕ ਮਾਮਲਿਆਂ ਬਾਰੇ ਅਧਿਐਨ ਕਰਨ ਵਾਲੀ ਇੱਕ ਸੰਸਥਾ ਔਕਸਫੈਮ ਦੀ 2022 ਵਰ੍ਹੇ ਦੀ ਰਿਪੋਰਟ ਅਨੁਸਾਰ ਨਾ-ਬਰਾਬਰਤਾ ਮਾਰ ਦਿੰਦੀ ਹੈ।

ਹੁਣ ਸਤੀ ਪ੍ਰਥਾ ਦਾ ਰੂਪ ਬਦਲਿਆ ਹੈ। ਉਦੋਂ ਪਤੀ ਦੀ ਮੌਤ ਤੋਂ ਬਾਅਦ ਔਰਤ ਨੂੰ ਜ਼ਿੰਦਾ ਜਲਾ ਦਿੱਤਾ ਜਾਂਦਾ ਸੀ ਅਤੇ ਉਸ ਦੀ ਕੁਰਲਾਹਟ ਨੂੰ ਅਥਾਹ ਰੌਲੇ-ਰੱਪੇ ਹੇਠ ਦਬਾ ਦਿੱਤਾ ਜਾਂਦਾ ਸੀ। ਹੁਣ ਕਿਰਤੀਆਂ ਦੀਆਂ ਜ਼ਿੰਦਗੀਆਂ ਨੂੰ ਮਾਰ-ਮੁਕਾ ਦਿੱਤਾ ਜਾਂਦਾ ਹੈ, ਨੌਜਵਾਨਾਂ ਦੇ ਅਰਮਾਨ ਰੋਲ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਨਸ਼ਿਆਂ ਦੀ ਦਲਦਲ ਵੱਲ ਧਕੇਲ ਦਿੱਤਾ ਜਾਂਦਾ ਹੈ। ਉਦੋਂ ਜਲਾਇਆ ਜਾਂਦਾ ਸੀ ਤੇ ਹੁਣ ਤੜਫਾਇਆ ਜਾਂਦਾ ਹੈ, ਉਦੋਂ ਸਮਾਜ ਉਂਜ ਕਰਦਾ ਸੀ, ਹੁਣ ਸਿਸਟਮ ਇੰਜ ਕਰ ਰਿਹਾ ਹੈ। ਇਨ੍ਹਾਂ ਚੋਣ ਨਤੀਜਿਆਂ ਦੇ ਐਲਾਨ ਹੋਣ 'ਤੇ ਜ਼ਿੰਦਾਬਾਦ ਦੇ ਨਾਅਰਿਆਂ ਤੇ ਢੋਲ-ਢਮੱਕੇ ਦੀ ਗੂੰਜ ਵਿਚ ਆਤਮ-ਹੱਤਿਆਵਾਂ ਕਰਦੇ ਮਜ਼ਦੂਰਾਂ ਤੇ ਕਿਸਾਨਾਂ, ਨਸ਼ਿਆਂ ਦੀ ਤੋੜ ਵਿਚ ਤੜਫ-ਤੜਫ ਕੇ ਮਰਦੇ ਨੌਜਵਾਨਾਂ, ਗ਼ੈਰ-ਕਾਨੂੰਨੀ ਪਰਵਾਸ ਦੇ ਦੁਖਾਂਤ ਦਾ ਦਰਦ ਸਹਾਰਦੇ ਮੁੰਡਿਆਂ ਅਤੇ ਇਸ ਸਮੂਹਿਕ ਪ੍ਰਭਾਵ ਦਾ ਪਰਿਵਾਰਕ ਕੈਨਵਸ 'ਤੇ ਪਏ ਦੁਖਾਂਤ ਨੂੰ ਸਹਾਰਦੀਆਂ ਮਾਵਾਂ-ਭੈਣਾਂ ਦੀ ਕੁਰਲਾਹਟ ਨੂੰ ਦਬਾ ਲਿਆ ਜਾਂਦਾ ਹੈ। ਸਤੀ ਪ੍ਰਥਾ ਅੱਜ ਵੀ ਪ੍ਰਚੱਲਿਤ ਹੈ, ਪਰ ਇਸ ਦਾ ਰੂਪ ਬਦਲਿਆ ਹੈ।

ਨਸ਼ਿਆਂ ਦੀ ਓਵਰਡੋਜ਼ ਨਾਲ ਹੁੰਦੀਆਂ ਮੌਤਾਂ ਇਸ ਸਮੱਸਿਆ ਦਾ ਸੰਕੇਤਕ ਪ੍ਰਗਟਾਵਾ ਹਨ। ਪਿਛਲੇ ਵਰ੍ਹੇ ਦੀ ਗੱਲ ਹੈ, ਇੱਕ ਪੰਜਤਾਲੀ-ਪੰਜਾਹ ਵਰ੍ਹਿਆਂ ਦੀ ਔਰਤ ਮੇਰੇ ਸਾਹਮਣੇ ਬੈਠੀ ਸੀ। ਖੱਬੀ ਅੱਖ ਲਾਲ, ਚਿਹਰੇ ਦੇ ਉਸ ਪਾਸੇ ਥੋੜ੍ਹੀ ਜਿਹੀ ਸੋਜਸ਼, ਸਿਰ ਦੇ ਵਾਲ ਰੁੱਖੇ ਤੇ ਖਿਲਰੇ ਹੋਏ, ਮੈਂ ਸੋਚਿਆ ਇਸ ਨੂੰ ਇਸ ਦੇ ਪਤੀ ਨੇ ਮਾਰਿਆ ਹੋਵੇਗਾ। ਪਰ ਮੇਰਾ ਅੰਦਾਜ਼ਾ ਗਲਤ ਨਿਕਲਿਆ। ਉਸ ਨੇ ਹੱਥ ਲਿਖਤ ਦਰਖਾਸਤ ਮੇਰੇ ਸਾਹਮਣੇ ਰੱਖੀ ਕਿ 'ਉਸ ਦਾ ਪੁੱਤ ਨਸ਼ੇ ਕਰਨ ਦਾ ਆਦੀ ਹੋ ਗਿਆ ਹੈ। ਉਸ ਦਾ ਦੋ ਵਾਰੀ ਇਲਾਜ ਕਰਵਾਇਆ ਹੈ, ਪਰ ਉਹ ਫੇਰ ਨਸ਼ੇ ਕਰਨ ਲੱਗ ਜਾਂਦਾ ਹੈ, ਉਸ ਦੀ ਮੌਤ ਹੋ ਜਾਣ 'ਤੇ ਕਿਸੇ ਨੂੰ ਵੀ ਜ਼ਿੰਮੇਵਾਰ ਨਾ ਠਹਿਰਾਇਆ ਜਾਵੇ।' ਪੁੱਤਾਂ ਦੇ ਸਿਰੋਂ ਪਾਣੀ ਵਾਰ-ਵਾਰ ਪੀਂਦੀਆਂ ਮਾਵਾਂ ਜ਼ਿੰਦਗੀ ਦੇ ਕਿਸ ਮੁਕਾਮ 'ਤੇ ਪੁੱਜ ਗਈਆਂ ਹਨ। ਪੰਜਾਬ ਤੇਜ਼ੀ ਨਾਲ ਮੁਰੰਮਤ ਦੇ ਹਾਸ਼ੀਏ ਤੋਂ ਬਾਹਰ ਹੋ ਰਿਹਾ ਹੈ।

ਇਸ ਦੁਖਾਂਤ ਦੇ ਕਈ ਕਾਰਨ ਹਨ। ਰਾਜਨੀਤਕ ਪਾਰਟੀਆਂ ਨੇ ਆਪਣੇ ਹਾਰੇ ਹੋਏ ਉਮੀਦਵਾਰਾਂ ਨੂੰ 'ਮਾਣ-ਸਨਮਾਨ' ਦੇਣ ਲਈ 'ਹਲਕਾ ਇੰਚਾਰਜ' ਦਾ ਸਿਧਾਂਤ ਹੋਂਦ ਵਿਚ ਲਿਆਂਦਾ, ਪਰ ਇਸ ਨਾਲ ਪ੍ਰਸ਼ਾਸਨਿਕ ਢਾਂਚੇ ਦੀ ਬੁਨਿਆਦੀ ਹੋਂਦ ਤਹਿਸ-ਨਹਿਸ ਹੋ ਗਈ। ਇਸ ਸਿਧਾਂਤ ਨੇ ਪ੍ਰਸ਼ਾਸਨ, ਖਾਸ ਤੌਰ 'ਤੇ ਪੁਲਿਸ ਵਿਚ ਰਾਜਨੀਤਕ ਦਖਲਅੰਦਾਜ਼ੀ ਦੀ ਧਾਰ ਨੂੰ ਹੋਰ ਤਿੱਖਾ ਕੀਤਾ ਹੈ। ਹਲਕਾ ਇੰਚਾਰਜਾਂ ਨੂੰ ਵਿਧਾਨਕਾਰਾਂ ਵਾਂਗ ਵਿਧਾਨ ਸਭਾ ਦੇ ਇਜਲਾਸਾਂ ਦਾ ਰੁਝੇਵਾਂ ਨਹੀਂ ਸੀ ਅਤੇ ਜ਼ਿੰਮੇਵਾਰੀ ਦਾ ਕੋਈ ਅਹਿਸਾਸ ਵੀ ਨਹੀਂ ਸੀ। ਉਨ੍ਹਾਂ ਦੇ ਦਿਲਾਂ ਵਿਚ ਹਾਰ ਜਾਣ ਦੀ ਰੜਕ ਸੀ, ਸੋ ਉਨ੍ਹਾਂ ਬਹੁਤਾ ਸਮਾਂ ਸਕੋਰ ਸੈਟ ਕਰਨ ਅਤੇ ਪ੍ਰਸ਼ਾਸਨਿਕ ਦਬਾਅ ਬਣਾਉਣ ਲਈ ਹੀ ਵਰਤਿਆ। ਇਸ ਸਿਧਾਂਤ ਦੇ ਸਮਾਜ ਤੇ ਰਾਜਨੀਤਕ ਖੇਤਰ ਵਿਚ 'ਰਚ-ਮਿਚ' ਜਾਣ ਤੋਂ ਬਾਅਦ ਨਸ਼ਾ ਤਸਕਰਾਂ, ਕਬਜ਼ੇ ਕਰਨ ਵਾਲਿਆਂ ਅਤੇ ਗੈਂਗਸਟਰਾਂ ਦੀ ਹੋਂਦ ਦੁਪਹਿਰ ਖਿੜੀ ਦੇ ਫੁੱਲਾਂ ਵਾਂਗ ਨਜ਼ਰ ਆਉਣ ਲੱਗ ਪਈ ਸੀ। ਹਲਕਾ ਇੰਚਾਰਜਾਂ ਦੇ ਪ੍ਰਭਾਵ ਨੂੰ ਦੇਖਦੇ-ਦੇਖਦੇ ਇਸ ਖੇਤਰ ਦੇ ਹੋਰ ਲੋਕ ਵੀ ਆਪਣੀ ਤਾਕਤ ਦੀ ਵਰਤੋਂ ਕਰਨ ਲੱਗੇ। ਪ੍ਰਸ਼ਾਸਨਿਕ ਖੇਤਰ ਦੀਆਂ ਹੱਦਾਂ ਨੂੰ ਵਿਧਾਨਕ ਖੇਤਰ ਦੀਆਂ ਹੱਦਾਂ ਨਾਲ ਮੇਲ ਲਿਆ ਗਿਆ, ਫੇਰ ਤਮਾਸ਼ਾ ਕਰ ਰਹੇ ਮਦਾਰੀ ਵਾਂਗ ਮੁਲਜ਼ਮ ਅਤੇ ਮਜ਼ਲੂਮ ਵਿਚਲਾ ਫਰਕ ਮਿਟਾ ਦਿੱਤਾ। ਇਸ ਸਿਧਾਂਤ ਦਾ ਪ੍ਰਭਾਵ ਜਦੋਂ ਸਿਖਰ 'ਤੇ ਪਹੁੰਚਿਆ ਤਾਂ ਪੰਜਾਬ ਨਾਲ ਵਿਦੇਸ਼ੀ ਹਮਲਾਵਰਾਂ ਜਿਹਾ ਵਰਤਾਓ ਹੋਇਆ। ਲੁੱਟ ਕੇਵਲ ਪੈਸੇ ਦੀ ਹੀ ਨਹੀਂ ਹੁੰਦੀ, ਇਨਸਾਫ ਦੀ ਲੁੱਟ ਸਭ ਤੋਂ ਵੱਡੀ ਤੇ ਘਾਤਕ ਲੁੱਟ ਹੈ।

ਇਸ ਸਮੇਂ ਵਿਆਹਾਂ ਤੇ ਫਜ਼ੂਲ ਖਰਚੇ ਅਤੇ ਨਸ਼ਿਆਂ ਵਿਰੁੱਧ ਯਤਨ ਸਾਡੇ ਪ੍ਰਮੁੱਖ ਸਮਾਜਿਕ ਸਰੋਕਾਰ ਹਨ। ਸਮਾਜਿਕ ਸਰੋਕਾਰਾਂ ਅਤੇ ਵਿਕਾਸ ਪੱਖੋਂ ਵਿਧਾਨਕਾਰ ਆਪਣੇ-ਆਪਣੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾ ਸਕਦੇ ਹਨ। ਉਨ੍ਹਾਂ ਨੂੰ ਸਮਾਜਿਕ ਸਮਾਗਮਾਂ 'ਤੇ ਅਕਸਰ ਜਾਣ ਅਤੇ ਇਕੱਠ ਨੂੰ ਸੰਬੋਧਨ ਕਰਨ ਦਾ ਮੌਕਾ ਮਿਲਦਾ ਰਹਿੰਦਾ ਹੈ। ਵਿਧਾਨਕਾਰਾਂ ਨੂੰ ਸਾਧਾਰਨ ਤੇ ਸਾਫ-ਸੁਥਰੀ ਜ਼ਿੰਦਗੀ ਦੇ ਰੋਲ ਮਾਡਲ ਹੋਣਾ ਚਾਹੀਦਾ ਹੈ। ਨੌਜਵਾਨਾਂ ਨੂੰ ਅਗਵਾਈ ਦੇਣ ਲਈ ਉਹ ਨਵੀਆਂ ਪੈੜਾਂ ਪਾ ਸਕਦੇ ਹਨ। ਅਜਿਹੇ ਮਹੱਤਵਪੂਰਨ ਮੰਤਵ ਲਈ ਵਿਸ਼ੇਸ਼ ਯਤਨ ਹੋਣੇ ਚਾਹੀਦੇ ਹਨ।

'ਵਿਧਾਨਕਾਰ-ਸਮਾਜਿਕ ਸੁਧਾਰ ਤੇ ਵਿਕਾਸ ਦੀਆਂ ਸੰਭਾਵਨਾਵਾਂ' ਉਨ੍ਹਾਂ ਲਈ ਅਜਿਹੇ ਸੈਮੀਨਾਰ ਹੋਣੇ ਚਾਹੀਦੇ ਹਨ। ਕੇਰਲਾ, ਕਰਨਾਟਕਾ ਅਤੇ ਹੋਰ ਰਾਜਾਂ ਦੇ ਚੰਗੇ ਕੰਮ ਕਰਨ ਵਾਲੇ ਵਿਧਾਨਕਾਰਾਂ ਨਾਲ ਉਨ੍ਹਾਂ ਨੂੰ ਰੂ-ਬ-ਰੂ ਕਰਵਾਇਆ ਜਾ ਸਕਦਾ ਹੈ। ਵਿਧਾਨ ਸਭਾ ਦੇ ਸਪੀਕਰ ਇਸ ਕੰਮ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕ ਸਕਦੇ ਹਨ। ਹੁਣ ਸਾਨੂੰ ਵਿਰੋਧ, ਬਾਹੂ-ਬਲ, ਦਿਖਾਵੇਬਾਜ਼ੀ, ਪਾਰਟੀਬਾਜ਼ੀ ਅਤੇ ਸਿਪਾਹੀਆਂ-ਥਾਣੇਦਾਰਾਂ ਦੀਆਂ ਬਦਲੀਆਂ ਦੇ ਦਾਇਰੇ ਤੋਂ ਬਾਹਰ ਆ ਜਾਣਾ ਚਾਹੀਦਾ ਹੈ। ਲੋਕ ਸੇਵਾ ਦਾ ਇਹ ਕੀਮਤੀ ਮੌਕਾ ਹੈ।

ਰਾਜ-ਭਾਗ ਦੀ ਇਹ ਪਾਰੀ ਪਹਿਲੀਆਂ ਪਾਰੀਆਂ ਨਾਲੋਂ ਵੱਖਰੇ ਪਲੈਟਫਾਰਮ 'ਤੇ ਖੜ੍ਹ ਕੇ ਵੇਖੀ ਜਾਵੇਗੀ। ਬੇਵੱਸ ਤੇ ਮਾਯੂਸ ਪਰਿਵਾਰਾਂ ਵੱਲੋਂ ਤੁਹਾਨੂੰ ਕੋਠਿਆਂ 'ਤੇ ਖੜ੍ਹ ਕੇ ਵੇਖਿਆ ਜਾਵੇਗਾ। ਆਰਥਿਕ ਪੱਖੋਂ ਝੰਬੇ ਪਏ ਪੰਜਾਬ ਨੂੰ ਵੱਡੇ ਵਾਰਸ ਦੀ ਲੋੜ ਹੈ। ਨਸ਼ਾ ਮੁਕਤ ਪੰਜਾਬ ਗੰਭੀਰ ਚੁਣੌਤੀ ਹੈ। ਅਮੀਰ-ਗਰੀਬ ਵਿਚਲਾ ਫਾਸਲਾ ਉੱਘੜ-ਦੁੱਘੜ ਰਸਤਾ ਹੈ। ਰੁਜ਼ਗਾਰ ਸੌ ਵਿਚੋਂ ਪੱਚੀ ਨੰਬਰ ਦਾ ਸਵਾਲ ਹੈ। ਪੰਜਾਬੀਆਂ ਨੂੰ ਪਰਵਾਸ ਵੱਲੋਂ ਮੋੜਾ ਦੇਣ ਲਈ ਇਹ ਵਿਸ਼ੇਸ਼ ਮੌਕਾ ਹੈ। ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਹੀ ਲੱਖਾਂ ਹਸਰਤ ਭਰੀਆਂ ਨਜ਼ਰਾਂ ਤੁਹਾਡੇ ਵੱਲ ਤੱਕ ਰਹੀਆਂ ਹੋਣਗੀਆਂ। ਜਿੱਥੇ ਜ਼ਿੰਮੇਵਾਰੀ ਦੇ ਭਾਰ ਦਾ ਡੂੰਘਾ ਅਹਿਸਾਸ ਹੋਵੇਗਾ, ਉੱਥੇ ਇਸ ਗੱਲ ਦਾ ਮਾਣ ਵੀ ਹੋਵੇਗਾ ਕਿ ਤੁਹਾਨੂੰ ਉਹ ਤਾਜ ਪਹਿਨਾਇਆ ਜਾ ਰਿਹਾ ਹੈ ਜਿਸ ਨੂੰ ਕਦੇ ਰਾਜਾ ਪੋਰਸ, ਅਕਬਰ ਬਾਦਸ਼ਾਹ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਪਹਿਨਿਆ ਸੀ।

# ਰੂਸ-ਯੂਕਰੇਨ ਯੁੱਧ ਬਨਾਮ ਸਿਹਤ

ਕੋਵਿਡ-19 ਮਹਾਮਾਰੀ ਕਾਰਨ ਪੂਰੀ ਦੁਨੀਆ ਮਨੁੱਖਤਾਵਾਦੀ ਸੰਕਟ ਨਾਲ ਜੂਝ ਰਹੀ ਹੈ। ਖਤਰਾ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ, ਅਜੇ ਵੀ ਸਾਨੂੰ ਤੇਜ਼ੀ ਨਾਲ ਪਰਿਵਰਤਨਸ਼ੀਲ ਵਾਇਰਸ ਦੇ ਨਵੇਂ ਰੂਪਾਂ ਬਾਰੇ ਪੂਰਾ ਪਤਾ ਨਹੀਂ ਹੈ। ਟੀਕਾਕਰਨ ਨੇ ਭਾਵੇਂ ਕੁਝ ਰਾਹਤ ਦਿੱਤੀ ਹੈ ਪਰ ਵੱਖ ਵੱਖ ਮੁਲਕਾਂ ਵਿਚ ਟੀਕਾਕਰਨ ਵਿਚ ਸਪਸ਼ਟ ਅਸਮਾਨਤਾ ਕੋਵਿਡ-19 ਖਿਲਾਫ ਲੜਾਈ ਵਿਚ ਰੁਕਾਵਟ ਪਾਉਂਦੀ ਹੈ। ਸਾਨੂੰ ਨਾ

**ਡਾ. ਅਰੁਣ ਮਿੱਤਰਾ**

ਸਿਰਫ ਮਹਾਮਾਰੀ ਲਈ ਸਗੋਂ ਹੋਰ ਸੰਚਾਰੀ ਅਤੇ ਗੈਰ-ਸੰਚਾਰੀ ਬਿਮਾਰੀਆਂ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਬੇਅੰਤ ਸਰੋਤਾਂ ਦੀ ਲੋੜ ਹੈ ਜਿਨ੍ਹਾਂ ਨੂੰ ਇਸ ਸਮੇਂ ਦੌਰਾਨ ਵੱਡੇ ਪੱਧਰ ਤੇ ਨਜ਼ਰਅੰਦਾਜ਼ ਕੀਤਾ ਗਿਆ ਹੈ। ਬਦਲੀਆਂ ਤਰਜੀਹਾਂ ਕਾਰਨ ਤਪਦਿਕ, ਡੇਂਗੂ, ਮਲੇਰੀਆ, ਦਸਤ, ਸ਼ੂਗਰ, ਕੈਂਸਰ, ਗੁਰਦੇ ਦੀਆਂ ਗੰਭੀਰ ਸਮੱਸਿਆਵਾਂ ਵਰਗੀਆਂ ਬਿਮਾਰੀਆਂ ਦੇ ਮਰੀਜ਼ ਔਖੇ ਸਮੇਂ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਅਸਰ ਵਿਕਾਸਸ਼ੀਲ ਮੁਲਕਾਂ ਵਿਚ ਜ਼ਿਆਦਾ ਹੈ ਜਿਨ੍ਹਾਂ ਕੋਲ ਪਹਿਲਾਂ ਹੀ ਸਾਧਨਾਂ ਦੀ ਕਮੀ ਹੈ।

ਇਹ ਉਹ ਸਮਾਂ ਹੈ ਜਦੋਂ ਪੂਰੀ ਦੁਨੀਆ ਨੂੰ ਇਕੱਠੇ ਹੋਣਾ ਚਾਹੀਦਾ ਹੈ ਅਤੇ ਲੋਕਾਂ ਦੀ ਸਿਹਤ ਸੰਭਾਲ ਲਈ ਸਰੋਤ ਬਚਾਉਣ ਲਈ ਸਾਰੇ ਯਤਨ ਕਰਨੇ ਚਾਹੀਦੇ ਹਨ ਪਰ ਇਹ ਸੰਕਟ ਖਤਮ ਹੋਣ ਤੋਂ ਪਹਿਲਾਂ ਹੀ ਅਸੀਂ ਇੱਕ ਹੋਰ ਮਨੁੱਖੀ ਤਬਾਹੀ ਦੇ ਕੰਢੇ ਆ ਖੜ੍ਹੇ ਹੋਏ ਹਾਂ ਜੋ ਰੂਸ ਅਤੇ ਯੂਕਰੇਨ ਵਿਚਕਾਰ ਯੁੱਧ ਕਾਰਨ ਹੋ ਸਕਦੀ ਹੈ।

ਇਸ ਸਮੇਂ ਅਜਿਹੀ ਜੰਗ ਇਕੱਲੇ ਯੂਰਪ ਤੱਕ ਹੀ ਸੀਮਤ ਨਹੀਂ ਰਹੇਗੀ। ਜਿਵੇਂ ਜਾਪਦਾ ਹੈ, ਅਮਰੀਕਾ ਨਾਟੋ ਮੁਲਕਾਂ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਸੰਘਰਸ਼ ਵਿਚ ਪੈ ਜਾਵੇਗਾ ਜਿਸ ਨਾਲ ਸੰਕਟ ਹੋਰ ਵਧੇਗਾ ਅਤੇ ਆਉਣ ਵਾਲੇ ਸਮੇਂ ਵਿਚ ਹੋਰ ਮੁਲਕਾਂ ਦੀ ਸ਼ਮੂਲੀਅਤ ਹੋਣ ਦੀ ਸੰਭਾਵਨਾ ਹੋਵੇਗੀ। ਇਸ ਲਈ ਫੌਰੀ ਲੋੜ ਹੈ ਕਿ ਦੋਵੇਂ ਮੁਲਕ ਆਪਸੀ ਗੱਲਬਾਤ ਅਤੇ ਭਰੋਸੇ ਰਾਹੀਂ ਕੂਟਨੀਤਕ ਹੱਲ ਤੱਕ ਪਹੁੰਚਣ। ਰੂਸ ਅਤੇ ਯੂਕਰੇਨ ਵਿਚਕਾਰ ਜੰਗ ਦੇ ਮਾਮਲੇ ਵਿਚ ਮਨੁੱਖੀ ਨੁਕਸਾਨ ਦਾ ਮੁਲਾਂਕਣ ਕਰਨਾ ਮੁਸ਼ਕਿਲ ਹੋ ਸਕਦਾ ਹੈ ਪਰ ਕਿਸੇ ਵੀ ਯੁੱਧ ਦੇ ਮਾਮਲੇ ਵਿਚ ਪ੍ਰਭਾਵ ਇੱਕੋ ਜਿਹੇ ਹੁੰਦੇ ਹਨ।

ਅਜੋਕੇ ਸਮੇਂ ਵਿਚ ਕਿਸੇ ਵੀ ਯੁੱਧ ਵਿਚ ਨਾਗਰਿਕਾਂ ਦੀ ਮੌਤ ਸੈਨਿਕਾਂ ਦੀ ਮੌਤ ਨਾਲੋਂ ਵੱਧ ਹੁੰਦੀ ਹੈ ਕਿਉਂਕਿ ਹੁਣ ਹਥਿਆਰਾਂ ਦੇ ਸਿੱਧੇ ਪ੍ਰਭਾਵ ਨਾਲੋਂ ਜੰਗ ਦੇ ਅਸਿੱਧੇ ਪ੍ਰਭਾਵ ਕਾਰਨ ਵਧੇਰੇ ਮੌਤਾਂ ਹੁੰਦੀਆਂ ਹਨ। ਜੰਗ ਦੀ ਹਾਲਤ ਵਿਚ ਜ਼ਰੂਰੀ ਚੀਜ਼ਾਂ ਜਿਵੇਂ ਭੋਜਨ ਸਪਲਾਈ, ਪਾਣੀ ਦੀ ਸਪਲਾਈ, ਸਿਹਤ ਸੰਭਾਲ ਤੇ ਜਨਤਕ ਸਿਹਤ ਸੇਵਾਵਾਂ, ਬਿਜਲੀ ਉਤਪਾਦਨ, ਸੰਚਾਰ, ਆਵਾਜਾਈ ਅਤੇ ਹੋਰ ਬੁਨਿਆਦੀ ਢਾਂਚੇ ਉੱਤੇ ਮਾੜਾ ਅਸਰ ਪੈਂਦਾ ਹੈ। ਇਸ ਤੋਂ ਇਲਾਵਾ ਆਬਾਦੀ ਦਾ ਉਜਾੜਾ ਹੁੰਦਾ ਹੈ ਜਿਨ੍ਹਾਂ ਨੂੰ ਰਿਫਿਊਜੀ ਕੈਂਪਾਂ ਵਿਚ ਰਹਿਣਾ ਪੈਂਦਾ ਹੈ। ਇਸ ਨਾਲ ਬਿਮਾਰੀਆਂ ਅਤੇ ਮੌਤਾਂ ਦਾ ਖਤਰਾ ਵਧ ਜਾਂਦਾ ਹੈ।

19 ਫਰਵਰੀ 2022 ਨੂੰ 'ਇੰਟਰਨੈਸ਼ਨਲ ਫਿਜ਼ੀਸ਼ੀਅਨਜ਼ ਫਾਰ ਦਿ ਪ੍ਰੀਵੈਨਸ਼ਨ ਆਫ ਨਿਊਕਲੀਅਰ ਵਾਰ' (ਫਿਫੱ) ਦੇ ਇੱਕ ਪ੍ਰੋਗਰਾਮ ਵਿਚ ਟਫਟਸ ਯੂਨੀਵਰਸਿਟੀ ਸਕੂਲ ਆਫ ਮੈਡੀਸਨ ਦੇ ਪਬਲਿਕ ਹੈਲਥ ਦੇ ਐਡਜੰਕਟ ਪ੍ਰੋਫੈਸਰ ਬੈਰੀ ਐੱਸ ਲੇਵੀ ਨੇ ਰਵਾਇਤੀ ਯੁੱਧ ਦੇ ਗੰਭੀਰ ਨਤੀਜਿਆਂ ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਅਨੁਸਾਰ ਜੰਗ ਦੌਰਾਨ ਔਰਤਾਂ ਅਤੇ ਬੱਚਿਆਂ ਵਿਚ ਕੁਪੋਸ਼ਣ ਵਧਦਾ ਹੈ। ਦਸਤ, ਹੈਜ਼ਾ, ਸਾਹ ਦੀਆਂ ਬਿਮਾਰੀਆਂ, ਤਪਦਿਕ ਵਰਗੀਆਂ ਸੰਚਾਰੀ ਬਿਮਾਰੀਆਂ ਵਿਚ ਵਾਧਾ ਹੋ ਜਾਂਦਾ ਹੈ। ਮਾਨਸਿਕ ਵਿਕਾਰ ਜਿਵੇਂ ਡਿਪਰੈਸ਼ਨ, ਪੋਸਟ-ਟਰਾਮੈਟਿਕ ਤਣਾਅ ਅਤੇ ਖੁਦਕੁਸ਼ੀ ਵੀ ਵਧ ਜਾਂਦੇ ਹਨ। ਪ੍ਰਜਨਣ ਸਿਹਤ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਦਿਲ ਦੀਆਂ ਬਿਮਾਰੀਆਂ, ਕੈਂਸਰ, ਗੁਰਦਿਆਂ ਦੀਆਂ ਬਿਮਾਰੀਆਂ ਵਰਗੀਆਂ ਬਿਮਾਰੀਆਂ ਵਧ ਜਾਂਦੀਆਂ ਹਨ। ਯੂਕਰੇਨ ਦੀ 17% ਆਬਾਦੀ 65 ਸਾਲ ਤੋਂ ਉੱਪਰ ਹੈ, ਇਸ ਲਈ ਖਤਰਾ ਹੈ ਕਿ ਅਪ੍ਰਤੱਖ ਮੌਤ ਦਰ ਇਰਾਕ ਦੇ ਹਮਲੇ ਦੇ ਮਾਮਲੇ ਨਾਲੋਂ ਬਹੁਤ ਜ਼ਿਆਦਾ ਹੋਵੇਗੀ ਕਿਉਂਕਿ ਆਬਾਦੀ ਦਾ ਇਹ ਸਮੂਹ ਵਧੇਰੇ ਕਮਜ਼ੋਰ ਹੁੰਦਾ ਹੈ।

ਰੂਸ ਅਤੇ ਯੂਕਰੇਨ ਦੇ ਟਕਰਾਅ ਦੇ ਮਾਮਲੇ ਵਿਚ ਪਰਮਾਣੂ ਹਥਿਆਰਾਂ ਦੀ ਵਰਤੋਂ ਦੇ ਖਤਰੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਅਜਿਹੀ ਹਾਲਤ ਵਿਚ ਬਹੁਤ ਖਤਰਨਾਕ ਨਤੀਜੇ ਹੋਣਗੇ। ਡਾ. ਆਇਰਾ ਹੈਲਫੈਂਡ (ਸਾਬਕਾ ਸਹਿ ਪ੍ਰਧਾਨ ਆਈ. ਪੀ. ਪੀ. ਐਨ. ਡਬਲਿਊ. ਨੇ ਚਿਤਾਵਨੀ ਦਿੱਤੀ ਹੈ ਕਿ ਦੁਨੀਆ ਭਰ ਦੇ ਅਰਬਾਂ ਲੋਕਾਂ ਦੇ ਜੀਵਨ ਨੂੰ ਖਤਰਾ ਹੋ ਜਾਵੇਗਾ। ਰੂਸ ਅਤੇ ਯੂਕਰੇਨ ਵਿਚਕਾਰ ਜੰਗ ਹੋਰ ਫੈਲਣ ਦਾ ਖਦਸ਼ਾ ਹੈ, ਇਸ ਹਾਲਤ ਵਿਚ ਘੱਟ ਆਮਦਨੀ ਵਾਲੇ ਮੁਲਕਾਂ ਵਿਚ ਆਬਾਦੀ ਤੇ ਮਾੜਾ ਪ੍ਰਭਾਵ ਪਵੇਗਾ ਜੋ ਉਨ੍ਹਾਂ ਦੀ ਆਰਥਿਕਤਾ ਤੇ ਲੰਮੇ ਸਮੇਂ ਤੱਕ ਮਾਰ ਕਰੇਗਾ।

'ਬਿਓਂਡ ਨਿਊਕਲੀਅਰ' ਦੀ ਸੰਸਥਾਪਕ ਲਿੰਡਾ ਪੇਂਟਜ਼ ਗੁੰਟਰ ਅਨੁਸਾਰ, ਜੇ ਯੁੱਧ ਵਿਚ ਯੂਕਰੇਨ ਵਿਚ ਪਰਮਾਣੂ ਪਾਵਰ ਪਲਾਂਟਾਂ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਬਹੁਤ ਗੰਭੀਰ ਤਬਾਹੀ ਹੋਵੇਗੀ। ਆਈ. ਪੀ. ਪੀ. ਐਨ. ਡਬਲਿਊ. ਦੀ ਵਿਚਾਰ ਚਰਚਾ ਦੌਰਾਨ ਸੇਚੇਨੋਵ ਯੂਨੀਵਰਸਿਟੀ ਵਿਚ ਅੰਦਰੂਨੀ ਰੋਗਾਂ ਦੀ ਚੇਅਰ ਦੇ ਐਸੋਸੀਏਟ ਪ੍ਰੋਫੈਸਰ ਓਲਗਾ ਮਿਰੋਨੋਵਾ ਅਨੁਸਾਰ, ਦੋਵਾਂ ਮੁਲਕਾਂ ਦੇ ਲੋਕ ਗੱਲਬਾਤ ਅਤੇ ਸਥਾਈ ਸ਼ਾਂਤੀ ਰਾਹੀਂ ਹੱਲ ਲਈ ਤਰਸਦੇ ਹਨ। ਇਸ ਲਈ ਲੋੜ ਹੈ ਕਿ ਜਿੱਥੇ ਇੱਕ ਪਾਸੇ ਫੌਰੀ ਕੂਟਨੀਤਕ ਉਪਰਾਲੇ ਕੀਤੇ ਜਾਣ, ਉੱਥੇ ਸਿਵਲ ਸੁਸਾਇਟੀ ਨੂੰ ਸੰਸਾਰ ਭਰ ਵਿਚ ਆਪਣੀਆਂ ਚਿੰਤਾਵਾਂ ਉਭਾਰਨੀਆਂ ਚਾਹੀਦੀਆਂ ਹਨ।